

TANYA'S BEAUTY SALON
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Ad Space Available
Please Call
Ph:847-359-0746



Fourteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 38, September 21st, 2013 | 20451 N Plum Grove Rd., Palatine, IL 60074 | Ph:847-359-0746, Fax:847-705-9388


## ਭਾਜਪਾ ਨੇ ਆਖਰਕਾਰ ਹਿੰਦੂ ਵੋਟਾਂ 'ਤੇ ਲਾਈ ਟੇਕ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ (ਭਾਜਪਾ) 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਇਕ ਵਾਰ ਫਿਰ ਫਿਰਕੂ ਪੱਤਾ ਖੇਡੇਗੀ। ਇਸ ਮਕਸਦ ਲਈ ਗੁਜਰਾਤ ਦੇ ਵਿਵਾਦਗ੍ਰਸਤ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਗਿਆ ਹੈ ਭਾਵੇਂ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਉਨ੍ਹਾਂ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਸੀ। ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਤਾਂ ਆਖਰੀ ਪਲਾਂ ਤੱਕ ਸ੍ਰੀ ਮੋਦੀ ਦੇ ਨਾਂ ਨੂੰ ਸਹਿਮਤੀ ਨਹੀਂ ਦਿੱਤੀ ਜਿਸ ਕਰ ਕੇ ਭਾਜਪਾ ਦੋ ਧੜਿਆਂ ਵਿਚ ਵੰਡੀ ਗਈ ਹੈ।

ਅਸਲ ਵਿਚ ਲੋਕ ਸਭਾ ਚੋਣਾਂ ਵਿਚ ਭਾਜਪਾ ਦੋਹਰਾ ਪੈਂਤੜਾ ਮੱਲ ਰਹੀ ਹੈ। ਸੰਘ ਪਰਿਵਾਰ ਨਾਲ ਜੁੜੀ ਕੱਟੜ ਹਿੰਦੂ ਵੋਟ ਨੂੰ ਖਿੱਚਣ ਲਈ ਭਾਜਪਾ ਨੇ ਸ੍ਰੀ ਮੋਦੀ ਨੂੰ ਕੌਮੀ ਆਗੂ ਵਜੋਂ ਉਭਾਰਿਆ ਹੈ, ਨਾਲ ਹੀ ਪਾਰਟੀ ਵੱਲੋਂ ਵਾਰ-ਵਾਰ ਐਲਾਨ ਕੀਤਾ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ। ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਲੋਕ ਸਭਾ ਚੋਣਾਂ ਭਾਜਪਾ ਕਿਸੇ ਧਾਰਮਿਕ ਮੁੱਦੇ 'ਤੇ ਨਹੀਂ ਸਗੋਂ ਵਿਕਾਸ ਦੇ ਮੁੱਦੇ 'ਤੇ ਲੜੇਗੀ। ਉਹ ਤਾਂ ਇਹ ਵੀ ਕਹਿ ਰਹੇ ਹਨ ਕਿ ਰਾਮ ਮੰਦਰ ਤੇ ਹਿੰਦੂਵਾਦ ਕਦੇ ਵੀ ਭਾਜਪਾ ਦਾ ਸਿਆਸੀ ਏਜੰਡਾ ਨਹੀਂ ਰਹੇ।

ਜ਼ਿਕਰਯੋਗ ਹੈ ਕਿ ਸੰਘ ਪਰਿਵਾਰ ਵੱਲੋਂ ਭਾਜਪਾ 'ਤੇ ਹਿੰਦੂਵਾਦ ਦੇ ਏਜੰਡੇ ਤੋਂ ਦੂਰ ਜਾਣ ਦੇ ਦੋਸ਼ ਲਾਏ ਜਾ ਰਹੇ ਹਨ ਜਿਸ ਕਰ ਕੇ ਕੱਟੜਵਾਦੀ ਹਿੰਦੂ ਵੋਟ ਖੁਰਨ ਦਾ ਖ਼ਤਰਾ ਹੈ। ਭਾਜਪਾ ਨੇ ਸੰਘ ਪਰਿਵਾਰ ਦੇ ਪ੍ਰਭਾਵ ਹੇਠ ਹੀ ਨਰੇਂਦਰ ਮੋਦੀ ਨੂੰ ਕੌਮੀ ਸਿਆਸਤ ਵਿਚ ਉਭਾਰਿਆ ਜੋ ਗੁਜਰਾਤ ਦੰਗਿਆਂ ਕਰ ਕੇ ਕੱਟੜਪੰਥੀਆਂ ਦਾ ਚਹੇਤਾ ਬਣਿਆ ਹੋਇਆ ਹੈ। ਇਨ੍ਹਾਂ ਸਾਰੀਆਂ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿਚ ਰੱਖਦਿਆਂ ਭਾਜਪਾ ਨੇ ਦੋਹਰਾ ਪੈਂਤੜੇ ਮੱਲਿਆ ਹੈ। ਹਿੰਦੂ ਵੋਟਾਂ ਨੂੰ ਖਿੱਚਣ ਲਈ ਨਰੇਂਦਰ ਮੋਦੀ ਦੇ ਅਕਸ ਨੂੰ ਵਰਤਿਆ ਜਾਵੇਗਾ ਤੇ ਪਾਰਟੀ ਦੇ ਕੁਝ ਸਹਿਣਸ਼ੀਲ ਚਿਹਰੇ ਵਿਕਾਸ ਦੇ ਮੁੱਦੇ ਨੂੰ ਉਭਾਰ ਤੇ ਕਾਂਗਰਸ ਨਾਲ ਆਢਾ ਲਾਉਣਗੇ।

### ਕੱਟੜ ਆਗੂ ਮੋਦੀ ਨੂੰ ਕਮਾਨ ਸੰਭਾਲੀ



ਸ੍ਰੀ ਮੋਦੀ ਦੀ ਚੜ੍ਹਾਈ ਨੂੰ ਲੈ ਕੇ ਭਾਜਪਾ ਦਾ ਅੰਦਰੂਨੀ ਕਲੇਸ਼ ਵੀ ਭਖ ਗਿਆ ਹੈ। ਸ੍ਰੀ ਅਡਵਾਨੀ ਦਾ ਧੜਾ ਪਿਛਲੇ ਸਮੇਂ ਤੋਂ ਪਾਰਟੀ ਵਿਚ ਮੋਦੀ ਦੀ ਚੜ੍ਹਾਈ ਦਾ ਵਿਰੋਧ ਕਰਦਾ ਆ ਰਿਹਾ ਹੈ। ਪਿਛਲੇ ਸਮੇਂ ਦੌਰਾਨ ਮੋਦੀ ਨੂੰ ਚੋਣ ਪ੍ਰਚਾਰ ਮੁਹਿੰਮ ਦਾ ਮੁਖੀ ਬਣਾਉਣ 'ਤੇ ਉਨ੍ਹਾਂ ਅਸਤੀਫ਼ਾ ਵੀ ਦੇ ਦਿੱਤਾ ਸੀ ਪਰ ਸੰਘ ਦੇ ਦਬਾਅ ਕਾਰਨ ਉਹ ਮੰਨ ਗਏ ਸਨ। ਹੁਣ ਫਿਰ ਸ੍ਰੀ ਅਡਵਾਨੀ ਨੇ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਉਪਰ ਮਾਯੂਸੀ ਜ਼ਾਹਿਰ ਕੀਤੀ ਹੈ।

ਦੂਜੇ ਪਾਸੇ ਭਾਜਪਾ ਦੇ ਇਸ ਫੈਸਲੇ ਦਾ ਐਨ.ਡੀ.ਏ. ਵਿਚ ਸ਼ਾਮਲ ਪਾਰਟੀਆਂ ਸ਼ਿਵ ਸੈਨਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਭਰਵਾਂ ਸਵਾਗਤ ਕੀਤਾ ਹੈ ਜਦੋਂਕਿ ਐਨ.ਡੀ.ਏ. ਤੋਂ ਬੇਦਾਵਾ ਦੇ ਗਏ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਹੈ ਕਿ ਭਾਜਪਾ ਦੀ ਹੁਣ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜਨਤਾ ਦਲ (ਯੂ) ਨੇ ਤਿੰਨ ਮਹੀਨੇ ਪਹਿਲਾਂ ਹੀ ਜਾਣ ਲਿਆ ਸੀ ਕਿ ਅਜਿਹਾ ਕੁਝ ਹੋਣ ਵਾਲਾ ਹੈ। ਉਨ੍ਹਾਂ ਨੇ ਭਾਜਪਾ ਤੋਂ ਵੱਖ ਹੋਣ ਦੇ ਫ਼ੈਸਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਸਹੀ ਸਮੇਂ 'ਤੇ ਫੈਸਲਾ ਕੀਤਾ ਸੀ।

ਚੇਤੇ ਰਹੇ ਕਿ ਹਿੰਦੂਤਵ ਦੇ ਮੁੱਦੇ ਤੋਂ ਖਫ਼ਾ ਹੋ ਕੇ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਵਿਚ ਸ਼ਾਮਲ ਸਾਰੀਆਂ ਵੱਡੀਆਂ ਪਾਰਟੀਆਂ ਵੱਖ ਹੋ ਗਈਆਂ ਹਨ। ਇਸ ਵੇਲੇ ਸਿਰਫ ਸ਼ਿਵ ਸੈਨਾ ਅਤੇ ਸ਼੍ਰੋਮਣੀ ਅਕਾਲੀ ਦਲ ਹੀ ਐਨ.ਡੀ.ਏ. ਦੇ ਲੜ ਲੱਗੇ ਹੋਏ ਹਨ। ਹਿੰਦੂਤਵ ਦਾ ਮੁੱਦਾ ਸ਼ਿਵ ਸੈਨਾ ਦੇ ਵੀ ਫਿੱਟ ਬੈਠਦਾ ਹੈ ਪਰ ਘੱਟ-ਗਿਣਤੀ ਦੀ ਨੁਮਾਇੰਦਗੀ ਕਰਦੇ ਸ਼੍ਰੋਮਣੀ ਅਕਾਲੀ ਦਲ

(ਬਾਕੀ ਸਫਾ 6 'ਤੇ)

## ਅਮਰੀਕਾ ਵਲੋਂ ਮੋਦੀ ਲਈ ਵੀਜ਼ਾ ਨਿਯਮਾਂ ਵਿਚ ਕੋਈ ਤਬਦੀਲੀ ਨਹੀਂ

**ਵਾਸ਼ਿੰਗਟਨ:** ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਬੇਸ਼ੱਕ ਆਉਂਦੀਆਂ ਲੋਕ ਸਭਾ ਚੋਣਾਂ ਲਈ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਦਿੱਤਾ ਹੈ ਪਰ ਅਮਰੀਕੀ ਵੀਜ਼ੇ ਦੇ ਲਈ ਉਨ੍ਹਾਂ ਨੂੰ ਆਮ ਲੋਕਾਂ ਵਾਂਗ ਹੀ ਅਰਜ਼ੀ ਦੇਣੀ ਪਵੇਗੀ। ਅਮਰੀਕਾ ਦੇ ਵਿਦੇਸ਼ ਵਿਭਾਗ ਦੀ ਤਰਜਮਾਨ ਮੈਰੀ ਹਾਰਫ਼ ਨੇ ਕਿਹਾ ਕਿ ਮੋਦੀ ਵੀਜ਼ੇ ਦੇ ਲਈ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਨੂੰ ਵੀ ਹੋਰ ਲੋਕਾਂ ਵਾਂਗ ਇਸ ਦੀ ਸਮੀਖਿਆ ਦਾ ਇੰਤਜ਼ਾਰ ਕਰ ਸਕਦੇ ਹਨ।

## ਕਿਊਬੈਕ ਦੇ ਵੱਖਵਾਦੀ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਈ ਬਜ਼ਿਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੈਨੇਡਾ ਸਣੇ ਸੰਸਾਰ ਦੇ ਕਈ ਧਾਰਮਿਕ, ਸਮਾਜਕ ਤੇ ਸਿਆਸੀ ਸੰਗਠਨਾਂ ਵੱਲੋਂ ਤਿੱਖਾ ਵਿਰੋਧ ਕਰਨ ਦੇ ਬਾਵਜੂਦ ਫਰਾਂਸੀਸੀ ਲੋਕਾਂ ਦੀ ਬਹੁ-ਗਿਣਤੀ ਵਾਲੇ ਕੈਨੇਡੀਅਨ ਸੂਬੇ ਕਿਊਬੈਕ ਦੀ ਸਰਕਾਰ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਲਈ ਬਜ਼ਿਦ ਹੈ। ਇਹ ਸੂਬਾ ਕੈਨੇਡਾ ਨਾਲੋਂ ਵੱਖ ਹੋਣ ਲਈ ਜ਼ੋਰ ਲਾਉਂਦਾ ਰਿਹਾ ਹੈ ਤੇ ਆਏ ਦਿਨ ਆਪਣੀ ਹਦੂਦ ਵਿਚ ਰਹਿ ਰਹੇ ਘੱਟ-ਗਿਣਤੀ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਿਹਾ ਹੈ। ਇਸ ਵੇਲੇ ਇਸ ਸੂਬੇ ਵਿਚ ਪੌਲੀਨ ਮਾਰਿਸ ਦੀ ਅਗਵਾਈ ਵਾਲੀ ਪਾਰਟੀ ਕਿਬੈਕਵਾ ਦੀ ਘੱਟ-ਗਿਣਤੀ ਸਰਕਾਰ ਹੈ।

ਲੰਘੇ ਦਿਨੀਂ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਵਾਲਾ ਵਿਵਾਦਗ੍ਰਸਤ ਬਿੱਲ ਵਿਧਾਨ ਸਭਾ ਵਿਚ ਪੇਸ਼ ਕਰ ਦਿੱਤਾ ਗਿਆ ਗਿਆ ਤੇ ਜੇ ਵਿਧਾਨ ਸਭਾ ਵੱਲੋਂ ਇਸ ਬਿੱਲ 'ਤੇ ਮੋਹਰ ਲਾ ਦਿੱਤੀ ਜਾਂਦੀ ਹੈ ਤਾਂ ਸੂਬੇ ਵਿਚ ਰਹਿੰਦੇ ਸਿੱਖਾਂ, ਮੁਸਲਮਾਨਾਂ, ਯਹੂਦੀਆਂ ਤੇ ਹੋਰ ਧਰਮਾਂ ਦੇ ਲੋਕਾਂ 'ਤੇ ਆਪਣੇ ਧਰਮ ਚਿੰਨ੍ਹ ਪਹਿਨਣ 'ਤੇ ਪਾਬੰਦੀ ਲੱਗ ਜਾਵੇਗੀ। ਇਸ ਤਰ੍ਹਾਂ ਸੂਬਾਈ ਦਫਤਰਾਂ, ਅਦਾਲਤਾਂ, ਸਕੂਲਾਂ ਤੇ ਹਸਪਤਾਲਾਂ ਵਿਚ ਪੱਗਾਂ, ਬੁਰਕੇ ਤੇ ਹੋਰ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਬਣ ਜਾਵੇਗਾ।

ਉਧਰ, ਫ਼ਿਕਰਾਂ ਵਿਚ ਘਿਰੇ ਡਾਕਟਰਾਂ ਤੇ

(ਬਾਕੀ ਸਫਾ 6 'ਤੇ)



Ranjit Singh

Heating, Ventilation & Air Conditioning
COOL AIR INC.
35-57 9th Street, Long Island City, NY 11106
Serving in all FIVE BOROUGHS
Residential & Commercial
Sales, Services & Installations
Room AC, PTAC, Split, Central
Roof Top, Packaged,
Water Source Chiller & Cooling
Tower, Duct Cleaning
We sell Generators
*Authorized Warranty Service Center
*OSHA, EPA & FDNY Certificated Techs
*Licensed & FULLY insured
"Experienced HVAC Mechanics needed. Call for interview"
We keep NYC cool
For pricing, estimates & information, log on to www.coolairnyc.com
www.coolairny.com
Write us at coolair@coolairnyc.com
Call Now:
718-721-2131


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਕਾਂਗਰਸੀ ਵਿਧਾਇਕ ਜੀਤ ਮੋਹਿੰਦਰ ਵਿਰੁਧ ਕੇਸ ਦਰਜ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਅਦਾਲਤ ਦੀਆਂ ਹਦਾਇਤਾਂ 'ਤੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ (ਬਠਿੰਡਾ) ਦੇ ਕਾਂਗਰਸੀ ਵਿਧਾਇਕ ਜੀਤਮੋਹਿੰਦਰ ਸਿੰਘ ਸਿੱਧੂ ਸਮੇਤ 8 ਜਣਿਆਂ ਵਿਰੁੱਧ 10 ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਸ. ਸਿੱਧੂ ਉਪਰ ਇਸ ਕੇਸ ਵਿਚ ਮੁੱਖ ਮੁਲਜ਼ਮਾਂ ਨੂੰ ਪਨਾਹ ਦੇਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਦੀ ਅਗਲੀ ਸੁਣਵਾਈ 4 ਅਕਤੂਬਰ ਨੂੰ ਹੈ।



ਦਿੱਲੀ ਦੇ ਰਮਨ ਉੱਪਲ ਵੱਲੋਂ ਗੁਰਨਿਹਾਲ ਸਿੰਘ ਪੀਰਜ਼ਾਦਾ ਰਾਹੀਂ ਅਦਾਲਤ ਵਿਚ 8 ਜਣਿਆਂ ਮੁਹਾਲੀ ਦੇ ਸੁਖਬੀਰ ਸਿੰਘ ਸ਼ੇਰਗਿੱਲ, ਉਸ ਦੀ ਪਤਨੀ ਗੁਰਬੀਰ ਕੌਰ ਸ਼ੇਰਗਿੱਲ, ਵਿਧਾਇਕ ਜੀਤਮੋਹਿੰਦਰ ਸਿੰਘ ਸਿੱਧੂ, ਫਾਸਟਵੇਅ ਟਰਾਂਸਮਿਸ਼ਨਜ਼ ਲੁਧਿਆਣਾ ਦੇ ਮੈਨਜਿੰਗ ਡਾਇਰੈਕਟਰ ਗੁਰਦੀਪ ਸਿੰਘ, ਲੁਧਿਆਣਾ ਦੇ ਨਰਿੰਦਰ ਸਿੰਘ, ਰਾਜਦੀਪ ਸਿੰਘ ਤੇ ਬ੍ਰਿਜ ਕਿਸ਼ੋਰ ਤਿਵਾੜੀ ਅਤੇ ਦਿੱਲੀ ਦੇ ਚਾਰਟਰਡ ਅਕਾਊਂਟੈਂਟ ਕਮਲ ਕਿਸ਼ੋਰ ਗੁਪਤਾ ਵਿਰੁੱਧ ਕੇਸ ਦਰਜ ਕਰਨ ਲਈ ਸ਼ਿਕਾਇਤ ਦਾਇਰ ਕਰਵਾਈ ਗਈ ਸੀ। ਇਸ ਦੇ ਆਧਾਰ 'ਤੇ ਹੀ ਸੈਕਟਰ 3 ਦੇ ਥਾਣੇ ਵਿਚ ਅਦਾਲਤੀ ਹੁਕਮਾਂ ਤਹਿਤ ਮੁਲਜ਼ਮਾਂ ਵਿਰੁੱਧ ਠੱਗੀ ਮਾਰਨ, ਫਰਜ਼ੀ ਦਸਤਾਵੇਜ਼ ਬਣਾਉਣ ਅਤੇ ਪਨਾਹ ਦੇਣ (ਧਰਾਵਾਂ 420, 464, 466, 467, 468, 471, 472, 474, 212 ਅਤੇ 120 ਬੀ) ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਪੁਲਿਸ ਨੇ ਇਸੇ ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਹੀ ਪਹਿਲਾਂ 19 ਅਪਰੈਲ 2012 ਨੂੰ ਸੁਖਬੀਰ ਸਿੰਘ ਸ਼ੇਰਗਿੱਲ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕਰਵਾਇਆ ਸੀ ਅਤੇ ਇਸ ਮਾਮਲੇ ਵਿਚ ਇਸ ਵੇਲੇ ਸੁਖਬੀਰ ਸ਼ੇਰਗਿੱਲ ਤੇ ਉਸ ਦੀ ਪਤਨੀ ਬੁੜੈਲ ਜੇਲ੍ਹ ਵਿਚ ਹਨ। ਇਹ ਕੇਸ ਵੀ ਉਸੇ ਐਫ.ਆਈ.ਆਰ. ਦੀ ਲਗਾਤਾਰਤਾ ਵਿਚ ਦਰਜ ਕੀਤਾ ਗਿਆ ਹੈ। ਉਦੋਂ ਸ਼ੇਰਗਿੱਲ ਨੇ ਚੰਡੀਗੜ੍ਹ ਪੁਲਿਸ ਦੀ ਆਰਥਿਕ-ਅਪਰਾਧ ਸ਼ਾਖਾ ਦੇ ਸਬ ਇੰਸਪੈਕਟਰ ਨਵੀਨ ਨੂੰ ਇਸ ਮਾਮਲੇ ਵਿਚ ਉਸ ਕੋਲੋਂ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਸੀ.ਬੀ.ਆਈ. ਨੂੰ ਫੜਾਇਆ ਸੀ।

ਪੁਲਿਸ ਵੱਲੋਂ ਅਦਾਲਤ ਦੀਆਂ ਹਦਾਇਤਾਂ 'ਤੇ ਦਰਜ ਕੀਤੀ ਐਫ.ਆਈ.ਆਰ. ਵਿਚ ਵਿਧਾਇਕ ਸਿੱਧੂ ਉਪਰ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਪੁਲਿਸ ਨੂੰ ਲੋੜੀਂਦੇ ਮੁਲਜ਼ਮ ਸੁਖਬੀਰ ਸਿੰਘ ਸ਼ੇਰਗਿੱਲ ਅਤੇ ਉਸ ਦੀ ਪਤਨੀ ਨੂੰ ਪਨਾਹ ਦਿੱਤੀ ਸੀ। ਸ. ਸਿੱਧੂ 17 ਜੁਲਾਈ 2013 ਨੂੰ ਰਾਤ 9.15 ਵਜੇ ਸ਼ੇਰਗਿੱਲ ਜੋੜੀ ਨੂੰ ਮਾਰੂਤੀ ਸਵਿਫਟ ਕਾਰ ਰਾਹੀਂ ਲੈ ਕੇ ਜਾ ਰਹੇ ਸੀ ਕਿ ਚੰਡੀਗੜ੍ਹ ਪੁਲਿਸ ਨੇ ਬਠਿੰਡਾ-ਪਟਿਆਲਾ ਨੈਸ਼ਨਲ ਹਾਈਵੇਅ ਤੋਂ ਫੜ ਲਿਆ।

ਇਸ ਬਾਰੇ ਸ. ਸਿੱਧੂ ਨੇ ਕਿਹਾ ਕਿ ਇਸ ਕੇਸ ਨਾਲ ਉਨ੍ਹਾਂ ਦਾ ਕੋਈ ਵੀ ਵਾਸਤਾ ਨਹੀਂ ਹੈ ਕਿਉਂਕਿ ਨਾ ਤਾਂ ਉਹ ਸ਼ਿਕਾਇਤਕਰਤਾ ਨੂੰ ਜਾਣਦੇ ਹੈ ਅਤੇ ਨਾ ਹੀ ਪੁਲਿਸ ਨੇ ਇਸ ਸ਼ਿਕਾਇਤ ਦੀ ਪੜਤਾਲ ਕਰਨ ਵੇਲੇ ਉਨ੍ਹਾਂ ਦਾ ਕਦੇ ਪੱਖ ਜਾਣਿਆ। ਉਨ੍ਹਾਂ ਅਨੁਸਾਰ ਸ਼ੇਰਗਿੱਲ ਉਨ੍ਹਾਂ ਦੇ ਦੂਰ ਦੇ ਰਿਸ਼ਤੇਦਾਰ ਹਨ ਅਤੇ ਕਿਸੇ ਸਿਆਸੀ ਸਾਜ਼ਿਸ਼ ਤਹਿਤ ਉਨ੍ਹਾਂ ਦਾ ਨਾਮ ਐਫ.ਆਈ.ਆਰ. ਵਿਚ ਸ਼ਾਮਲ ਕੀਤਾ ਗਿਆ ਹੈ।

## ਵਿਧਾਇਕ ਸੰਗਤ ਸਿੰਘ ਗਿਲਜੀਆਂ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਹਲਕਾ ਟਾਂਡਾ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸੰਗਤ ਸਿੰਘ ਗਿਲਜੀਆਂ ਜੋ ਇਨ੍ਹੀਂ ਦਿਨੀਂ ਅਮਰੀਕਾ ਫੇਰੀ 'ਤੇ ਹਨ, ਲੰਘੇ ਐਤਵਾਰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਅਤੇ ਪ੍ਰਬੰਧਕ ਕਮੇਟੀ ਦੇ ਬਾਕੀ ਮੈਂਬਰਾਂ ਵਲੋਂ ਸ. ਗਿਲਜੀਆਂ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਮਾਣ-ਸਨਮਾਨ ਕੀਤਾ ਗਿਆ। ਸ. ਗਿਲਜੀਆਂ ਨੇ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ।



## ਹੁਣ ਦੁਨੀਆਂ ਦਾ ਸਭ ਤੋਂ ਉਚਾ ਹਵਾਈ ਅੱਡਾ ਚੀਨ 'ਚ

**ਬੀਜਿੰਗ:** ਚੀਨ ਦੇ ਸਿਚੁਆਨ ਸੂਬੇ 'ਚ ਸਮੁੰਦਰੀ ਤਲ ਤੋਂ 4411 ਮੀਟਰ ਦੀ ਉਚਾਈ 'ਤੇ ਸਥਿਤ ਸੰਸਾਰ ਦੇ ਸਭ ਤੋਂ ਉਚੇ ਨਾਗਰਿਕ ਹਵਾਈ ਅੱਡੇ ਦਾ ਸੰਚਾਲਨ ਨੂੰ ਸ਼ੁਰੂ ਹੋ ਗਿਆ। ਹੁਣ ਸ਼ਾਂਗਰੀ-ਲਾ ਤੇ ਸੂਬੇ ਦੀ ਰਾਜਧਾਨੀ ਦਰਮਿਆਨ ਦੀ ਦੂਰੀ ਬਹੁਤ ਘੱਟ ਸਮੇਂ 'ਚ ਤੈਅ ਕੀਤੀ ਜਾ ਸਕੇਗੀ।

ਤਿੱਬਤ ਦਾ ਖੁਦਮੁਖਤਾਰ ਸੂਬਾ ਗਾਰਜੀ ਦੇ ਦਾਓਚੇਂਗ ਖੇਤਰ 'ਚ ਸਥਿਤ ਦਾਓਚੇਂਗ ਯਾਡਿੰਗ ਹਵਾਈ ਅੱਡੇ 'ਚ ਸੰਚਾਲਨ ਸ਼ੁਰੂ ਹੋਣ ਦੇ ਬਾਅਦ ਦਾਓਚੇਂਗ ਤੇ ਸੂਬੇ ਦੀ ਰਾਜਧਾਨੀ ਚੇਂਗਡੂ ਦਰਮਿਆਨ ਦੀ ਦੂਰੀ ਦੋ ਦਿਨਾਂ ਦੀ ਬੱਸ ਯਾਤਰਾ ਦੇ ਬਦਲੇ 65 ਮਿੰਟ ਦੀ ਹਵਾਈ ਯਾਤਰਾ ਦੁਆਰਾ ਪੂਰੀ ਕੀਤੀ ਜਾ ਸਕੇਗੀ।

## ਭਾਰਤੀ ਮੂਲ ਦੀ ਨੀਨਾ ਬਣੀ ਮਿਸ ਅਮਰੀਕਾ

**ਨਿਊ ਜਰਸੀ:** ਭਾਰਤੀ ਮੂਲ ਦੀ 24 ਸਾਲਾ ਮੁਟਿਆਰ ਨੀਨਾ ਦਾਵੁਲੁਰੀ ਨਵੀਂ ਮਿਸ ਅਮਰੀਕਾ ਚੁਣੀ ਗਈ ਹੈ। ਸੁੰਦਰਤਾ ਮੁਕਾਬਲੇ ਵਿਚ ਨਿਊ ਯਾਰਕ ਦੀ ਪ੍ਰਤੀਨਿਧਤਾ ਕਰਨ ਵਾਲੀ ਨੀਨਾ ਇਹ ਵੱਕਾਰੀ ਖਿਤਾਬ ਜਿੱਤਣ ਵਾਲੀ ਭਾਰਤੀ ਮੂਲ ਦੀ ਪਹਿਲੀ ਮੁਟਿਆਰ ਹੈ। ਮੁਕਾਬਲੇ ਵਿਚ ਉਸ ਨੇ ਬਾਲੀਵੁੱਡ ਆਧਾਰਤ ਨਾਚ ਪੇਸ਼ ਕਰਕੇ ਜੱਜਾਂ ਦਾ ਮਨ ਮੋਹਿਆ। ਨੀਨਾ ਆਪਣੇ ਪਿਤਾ ਵਾਂਗ ਹੀ ਡਾਕਟਰ ਬਣਨਾ ਚਾਹੁੰਦੀ ਹੈ ਤੇ ਉਸ



ਨੂੰ ਵਜ਼ੀਫਿਆਂ ਆਦਿ ਦੇ ਰੂਪ ਵਿਚ ਘੱਟੋ-ਘੱਟ 50 ਹਜ਼ਾਰ ਡਾਲਰ ਹਾਸਲ ਹੋਣਗੇ।

ਉਸ ਨੂੰ ਅਟਲਾਂਟਿਕ ਸਿਟੀ, ਨਿਊ ਜਰਸੀ ਵਿਚ ਮੁਲਕ ਦੀ ਸਭ ਤੋਂ ਸੋਹਣੀ ਮੁਟਿਆਰ ਦਾ ਖਿਤਾਬ ਦਿੱਤਾ ਗਿਆ। ਖਿਤਾਬ ਜਿੱਤਣ ਤੋਂ ਬਾਅਦ ਉਸ ਨੇ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਸ ਨਵੀਂ ਭੂਮਿਕਾ ਨਾਲ ਉਸ ਨੂੰ ਆਪਣੇ ਸਭਿਆਚਾਰ ਬਾਰੇ ਪਾਏ ਜਾਂਦੇ ਵੱਖ-ਵੱਖ ਭਰਮ-ਭੁਲੇਖਿਆਂ ਨੂੰ ਦੂਰ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਪਹਿਲਾਂ ਮਿਸ ਅਮਰੀਕਾ ਦਾ ਤਾਜ ਪਹਿਨਦੇ ਸਮੇਂ ਉਸ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਵਗ ਰਹੇ ਸਨ। ਮੁਕਾਬਲੇ ਵਿਚ ਮੁਲਕ ਦੇ 23 ਸੂਬਿਆਂ ਦੀਆਂ ਇੰਨੀਆਂ ਹੀ ਮੁਟਿਆਰਾਂ ਨੇ ਹਿੱਸਾ ਲਿਆ। ਇਸ ਮੌਕੇ ਮਿਸ ਕੈਲੀਫੋਰਨੀਆ ਕ੍ਰਿਸਟਲ ਲੀ ਦੂਜੇ ਤੇ ਮਿਸ ਓਕਲਾਹੋਮਾ ਕੈਜ਼ਲੀ ਗ੍ਰਿਸਵਲਡ ਤੀਜੇ ਨੰਬਰ ਉਤੇ ਰਹੀ।


Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography (with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com



H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਅਮਰੀਕੀ ਜਲ ਸੈਨਾ ਦੇ ਯਾਰਡ 'ਚ ਗੋਲੀ ਚੱਲੀ; 12 ਮੌਤਾਂ

**ਵਾਸ਼ਿੰਗਟਨ:** ਵਾਸ਼ਿੰਗਟਨ ਵਿਖੇ ਨੇਵੀ ਯਾਰਡ 'ਚ ਇਕ ਹਥਿਆਰਬੰਦ ਵਿਅਕਤੀ ਵਲੋਂ ਅੰਨ੍ਹੇਵਾਹ ਕੀਤੀ ਫਾਇਰਿੰਗ ਦੌਰਾਨ 12 ਵਿਅਕਤੀਆਂ ਦੀ ਮੌਤ ਹੋ ਗਈ। ਹਮਲਾਵਰ ਨੂੰ ਮੌਕੇ ਉਤੇ ਹੀ ਮਾਰ ਦਿੱਤਾ ਗਿਆ।

ਵਾਸ਼ਿੰਗਟਨ ਡੀ.ਸੀ. ਦੇ ਮੇਅਰ ਵਿਨਸੈਂਟ ਗ੍ਰੇਅ ਅਤੇ ਪੁਲਿਸ ਮੁਖੀ ਕੈਥੀ ਲੈਨੀਅਰ ਨੇ 12 ਮੌਤਾਂ ਦੀ ਪੁਸ਼ਟੀ ਕੀਤੀ ਹੈ। ਮਾਰੇ ਗਏ ਹਮਲਾਵਰ ਦੀ ਪਛਾਣ 34 ਸਾਲਾ ਐਰੋਨ ਅਲੈਕਸਿਸ ਵਜੋਂ ਹੋਈ ਹੈ ਜੋ ਟੈਕਸਾਸ ਤੋਂ ਇਕ ਫੌਜੀ ਠੇਕੇਦਾਰ ਹੈ। ਵਾਸ਼ਿੰਗਟਨ ਡੀ.ਸੀ. ਦੇ ਦੱਖਣ-ਪੂਰਬ ਸਥਿਤ ਨੇਵਲ ਸੀ ਸਿਸਟਮਜ਼ ਕਮਾਂਡ ਹੈੱਡ-ਕਵਾਰਟਰ 'ਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਨੇਵੀ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਟਵਿੱਟਰ ਜ਼ਰੀਏ ਦਿੱਤੀ। ਇਸ ਯਾਰਡ 'ਚ ਕਰੀਬ ਤਿੰਨ ਹਜ਼ਾਰ ਕਰਮਚਾਰੀ ਕੰਮ ਕਰਦੇ ਹਨ। ਇਹ ਘਟਨਾ ਸਥਾਨ, ਵ੍ਹਾਈਟ ਹਾਊਸ ਤੋਂ ਸਿਰਫ ਪੰਜ ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਸਥਿਤ ਹੈ। ਵਾਸ਼ਿੰਗਟਨ ਪੁਲਿਸ ਦੇ ਮੁਖੀ ਕੈਥੀ ਲੈਨੀਅਰ ਨੇ ਦੱਸਿਆ ਕਿ ਹਮਲਾਵਰਾਂ ਨੇ ਫੌਜੀ ਵਰਦੀ ਪਾਈ ਹੋਈ ਸੀ। ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤੇ ਨੇੜਲੇ ਸਕੂਲ ਤੇ ਦਫਤਰ ਬੰਦ ਕਰ ਦਿੱਤੇ ਗਏ ਹਨ। ਗੋਲੀਬਾਰੀ ਸ਼ੁਰੂ ਹੋਣ ਦੇ ਛੇਤੀ ਮਗਰੋਂ ਜਲ ਸੈਨਾ ਆਪਰੇਸ਼ਨ ਦੇ ਮੁਖੀ ਐਡਮਿਰਲ ਜੋਨਾਥਨ ਡਬਲਯੂ ਗ੍ਰੀਨਾਰਟ ਤੇ ਉਨ੍ਹਾਂ ਦੀ ਪਤਨੀ ਨੂੰ ਯਾਰਡ 'ਚ ਸਥਿਤ ਉਨ੍ਹਾਂ ਦੀ ਰਿਹਾਇਸ਼ 'ਚੋਂ ਸੁਰੱਖਿਅਤ ਕੱਢ ਲਿਆ ਗਿਆ।



*ਹਮਲੇ ਪਿਛੋਂ ਤਾਇਨਾਤ ਸੁਰੱਖਿਆ ਫੋਰਸਾਂ ਅਤੇ ਮਾਰਿਆ ਗਿਆ ਹਮਲਾਵਰ*

ਵ੍ਹਾਈਟ ਹਾਊਸ ਤੋਂ ਸੰਬੋਧਨ ਕਰਦਿਆਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੈਡਰਲ ਤੇ ਸਥਾਨਿਕ ਅਧਿਕਾਰੀਆਂ ਨੂੰ ਇਸ ਘਟਨਾ ਦੀ ਡੂੰਘੀ ਜਾਂਚ ਕਰਨ ਲਈ ਕਿਹਾ ਹੈ।

ਮ੍ਰਿਤਕਾਂ 'ਚ ਇਕ ਭਾਰਤੀ-ਅਮਰੀਕੀ ਰੱਖਿਆ ਠੇਕੇਦਾਰ ਵੀ ਸ਼ਾਮਲ ਹੈ। ਵਾਸ਼ਿੰਗਟਨ ਮੈਟਰੋਪੋਲੀਟਨ ਪੁਲਿਸ ਨੇ ਇਸ ਗੋਲੀਕਾਂਡ ਵਿਚ ਮਰਨ ਵਾਲੇ ਸੱਤ ਵਿਅਕਤੀਆਂ ਦੇ ਨਾਂ ਨਸ਼ਰ ਕੀਤੇ ਹਨ ਜਿਨ੍ਹਾਂ 'ਚੋਂ ਇਕ 61 ਸਾਲਾ ਵਿਸ਼ਨੂੰ ਪੰਡਿਤ ਵੀ ਹੈ। ਉਸ ਤੋਂ ਇਲਾਵਾ ਛੇ ਹੋਰਨਾਂ ਦੀ ਪਛਾਣ ਮਾਈਕਲ ਆਰਨੋਲਡ (59), ਸਿਲਵੀਆ ਫ੍ਰੇਜ਼ੀਅਰ (53), ਕੈਥੀ ਗਾਰਡੀ (62), ਜੌਹਨ ਰੋਜਰ ਜੌਨਸਨ (73), ਫ੍ਰੈਂਕ ਕੋਹਲਰ (50) ਅਤੇ ਕੈਨੇਥ ਬਰਨਾਰਡ ਪ੍ਰਾਕਟਰ (60) ਵਜੋਂ ਹੋਈ ਹੈ। ਮਰਨ ਵਾਲਿਆਂ 'ਚੋਂ ਵਧੇਰੇ ਫ਼ੌਜੀ ਠੇਕੇਦਾਰ ਸਨ।

# ਕਮਜ਼ੋਰ ਰੁਪਇਆ ਵਿਦੇਸ਼ੀ ਮਰੀਜ਼ਾਂ ਲਈ ਬਣਿਆ ਵਰਦਾਨ

**ਚੰਡੀਗੜ੍ਹ:** ਰੁਪਏ ਦੀ ਲਗਾਤਾਰ ਡਿਗਦੀ ਕੀਮਤ ਜਿਥੇ ਇਸ ਵੇਲੇ ਦੇਸ਼ ਦੀ ਆਰਥਿਕਤਾ ਲਈ ਫਿਕਰ ਦਾ ਵਿਸ਼ਾ ਬਣੀ ਹੋਈ ਹੈ, ਉਥੇ ਮੱਧ ਪੂਰਬ ਅਫਰੀਕਾ ਤੇ ਸਾਰਕ ਦੇਸ਼ਾਂ ਤੋਂ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਲਈ ਇਹ ਸਥਿਤੀ ਵਰਦਾਨ ਸਾਬਤ ਹੋਈ ਹੈ। ਭਾਰਤ ਵਿਚ ਡਾਕਟਰੀ ਇਲਾਜ ਵੈਸੇ ਵੀ ਪਹੁੰਚ ਯੋਗ ਹੈ ਪਰ ਰੁਪਏ ਦੇ ਸਸਤੇ ਹੋਣ ਨਾਲ ਵਿਦੇਸ਼ੀਆਂ ਨੂੰ ਇਲਾਜ ਲਈ ਸਫਰ ਵੀ ਸਸਤਾ ਪੈ ਰਿਹਾ ਹੈ।

ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ, ਨਰਸਿੰਗ ਹਾਊਸਾਂ ਦੇ ਐਸੋਚੈਮ ਸਮਾਜਕ ਵਿਕਾਸ ਫਾਊਂਡੇਸ਼ਨ ਵੱਲੋਂ ਕੀਤੇ ਸਰਵੇਖਣ ਮੁਤਾਬਿਕ ਪਿਛਲੇ ਛੇ ਮਹੀਨਿਆਂ ਵਿਚ ਬਾਹਰੋਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਿਚ 40 ਫੀਸਦੀ ਦਾ ਵਾਧਾ ਹੋਇਆ ਹੈ। ਭਾਰਤੀ ਮੈਡੀਕਲ ਟੂਰਿਜ਼ਮ ਸੈਕਟਰ ਜਿਸ ਦੀ ਮੌਜੂਦਾ ਆਮਦਨ 7500 ਕਰੋੜ ਰੁਪਏ ਹੈ, 2015 ਵਿਚ 12,000 ਕਰੋੜ ਤੱਕ ਪਹੁੰਚਣ ਦੀ ਉਮੀਦ ਹੈ। ਰਿਪੋਰਟ ਮੁਤਾਬਕ ਇਲਾਜ ਕਰਵਾਉਣ ਲਈ ਆਏ ਸੈਲਾਨੀਆਂ ਦੀ ਗਿਣਤੀ ਜੋ ਇਸ ਵੇਲੇ 25 ਲੱਖ ਦੇ ਕਰੀਬ ਹੈ, ਦੇ 2015 ਵਿਚ ਵਧ ਕੇ 45 ਲੱਖ ਹੋਣ ਦੀ ਉਮੀਦ ਹੈ। ਭਾਰਤ ਵਿਚ ਡਾਕਟਰੀ ਸਹੂਲਤਾਂ ਲੈਣ ਲਈ



ਅਮਰੀਕਾ, ਯੂਰਪ, ਬੰਗਲਾਦੇਸ਼, ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਵੀ ਲੋਕ ਆਉਂਦੇ ਹਨ। ਦਿਲ ਦੇ ਰੋਗ ਤੇ ਹੱਡੀਆਂ ਦੇ ਇਲਾਜ ਤੋਂ ਇਲਾਵਾ ਅੰਗ ਤਬਦੀਲ ਤੇ ਪਿਸ਼ਾਬ ਨਾਲ ਸਬੰਧਤ ਬਿਮਾਰੀਆਂ ਲਈ ਸਿਹਤ ਸਹੂਲਤਾਂ ਭਾਰਤ ਵਿਚ ਕਾਫੀ ਸਸਤੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਅਧਿਐਨ ਮੁਤਾਬਕ ਭਾਰਤ ਦੇ ਸਭ ਤੋਂ ਵਧੀਆ ਡਾਕਟਰੀ ਕੇਂਦਰਾਂ ਵਜੋਂ ਉਭਰ ਰਹੇ ਰਾਜਾਂ ਵਿਚ ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲ, ਤਾਮਿਲਨਾਡੂ, ਮਹਾਰਾਸ਼ਟਰਾ ਤੇ ਨਵੀਂ ਦਿਲੀ ਦਾ ਨਾਂ ਸ਼ਾਮਲ ਹੈ।

## ਪਿਆਜ਼ ਨੇ ਰੁਆ ਛੱਡੀ ਭਾਰਤੀ ਜਨਤਾ

**ਨਵੀਂ ਦਿੱਲੀ:** ਪਿਆਜ਼ ਦੀਆਂ ਕੀਮਤਾਂ ਵਿਚ ਆਈ ਤੇਜ਼ੀ ਕਾਰਨ ਲੋਕਾਂ ਨੂੰ ਰੁਆ ਛੱਡਿਆ ਹੈ ਅਤੇ ਲੋਕਾਂ ਦੀਆਂ ਜੇਬਾਂ ਨੇ ਵੀ ਹੰਝੂ ਵਹਾਉਣੇ ਸ਼ੁਰੂ ਕਰ ਦਿੱਤੇ ਹਨ। ਪਿਆਜ਼ ਇਸ ਵੇਲੇ ਪਰਚੂਨ ਵਿਚ 70 ਤੋਂ 80 ਰੁਪਏ ਪ੍ਰਤੀ ਕਿਲੋ ਤਕ ਪੁੱਜ ਗਿਆ ਹੈ। ਇਸ ਦੇ ਨਾਲ ਹੀ ਪਿਆਜ਼ ਵਪਾਰੀਆਂ ਨੇ ਇਹ ਕਹਿ ਕੇ ਆਮ ਬੰਦੇ ਦੇ ਸਾਹ ਸੂਤ ਲਏ ਹਨ ਕਿ ਇਸ ਦੀਆਂ ਕੀਮਤਾਂ 15 ਅਕਤੂਬਰ ਤਕ ਹੇਠਾਂ ਨਹੀਂ ਆਉਣਗੀਆਂ। ਦਿੱਲੀ ਵਿਚ ਪਿਆਜ਼ ਦਾ ਥੋਕ ਮੁੱਲ 60 ਰੁਪਏ ਪ੍ਰਤੀ ਕਿਲੋ ਚੱਲ ਰਿਹਾ ਹੈ ਤੇ ਰੇੜ੍ਹੀ-



*ਪਿਆਜਾਂ ਦੀ ਮਹਿੰਗਾਈ ਵਿਰੁਧ ਮੁਜ਼ਾਹਰਾ ਕਰ ਰਹੇ ਲੋਕ*

ਫੜ੍ਹੀ ਵਾਲੇ 70 ਤੋਂ 80 ਰੁਪਏ ਪ੍ਰਤੀ ਕਿਲੋ ਵੇਚ ਰਹੇ ਹਨ। ਕੀਮਤਾਂ ਵਿਚ ਉਛਾਲ ਦਾ ਕਾਰਨ ਇਸ ਦੀ ਆਮਦ ਵਿਚ 30 ਤੋਂ 40 ਫੀਸਦੀ ਦੀ ਆਈ ਕਮੀ ਹੈ। ਇਸ ਵੇਲੇ ਦਿੱਲੀ ਦੀ ਆਜ਼ਾਦਪੁਰ ਮੰਡੀ ਵਿਚ ਪਿਆਜ਼ ਦੀ ਆਮਦ 900 ਟਨ ਰੋਜ਼ਾਨਾ ਹੈ, ਜਦਕਿ ਇਹ ਪਹਿਲਾਂ 1200 ਤੋਂ 1300 ਟਨ ਰੋਜ਼ਾਨਾ ਸੀ। ਮੰਡੀ ਵਿਚ ਪਿਆਜ਼ ਵਪਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਬੁੱਧੀਰਾਜ ਨੇ ਕਿਹਾ ਕਿ ਪਿਆਜ਼ ਆਮ ਤੌਰ 'ਤੇ ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ ਤੇ ਰਾਜਸਥਾਨ ਤੋਂ ਆਉਂਦਾ ਹੈ ਪਰ ਕੁਝ ਦਿਨ ਪਹਿਲਾਂ ਅਫਗਾਨਿਸਤਾਨ ਤੋਂ ਵੀ 2-4 ਟਰੱਕ ਪਿਆਜ਼ ਇਥੇ ਆਏ ਸਨ। ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋਣ ਕਾਰਨ ਪਿਆਜ਼ ਦੀ ਮੰਗ ਕਾਫੀ ਵਧ ਗਈ ਹੈ ਤੇ ਦੀਵਾਲੀ ਤਕ ਮੰਗ ਬਰਕਰਾਰ ਰਹੇਗੀ।

ਇਸੇ ਦੌਰਾਨ ਕੇਂਦਰੀ ਖੁਰਾਕ ਮੰਤਰੀ ਕੇ.ਵੀ. ਥਾਮਸ ਨੇ ਕਿਹਾ ਹੈ ਕਿ 70-80 ਰੁਪਏ ਪ੍ਰਤੀ ਕਿਲੋ ਪਰਚੂਨ ਵਿਚ ਵਿਕ ਰਹੇ ਪਿਆਜ਼ ਦੀ ਕੀਮਤ ਅਗਲੇ ਮਹੀਨੇ ਦੇ ਸ਼ੁਰੂ ਵਿਚ ਘਟਣ ਦੇ ਆਸਾਰ ਹਨ, ਕਿਉਂਕਿ ਆਂਧਰਾ ਪ੍ਰਦੇਸ਼ ਤੇ ਕਰਨਾਟਕ ਵਿਚੋਂ ਇਸ ਦੀ ਸਪਲਾਈ 'ਚ ਸੁਧਾਰ ਹੋਵੇਗਾ।

# ਉਤਰਾਖੰਡ ਦੇ ਹੜ੍ਹਾਂ 'ਚ ਲਾਪਤਾ ਲੋਕਾਂ ਬਾਰੇ ਸੂਚੀ ਜਾਰੀ

**ਦੇਹਰਾਦੂਨ:** ਉਤਰਾਖੰਡ ਵਿਚ ਹੜ੍ਹਾਂ ਅਤੇ ਢਿੱਗਾਂ ਕਾਰਨ ਹੋਈ ਤਬਾਹੀ ਦੌਰਾਨ ਲਾਪਤਾ ਲੋਕਾਂ ਬਾਰੇ ਸਰਕਾਰੀ ਤੌਰ 'ਤੇ ਗਿਣਤੀ 4120 ਦੱਸੀ ਗਈ ਜਿਨ੍ਹਾਂ ਵਿਚ 92 ਲੋਕ ਨੇਪਾਲ ਦੇ ਸਨ।

ਸਰਕਾਰ ਵੱਲੋਂ ਜਾਰੀ ਕੀਤੀ ਗਈ ਅੰਤਿਮ ਸੂਚੀ ਵਿਚ ਸਭ ਤੋਂ ਵੱਧ ਗਿਣਤੀ ਉੱਤਰ ਪ੍ਰਦੇਸ਼ (1150) ਦੇ ਲੋਕਾਂ ਦੀ ਹੈ। ਲਾਪਤਾ ਲੋਕਾਂ 'ਚ 421 ਬੱਚੇ ਵੀ ਸ਼ਾਮਲ ਹਨ ਜਿਨ੍ਹਾਂ 'ਚੋਂ ਸਭ ਤੋਂ ਵੱਧ ਗਿਣਤੀ ਉਤਰਾਖੰਡ (168) ਦੀ ਹੈ ਜਿਸ ਤੋਂ ਬਾਅਦ ਉੱਤਰ ਪ੍ਰਦੇਸ਼ (96), ਰਾਜਸਥਾਨ (34) ਅਤੇ ਦਿੱਲੀ (32) ਦੇ ਬੱਚੇ ਹਨ। ਵੱਖ-ਵੱਖ ਰਾਜਾਂ ਅਤੇ ਨੇਪਾਲ ਦੇ ਮੁੱਖ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਕਰਨ ਅਤੇ ਉਤਰਾਖੰਡ ਦੇ 13 ਜ਼ਿਲ੍ਹਿਆਂ ਅਤੇ ਦੇਹਰਾਦੂਨ ਵਿਚ ਲਾਪਤਾ ਲੋਕਾਂ ਬਾਰੇ ਸੈੱਲ ਦੇ ਵੇਰਵਿਆਂ ਦੀ ਪੁਣਛਾਣ ਕਰ ਕੇ ਇਹ ਅੰਤਿਮ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਮੁਤਾਬਕ ਉਤਰਾਖੰਡ (852), ਮੱਧ ਪ੍ਰਦੇਸ਼ (542), ਰਾਜਸਥਾਨ (511), ਦਿੱਲੀ (216), ਮਹਾਰਾਸ਼ਟਰ (163), ਗੁਜਰਾਤ (129), ਹਰਿਆਣਾ (112), ਨੇਪਾਲ (92) ਆਂਧਰਾ ਪ੍ਰਦੇਸ਼ (86), ਬਿਹਾਰ (58), ਝਾਰਖੰਡ (40), ਛੱਤੀਸਗੜ੍ਹ (29), ਉੜੀਸਾ (26), ਤਾਮਿਲਨਾਡੂ (14), ਕਰਨਾਟਕ (14), ਮੇਘਾਲਿਆ (6), ਚੰਡੀਗੜ੍ਹ (4) ਜੰਮੂ-ਕਸ਼ਮੀਰ (3), ਕੇਰਲਾ (2), ਪੁੱਡੂਚੇਰੀ (1) ਤੇ ਅਸਾਮ (1) ਤੋਂ ਲੋਕ ਲਾਪਤਾ ਸਨ। ਨੇਪਾਲ ਦੇ ਲਾਪਤਾ ਲੋਕਾਂ 'ਚੋਂ ਬਹੁਤੇ ਮਜ਼ਦੂਰ ਸਨ।

## ਹਰ ਵਰ੍ਹੇ ਹੁੰਦਾ ਹੈ 750 ਅਰਬ ਡਾਲਰ ਦਾ ਭੋਜਨ ਖਰਾਬ

**ਰੋਮ:** ਸੰਸਾਰ ਭਰ ਵਿਚ ਇਕ ਸਾਲ ਵਿਚ ਇਕ ਤਿਹਾਈ ਭੋਜਨ ਖਰਾਬ ਹੋ ਜਾਂਦਾ ਹੈ ਜਿਸ ਨਾਲ ਵਿਸ਼ਵ ਦੀ ਆਰਥਿਕਤਾ ਨੂੰ 750 ਅਰਬ ਡਾਲਰ ਦਾ ਨੁਕਸਾਨ ਹੁੰਦਾ ਹੈ। ਇਹ ਖੁਲਾਸਾ ਯੂਨਾਈਟਿਡ ਨੇਸ਼ਨ ਦੀ ਫੂਡ ਏਜੰਸੀ ਦੀ ਨਵੀਂ ਰਿਪੋਰਟ ਵਿਚ ਹੋਇਆ ਹੈ।

ਰੋਮ ਦੀ ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ (ਐਫ.ਏ.ਓ.) ਨੇ ਕਿਹਾ ਕਿ ਤਕਰੀਬਨ 1.3 ਬਿਲੀਅਨ ਟਨ ਭੋਜਨ ਹਰ ਸਾਲ ਖਰਾਬ ਹੋ ਜਾਂਦਾ ਹੈ। ਇਸ ਮਾਮਲੇ ਵਿਚ ਏਸ਼ੀਆ ਖੇਤਰ ਵਿਚ ਚੀਨ ਵਿਚ ਸਥਿਤੀ ਸਭ ਤੋਂ ਵੱਧ ਖਰਾਬ ਹੈ।

## ਪੁਨੀਤ ਤਲਵਾਰ ਬਣੇ ਅਮਰੀਕਾ ਦੇ ਉਪ ਵਿਦੇਸ਼ ਮੰਤਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ-ਅਮਰੀਕੀ ਪੁਨੀਤ ਤਲਵਾਰ ਨੂੰ ਵਿਦੇਸ਼ ਉਪ ਮੰਤਰੀ (ਸਿਆਸੀ ਫੌਜੀ ਮਾਮਲੇ) ਨਾਮਜ਼ਦ ਕੀਤਾ ਹੈ।

ਤਲਵਾਰ ਮੱਧ ਪੂਰਬ ਖਿੱਤੇ ਬਾਰੇ 4 ਸਾਲ ਤੋਂ ਵੱਧ ਸਮਾਂ ਓਬਾਮਾ ਦੇ ਸਭ ਤੋਂ ਨੇੜਲੇ ਸਲਾਹਕਾਰ ਰਹੇ ਹਨ। ਵਿਦੇਸ਼ ਮੰਤਰਾਲੇ ਵਿਚ ਇਸ ਅਹਿਮ ਅਹੁਦੇ 'ਤੇ ਪਹੁੰਚਣ ਵਾਲੇ ਤਲਵਾਰ ਦੂਜੇ ਭਾਰਤੀ-ਅਮਰੀਕੀ ਹਨ। ਇਸ ਤੋਂ ਪਹਿਲਾਂ ਨਿਸ਼ਾ ਦੇਸਾਈ ਬਿਸਵਾਲ ਦੱਖਣੀ ਤੇ ਮੱਧ ਏਸ਼ੀਆ ਲਈ ਉਪ ਵਿਦੇਸ਼ ਮੰਤਰੀ ਹੈ।

## ਨੁਸਰਤ ਫਤਿਹ ਅਲੀ ਖਾਨ ਦੀ ਪਤਨੀ ਦਾ ਦਿਹਾਂਤ

**ਓਟਾਵਾ:** ਪ੍ਰਸਿੱਧ ਸੂਫੀ ਗਾਇਕ ਨੁਸਰਤ ਫਤਿਹ ਅਲੀ ਖਾਨ ਦੀ ਪਤਨੀ ਨਾਸ਼ੀਦ ਨੁਸਰਤ ਦਾ ਬੀਤੇ ਦਿਨੀਂ ਕੈਨੇਡਾ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ ਇਕ ਮਹੀਨੇ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸਨ। ਆਪਣੇ ਨੁਸਰਤ ਫਤਿਹ ਅਲੀ ਖਾਨ ਦੀ ਮੌਤ ਤੋਂ ਬਾਅਦ ਨਾਸ਼ੀਦ ਕੈਨੇਡਾ ਆ ਕੇ ਰਹਿਣ ਲੱਗ ਪਈ ਸੀ।


**ਰੈਸਟੋਰੈਂਟ ਸਟਾਫ ਦੀ ਲੋੜ ਹੈ**

**ਕੈਨਸਸ ਸਿਟੀ, ਮਿਜ਼ੌਰੀ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਵੇਟਰ, ਅਸਿਸਟੈਂਟ ਮੈਨੇਜਰ ਅਤੇ ਤੰਦੂਰੀਏ ਦੀ ਲੋੜ ਹੈ**

**ਚੰਗੀ ਤਨਖਾਹ, ਮੁਫਤ ਰਿਹਾਇਸ਼**

**ਸੰਪਰਕ ਕਰੋ**

**ਫੋਨ: 816-806-6065**


# ਆਸਟਰੇਲੀਆ 'ਚ ਭਾਰਤੀਆਂ ਦਾ ਆਪਣਿਆਂ ਹੱਥੋਂ ਸ਼ੋਸ਼ਣ

**ਮੈਲਬਰਨ:** ਇਕ ਨਵੇਂ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਆਸਟਰੇਲੀਆ ਵਿਚਲੇ ਰੁਜ਼ਗਾਰਦਾਤਾ ਤੇ ਮੈਨੇਜਰ ਜੋ ਮੁੱਖ ਤੌਰ 'ਤੇ ਭਾਰਤੀ ਮੂਲ ਦੇ ਹੀ ਹਨ, ਵੱਲੋਂ ਆਪਣੇ ਹੀ ਹਮਵਤਨੀ ਕਾਮਿਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਅਜਿਹੇ ਭਾਰਤੀ ਕਾਮਿਆਂ ਨੂੰ ਅਕਸਰ ਮਾੜੇ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ ਕਿਉਂਕਿ ਇਹ ਕਾਮੇ ਬਹੁਤਾ ਕਰਕੇ ਆਰਜ਼ੀ ਵੀਜ਼ਿਆਂ 'ਤੇ ਆਏ ਹੁੰਦੇ ਹਨ।

ਤਿੰਨ ਸਾਲਾਂ ਤੱਕ ਚੱਲਿਆ ਅਧਿਐਨ ਮੈਕੁਆਇਰੀ ਯੂਨੀਵਰਸਿਟੀ ਨੇ ਕੀਤਾ ਹੈ ਜਿਸ ਦਾ ਸਿਰਲੇਖ ਹੈ '457 ਆਰਜ਼ੀ ਕਿਰਤ ਵੀਜ਼ਿਆਂ ਉਤੇ ਆਏ ਭਾਰਤੀਆਂ ਦਾ ਆਸਟਰੇਲੀਆ ਵਿੱਚ ਤਜਰਬਾ।' ਇਸ ਵਿਚ ਦੇਖਣ ਵਿੱਚ ਆਇਆ ਕਿ ਭਾਰਤੀਆਂ ਨੂੰ ਪਹਿਲਾਂ ਕੰਮ ਲੱਭਣ ਸਬੰਧੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਫੇਰ ਕੰਮ ਮਿਲਣ ਤੋਂ ਬਾਅਦ ਉਨ੍ਹਾਂ ਦੀਆਂ ਔਕੜਾਂ ਹੋਰ ਵਧ ਜਾਂਦੀਆਂ ਹਨ।

ਇਹ ਕਾਮੇ ਯੂਨੀਅਨ ਰਹਿਤ ਤੇ ਛੋਟੇ ਕਾਰੋਬਾਰਾਂ ਨਾਲ ਸਬੰਧਤ ਹਨ ਅਤੇ ਇਨ੍ਹਾਂ ਨੂੰ ਕੰਮ ਦੇਣ ਵਾਲੇ ਵੀ ਬਹੁਤਾ ਕਰਕੇ ਭਾਰਤੀ ਹੀ ਹੁੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਭਾਰਤੀ ਰੈਸਟੋਰੈਂਟ ਆਦਿ ਸ਼ਾਮਲ ਹਨ।

ਇਸ ਅਧਿਐਨ ਵਿਚ ਸ਼ੋਸ਼ਣ ਦਾ ਸਭ ਤੋਂ ਵੱਧ ਸ਼ਿਕਾਰ ਕਾਮੇ ਉਹ ਹਨ ਜੋ ਛੋਟੇ ਭਾਰਤੀ ਰੈਸਟੋਰੈਂਟਾਂ ਵਿਚ ਕੰਮ ਕਰਦੇ ਹਨ। ਦੂਜੇ ਪਾਸੇ ਭਾਰਤੀ ਰੁਜ਼ਗਾਰਦਾਤਾ ਇਨ੍ਹਾਂ 457 ਵੀਜ਼ਾ ਕਾਮਿਆਂ ਨਾਲ ਆਪਣੇ ਵਤੀਰੇ ਨੂੰ ਇਹ ਕਹਿ ਕੇ ਸਹੀ ਠਹਿਰਾਉਂਦੇ ਹਨ ਕਿ ਇਹ ਭਾਰਤੀ ਕਾਮੇ ਆਪਣੇ ਮੁਲਕ ਵਿਚ ਅਜਿਹੇ ਹਾਲਾਤ ਦੇ ਆਦੀ ਹੁੰਦੇ ਹਨ।

ਗ਼ੌਰਤਲਬ ਹੈ ਕਿ ਇਹ ਅਧਿਐਨ 40 ਤੋਂ ਵੱਧ ਲੋਕਾਂ ਦੇ ਸਰਵੇ ਉਤੇ ਆਧਾਰਤ ਹੈ। ਇਹ ਉਹ ਲੋਕ ਹਨ ਜਿਹੜੇ ਕੰਮ ਹਾਸਲ ਕਰਨ ਲਈ ਹਜ਼ਾਰਾਂ ਡਾਲਰ ਖਰਚ ਕੇ ਆਸਟਰੇਲੀਆ ਆਏ ਸਨ ਤੇ ਇਥੇ ਆਉਣ ਉਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਤਾਂ ਇਥੇ ਲੋੜ ਹੀ ਨਹੀਂ ਹੈ। ਇਨ੍ਹਾਂ ਨੂੰ ਖਾਸ ਕਰਕੇ ਬਹੁਤ ਲੰਮਾ ਸਮਾਂ, ਕਈ ਵਾਰ 18-18 ਘੰਟੇ ਤੱਕ ਤੇ ਉਹ ਵੀ ਅਸੁਰੱਖਿਅਤ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ। ਕਈ ਵਾਰ ਅਜਿਹੇ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ ਜਿਸ ਲਈ ਉਹ ਟਰੇਂਡ ਨਹੀਂ ਹੁੰਦੇ। ਇਸ ਤੋਂ ਬਿਨਾਂ ਮੈਡੀਕਲ ਸਰਟੀਫਿਕੇਟ ਦਿੱਤੇ ਜਾਣ ਦੇ ਬਾਵਜੂਦ ਬਿਮਾਰੀ ਦੀਆਂ ਛੁੱਟੀਆਂ ਨੂੰ ਸਾਲਾਨਾ ਛੁੱਟੀਆਂ ਵਿਚੋਂ ਕੱਟ ਲਿਆ ਜਾਂਦਾ ਹੈ।

ਕੁਝ ਮੁਲਾਜ਼ਮਾਂ ਨੇ ਦੱਸਿਆ ਕਿ ਜਦੋਂ ਉਹ ਆਪਣੇ ਨਾਲ ਹੋ ਰਹੇ ਵਤੀਰੇ ਦਾ ਵਿਰੋਧ ਕਰਦੇ ਹਨ ਤੇ ਸਥਾਨਕ ਕਾਮਿਆਂ ਵਾਂਗ ਹੀ ਕੰਮ ਤੇ ਤਨਖਾਹ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਵਿਦੇਸ਼ੀ ਕਾਮਿਆਂ ਨੂੰ ਸਥਾਨਕ ਕਾਮਿਆਂ ਜਿੰਨੀ ਤਨਖਾਹ ਨਹੀਂ ਮਿਲ ਸਕਦੀ। ਉਨ੍ਹਾਂ ਦੀਆਂ ਤਨਖਾਹ ਤੇ ਸੇਵਾ ਦੀਆਂ ਸ਼ਰਤਾਂ ਅੱਡ ਹਨ। ਇਹ ਕਾਮੇ ਆਮ ਕਰਕੇ ਅੰਗਰੇਜ਼ੀ ਨਾ ਆਉਣ ਤੇ ਵੱਧ ਕੰਮ ਤੇ ਵਿਹਲਾ ਸਮਾਂ ਘੱਟ ਹੋਣ ਕਾਰਨ ਆਪਣੇ ਨਾਲ ਹੋ ਰਹੇ ਸ਼ੋਸ਼ਣ ਦੀ ਸਥਾਨਕ ਸਰਕਾਰ ਕੋਲ ਸ਼ਿਕਾਇਤ ਨਹੀਂ ਕਰ ਪਾਉਂਦੇ।

# ਸਿੱਧੂ ਦੇ ਸ਼ਬਦ-ਬਾਣਾਂ ਅੱਗੇ ਬੇਵੱਸ ਹੋਈ ਅਕਾਲੀ-ਭਾਜਪਾ ਸਰਕਾਰ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਸ਼ਬਦ ਬਾਣਾਂ ਅੱਗੇ ਅਕਾਲੀ-ਭਾਜਪਾ ਸਰਕਾਰ ਬੇਵੱਸ ਨਜ਼ਰ ਆ ਰਹੀ ਹੈ। ਇਸ ਆਗੂ ਵੱਲੋਂ ਉਭਾਰੇ ਜਾ ਰਹੇ ਮਾਮਲੇ ਸਿਰਫ਼ ਭਾਜਪਾ ਹੀ ਨਹੀਂ ਬਲਕਿ ਸੂਬੇ ਦੀ ਗੱਠਜੋੜ ਸਰਕਾਰ ਲਈ ਵੀ ਸਿਰਦਰਦੀ ਬਣਦੇ ਜਾ ਰਹੇ ਹਨ। ਭਾਜਪਾ ਦੀ ਸੂਬਾਈ ਲੀਡਰਸ਼ਿਪ ਇਸ ਭਖਦੇ ਰਾਜਸੀ ਮੁੱਦੇ 'ਤੇ ਭਾਵੇਂ ਖੁੱਲ੍ਹ ਕੇ ਬੋਲਣ ਨੂੰ ਤਿਆਰ ਨਹੀਂ ਹੈ ਪਰ ਆਗੂਆਂ ਦਾ ਮੰਨਣਾ ਹੈ ਕਿ ਇਹ ਮਾਮਲਾ ਪਾਰਟੀ ਨੂੰ ਰਾਜਸੀ ਤੌਰ 'ਤੇ ਭਾਰੀ ਪਵੇਗਾ।

ਉਧਰ, ਆਪਣੇ ਲੋਕ ਸਭਾ ਹਲਕੇ ਵਿਚ ਲੰਮੀ ਗ਼ੈਰਹਾਜ਼ਰੀ ਤੇ ਪਾਰਲੀਮੈਂਟ ਵਿਚੋਂ ਵੀ ਲੋਪ ਰਹਿਣ ਦੇ ਤੱਥ ਸਾਹਮਣੇ ਆਉਣ ਤੋਂ ਬਾਅਦ ਇਸ ਸੰਸਦ ਮੈਂਬਰ ਲਈ ਵੀ ਨਮੋਸ਼ੀ ਵਧਦੀ ਜਾ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਸੂਬਾਈ ਆਗੂਆਂ ਨੂੰ ਇਸ ਸਮੇਂ ਪਾਰਟੀ ਹਾਈ ਕਮਾਨ ਦੇ ਹੁਕਮਾਂ ਦਾ ਇੰਤਜ਼ਾਰ ਹੈ। ਸਿੱਧੂ ਵਿਵਾਦ ਦੇ ਦੌਰਾਨ ਹੀ ਗੱਠਜੋੜ ਪਾਰਟੀਆਂ ਅੰਦਰ ਇਹ ਵੀ ਚਰਚਾ ਹੈ ਕਿ ਆਗਾਮੀ ਲੋਕ



ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਸੀਟ ਦਾ ਤਬਾਦਲਾ ਅਕਾਲੀ ਦਲ ਨਾਲ ਵੀ ਕੀਤਾ ਜਾ ਸਕਦਾ ਹੈ। ਬਦਲੇ ਵਿਚ ਲੁਧਿਆਣਾ ਸੀਟ ਭਾਜਪਾ ਨੂੰ ਦਿੱਤੀ ਜਾ ਸਕਦੀ ਹੈ।

ਸ. ਸਿੱਧੂ ਨੇ ਪਿਛਲੇ ਦਿਨਾਂ ਦੌਰਾਨ ਆਪਣੀ ਪਾਰਟੀ ਤੇ ਸਰਕਾਰ ਦੋਹਾਂ 'ਤੇ ਹੀ ਬਰਾਬਰ ਨਿਸ਼ਾਨਾ ਸੇਧਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਨੂੰ ਭਾਜਪਾ ਦਾ ਅੰਦਰੂਨੀ ਮਾਮਲਾ ਆਖ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਵੀ ਤੱਥ ਹਨ ਕਿ ਸਰਕਾਰ ਵੱਲੋਂ ਗਰਾਂਟਾਂ ਦੇ ਮਾਮਲੇ ਵਿਚ ਸੰਸਦ ਮੈਂਬਰ ਦੀਆਂ ਸਿਫਾਰਸ਼ਾਂ ਨੂੰ ਅੱਖੋਂ-ਪਰੋਖੇ ਕੀਤਾ ਗਿਆ। ਸੰਸਦ ਮੈਂਬਰ ਦੇ ਰੁਖ਼ ਤੋਂ ਬਾਅਦ ਸਰਕਾਰ ਬਚਾਅ ਕਰਦੀ ਦਿਖਾਈ ਦੇ ਰਹੀ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਵਿਸ਼ੇਸ਼ ਤੌਰ 'ਤੇ ਬਿਆਨ ਜਾਰੀ ਕਰਨਾ ਪਿਆ। ਭਾਜਪਾ ਦੇ ਸੂਤਰਾਂ ਮੁਤਾਬਕ ਸੂਬਾਈ ਆਗੂਆਂ ਨੇ ਸ. ਸਿੱਧੂ ਦੇ ਮਾਮਲੇ 'ਤੇ ਰਾਜਨਾਥ ਸਿੰਘ, ਅਰੁਣ ਜੇਤਲੀ ਤੇ ਹੋਰ ਆਗੂਆਂ ਨਾਲ ਰਾਬਤਾ ਬਣਾਇਆ ਹੋਇਆ ਹੈ। ਕੇਂਦਰੀ ਆਗੂਆਂ ਨੇ ਇਸ ਮੁੱਦੇ 'ਤੇ ਪੰਜਾਬ ਦੇ ਆਗੂਆਂ ਨੂੰ ਹਾਲ ਦੀ ਘੜੀ ਆਪਣੀ 'ਜ਼ੁਬਾਨ ਬੰਦ ਰੱਖਣ' ਦੀਆਂ ਹਦਾਇਤਾਂ ਦਿੱਤੀਆਂ ਹੋਈਆਂ ਹਨ। ਭਾਜਪਾ ਹਾਈ ਕਮਾਨ ਨਵਜੋਤ ਸਿੰਘ ਸਿੱਧੂ ਨੂੰ ਆਗਾਮੀ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਮਹੱਤਵਪੂਰਨ ਜ਼ਿੰਮੇਵਾਰੀ ਦੇਣ 'ਤੇ ਵਿਚਾਰ ਕਰ ਰਹੀ ਹੈ।

ਨਵਜੋਤ ਸਿੰਘ ਸਿੱਧੂ ਮਾਮਲੇ ਦਾ ਇਕ ਪੱਖ ਇਹ ਵੀ ਹੈ ਕਿ ਉਹ ਆਪਣੀ ਪਾਰਟੀ ਦੇ ਆਗੂਆਂ ਤੇ ਸਰਕਾਰ 'ਤੇ ਵਿਤਕਰੇ ਦਾ ਦੋਸ਼ ਤਾਂ ਲਾ ਰਹੇ ਹਨ ਪਰ ਉਨ੍ਹਾਂ ਦੀ ਵਿਧਾਇਕ ਪਤਨੀ ਰਾਜਸੀ ਤੌਰ 'ਤੇ ਪ੍ਰਭਾਵ ਨਹੀਂ ਛੱਡ ਸਕੇ। ਆਪਣੇ ਪਤੀ ਦੀ ਗ਼ੈਰਹਾਜ਼ਰੀ ਵਿਚ ਸ੍ਰੀਮਤੀ ਸਿੱਧੂ ਨੇ ਮੋਰਚਾ ਤਾਂ ਸੰਭਾਲਿਆ ਪਰ ਇਸ ਦੌਰਾਨ ਪਾਰਟੀ ਤੇ ਸਰਕਾਰ ਨਾਲ ਸਿੰਙ ਫਸਣ ਕਾਰਨ ਕੁਝ ਜ਼ਿਆਦਾ ਹੀ ਸੁਰਖੀਆਂ ਵਿਚ ਰਹੇ। ਆਪਣੇ ਪਤੀ ਦੀ ਅੰਮ੍ਰਿਤਸਰ ਫੇਰੀ ਤੋਂ ਪਹਿਲਾਂ ਡਾ. ਸਿੱਧੂ ਨੇ ਰਾਜਨਾਥ ਸਿੰਘ, ਸੁਸ਼ਮਾ ਸਵਰਾਜ ਨਾਲ ਰਾਬਤਾ ਕਾਇਮ ਕਰਨ ਦੇ ਨਾਲ ਨਾਲ ਸਥਾਨਕ ਆਗੂਆਂ ਨਾਲ ਗਿਲੇ ਸ਼ਿਕਵੇ ਖ਼ਤਮ ਕਰਨ ਦਾ ਯਤਨ ਕੀਤਾ ਪਰ ਬੂਰ ਨਹੀਂ ਪਿਆ।

ਸਿੱਧੂ ਦੇ ਮਾਮਲੇ 'ਤੇ ਆਉਣ ਵਾਲੇ ਦਿਨ ਸੰਸਦ ਮੈਂਬਰ ਅਤੇ ਪਾਰਟੀ ਦੋਹਾਂ ਲਈ ਅਹਿਮ ਮੰਨੇ ਜਾ ਰਹੇ ਹਨ। ਇਸੇ ਦੌਰਾਨ ਇਕ ਚਰਚਾ ਇਹ ਵੀ ਭਾਰੂ ਹੋ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅੰਮ੍ਰਿਤਸਰ ਦੀ ਸੀਟ ਦਾ ਤਬਾਦਲਾ ਲੁਧਿਆਣਾ ਨਾਲ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਦਾਅਵਾ ਹੈ ਕਿ ਅੰਮ੍ਰਿਤਸਰ ਇਤਿਹਾਸਕ ਪੱਖ ਤੋਂ ਅਕਾਲੀ ਦਲ ਦੇ ਕਬਜ਼ੇ ਵਾਲੀ ਸੀਟ ਹੋਣੀ ਚਾਹੀਦੀ ਹੈ ਜਦੋਂਕਿ ਭਾਜਪਾ ਦੇ ਸੂਬਾਈ ਪ੍ਰਧਾਨ ਕਮਲ ਸ਼ਰਮਾ ਦਾ ਆਖਣਾ ਹੈ ਕਿ ਇਹ ਸੀਟ ਪਾਰਟੀ ਦੀ ਰਵਾਇਤੀ ਸੀਟ ਹੈ।

# ਧੀ ਨੂੰ ਪ੍ਰੇਸ਼ਾਨ ਕਰਨ ਤੋਂ ਰੋਕਣ ਵਾਲੇ ਪਿਉ ਦਾ ਥਾਣੇ 'ਚ ਕਤਲ

**ਮਾਹਿਲਪੁਰ:** ਲੜਕੀ ਨੂੰ ਜਬਰਦਸਤੀ ਆਪਣੇ ਵਿਆਹ ਕਰਵਾਉਣ ਲਈ ਤੰਗ-ਪ੍ਰੇਸ਼ਾਨ ਕਰਨ ਵਾਲੇ ਨੌਜਵਾਨ ਨੇ ਥਾਣੇ ਵਿਚ ਲੜਕੀ ਦੇ ਪਿਓ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਦੋਵੇਂ ਧਿਰਾਂ ਨੂੰ ਗੱਲਬਾਤ ਲਈ ਥਾਣੇ ਸੱਦਿਆ ਸੀ। ਪੁਲਿਸ ਨੇ ਥਾਣੇ ਵਿਚ ਹੰਗਾਮਾ ਕਰਨ ਤੇ ਕਤਲ ਦੇ ਦੋਸ਼ ਹੇਠ ਮੁਲਜ਼ਮ ਨੌਜਵਾਨ ਤੇ ਉਸ ਦੀ ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਆਕਾਸ਼ ਭਾਰਦਵਾਜ ਪੁੱਤਰ ਵਿਜੇ ਕੁਮਾਰ ਵਾਸੀ ਵਾਰਡ ਨੰਬਰ 11 ਮਾਹਿਲਪੁਰ ਨੇ ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ ਵਿਚ ਦੱਸਿਆ ਕਿ ਅਮਿਤ ਕੁਮਾਰ ਬਾਲੀ ਉਰਫ਼ ਸੋਨੂੰ ਵਾਸੀ ਵਾਰਡ ਨੰਬਰ ਤਿੰਨ ਮਾਹਿਲਪੁਰ ਉਨ੍ਹਾਂ ਦੀ ਲੜਕੀ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਉਹ ਉਸ ਨੂੰ ਆਪਣੇ ਨਾਲ ਵਿਆਹ ਕਰਵਾਉਣ ਲਈ ਮਜਬੂਰ ਕਰਦਾ ਸੀ। ਉਸ ਦਾ ਰਾਹ ਰੋਕ ਕੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ।

ਥੋੜ੍ਹੇ ਦਿਨ ਪਹਿਲਾਂ ਉਨ੍ਹਾਂ ਆਪਣੀ ਲੜਕੀ ਦਾ ਰਿਸ਼ਤਾ ਨੇੜਲੇ ਪਿੰਡ ਗੋਂਦਪੁਰ ਦੇ ਲੜਕੇ ਨਾਲ ਕਰਕੇ 31 ਅਕਤੂਬਰ ਦਾ ਵਿਆਹ ਤੈਅ ਕੀਤਾ ਹੋਇਆ ਸੀ। ਇਸ ਰਿਸ਼ਤੇ ਤੋਂ ਖ਼ਫ਼ਾ ਹੋ ਕੇ ਅਮਿਤ ਨੇ ਉਨ੍ਹਾਂ ਦੀ ਲੜਕੀ ਨੂੰ ਹੋਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਅੱਠ ਸਤੰਬਰ ਨੂੰ ਅਮਿਤ ਬਾਲੀ ਆਪਣੇ ਦੋ ਤਿੰਨ ਸਾਥੀਆਂ ਨਾਲ ਉਨ੍ਹਾਂ ਦੇ ਘਰ ਆਇਆ ਤੇ ਲੜਕੀ ਦਾ ਰਿਸ਼ਤਾ ਤੋੜ ਕੇ ਉਸ ਨਾਲ ਕਰਨ ਲਈ ਕਿਹਾ। ਅਜਿਹਾ ਨਾ ਕਰਨ 'ਤੇ ਉਸ ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਤੇ ਖੁਦ ਵੀ ਮਰਨ ਦੀ ਚਿਤਾਵਨੀ ਦਿੱਤੀ। ਇਸ ਮਗਰੋਂ ਉਹ ਲੜਕੀ ਦੇ ਸਹੁਰੇ ਘਰ ਆਪਣੀ ਮਾਂ ਨੂੰ ਲੈ ਕੇ ਪਿੰਡ ਗੋਂਦਪੁਰ ਗਿਆ ਤੇ ਉਨ੍ਹਾਂ ਨੂੰ ਰਿਸ਼ਤਾ ਤੋੜਨ ਦੀ ਧਮਕੀ ਦਿੱਤੀ।

ਅਮਿਤ ਦੀਆਂ ਹਰਕਤਾਂ ਤੋਂ ਤੰਗ ਆ ਕੇ ਉਨ੍ਹਾਂ ਪੁਲਿਸ ਨੂੰ ਉਸ ਦੀ ਸ਼ਿਕਾਇਤ ਕੀਤੀ ਪਰ ਸ਼ਿਕਾਇਤ ਤੋਂ ਬਾਅਦ ਵੀ ਅਮਿਤ ਤੇ ਉਸ ਦੀ ਮਾਂ ਨੇ ਲੜਕੀ ਨੂੰ ਘਰ ਮੂਹਰੇ ਆ ਕੇ ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਦੋਵਾਂ ਧਿਰਾਂ ਨੂੰ ਗੱਲਬਾਤ ਲਈ ਥਾਣੇ ਸੱਦਿਆ ਸੀ। ਜਦੋਂ ਉਹ ਥਾਣੇ ਪਹੁੰਚੇ ਤਾਂ ਪਹਿਲਾਂ ਹੀ ਉਥੇ ਖੜ੍ਹੇ ਅਮਿਤ ਤੇ ਉਸ ਦੀ ਮਾਂ ਨੇ ਉਨ੍ਹਾਂ ਦੀ ਲੜਕੀ ਪ੍ਰਤੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਤੇ ਪੁਲਿਸ ਦੀ ਹਾਜ਼ਰੀ ਵਿਚ ਹੀ ਉਸ ਦੇ ਪਿਤਾ ਵਿਜੈ ਕੁਮਾਰ (50) ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਕਾਰਨ ਵਿਜੈ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਮੁਲਜ਼ਮ ਅਮਿਤ ਕੁਮਾਰ ਉਰਫ਼ ਸੋਨੂੰ ਤੇ ਉਸ ਦੀ ਮਾਂ ਭਾਗਵੰਤੀ ਨੂੰ ਗ੍ਰਿਫਤਾਰ ਕਰ ਲਿਆ ਤੇ ਦੋਵਾਂ ਵਿਰੁੱਧ ਕੇਸ ਦਰਜ ਕਰ ਲਿਆ।

## ਡੇਢ ਲੱਖ ਵਿਚ ਵੇਚਿਆ ਜਿਗਰ ਦਾ ਟੋਟਾ

**ਜਲੰਧਰ:** ਬਸਤੀ ਬਾਵਾ ਖੇਲ ਸਥਿਤ ਧਰਮ ਸਿੰਘ ਨਾਂ ਦੇ ਵਿਅਕਤੀ ਨੇ ਆਪਣਾ ਦੁੱਧ ਚੁੰਘਦਾ ਬੱਚਾ ਦਿੱਲੀ ਦੇ ਇਕ ਬੰਦੇ ਨੂੰ ਡੇਢ ਲੱਖ ਰੁਪਏ ਵਿੱਚ ਵੇਚ ਦਿੱਤਾ। ਪੁਲਿਸ ਨੇ ਮਨੁੱਖੀ ਤਸਕਰੀ ਰੋਕੂ ਐਕਟ ਅਧੀਨ ਮਾਮਲਾ ਦਰਜ ਕਰਕੇ ਬੱਚੇ ਦੇ ਪਿਤਾ ਧਰਮ ਸਿੰਘ ਤੇ ਨਰਸਿੰਗ ਹੋਮ ਦੀ ਰਿਸੈਪਸ਼ਨਿਸਟ ਪੂਜਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਇਸ ਮਾਮਲੇ ਵਿਚ ਲੋੜੀਂਦੀ ਦਾਈ ਤਾਰਾ ਰਾਣੀ ਅਜੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

ਪੁਲਿਸ ਨੇ ਡੇਢ ਲੱਖ ਰੁਪਏ ਦੀ ਰਕਮ ਵਿਚੋਂ 1.09 ਲੱਖ ਰੁਪਏ ਬਰਾਮਦ ਕਰ ਲਏ ਹਨ। ਦਿੱਲੀ ਵਿਚ ਜਿਸ ਵਿਅਕਤੀ ਨੂੰ ਇਹ ਬੱਚਾ ਵੇਚਿਆ ਗਿਆ ਹੈ, ਉਹ ਪੂਜਾ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਬੱਚਾ ਇਸ ਸਮੇਂ ਦਿੱਲੀ ਵਿਚ ਹੀ ਹੈ। ਬੱਚਾ ਦਿੱਲੀ ਦੇ ਸ਼ਾਮ ਕੁਮਾਰ ਨਾਂ ਦੇ ਵਿਅਕਤੀ ਨੂੰ ਵੇਚਿਆ ਗਿਆ। ਸ਼ਾਮ ਕੁਮਾਰ ਦੇ ਵਿਆਹ ਨੂੰ 15 ਸਾਲ ਹੋ ਗਏ ਸਨ ਪਰ ਉਨ੍ਹਾਂ ਦੇ ਕੋਈ ਔਲਾਦ ਨਹੀਂ ਹੋਈ ਸੀ। ਇਸ ਕਾਰਨ ਉਨ੍ਹਾਂ ਨੂੰ ਬੱਚੇ ਦੀ ਲੋੜ ਸੀ ਤੇ ਉਨ੍ਹਾਂ ਨੇ ਆਪਣੀ ਰਿਸ਼ਤੇਦਾਰ ਪੂਜਾ ਨਾਲ ਬੱਚਾ ਲੈਣ ਲਈ ਸੰਪਰਕ ਕੀਤਾ ਸੀ। ਉਧਰ ਬੱਚੇ ਦੇ ਪਿਤਾ ਧਰਮ ਸਿੰਘ ਦਾ ਦਾਅਵਾ ਹੈ ਕਿ ਉਸ ਨੇ ਬੱਚਾ ਗੋਦ ਦਿੱਤਾ ਹੈ। ਪੁਲੀਸ ਨੇ ਜਦੋਂ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਮੰਗੇ ਤਾਂ ਉਹ ਕੋਈ ਵੀ ਅਧਿਕਾਰਤ ਦਸਤਾਵੇਜ਼ ਨਹੀਂ ਦਿਖਾ ਸਕੇ। ਮੁਲਜ਼ਮ ਧਰਮ ਸਿੰਘ ਦੇ ਪੰਜ ਬੱਚੇ ਹਨ ਜਿਨ੍ਹਾਂ ਵਿਚੋਂ ਇਕ ਉਨ੍ਹਾਂ ਨੇ ਦਾਨ ਵਜੋਂ ਦਿੱਤਾ ਸੀ ਤੇ ਇੱਕ ਬੱਚੇ ਦੀ ਮੌਤ ਹੋ ਚੁੱਕੀ ਹੈ।

# ਫਿਲਮ 'ਸਿੰਘ ਸਾਹਿਬ ਦਿ ਗ੍ਰੇਟ' ਦੇ ਨਾਂ 'ਤੇ ਇਤਰਾਜ਼

**ਅੰਮ੍ਰਿਤਸਰ:** ਨਵੰਬਰ ਮਹੀਨੇ ਵਿਚ ਰਿਲੀਜ਼ ਹੋ ਰਹੀ ਹਿੰਦੀ ਫਿਲਮ 'ਸਿੰਘ ਸਾਹਿਬ ਦਿ ਗ੍ਰੇਟ' ਦੇ ਨਾਂ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਤਰਾਜ਼ ਪ੍ਰਗਟਾਉਂਦਿਆਂ ਆਖਿਆ ਕਿ ਇਹ ਧਾਰਮਿਕ ਸ਼ਬਦ ਦੀ ਦੁਰਵਰਤੋਂ ਹੈ। ਇਹ ਫਿਲਮ ਨਵੰਬਰ ਮਹੀਨੇ ਦੇ ਅੱਧ ਵਿਚ ਰਿਲੀਜ਼ ਹੋਣ ਵਾਲੀ ਹੈ ਜਿਸ ਵਿਚ ਸੰਨੀ ਦਿਓਲ ਨੇ ਸਿੱਖ ਦਾ ਕਿਰਦਾਰ ਨਿਭਾਇਆ ਹੈ।

ਇਸ ਫਿਲਮ ਦੇ ਨਾਂ 'ਤੇ ਇਤਰਾਜ਼ ਪ੍ਰਗਟਾਉਂਦਿਆਂ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੰਘ ਸਾਹਿਬ ਦਾ ਦਰਜਾ ਪੰਜ ਤਖ਼ਤਾਂ ਦੇ ਜਥੇਦਾਰਾਂ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀਆਂ ਨੂੰ ਮਿਲਿਆ ਹੋਇਆ ਹੈ। ਇਹ ਸ਼ਬਦ ਧਾਰਮਿਕ ਪੱਧਰ 'ਤੇ ਜੁੜਿਆ ਹੋਇਆ ਹੈ ਤੇ ਫਿਲਮ ਦੇ ਨਾਂ ਲਈ ਇਸ ਦੀ ਵਰਤੋਂ ਕਰਨਾ ਠੀਕ ਨਹੀਂ ਹੈ। ਉਨ੍ਹਾਂ ਆਖਿਆ ਕਿ ਫਿਲਮ ਤੇ ਲੜੀਵਾਰ ਬਣਾਉਣ ਵਾਲੇ ਨਿਰਮਾਤਾ ਤੇ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਸਿੱਖ ਧਰਮ ਜਾਂ ਇਤਿਹਾਸ ਨਾਲ ਸਬੰਧਤ ਫਿਲਮਾਂ ਜਾਂ ਲੜੀਵਾਰ ਬਣਾਉਣ ਤੋਂ ਪਹਿਲਾਂ ਇਸ ਦੀ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਤੋਂ ਜ਼ਰੂਰ ਲੈਣ ਤਾਂ ਜੋ ਇਨ੍ਹਾਂ ਵਿਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਕੋਈ ਦ੍ਰਿਸ਼ ਜਾਂ ਸ਼ਬਦ ਨਾ ਹੋਣ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਬਾਲੀਵੁੱਡ ਕਲਾਕਾਰ ਸੰਨੀ




ਦਿਓਲ ਦੀ ਨਵੀਂ ਆ ਰਹੀ ਫ਼ਿਲਮ 'ਸਿੰਘ ਸਾਹਿਬ ਦਾ ਗ੍ਰੇਟ' ਦਾ ਨਾਂ ਬਦਲੇ ਜਾਣ ਦੀ ਮੰਗ ਕੀਤੀ ਹੈ। ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਫਿਲਮ ਕਲਾਕਾਰ ਧਰਮਿੰਦਰ ਤੇ ਉਨ੍ਹਾਂ ਦਾ ਪਰਿਵਾਰ ਪੰਜਾਬ ਤੇ ਸਿੱਖ ਸਭਿਆਚਾਰ ਤੋਂ ਭਲੀ ਭਾਂਤ ਜਾਣੂ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਫਿਲਮ ਵਿਚੋਂ ਸਾਹਿਬ ਸ਼ਬਦ ਹਟਾ ਦਿੱਤਾ ਜਾਵੇ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਇਕ ਵਾਰ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੂੰ ਜ਼ਰੂਰ ਦਿਖਾਈ ਜਾਵੇ ਤਾਂ ਜੋ ਕੋਈ ਵੀ ਇਤਰਾਜ਼ਯੋਗ ਦ੍ਰਿਸ਼ ਹੋਵੇ ਤਾਂ ਉਸ ਨੂੰ ਪਹਿਲਾਂ ਹੀ ਠੀਕ ਕੀਤਾ ਜਾ ਸਕੇ।

# ਸੇਮ ਦੇ ਹੱਲ ਲਈ ਰਤਾ ਵੀ ਗੰਭੀਰ ਨਹੀਂ ਹੈ ਬਾਦਲ ਸਰਕਾਰ

**ਚੰਡੀਗੜ੍ਹ (ਬਿਊਰੋ):** ਪੰਜਾਬ ਦੇ ਦੱਖਣੀ ਜ਼ਿਲ੍ਹਿਆਂ ਵਿਚ ਸੇਮ ਦੇ ਹੱਲ ਲਈ ਸਰਕਾਰੀ ਦਾਅਵੇ ਤੇ ਹਕੀਕਤਾਂ ਵਿਚਾਲੇ ਵੱਡਾ ਫਰਕ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੇਮ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਵੱਡੀਆਂ ਵੱਡੀਆਂ ਗੱਲਾਂ ਤਾਂ ਕਰ ਰਹੇ ਹਨ ਪਰ ਸੇਮ ਦੇ ਖ਼ਾਤਮੇ ਲਈ ਸਰਕਾਰੀ ਯੋਜਨਾਵਾਂ ਮਹਿਜ਼ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ।

ਕੇਂਦਰ ਸਰਕਾਰ ਵੱਲੋਂ ਮੁੱਖ ਮੰਤਰੀ ਦੀ ਮੰਗ 'ਤੇ ਸੇਮ ਇਲਾਕੇ ਬਾਰੇ ਕੀਤੇ ਅਧਿਐਨ ਦੌਰਾਨ ਪਤਾ ਲੱਗਾ ਹੈ ਕਿ ਪਿਛਲੇ ਤਿੰਨ ਵਿੱਤੀ ਵਰ੍ਹਿਆਂ ਦੌਰਾਨ ਰਾਜ ਸਰਕਾਰ ਨੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਰਾਜਸਥਾਨ ਫੀਡਰ ਨਹਿਰਾਂ ਤੇ ਸਰਹਿੰਦ ਨਹਿਰ ਦੀ ਰੀਲਾਈਨਿੰਗ ਤੇ ਹੋਰ ਕੰਮਾਂ ਲਈ ਸਾਲਾਨਾ ਯੋਜਨਾਵਾਂ ਵਿਚ ਪੈਸਾ ਖ਼ਰਚ ਕਰਨ ਦੀ ਜੋ ਵਿਵਸਥਾ ਕੀਤੀ ਸੀ, ਉਸ ਵਿਚੋਂ ਧੇਲਾ ਵੀ ਖ਼ਰਚ ਨਹੀਂ ਕੀਤਾ ਗਿਆ।

ਕੇਂਦਰੀ ਯੋਜਨਾ ਕਮਿਸ਼ਨ ਦੇ ਮੈਂਬਰ ਡਾ. ਮਹੀਰ ਸ਼ਾਹ ਦੀ ਅਗਵਾਈ ਹੇਠ ਮਾਹਰਾਂ ਦੀ ਕਮੇਟੀ ਨੇ ਸਾਲ 2012 ਦੌਰਾਨ ਪੰਜਾਬ ਦੇ ਸੇਮ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਸੀ। ਯੋਜਨਾ ਕਮਿਸ਼ਨ ਦੀ ਇਸ ਟੀਮ ਵੱਲੋਂ ਰਾਜ ਸਰਕਾਰ ਨੂੰ ਰਿਪੋਰਟ ਭੇਜਦਿਆਂ ਦਾਅਵਿਆਂ 'ਤੇ ਸਵਾਲੀਆ ਨਿਸ਼ਾਨ ਲਾਇਆ ਹੈ ਤੇ ਸੇਮ ਦੇ ਖ਼ਾਤਮੇ ਲਈ ਕਈ ਸਿਫਾਰਸ਼ਾਂ ਵੀ ਕੀਤੀਆਂ ਹਨ। ਕੇਂਦਰੀ ਯੋਜਨਾ ਕਮਿਸ਼ਨ ਦੀ ਟੀਮ ਵੱਲੋਂ ਵੱਡਾ ਨੁਕਤਾ ਇਹ ਉਠਾਇਆ ਗਿਆ ਹੈ ਕਿ ਸਰਹਿੰਦ ਫੀਡਰ ਦੀ ਰੀਲਾਈਨਿੰਗ ਲਈ ਸਰਕਾਰ ਨੇ 50 ਕਰੋੜ ਰੁਪਏ ਖ਼ਰਚ ਕਰਨ ਦੀ ਯੋਜਨਾ ਬਣਾਈ ਸੀ ਤੇ ਇਹ ਕੰਮ ਸਾਲ 2010-2011 ਦੌਰਾਨ ਸ਼ੁਰੂ ਹੋਣਾ ਸੀ।

ਪਤਾ ਲੱਗਾ ਹੈ ਕਿ ਮੁਕਤਸਰ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਦੇ 84,800 ਏਕੜ ਰਕਬੇ ਨੂੰ ਸੇਮ ਦੀ ਮਾਰ ਹੇਠੋਂ ਕੱਢਣ ਲਈ ਸਰਹਿੰਦ ਫੀਡਰ ਦੀ ਰੀਲਾਈਨਿੰਗ ਨੇ ਵੱਡੀ ਮਦਦ ਕਰਨੀ ਸੀ। ਇਸ ਕੰਮ ਲਈ ਕੇਂਦਰ ਸਰਕਾਰ ਨੇ 2010-2011 ਦੌਰਾਨ 38 ਕਰੋੜ ਰੁਪਏ ਦਿੱਤੇ ਸਨ। ਇਹ ਕੰਮ ਇਸ ਵਿੱਤੀ ਸਾਲ ਦੌਰਾਨ ਤਾਂ ਕੀ ਅਜੇ ਤੱਕ ਵੀ ਸ਼ੁਰੂ ਨਹੀਂ ਹੋਇਆ। ਇਸ ਤੋਂ ਅਗਲੇ ਵਿੱਤੀ ਵਰ੍ਹੇ 2011-2012 ਦੌਰਾਨ ਵੀ ਕੇਂਦਰ ਸਰਕਾਰ ਨੇ 50 ਕਰੋੜ ਦਿੱਤੇ। ਇਸੇ ਤਰ੍ਹਾਂ ਰਾਜਸਥਾਨ ਫੀਡਰ ਨਹਿਰਾਂ ਦੀ ਰੀਲਾਈਨਿੰਗ ਲਈ 120 ਕਰੋੜ ਰੁਪਏ ਖ਼ਰਚ ਕਰਨ ਦੀ ਯੋਜਨਾ ਬਣਾਈ ਸੀ। ਇਹ ਯੋਜਨਾ ਵੀ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਈ।

ਮਾਹਿਰਾਂ ਮੁਤਾਬਕ ਇਹ ਕੰਮ 2010-2011 ਦੌਰਾਨ ਸ਼ੁਰੂ ਹੋ ਕੇ 2013-2014 ਵਿਚ ਮੁਕੰਮਲ ਹੋਣੇ ਸਨ ਤੇ ਇਸ ਨਾਲ ਸੇਮ ਤੋਂ ਰਾਹਤ ਮਿਲਣੀ ਸੀ। ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿੱਤੀ ਤੰਗੀ ਕਾਰਨ ਇਹ ਕੰਮ ਸ਼ੁਰੂ ਨਹੀ ਹੋ ਸਕੇ। ਯੋਜਨਾ ਕਮਿਸ਼ਨ ਦੀ ਇਸ ਟੀਮ ਵੱਲੋਂ ਸੇਮ ਤੋਂ ਪ੍ਰਭਾਵਿਤ ਖੇਤਰਾਂ ਵਿਚ ਅਜਿਹੀਆਂ ਫਸਲਾਂ ਬੀਜਣ 'ਤੇ ਵੀ ਜ਼ੋਰ ਦਿੱਤਾ ਸੀ ਜੋ ਸੇਮ ਦੇ ਖ਼ਾਤਮੇ ਦਾ ਅਧਾਰ ਬਣਦੀਆਂ ਹਨ। ਕੇਂਦਰ ਸਰਕਾਰ ਨੇ ਸਾਉਣੀਆਂ ਦੀਆਂ ਫ਼ਸਲਾਂ ਵਿਚ ਵਿਭਿੰਨਤਾ ਲਿਆਉਣ ਲਈ 112.25 ਕਰੋੜ ਰੁਪਏ ਚਲੰਤ ਮਾਲੀ ਸਾਲ ਦੌਰਾਨ ਦਿੱਤੇ ਸਨ। ਇਸ ਗਰਾਂਟ ਵਿਚੋਂ ਵੀ ਬਦਲਵੀਆਂ ਫਸਲਾਂ ਲਈ ਇਕ ਧੇਲਾ ਵੀ ਜਾਰੀ ਨਹੀਂ ਹੋਇਆ।

ਸੂਤਰਾਂ ਮੁਤਾਬਕ ਸਾਲ 1997 ਦੌਰਾਨ ਸੇਮ ਦੇ ਹੱਲ ਲਈ ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਕਾਇਮ ਹੋਈ ਸੀ। ਇਸ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਹੋਈ। ਸੇਮ ਨਾਲੇ ਤਕਨੀਕੀ ਮਾਹਿਰਾਂ ਦੀ ਥਾਂ ਰਾਜਸੀ ਸਲਾਹਕਾਰਾਂ ਨਾਲ ਮਸ਼ਵਰਾ ਕਰਕੇ ਹੀ ਕੱਢੇ ਗਏ। ਇਸੇ ਤਰ੍ਹਾਂ ਸਾਲ 2007 ਵਿਚ ਵੀ ਇਕ ਕਮੇਟੀ ਬਣੀ ਤੇ ਇਸ ਕਮੇਟੀ ਦੀ ਵੀ ਕੋਈ ਮੀਟਿੰਗ ਨਾ ਹੋਈ।

ਇਹ ਵੀ ਜ਼ਿਕਰਯੋਗ ਹੈ ਕਿ ਨੈਸ਼ਨਲ ਰੇਨਫੈੱਡ ਅਥਾਰਟੀ ਦੇ ਚੇਅਰਮੈਨ ਜੇ.ਐਸ. ਸਮਰਾ ਦੀ ਅਗਵਾਈ ਹੇਠ ਆਈ ਮਾਹਿਰਾਂ ਦੀ ਟੀਮ ਨੇ ਵੀ ਸੇਮ ਪ੍ਰਭਾਵਿਤ ਇਲਾਕਿਆਂ ਵਿਚ ਸੇਮ ਨਾਲੇ ਉਲਟ ਦਿਸ਼ਾ ਵਿਚ ਕੱਢਣ ਦੇ ਦੋਸ਼ ਲਾਏ ਹਨ।

## ਆਸਾ ਰਾਮ ਅਜੇ 30 ਤੱਕ ਖਾਏਗਾ ਜੇਲ੍ਹ ਦੀ ਹਵਾ

**ਜੋਧਪੁਰ:** ਇਕ ਸਥਾਨਕ ਅਦਾਲਤ ਨੇ 16 ਸਾਲਾ ਲੜਕੀ ਨਾਲ ਛੇੜਛਾੜ ਦੇ ਮਾਮਲੇ ਵਿਚ ਗ੍ਰਿਫ਼ਤਾਰ ਆਸਾ ਰਾਮ ਦੀ ਅਦਾਲਤੀ ਹਿਰਾਸਤ ਵਿਚ ਵਾਧਾ ਕਰਦਿਆਂ ਉਸ ਨੂੰ 30 ਸਤੰਬਰ ਤੱਕ ਜੇਲ੍ਹ ਭੇਜ ਦਿੱਤਾ ਹੈ।

ਆਸਾ ਰਾਮ ਤੇ ਉਸ ਦੇ ਸਹਾਇਕ ਸ਼ਿਵਾ ਨੂੰ ਜ਼ਿਲ੍ਹਾ ਸੈਸ਼ਨ ਜੱਜ ਮਨੋਜ ਕੁਮਾਰ ਵਿਆਸ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। 72 ਸਾਲਾ ਆਸਾ ਰਾਮ ਜਿਸ ਨੂੰ ਇਕ ਸਤੰਬਰ ਨੂੰ ਗਿ?ਫਤਾਰ ਕੀਤਾ ਗਿਆ ਸੀ, ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਸ ਦੇ ਡਾਕਟਰ ਨੂੰ ਜੇਲ੍ਹ ਵਿਚ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਜੱਜ ਨੇ ਬਚਾਅ ਪੱਖ ਦੇ ਵਕੀਲ ਦੀ ਗੈਰ ਹਾਜਰੀ ਵਿਚ ਇਸ ਮੁੱਦੇ 'ਤੇ ਕੋਈ ਵੀ ਟਿਪਣੀ ਨਹੀਂ ਕੀਤੀ।

# ਹਰਿਆਣਾ ਵਿਚ ਨਵੀਂ ਹਲਕਾਬੰਦੀ ਨਾਲ ਪੰਜਾਬੀਆਂ ਨੂੰ ਲਾਇਆ ਗੁੱਠੇ



**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਹਲਕਿਆਂ ਦੀ ਹੱਦਬੰਦੀ ਇਸ ਢੰਗ ਨਾਲ ਕੀਤੀ ਗਈ ਹੈ ਜਿਸ ਨਾਲ ਪੰਜਾਬੀਆਂ ਦਾ ਜਿੱਤਣਾ ਔਖਾ ਹੋ ਗਿਆ ਹੈ। ਇਸ ਨੂੰ ਕੁਝ ਪੰਜਾਬੀ ਸਿਆਸਤਦਾਨ ਡੂੰਘੀ ਸ਼ਾਜਿਸ਼ ਸਮਝਦੇ ਹਨ। ਇਸ ਕਰਕੇ ਵਿਧਾਨ ਸਭਾ, ਲੋਕ ਸਭਾ ਤੇ ਹੋਰ ਅਹਿਮ ਅਦਾਰਿਆਂ ਵਿਚ ਪੰਜਾਬੀਆਂ ਦੀ ਪ੍ਰਤੀਨਿਧਤਾ ਨੂੰ ਖੋਰਾ ਲੱਗਦਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿਚ ਹਰਿਆਣਾ ਵਿਚ ਇਕ ਲੱਖ ਸਰਕਾਰੀ ਨੌਕਰੀਆਂ ਵਿਚੋਂ ਪੰਜਾਬੀਆਂ ਨੂੰ ਇਕ ਫੀਸਦੀ ਤੋਂ ਵੀ ਘੱਟ ਨੌਕਰੀਆਂ ਮਿਲੀਆਂ ਹਨ ਤੇ ਇਸ ਕਰਕੇ ਸੂਬੇ ਦੇ ਪੰਜਾਬੀ ਤੇਜੀ ਨਾਲ ਹਾਸ਼ੀਏ 'ਤੇ ਜਾ ਹਨ।

ਹਰਿਆਣਾ ਵਿਧਾਨ ਸਭਾ ਵਿਚ ਕੁਝ ਸਾਲ ਪਹਿਲਾਂ ਡੇਢ ਦਰਜਨ ਵਿਧਾਇਕ ਪੰਜਾਬੀ ਹੁੰਦੇ ਸਨ ਤੇ ਇਸ ਵੇਲੇ ਗਿਣਤੀ ਘਟ ਕੇ ਸਿਰਫ ਅੱਠ ਹੀ ਰਹਿ ਗਈ ਹੈ ਤੇ ਲੋਕ ਸਭਾ ਵਿਚ ਪਹਿਲਾਂ ਇਕ ਨੁਮਾਇੰਦਾ ਕੁਰੂਕਸ਼ਤੇਰ ਤੋਂ ਹੁੰਦਾ ਸੀ ਪਰ ਪਿਛਲੀਆਂ ਦੋ ਵਾਰੀਆਂ ਤੋਂ ਇਹ ਸੀਟ ਵੀ ਕਿਸੇ ਹੋਰ ਭਾਈਚਾਰੇ ਨੂੰ ਦੇ ਦਿੱਤੀ ਗਈ ਹੈ ਤੇ ਹਰਿਆਣਾ ਤੋਂ ਪੰਜਾਬੀਆਂ ਦੀ ਸੰਸਦ ਵਿਚ ਨੁਮਾਇੰਦੀ ਖਤਮ ਹੋ ਗਈ ਹੈ। ਹਰਿਆਣਾ ਵਿਚ ਪੰਜਾਬੀ ਭਾਈਚਾਰੇ ਦੀ ਵਸੋਂ ਤਕਰੀਬਨ 27 ਫੀਸਦੀ ਹੈ ਤੇ ਇਸ ਗਿਣਤੀ ਮੁਤਾਬਕ ਪੰਜਾਬੀਆਂ ਨੂੰ ਵਿਧਾਨ ਸਭਾ ਵਿਚ ਪੱਚੀ ਤੇ ਲੋਕ ਸਭਾ ਵਿਚ ਦੋ ਸੀਟਾਂ ਮਿਲਣੀਆਂ ਚਾਹੀਦੀਆਂ ਹਨ ਪਰ ਹਾਲਤ ਬਿਲਕੁਲ ਇਸ ਦੇ ਉਲਟ ਹੈ ਤੇ ਉਨ੍ਹਾਂ ਭਾਈਚਾਰਿਆਂ ਨੂੰ ਵੱਧ ਪ੍ਰਤੀਨਿਧਤਾ ਮਿਲ ਰਹੀ ਹੈ ਜਿਨ੍ਹਾਂ ਦੀ ਵਸੋਂ ਕਾਫੀ ਘੱਟ ਹੈ। ਹਰਿਆਣਾ ਵਿਧਾਨ ਸਭਾ ਵਿਚ ਪੰਜਾਬੀ ਵਿਧਾਇਕਾਂ ਦੀ ਗਿਣਤੀ ਘਟ ਕੇ ਅੱਠ ਰਹਿ ਗਈ ਹੈ ਤੇ ਇਨ੍ਹਾਂ ਵਿਚ ਪਿਹੋਵਾ ਤੋਂ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ, ਹਾਂਸੀ ਤੋਂ ਮੁੱਖ ਪਾਰਲੀਮਾਨੀ ਸਕੱਤਰ ਵਿਨੋਦ ਭਿਆਨਾ, ਰੋਹਤਕ ਤੋਂ ਭੂਸ਼ਣ ਬੱਤਰਾ, ਟੋਹਾਣਾ ਤੋਂ ਖੇਤੀਬਾੜੀ ਮੰਤਰੀ ਪਰਮਵੀਰ ਸਿੰਘ, ਰਤੀਆ ਤੋਂ ਜਰਨੈਲ ਸਿੰਘ, ਥਾਨੇਸਰ ਤੋਂ ਇੰਡੀਅਨ ਨੈਸ਼ਨਲ ਲੋਕ ਦਲ ਹਰਿਆਣਾ ਦੇ ਪ੍ਰਧਾਨ ਅਸ਼ੋਕ ਅਰੋੜਾ, ਪਾਣੀਪਤ ਸ਼ਹਿਰ ਤੋਂ ਬਲਬੀਰ ਪਾਲ ਸ਼ਾਹ, ਕਾਲਾਂਵਾਲੀ ਤੋਂ ਚਰਨਜੀਤ ਸਿੰਘ ਸ਼ਾਮਲ ਹਨ।

ਕਿਸੇ ਵੇਲੇ ਕੈਥਲ, ਹਿਸਾਰ, ਕਾਲਕਾ, ਗੁੜਗਾਉਂ, ਫਰੀਦਾਬਾਦ, ਸਿਰਸਾ, ਫਤਿਆਬਾਦ, ਅੰਬਾਲਾ ਛਾਉਣੀ, ਸੋਨੀਪਤ ਹਲਕਿਆਂ ਤੋਂ ਪੰਜਾਬੀ ਭਾਈਚਾਰੇ ਦੇ ਉਮੀਦਵਾਰ ਜਿੱਤਦੇ ਸਨ। ਹੁਣ ਅਜੀਬ ਇਤਫ਼ਾਕ ਇਹ ਹੈ ਕਿ ਸੱਤ ਪੰਜਾਬੀ ਵਿਧਾਇਕਾਂ ਵਿਚੋਂ ਵੀ ਵਿੱਤ ਮੰਤਰੀ ਚੱਠਾ ਨੂੰ ਛੱਡ ਕੇ ਵਿਧਾਨ ਸਭਾ ਵਿਚ ਕਿਸੇ ਵਿਧਾਇਕ ਨੇ ਪੰਜਾਬੀ ਵਿਚ ਨਾ ਕਦੇ ਕੋਈ ਸਵਾਲ ਪੁੱਛਿਆ ਹੈ ਤੇ ਨਾ ਹੀ ਕੋਈ ਚਰਚਾ ਕੀਤੀ ਹੈ।

ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਤੌਰ 'ਤੇ ਦੂਜੀ ਭਾਸ਼ਾ ਦਾ ਦਰਜਾ ਮਿਲਣ ਤੋਂ ਕੋਈ ਵਿਧਾਇਕ ਪੰਜਾਬੀ ਵਿਚ ਸਵਾਲ ਪੁੱਛ ਸਕਦਾ ਹੈ ਤੇ ਉਸ ਨੂੰ ਪੰਜਾਬੀ ਵਿਚ ਜਵਾਬ ਦੇਣ ਦੀ ਵਿਵਸਥਾ ਹੈ। ਇਸ ਬਾਰੇ ਵਿੱਤ ਮੰਤਰੀ ਚੱਠਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੰਜਾਬੀਆਂ ਵਿਚ ਸਭ ਤੋਂ ਵੱਧ ਭੈੜ ਹੈ ਕਿ ਉਹ ਆਪਣੀ ਮਾਤ ਭਾਸ਼ਾ ਵਿਚ ਸਵਾਲ ਜਵਾਬ ਕਰਨ ਨੂੰ ਤਿਆਰ ਹੀ ਨਹੀਂ। ਇਸ ਵਰਤਾਰੇ ਨੂੰ ਤੋੜੇ ਬਿਨਾਂ ਪੰਜਾਬੀ ਭਾਸ਼ਾ ਦਾ ਵਿਕਾਸ ਸੰਭਵ ਹੀ ਨਹੀਂ।

ਹਰਿਆਣਾ ਦੇ ਸਾਬਕਾ ਗ੍ਰਹਿ ਰਾਜ ਮੰਤਰੀ ਸੁਭਾਸ਼ ਬੱਤਰਾ ਦਾ ਕਹਿਣਾ ਹੈ ਕਿ ਬਹੁਤ ਹੀ ਡੂੰਘੀ ਸ਼ਾਜਿਸ਼ ਦੇ ਤਹਿਤ ਪੰਜਾਬੀਆਂ ਦੀ ਵੱਧ ਵਸੋਂ ਵਾਲੇ ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਕਰਦੇ ਸਮੇਂ ਪੰਜਾਬੀਆਂ ਦੀ ਕਾਫੀ ਗਿਣਤੀ ਨੂੰ ਦੂਜੇ ਹਲਕਿਆਂ ਵਿਚ ਸ਼ਾਮਲ ਕਰ ਦਿੱਤਾ ਜਿਸ ਨਾਲ ਵੱਖ ਵੱਖ ਹਲਕਿਆਂ ਵਿਚ ਪੰਜਾਬੀਆਂ ਦੀ ਗਿਣਤੀ ਘਟ ਗਈ। ਇਸ ਕਰਕੇ ਉਨ੍ਹਾਂ ਦਾ ਸਬੰਧਤ ਵਿਧਾਨ ਸਭਾ ਹਲਕੇ ਵਿਚ ਦਬਦਬਾ ਵੀ ਘਟ ਗਿਆ ਤੇ ਟਿਕਟਾਂ ਹੋਰ ਭਾਈਚਾਰਿਆਂ ਦੇ ਆਗੂਆਂ ਨੂੰ ਮਿਲਣ ਲੱਗ ਪਈਆਂ।

## ਦੋ ਤਖਤਾਂ ਨੂੰ ਜੋੜਨ ਵਾਲੀ ਰੇਲ ਗੱਡੀ ਨੂੰ ਹਰੀ ਝੰਡੀ

**ਆਨੰਦਪੁਰ ਸਾਹਿਬ:** ਆਖਿਰਕਾਰ ਕੇਂਦਰ ਸਰਕਾਰ ਨੇ ਸਿੱਖਾਂ ਦੀ ਅਹਿਮ ਮੰਗ ਨੂੰ ਪ੍ਰਵਾਨ ਕਰਦੇ ਹੋਏ ਖਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਤੋਂ ਨਾਂਦੇੜ ਸਾਹਿਬ ਤੱਕ ਚੱਲਣ ਵਾਲੀ ਰੇਲ ਗੱਡੀ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਇਹ ਗੱਡੀ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਵਿਚ ਚੱਲੇਗੀ। ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸਿੱਖਾਂ ਦੀ ਇਸ ਅਹਿਮ ਮੰਗ ਨੂੰ ਪੂਰੀ ਕਰਨ ਲਈ ਉਹ ਕਾਫੀ ਸਮੇਂ ਤੋਂ ਡਟੇ ਹੋਏ ਸਨ ਤੇ ਹੁਣ ਜਾ ਕੇ ਉਨ੍ਹਾਂ ਯਤਨਾਂ ਸਦਕਾ ਬੂਰ ਪਿਆ ਹੈ ਕਿਉਂਕਿ ਕੇਂਦਰ ਸਰਕਾਰ ਨੇ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਤੋਂ ਦੋ ਅਹਿਮ ਤਖ਼ਤ ਜਿਨ੍ਹਾਂ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਦਰਮਿਆਨ ਨੰਗਲ ਡੈਮ ਹਜ਼ੂਰ ਸਾਹਿਬ ਨਾਂਦੇੜ ਐਕਸਪ੍ਰੈੱਸ ਗੱਡੀ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸ. ਬਿੱਟੂ ਨੇ ਦੱਸਿਆ ਕਿ ਉਹ ਜ਼ਿਲ੍ਹੇ ਦੇ ਕਾਂਗਰਸੀ ਆਗੂਆਂ ਨੂੰ ਨਾਲ ਲੈ ਕੇ ਸਮੇਂ ਸਮੇਂ ਤੇ ਤਤਕਾਲੀ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਮਿਲਦੇ ਰਹੇ ਜਿਸ ਦੇ ਸਿਟੇ ਵਜੋਂ ਕਾਮਯਾਬੀ ਹਾਸਲ ਹੋਈ। ਉਨ੍ਹਾਂ ਕੇਂਦਰੀ ਰੇਲ ਮੰਤਰੀ ਮਲਿਕਾਰਜੂਨ ਖੜਗੇ ਦਾ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਵਿਚ ਸੱਚਖੰਡ ਐਕਸਪੈਸ ਅੰਮ੍ਰਿਤਸਰ ਸਾਹਿਬ ਤੋਂ ਹਜ਼ੂਰ ਸਾਹਿਬ ਜਾਂਦੀ ਹੈ ਪਰ ਇਸ ਵਿਚ ਸੀਟਾਂ ਤਿੰਨ ਮਹੀਨੇ ਪਹਿਲਾਂ ਬੁੱਕ ਕਰਵਾਉਣੀਆਂ ਪੈਂਦੀਆਂ ਹਨ। ਇਸ ਨਵੀਂ ਗੱਡੀ ਦੇ ਚੱਲਣ ਨਾਲ ਸ਼ਰਧਾਲੂਆਂ ਨੂੰ ਹਜ਼ੂਰ ਸਾਹਿਬ ਜਾ ਕੇ ਗੁਰੂ ਘਰ ਮੱਥਾ ਟੇਕਣ ਵਿਚ ਬਹੁਤ ਸਹੂਲਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬਿੱਟੂ ਨੇ ਗੁਰਮੁਖੀ ਐਕਸਪ੍ਰੈਸ ਚਲਵਾ ਕਿ ਸ੍ਰੀ ਆਨੰਦਪੁਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ ਨੂੰ ਆਪਸ ਵਿਚ ਜੋੜ ਕੇ ਚੋਣਾਂ ਦੌਰਾਨ ਕੀਤੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਸੀ ਤੇ ਹੁਣ ਉਪਰੋਕਤ ਗੱਡੀ ਚਲਵਾ ਕਿ ਉਨ੍ਹਾਂ ਹਲਕਾ ਨਿਵਾਸੀਆਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ ਹੈ। ਇਸ ਗੱਡੀ ਦੇ ਚੱਲਣ ਨਾਲ ਸਿੱਖ ਜਗਤ ਵਿਚ ਖੁਸ਼ੀ ਦੇ ਨਾਲ ਨਾਲ ਆਨੰਦਪੁਰ ਸਾਹਿਬ ਵਿਖੇ ਸੈਰ ਸਪਾਟਾ ਸਨਅਤ ਨੂੰ ਵੀ ਹੁਲਾਰਾ ਮਿਲਣ ਦੀ ਉਮੀਦ ਹੈ।

## ਸਿਮਰਨਜੀਤ ਮਾਨ ਵੱਲੋਂ 'ਇਨਸਾਫ਼ ਰੈਲੀ' ਦੀਆਂ ਤਿਆਰੀਆਂ

**ਸ਼ੇਰਪੁਰ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ 28 ਸਤੰਬਰ ਦੀ ਨੌਸ਼ਹਿਰਾ ਪੰਨੂਆਂ ਵਿਚ ਕੀਤੀ ਜਾ ਰਹੀ 'ਇਨਸਾਫ਼ ਰੈਲੀ' ਯਕੀਨਨ ਪੰਜਾਬ ਦੀ ਸਿਆਸੀ ਫਿਜ਼ਾ ਨੂੰ ਬਦਲ ਕੇ ਰੱਖ ਦੇਵੇਗੀ ਕਿਉਂਕਿ ਇਸ ਰੈਲੀ ਦੌਰਾਨ ਹੁਕਮਰਾਨਾਂ ਤੋਂ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ, ਚੁਰਾਸੀ ਦੇ ਦਿੱਲੀ ਕਤਲੇਆਮ, ਕਿਸਾਨਾਂ ਦੇ ਉਜਾੜੇ ਦਾ ਤੇ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਦਾ ਇਨਸਾਫ਼ ਮੰਗਿਆ ਜਾਵੇਗਾ।



ਸ. ਮਾਨ ਇਥੇ ਪਾਰਟੀ ਦੇ ਸੂਬਾਈ ਆਗੂ ਤੇ ਸ਼੍ਰੋਮਣੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਕਾਲਾਬੂਲਾ ਦੀ ਅਗਵਾਈ ਹੇਠ ਕੀਤੀ ਗਈ ਪਾਰਟੀ ਕਾਨਫਰੰਸ ਵਿਚ ਜੁੜੇ ਪਾਰਟੀ ਦੇ ਵਰਕਰਾਂ ਤੇ ਆਗੂਆਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਪਾਰਟੀ ਪ੍ਰਧਾਨ ਸ. ਮਾਨ ਨੇ ਇਤਿਹਾਸ ਫਰੋਲਦਿਆਂ ਕਿਹਾ ਕਿ ਬਾਬਾ ਫੂਲਾ ਸਿੰਘ ਦੀ ਅਗਵਾਈ ਵਿਚ ਅਟਕ ਦਰਿਆ ਪਾਰ ਕਰਕੇ ਅਫ਼ਗਾਨਿਸਤਾਨ ਜਿੱਤਣ ਵਾਲੀ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਜਿਸ ਕਰਕੇ ਸਿੱਖਾਂ ਨੂੰ ਆਪਣੀ ਪਛਾਣ, ਅਣਖ਼ ਗ਼ੈਰਤ ਦੀ ਰਾਖੀ ਲਈ ਅੱਗੇ ਆਉਣਾ ਪਵੇਗਾ।

## ਕੰਗ ਤੇ ਰਾਮੂਵਾਲੀਆ ਦੇ ਹਮਾਇਤੀ ਅਦਾਲਤ ਪੁੱਜੇ

**ਮੁਹਾਲੀ:** ਇਥੋਂ ਦੇ ਨੇੜਲੇ ਪਿੰਡ ਮੌਲੀ ਬੈਦਵਾਨ ਵਿਚ ਪੰਚਾਇਤੀ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਕਿਰਨਬੀਰ ਸਿੰਘ ਕੰਗ ਤੇ ਸਾਬਕਾ ਕੇਂਦਰੀ ਮੰਤਰੀ ਤੇ ਹਲਕਾ ਇੰਚਾਰਜ ਬਲਵੰਤ ਸਿੰਘ ਰਾਮੂਵਾਲੀਆ ਦੇ ਸਮਰਥਕਾ ਵਿਚ ਹੋਏ ਖ਼ੂਨੀ ਸੰਘਰਸ਼ ਦਾ ਮਾਮਲਾ ਹਾਈ ਕੋਰਟ ਪੁੱਜ ਗਿਆ ਹੈ। ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਜਤਿੰਦਰ ਚੌਹਾਨ ਨੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਸਮੇਤ ਮੁਹਾਲੀ ਦੇ ਐਸ.ਪੀ. (ਸਿਟੀ) ਸਵਰਨਦੀਪ ਸਿੰਘ ਤੇ ਹੋਰ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਦਿਆਂ 11 ਅਕਤੂਬਰ ਤੱਕ ਆਪਣਾ ਪੱਖ ਰੱਖਣ ਲਈ ਆਖਿਆ ਹੈ।

ਇਹ ਕਾਰਵਾਈ ਪਿੰਡ ਮੌਲੀ ਬੈਦਵਾਨ ਦੀ ਸਰਪੰਚ ਕੁਲਵਿੰਦਰ ਕੌਰ ਵੱਲੋਂ ਆਪਣੇ ਵਕੀਲ ਚੌਧਰੀ ਬਿਕਰਮ ਸਿੰਘ ਰਾਹੀਂ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੀ ਗਈ। ਸਰਪੰਚ ਨੇ ਆਪਣੀ ਪਟੀਸ਼ਨ ਵਿਚ ਸ. ਰਾਮੂਵਾਲੀਆ ਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ 'ਤੇ ਕਈ ਗੰਭੀਰ ਦੋਸ਼ ਲਾਏ ਹਨ।

ਸ੍ਰੀਮਤੀ ਕੁਲਵਿੰਦਰ ਕੌਰ ਨੇ ਕਿਹਾ ਕਿ ਬੀਤੀ ਤਿੰਨ ਜੁਲਾਈ ਨੂੰ ਪੰਚਾਇਤੀ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਵਾਲੇ ਦਿਨ ਵੀ ਦੇਰ ਰਾਤ ਤੱਕ ਸ. ਰਾਮੂਵਾਲੀਆ ਦੇ ਸਮਰਥਕਾਂ ਨੇ ਪੋਲਿੰਗ ਬੂਥ 'ਤੇ ਕਾਫੀ ਹੰਗਾਮਾ ਕੀਤਾ ਤੇ ਪੁਲਿਸ ਦੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵੋਟਾਂ ਦੀ ਕਈ ਵਾਰ ਗਿਣਤੀ ਕਰਵਾ ਕੇ ਦੂਜੀ ਧਿਰ ਨੇ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਪਰ ਅਮਲੇ ਵੱਲੋਂ ਸ. ਕੰਗ ਧੜੇ ਦੇ ਉਮੀਦਵਾਰਾਂ ਨੂੰ ਜੇਤੂ ਕਰਾਰ ਦਿੱਤਾ ਗਿਆ ਪਰ ਦੂਜੀ ਧਿਰ ਨੂੰ ਚੋਣਾਂ ਵਿਚ ਮਿਲੀ ਹਾਰ ਹਜ਼ਮ ਨਹੀਂ ਹੋਈ।

ਉਨ੍ਹਾਂ ਚੋਣਾਂ ਤੋਂ ਅਗਲੇ ਹੀ ਦਿਨ ਚਾਰ ਜੁਲਾਈ ਨੂੰ ਸੋਹਾਣਾ ਪੁਲਿਸ ਦੀ ਮਿਲੀਭੁਗਤ ਨਾਲ ਥਾਣੇ ਵਿਚ ਜਮ੍ਹਾਂ ਅਸਲਾ ਹਾਸਲ ਕਰ ਲਿਆ। ਨਤੀਜੇ ਵਜੋਂ ਮੁਲਜ਼ਮਾਂ ਨੇ ਪੰਜ ਜੁਲਾਈ ਨੂੰ ਸਵੇਰੇ ਜੇਤੂ ਧਿਰ ਦੇ ਬੰਦਿਆਂ 'ਤੇ ਫਾਇਰਿੰਗ ਕਰ ਦਿੱਤੀ। ਇਸ ਹਾਦਸੇ ਵਿਚ ਮਹਿਲਾ ਸਰਪੰਚ ਕੁਲਵਿੰਦਰ ਕੌਰ ਦੇ ਤਿੰਨ ਦਿਓਰ ਸਤਨਾਮ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ ਤੇ ਪੰਚ ਭੁਪਿੰਦਰ ਗੰਭੀਰ ਜ਼ਖ਼ਮੀ ਹੋ ਗਏ ਜਦੋਂਕਿ ਇੰਟਰ ਨੈਸ਼ਨਲ ਕਬੱਡੀ ਖਿਡਾਰੀ ਹਰਜੋਤ ਸਿੰਘ ਗੱਬਰ ਤੇ ਸਾਬਕਾ ਸਰਪੰਚ ਅਵਤਾਰ ਸਿੰਘ ਨੂੰ ਮਾਰੂ ਹਥਿਆਰਾਂ ਨਾਲ ਸੱਟਾਂ ਮਾਰੀਆਂ ਗਈਆਂ।

## ਹਾਈ ਕੋਰਟ ਵੱਲੋਂ ਨਸ਼ਿਆਂ ਦੇ ਕਾਰੋਬਾਰ ਦਾ ਗੰਭੀਰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਵੱਲੋਂ ਲਿਖੇ ਗਏ ਉਸ ਪੱਤਰ ਦਾ ਗੰਭੀਰ ਨੋਟਿਸ ਲਿਆ ਹੈ ਜਿਸ ਵਿਚ ਉਨ੍ਹਾਂ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਸਾਲਾਨਾ 60 ਹਜ਼ਾਰ ਕਰੋੜ ਤੋਂ ਵੱਧ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ। ਅਦਾਲਤ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੇ ਸੰਕਟ ਬਾਰੇ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ।

ਸੇਵਾਮੁਕਤ ਆਈ.ਪੀ.ਐਸ. ਅਫਸਰ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਨਸ਼ਿਆਂ ਦੇ ਇਸ ਕਾਲੇ ਕਾਰੋਬਾਰ ਵਿਚ ਪੰਜਾਬ ਦੇ ਉਘੇ ਸਿਆਸਤਦਾਨ ਵੀ ਸ਼ਾਮਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਪਣਾ ਵੋਟ ਬੈਂਕ ਵਧਾਉਣ ਲਈ ਸਿਆਸਤਦਾਨ ਆਮ ਲੋਕਾਂ ਵਿਚ ਨਸ਼ੇ ਵੰਡਦੇ ਹਨ ਪਰ ਚੋਣ ਕਮਿਸ਼ਨ ਸਭ ਕੁਝ ਮੂਕ ਦਰਸ਼ਕ ਬਣ ਕੇ ਵੇਖ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਨਸ਼ਿਆਂ ਬਦਲੇ ਵੋਟ ਹਾਸਲ ਕਰਨ ਦਾ ਵਰਤਾਰਾ ਧੜੱਲੇ ਨਾਲ ਚੱਲਦਾ ਹੈ। ਉਨ੍ਹਾਂ ਕਿਹਾ ਕਿ ਅੱਜ ਹਰੇਕ ਤਿੰਨ ਕਾਲਜ ਵਿਦਿਆਰਥੀਆਂ ਵਿਚੋਂ ਇਕ ਨਸ਼ੇ ਦੀ ਗ੍ਰਿਫਤ ਵਿਚ ਹੈ। ਹੋਰ ਤਾਂ ਹੋਰ 60 ਫੀਸਦ ਤੋਂ ਜ਼ਿਆਦਾ ਸਕੂਲ ਜਾਣ ਵਾਲੇ ਬੱਚੇ ਵੀ ਨਸ਼ਿਆਂ ਤੋਂ ਬਚ ਨਹੀਂ ਸਕੇ ਹਨ।

ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਏ. ਜਾਰਜ ਮਸੀਹ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ 23 ਅਕਤੂਬਰ ਤੱਕ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

## ਬਾਦਲ ਦੀ ਫੋਟੋ ਨੇ ਕੇਂਦਰੀ ਫੰਡ ਰੁਕਵਾਏ

**ਚੰਡੀਗੜ੍ਹ:** ਕੌਮੀ ਸਿਹਤ ਮਿਸ਼ਨ ਜਿਹੀਆਂ ਕੇਂਦਰੀ ਸਕੀਮਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਤਸਵੀਰਾਂ ਲਾ ਕੇ ਆਪਣੀ ਰਾਜਨੀਤੀ ਚਮਕਾਉਣ ਦੀਆਂ ਅਕਾਲੀ-ਭਾਜਪਾ ਸਰਕਾਰ ਦੀਆਂ ਕੋਸ਼ਿਸ਼ਾਂ ਰਾਜ ਲਈ ਮੁਸੀਬਤ ਸਾਬਤ ਹੋ ਰਹੀਆਂ ਹਨ ਕਿਉਂਕਿ ਕੇਂਦਰ ਨੇ ਰਾਜ ਐਂਬੂਲੈਂਸ ਸੇਵਾ ਲਈ ਫੰਡ ਰੋਕ ਲਏ ਹਨ। ਕੌਮੀ ਦਿਹਾਤੀ ਸਿਹਤ ਮਿਸ਼ਨ ਸਕੀਮ ਤਹਿਤ ਪੰਜਾਬ ਨੂੰ ਜਾਰੀ ਕੀਤੀ ਹਾਲੀਆ ਕਿਸ਼ਤ ਵਿਚ ਸਿਹਤ ਮੰਤਰਾਲੇ ਨੇ ਮੁਫ਼ਤ ਰੈਫਰਲ ਟਰਾਂਸਪੋਰਟ ਮਦ ਵਾਲੀ ਰਕਮ ਸ਼ਾਮਲ ਨਹੀਂ ਕੀਤੀ।

ਸੂਤਰਾਂ ਅਨੁਸਾਰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੂੰ ਰਾਜ ਸਰਕਾਰ ਵੱਲੋਂ ਕੌਮੀ ਸਿਹਤ ਮਿਸ਼ਨ ਦੀਆਂ ਸੇਧਾਂ ਨੂੰ ਖੋਰਾ ਲਾਉਣ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਤੋਂ ਬਾਅਦ ਫੰਡ ਰੋਕੇ ਗਏ ਹਨ। ਸੂਤਰਾਂ ਮੁਤਾਬਕ ਪੰਜਾਬ ਵਿਚ ਚਲਦੀਆਂ ਸਾਰੀਆਂ ਮੁਫ਼ਤ ਐਂਬੂਲੈਂਸਾਂ ਲਈ ਕੇਂਦਰ ਤੋਂ ਫੰਡ ਜਾਰੀ ਕੀਤੇ ਜਾਂਦੇ ਹਨ ਪਰ ਇਨ੍ਹਾਂ ਐਂਬੂਲੈਂਸਾਂ 'ਤੇ ਧੱਕੇ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਜੜ ਦਿੱਤੀ ਗਈ ਹੈ।

ਕੇਂਦਰ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ




ਯੂ.ਪੀ.ਏ. ਦੇ ਇਸ ਵੱਡੇ ਪ੍ਰੋਗਰਾਮ ਨੂੰ ਰਾਜਾਂ ਵੱਲੋਂ ਹਾਈਜੈਕ ਨਾ ਕਰ ਲਿਆ ਜਾਵੇ। ਸਿਹਤ ਰਾਜ ਮੰਤਰੀ ਸੰਤੋਸ਼ ਚੌਧਰੀ ਨੇ ਵੀ ਕੇਂਦਰੀ ਫੰਡਾਂ ਨਾਲ ਚੱਲਦੀਆਂ ਐਂਬੂਲੈਂਸਾਂ 'ਤੇ ਸ. ਬਾਦਲ ਦੀਆਂ ਤਸਵੀਰਾਂ ਲਾਉਣ 'ਤੇ ਇਤਰਾਜ਼ ਕੀਤਾ ਸੀ। ਉਧਰ ਪੰਜਾਬ ਸਰਕਾਰ ਬਾਦਲ ਦੀਆਂ ਤਸਵੀਰਾਂ ਲਾਈ ਰੱਖਣ ਲਈ ਬਜ਼ਿੱਦ ਹੈ। ਸਿਹਤ ਮੰਤਰੀ ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਐਂਬੂਲੈਂਸਾਂ ਉਪਰੋਂ ਮੁੱਖ ਮੰਤਰੀ ਬਾਦਲ ਦੀਆਂ ਤਸਵੀਰਾਂ ਨਹੀਂ ਹਟਣਗੀਆਂ। ਪੰਜਾਬ ਨੂੰ ਕੇਂਦਰੀ ਸਿਹਤ ਮੰਤਰਾਲੇ ਤੋਂ ਤਕਰੀਬਨ 475 ਕਰੋੜ ਰੁਪਏ ਦੇ ਫੰਡ ਮਿਲਦੇ ਹਨ।

## ਵਿਦਿਆਰਥਣ ਨਾਲ ਜਬਰ ਜਨਾਹ, ਮੁਲਜ਼ਮ ਫਰਾਰ

**ਸਮਰਾਲਾ:** ਪਿੰਡ ਮੱਲਮਾਜਰਾ ਦੀ ਵਸਨੀਕ ਸਕੂਲੀ ਵਿਦਿਆਰਥਣ ਨਾਲ ਪਿੰਡ ਸੰਗਤਪੁਰੇ ਦੇ 22 ਸਾਲਾ ਨੌਜਵਾਨ ਖੇਤਾਂ ਦੇ ਵਿਚ ਜਬਰ ਜਨਾਹ ਕਰਕੇ ਫ਼ਰਾਰ ਹੋ ਗਿਆ। ਲੜਕੀ ਨਾਬਾਲਗ ਦੱਸੀ ਗਈ ਹੈ। ਵਿਦਿਆਰਥਣ ਨੇ ਆਪਣੇ ਨਾਲ ਬੀਤੀ ਘਟਨਾ ਦੀ ਜਾਣਕਾਰੀ ਆਪਣੇ ਪਰਿਵਾਰ ਨੂੰ ਦੇ ਦਿੱਤੀ। ਪੁਲਿਸ ਨੇ ਹਸਪਤਾਲ ਵਿਚ ਜਾ ਕੇ ਪੀੜਤ ਲੜਕੀ ਦੇ ਬਿਆਨ ਲਏ ਤੇ ਕੇਸ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ।

ਹਾਸਲ ਕੀਤੀ ਜਾਣਕਾਰੀ ਅਨੁਸਾਰ 12ਵੀਂ ਜਮਾਤ ਵਿਚ ਪੜ੍ਹਦੀ ਵਿਦਿਆਰਥਣ ਅਥਲੈਟਿਕਸ ਵਿਚ ਰੁਚੀ ਰੱਖ਼ਦੀ ਹੈ। ਆਪਣੇ ਪਿੰਡ ਮੱਲਮਾਜਰੇ ਤੋਂ ਸੰਗਤਪੁਰੇ ਦੇ ਕੱਚੇ ਰਸਤੇ ਵਿਚ ਦੌੜਨ ਦੀ ਪ੍ਰੈਕਟਿਸ ਕਰ ਰਹੀ ਸੀ ਕਿ ਮੁਲਜ਼ਮ ਉਸ ਨੂੰ ਜ਼ਬਰਦਸਤੀ ਖੇਤਾਂ ਵਿਚ ਲੈ ਗਿਆ ਤੇ ਬਲਾਤਕਾਰ ਕਰ ਦਿੱਤਾ। ਪੁਲਿਸ ਦਾ ਕਹਿਣਾ ਹੈ ਕਿ ਹਸਪਤਾਲ ਦੀ ਮੈਡੀਕਲ ਰਿਪੋਰਟ ਵਿਚ ਬਲਾਤਕਾਰ ਹੋਣ ਦੀ ਪੁਸ਼ਟੀ ਹੋਈ ਹੈ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਜ਼ਹਬ, ਮੁਹੱਬਤ ਅਤੇ ਮੁਹਾਜ਼ ਦਾ ਸੁਮੇਲ ਈਸਾਈ ਸਾਧਵੀ

**ਮੈਡਰਿਡ (ਸਪੇਨ):** ਯੂਰਪ ਦੇ ਖੱਬੇ-ਪੱਖੀ ਬੁੱਧੀਜੀਵੀਆਂ ਵਿਚੋਂ ਪ੍ਰਭਾਵਸ਼ਾਲੀ ਬਣ ਕੇ ਉਭਰੀ ਸਪੇਨ ਦੀ ਈਸਾਈ ਸਾਧਵੀ (ਨਨ) ਸਿਸਟਰ ਟ੍ਰੀਜ਼ਾ ਫੋਰਕੇਡਸ ਵੱਲੋਂ ਸਰਕਾਰ ਦੀਆਂ ਗਰੀਬ, ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਮਾਰੂ ਨੀਤੀਆਂ ਖਿਲਾਫ ਉਠਾਈ ਆਵਾਜ਼ 'ਚ ਹਜ਼ਾਰਾਂ ਲੋਕਾਂ ਨੇ ਆਪਣੀ ਆਵਾਜ਼ ਮਿਲਾ ਦਿੱਤੀ ਹੈ। ਇਸ ਸਾਧਵੀ ਨੇ ਕੈਟਾਲਾਨ ਖਿੱਤੇ ਦੀ ਆਜ਼ਾਦੀ, ਸਰਕਾਰੀ ਖਰਚਿਆਂ ਵਿਚ ਕੀਤੀ ਕਟੌਤੀ ਵਾਪਸ ਲੈਣ, ਬੈਂਕਾਂ ਤੇ ਊਰਜਾ ਕੰਪਨੀਆਂ ਦੇ ਕੌਮੀਕਰਨ ਲਈ ਅਜਿਹਾ ਹੋਕਾ ਦਿੱਤਾ ਕਿ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ।

ਸਿਸਟਰ ਟ੍ਰੀਜ਼ਾ ਦਾ ਅਸਰ ਸਥਾਨਕ ਟੀ.ਵੀ. ਚੈਨਲ, ਟਵਿੱਟਰ ਤੇ ਫੇਸਬੁੱਕ 'ਤੇ ਸਾਫ ਨਜ਼ਰ ਆ ਰਿਹਾ ਹੈ। ਉਂਝ ਉਸ ਨੇ ਜਿਹੜਾ ਝੰਡਾ ਚੁੱਕਿਆ ਹੈ, ਉਸ ਤੋਂ ਕੈਥੋਲਿਕ ਚਰਚ ਵੀ ਬਹੁਤਾ ਖੁਸ਼ ਨਹੀਂ ਹੈ। ਕੈਟਾਲਾਨ ਆਜ਼ਾਦੀ ਲਈ ਸ਼ੁਰੂ ਕੀਤੇ ਉਸ ਦੇ ਅੰਦੋਲਨ ਨਾਲ ਇਸ ਵੇਲੇ 50 ਹਜ਼ਾਰ ਲੋਕ ਜੁੜ ਚੁੱਕੇ ਹਨ। ਉਸ ਦਾ ਮਕਸਦ ਕੋਈ ਸਿਆਸੀ ਪਾਰਟੀ ਚਲਾਉਣ ਦਾ ਨਹੀਂ ਤੇ ਨਾ ਹੀ ਸੱਤਾ ਦਾ ਆਨੰਦ ਲੈਣ ਦਾ ਹੈ। ਉਹ ਸਾਮਰਾਜਵਾਦੀ ਤਾਕਤਾਂ ਵੱਲੋਂ ਆਪਣੇ ਹਿੱਤਾਂ ਲਈ ਗਰੀਬਾਂ ਤੇ ਮਜਬੂਰਾਂ ਨੂੰ ਕੱਖੋਂ ਹੌਲਾ ਕਰਨ ਵਿਰੁੱਧ ਹੈ। ਇਸ ਸਾਧਵੀ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਜ਼ਿੰਮੇਵਾਰੀ ਤੋਂ ਨਾ ਭੱਜੇ ਤੇ ਸਾਰੇ ਬੈਂਕਾਂ ਦਾ ਕੌਮੀਕਰਨ ਕਰੇ। ਨੌਕਰੀਆਂ 'ਤੇ ਕਟੌਤੀ ਬੰਦ ਕਰੇ ਤੇ ਤਨਖਾਹਾਂ ਤੇ ਪੈਨਸ਼ਨਾਂ ਵਿਚ ਕਾਣੀ-ਵੰਡ ਰੋਕੇ। ਨਾਲ ਹੀ ਕੰਮ ਕਰਨ ਦੇ ਘੰਟਿਆਂ ਨੂੰ ਘਟਾ ਕੇ ਬਜ਼ੁਰਗਾਂ ਲਈ ਪੈਸੇ-ਧੇਲੇ ਦਾ ਬੰਦੋਬਸਤ ਕਰੇ। ਸਿਆਸੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਅਸਲ ਜਮਹੂਰੀਅਤ ਕਾਇਮ ਕਰੇ। ਇਸੇ ਸਾਲ ਸਾਰਿਆਂ ਲਈ ਘਰਾਂ ਦਾ ਪ੍ਰਬੰਧ ਕਰੇ ਤੇ ਸਰਕਾਰੀ ਖਰਚਿਆਂ ਵਿਚ ਕੀਤੀ ਕਟੌਤੀ ਨੂੰ ਵਾਪਸ ਕਰੇ। ਲੋਕਾਂ ਨੂੰ ਵੱਧ ਤੋਂ ਵੱਧ ਹੱਕ ਦੇਵੇ। ਖਾਸ ਤੌਰ 'ਤੇ ਔਰਤਾਂ ਨੂੰ ਗਰਭਪਾਤ ਦਾ ਅਧਿਕਾਰ, ਸਰਕਾਰੀ ਊਰਜਾ ਕੰਪਨੀਆਂ ਦਾ ਕੌਮੀਕਰਨ ਕਰੇ ਤੇ ਪਰਵਾਸ ਨਿਯਮਾਂ 'ਤੇ ਨਜ਼ਰਸਾਨੀ ਕਰੇ। ਸਰਕਾਰ ਨਾਟੋ ਦਾ ਸਾਥ ਛੱਡੇ ਤੇ ਕੈਟਾਲਾਨ ਨੂੰ ਆਜ਼ਾਦੀ ਦੇਵੇ। ਚੇਤੇ ਰਹੇ ਕਿ ਕੈਟਾਲਾਨ ਵੱਲੋਂ 20ਵੀਂ ਸਦੀ ਤੋਂ ਸਪੇਨ ਪਾਸੋਂ ਪੂਰਨ ਆਜ਼ਾਦੀ ਦੀ ਜ਼ੋਰਦਾਰ ਮੰਗ ਕੀਤੀ ਜਾ ਰਹੀ ਹੈ। ਇਸ ਆਜ਼ਾਦੀ ਲਈ ਸਿਆਸੀ ਪਾਰਟੀਆਂ ਤੇ ਸਮਾਜਕ ਜਥੇਬੰਦੀਆਂ ਕਾਫੀ ਸਰਗਰਮ ਹਨ। ਸਮੇਂ ਦੇ ਨਾਲ-ਨਾਲ ਕੈਟਾਲਾਨ ਦੀ ਆਜ਼ਾਦੀ ਲਈ ਆਮ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਉਹ ਵੀ ਖੁੱਲ੍ਹੇ ਤੌਰ 'ਤੇ ਆਜ਼ਾਦੀ ਲਈ ਆਵਾਜ਼ ਉਠਾਉਣ ਲੱਗੇ ਹਨ। ਸਪੇਨ ਦੀਆਂ 2012 ਦੀਆਂ ਹੱਦਾਂ ਮਗਰੋਂ ਕੈਟਾਲਾਨ ਦੇ ਬਹੁਤ ਸਾਰੇ ਸਪੇਨ ਮੈਂਬਰਾਂ ਨੇ ਵੱਖਰੇ ਦੇਸ਼ ਦੀ ਮੰਗ ਕੀਤੀ।

ਸਿਸਟਰ ਟ੍ਰੀਜ਼ਾ ਨਾਲ ਮੁਲਾਕਾਤ ਕਰਨ ਵਾਲੀ ਬੀ.ਬੀ.ਸੀ. ਦੀ ਮੈਟ ਵੈਲਜ਼ ਦਾ ਕਹਿਣਾ ਹੈ ਕਿ ਇਸ ਈਸਾਈ ਸਾਧਵੀ ਦਾ ਆਪਣੇ ਇਲਾਕੇ ਵਿਚ ਖਾਸਾ ਪ੍ਰਭਾਵ ਹੈ। ਉਹ ਜਦੋਂ ਬੋਲਦੀ ਹੈ ਤਾਂ ਲੋਕ ਕੀਲ ਜਾਂਦੇ ਹਨ। ਉਸ 'ਤੇ ਮਹਾਤਮਾ ਗਾਂਧੀ ਦੇ ਵਿਚਾਰਾਂ ਦਾ ਕਾਫੀ ਅਸਰ ਹੈ। ਇਸ ਨਾਲ ਉਹ ਵੈਨੇਜ਼ੁਏਲਾ ਦੇ ਮਰਹੂਮ ਰਾਸ਼ਟਰਪਤੀ ਹਿਊਗੋ ਸ਼ਾਵੇਜ ਅਤੇ ਬੋਲੀਵੀਆ ਦੇ ਰਾਸ਼ਟਰਪਤੀ ਈਵੋ ਮੋਰਾਲਸ ਤੋਂ ਵੀ ਪ੍ਰਭਾਵਿਤ ਹੈ। ਸਿਸਟਰ ਟ੍ਰੀਜ਼ਾ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਸਾਧਵੀ ਬਣਨ ਤੋਂ ਬਾਅਦ ਉਸ ਨੂੰ ਤਿੰਨ ਵਾਰ ਇਸ਼ਕ ਹੋਇਆ, ਪਰ ਦੁਨੀਆਂਦਾਰੀ ਛੱਡਣ ਦਾ ਪ੍ਰਣ ਕਰਨ ਤੇ ਆਪਣੇ ਧਰਮ ਪ੍ਰਤੀ ਵਚਨਬੱਧਤਾ ਕਾਰਨ ਉਸ ਨੇ ਆਪਣੇ ਮਨ ਨੂੰ ਸਮਝਾ ਲਿਆ। ਉਸ ਨੇ ਕਿਹਾ, "ਧਾਰਮਿਕ ਫਰਜ਼ ਪਿਆਰ ਨਾਲ ਭਰਪੂਰ ਹਨ ਤੇ ਜ਼ਿੰਦਗੀ ਵਿਚ ਕੁਰਬਾਨੀ ਦੇਣ ਨਾਲ ਹੀ ਸੱਚਾ ਸੁਖ ਮਿਲਦਾ ਹੈ।"

**ਸਪੇਨ ਵਿਚ ਸਰਕਾਰ ਨੂੰ ਵਖਤ ਪਾਇਆ**



# ਕੰਪਿਊਟਰ ਦੀ ਦੁਨੀਆਂ ਵਿਚ ਗੁਆਚ ਗਿਆ ਬਚਪਨ

**ਨਵੀਂ ਦਿੱਲੀ:** ਮਹਾਂਨਗਰਾਂ ਵਿਚ ਰਹਿ ਰਹੇ ਪੰਜ ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਵਿਚੋਂ 85 ਫੀਸਦੀ ਬੱਚੇ ਕਿਸੇ ਨਾ ਕਿਸੇ ਤਕਨੀਕੀ ਉਪਕਰਨ ਵਿਚ ਰੁੱਝੇ ਨਜ਼ਰ ਆਉਂਦੇ ਹਨ। ਇਹ ਹੈਰਾਨੀਜਨਕ ਨਤੀਜੇ ਐਸੋਚੈਮ ਵੱਲੋਂ 10 ਮਹਾਨਗਰਾਂ ਵਿਚੋਂ ਕਰਵਾਏ ਐਸੋਚੈਮ ਦੇ ਸਰਵੇਖਣ ਵਿਚ ਸਾਹਮਣੇ ਆਏ। ਸਰਵੇਖਣ ਮੁਤਾਬਕ ਮੋਬਾਈਲ ਫੋਨ ਦੀ ਜਿੰਨੀ ਵਰਤੋਂ ਫੋਨ ਕਰਨ ਲਈ ਹੁੰਦੀ ਹੈ, ਤਕਰੀਬਨ ਓਨੀ ਹੀ ਵਰਤੋਂ ਗੇਮਾਂ ਖੇਡਣ ਲਈ ਹੁੰਦੀ ਹੈ। ਮੋਬਾਈਲ ਤੋਂ ਇਲਾਵਾ ਕੰਪਿਊਟਰ ਵੀ ਬੱਚਿਆਂ ਲਈ ਸਮਾਂ ਬਿਤਾਉਣ ਦਾ ਇਕ ਜ਼ਰੀਆ ਹੋ ਗਿਆ ਹੈ ਜਿਸ ਦੀ ਵਰਤੋਂ ਉਹ ਗੇਮਜ਼ ਖੇਡਣ, ਜਾਣਕਾਰੀ ਹਾਸਲ ਕਰਨ ਜਾਂ ਸੋਸ਼ਲ ਨੈੱਟਵਰਕਿੰਗ ਸਾਈਟਾਂ ਲਈ ਕਰਦੇ ਹਨ। ਸਰਵੇਖਣ ਮੁਤਾਬਕ 63 ਫੀਸਦੀ ਬੱਚੇ ਆਪਣੇ ਘਰ ਵਿਚ ਕੰਪਿਊਟਰ ਦਾ ਇਸਤੇਮਾਲ ਕਰਦੇ ਹਨ ਤੇ ਇਨ੍ਹਾਂ ਵਿਚੋਂ 27 ਫੀਸਦੀ ਰੋਜ਼ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਸਰਵੇਖਣ ਮੁਤਾਬਿਕ ਦਸਾਂ ਵਿਚੋਂ ਇਕ ਬੱਚੇ ਕੋਲ ਆਪਣਾ ਮੋਬਾਈਲ ਫੋਨ ਹੈ। 60 ਫੀਸਦੀ ਤੋਂ ਵੱਧ ਬੱਚੇ ਹਰ ਦੂਜੇ ਦਿਨ ਆਨਲਾਈਨ ਹੁੰਦੇ ਹਨ। ਪਿਛਲੇ ਤਿੰਨ ਸਾਲਾਂ ਵਿਚ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਬੱਚਿਆਂ ਦੀ ਗਿਣਤੀ 25 ਫੀਸਦੀ ਤੋਂ ਵਧ ਕੇ 65 ਫੀਸਦੀ ਹੋ ਗਈ ਹੈ। ਮਾਹਰਾਂ ਮੁਤਾਬਕ ਇਸ ਵਧ ਰਹੇ ਰੁਝਾਨ ਦਾ ਮੁੱਖ ਕਾਰਨ ਤਕਨੀਕ ਦੀ ਸਹਿਜ ਉਪਲਬਧਤਾ ਦੇ ਨਾਲ-ਨਾਲ ਮਾਂ-ਬਾਪ ਦੀ ਨਿਗਰਾਨੀ ਦੀ ਘਾਟ ਵੀ ਹੈ।

# ਕਿਊਬੈਕ ਦੇ ਵੱਖਵਾਦੀ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਈ ਬਜ਼ਿਦ

***(ਸਫਾ ਇਕ ਦੀ ਬਾਕੀ)***

ਨਰਸਾਂ ਨੂੰ ਨਾਲ ਲਗਦੇ ਓਂਟਾਰੀਓ ਸੂਬੇ ਦੇ ਹਸਪਤਾਲਾਂ ਨੇ ਸੱਦਾ ਭੇਜਿਆ ਹੈ। ਟੋਰਾਂਟੋ ਦੇ ਆਸ-ਪਾਸ ਕਈ ਹਸਪਤਾਲਾਂ ਨੂੰ ਚਲਾਉਣ ਵਾਲੇ 'ਲੇਕਰਿੱਜ ਹੈਲਥ' ਗਰੁਪ ਨੇ ਹਸਪਤਾਲੀ ਅਮਲੇ ਨੂੰ ਰਾਹਤ ਦੇਣ ਲਈ ਇਸ਼ਤਿਹਾਰ ਜਾਰੀ ਕੀਤੇ ਹਨ। ਇਸ਼ਤਿਹਾਰਾਂ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਪ੍ਰਵਾਹ ਨਹੀਂ ਕਿ ਸਿਰ ਦੇ ਉਤੇ ਕੀ ਹੈ ਸਗੋਂ ਸਿਰ ਦੇ ਅੰਦਰ ਕੀ ਹੈ, ਇਸ ਨਾਲ ਮਤਲਬ ਹੈ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਮੰਤਰੀ ਕ੍ਰਿਸਟੀ ਕਲਾਰਕ ਨੇ ਕਿਹਾ ਹੈ ਕਿ ਕਿਊਬੈਕ ਦੇ ਜੋ ਲੋਕ ਜ਼ਿਆਦਾ ਖੁੱਲ੍ਹਾਂ ਵਾਲੇ ਤੇ ਭਿੰਨਤਾ ਭਰਪੂਰ ਸਮਾਜ ਵਿਚ ਰਹਿਣਾ ਲੋਚਦੇ ਹਨ, ਉਨ੍ਹਾਂ ਲਈ ਬੀ.ਸੀ. ਦੇ ਬੂਹੇ ਖੁੱਲੇ ਹਨ।

ਇਹ ਮਾਮਲਾ ਹੁਣ ਕੌਮੀ ਪੱਧਰ 'ਤੇ ਬਹਿਸ ਦਾ ਮੁੱਦਾ ਬਣ ਗਿਆ ਹੈ। ਕੈਨੇਡਾ ਦੇ ਦੋ ਕੇਂਦਰੀ ਵਜ਼ੀਰਾਂ ਜੇਸਨ ਕੈਨੀ ਤੇ ਟਿਮ ਉਪਲ ਨੇ ਆਖਿਆ ਹੈ ਕਿ ਕਿਉਬੈਕ ਚਾਰਟਰ ਜਦੋਂ ਆਖਰੀ ਪੜਚੋਲ ਵਾਸਤੇ ਨਿਆਂ ਵਿਭਾਗ ਕੋਲ ਆਵੇਗਾ, ਉਦੋਂ ਫੈਸਲਾ ਹੋਵੇਗਾ ਕਿ ਇਹ ਬਿੱਲ ਸੰਵਿਧਾਨਕ ਜ਼ਾਬਤੇ ਦੀ ਉਲੰਘਣਾ ਤਾਂ ਨਹੀਂ ਕਰਦਾ। ਬਹੁ-ਸੱਭਿਆਚਾਰ ਮਾਮਲਿਆਂ ਦੇ ਮੰਤਰੀ ਜੇਸਨ ਕੈਨੀ ਨੇ ਕਿਹਾ ਕਿ ਕੈਨੇਡਿਆਈ ਸੰਵਿਧਾਨ ਧਾਰਮਿਕ ਆਜ਼ਾਦੀ 'ਤੇ ਪਹਿਰਾ ਦੇਣ ਲਈ ਵਚਨਬੱਧ ਹੈ। ਧਾਰਮਿਕ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਵਾਲਾ ਮਤਾ ਉਕਾ ਪ੍ਰਵਾਨ ਨਹੀਂ ਤੇ ਇਸ ਨੂੰ ਚੁਣੌਤੀ ਦਿੱਤੀ ਜਾਵੇਗੀ।

ਮੁਲਕ ਦੀਆਂ ਵਿਰੋਧੀ ਧਿਰਾਂ ਲਿਬਰਲ ਤੇ ਐਨ.ਡੀ.ਪੀ. ਵੀ ਇਸ ਪ੍ਰਸਤਾਵ ਦੇ ਵਿਰੁਧ ਖੱਲ੍ਹ ਕੇ ਸਾਹਮਣੇ ਆ ਗਈਆਂ ਹਨ। ਐਨ.ਡੀ.ਪੀ. ਦੇ ਕੌਮੀ ਨੇਤਾ ਥਾਮਸ ਮਲਕੇਅਰ ਨੇ ਕਿਹਾ ਕਿ ਉਹ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲੇ ਹਰ ਮਤੇ ਦੇ ਵਿਰੁੱਧ ਭੁਗਤਣਗੇ। ਕਿਊਬੈਕ ਸਰਕਾਰ ਸਿੱਖਾਂ, ਮੁਸਲਮਾਨਾਂ, ਯਹੂਦੀਆਂ ਤੇ ਹੋਰ ਧਰਮਾਂ ਦੇ ਧਾਰਮਿਕ ਚਿੰਨ੍ਹਾਂ ਤੇ ਆਪਣੀਆਂ ਕਥਿਤ ਧਰਮ ਨਿਰਪੱਖ ਕਦਰਾਂ-ਕੀਮਤਾਂ ਤਹਿਤ ਪਾਬੰਦੀ ਲਾਉਣਾ ਚਾਹੁੰਦੀ ਹੈ ਜਿਸ ਦਾ ਲੋਕਾਂ ਵੱਲੋਂ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ।

ਕਿਊਬੈਕ ਦੇ ਨਾਲ ਲਗਦੇ ਸੂਬੇ ਓਂਟਾਰੀਓ ਦੇ ਯਾਹੂਦੀ ਵਿਧਾਇਕ ਨੇ ਅਸੈਂਬਲੀ ਵਿਚ ਮਤਾ ਪੇਸ਼ ਕੀਤਾ ਹੈ ਕਿ ਕਿਊਬੈਕ ਸਰਕਾਰ ਲੋਕਾਂ ਦੇ ਅਧਿਕਾਰਾਂ ਤੇ ਭਾਵਨਾਵਾਂ ਨੂੰ ਦਬਾ ਰਹੀ ਹੈ ਜਿਸ ਦਾ ਡਟ ਕੇ ਵਿਰੋਧ ਹੋਣਾ ਚਾਹੀਦਾ ਹੈ। ਓਂਟਾਰੀਓ ਦੀ ਲਿਬਰਲ ਮੁੱਖ ਮੰਤਰੀ ਪਹਿਲਾਂ ਹੀ ਸਪਸ਼ਟ ਕਰ ਚੁੱਕੀ ਹੈ ਕਿ ਉਨ੍ਹਾਂ ਦਾ ਧਾਰਮਿਕ ਪਾਬੰਦੀਆਂ ਆਇਦ ਕਰਨ ਦਾ ਕੋਈ ਇਰਾਦਾ ਨਹੀਂ। ਇਸੇ ਤਰ੍ਹਾਂ ਵਰਲਡ ਸਿੱਖ ਸੰਸਥਾ ਦੇ ਮੁਖਬੀਰ ਸਿੰਘ ਨੇ ਇਸ ਮਤੇ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਲੋਕਾਂ ਦੇ ਹੋਰ ਮਸਲਿਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਸੰਸਥਾ ਦੇ ਪ੍ਰਧਾਨ ਪ੍ਰੇਮ ਸਿੰਘ ਬਿਨਿੰਗ ਨੇ ਆਖਿਆ ਕਿ ਹਰ ਵਿਅਕਤੀ ਨੂੰ ਬਰਾਬਰ ਹੱਕ ਮਿਲਣੇ ਚਾਹੀਦੇ ਹਨ ਤੇ ਇਹ ਚਾਰਟਰ ਲੋਕਾਂ ਦੇ ਹੱਕਾਂ ਨੂੰ ਮਲੀਆਮੇਟ ਕਰ ਦੇਵੇਗਾ।

ਉਧਰ, ਇਹ ਵਿਵਾਦਪੂਰਨ ਬਿੱਲ ਕੈਨੇਡਾ ਵਾਸੀਆਂ ਵੱਲੋਂ ਨਾ ਸਿਰਫ ਨਕਾਰਿਆ ਜਾ ਰਿਹਾ ਹੈ, ਬਲਕਿ ਬਹੁਤੇ ਲੋਕ ਇਸ ਨੂੰ ਨਸਲਵਾਦੀ ਕਰਾਰ ਦੇ ਰਹੇ ਹਨ। ਕਿਊਬੈਕ ਚਾਰਟਰ ਦੇ ਖਰੜੇ ਵਿਚ ਮਨਾਹੀ ਵਾਲੇ ਧਾਰਮਿਕ ਚਿੰਨ੍ਹਾਂ ਦੇ ਖਾਕੇ ਦੇ ਆਧਾਰ 'ਤੇ ਆਮ ਕੈਨੇਡੀਅਨ ਇਸ ਕਦਮ ਨੂੰ ਧਰਮ ਨਿਰਪੱਖਤਾ ਦੇ ਉਲਟ ਰੰਗ, ਨਸਲ ਤੇ ਧਰਮ ਦੇ ਆਧਾਰ 'ਤੇ ਵਿਤਕਰਾ ਪੈਦਾ ਕਰਨ ਵਾਲਾ ਮੰਦਭਾਗਾ ਕਦਮ ਦੱਸ ਰਹੇ ਹਨ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਐਂਡਰਿਊ ਬਰੌਨ ਅਨੁਸਾਰ ਕਿਊਬੈਕ ਸਰਕਾਰ ਵੱਲੋਂ ਬਰਾਬਰੀ ਦੇ ਨਾਂ 'ਤੇ ਤਿਆਰ ਕੀਤਾ ਚਾਰਟਰ ਨਾ ਸਿਰਫ ਨਸਲੀ ਹੀ ਹੈ ਬਲਕਿ ਇਹ ਨਵੀਂ ਪੀੜ੍ਹੀ ਦੇ ਮਨ 'ਤੇ ਵੀ ਡੂੰਘੀ ਛਾਪ ਛੱਡੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਕਿਊਬੈਕ ਸਰਕਾਰ ਨੂੰ ਜ਼ਿਦ ਤਿਆਗ ਦੇਣੀ ਚਾਹੀਦੀ ਹੈ। ਉਨ੍ਹਾਂ ਕੈਨੇਡਾ ਸਰਕਾਰ ਤੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਕਿਊਬੈਕ ਸੂਬੇ ਦੀ ਸਰਕਾਰ ਵੱਲੋਂ ਲੋਕਾਂ 'ਤੇ ਜਬਰੀ ਥੋਪੇ ਜਾ ਰਹੇ ਇਸ ਕਾਲੇ ਕਾਨੂੰਨ ਨੂੰ ਰੋਕਣ ਲਈ ਅੱਗੇ ਆਉਣ।

ਉਨ੍ਹਾਂ ਕਿਹਾ ਕਿ ਇਸ ਮੰਦਭਾਗੇ ਫ਼ੈਸਲੇ ਦੇ ਲਾਗੂ ਹੋਣ ਨਾਲ ਸਿੱਖਾਂ ਤੇ ਹੋਰ ਕੌਮਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੇਗੀ। ਇਸ ਬਿੱਲ ਦੇ ਲਾਗੂ ਹੋਣ ਨਾਲ ਕੋਈ ਵੀ ਸਿੱਖ ਦਸਤਾਰ ਸਜਾ ਕੇ ਡਿਊਟੀ ਨਹੀਂ ਕਰ ਸਕੇਗਾ, ਸਿੱਖ ਬੱਚੇ ਦਸਤਾਰ ਸਜਾ ਕੇ ਜਾਂ ਕਕਾਰ ਪਹਿਨ ਕੇ ਸਕੂਲ ਨਹੀਂ ਜਾ ਸਕਣਗੇ। ਇਸ ਲਈ ਇਸ ਲੋਕ ਵਿਰੋਧੀ ਫੈਸਲੇ ਨੂੰ ਲਾਗੂ ਹੋਣ ਤੋਂ ਪਹਿਲਾਂ ਹੀ ਰੋਕਣਾ ਚਾਹੀਦਾ ਹੈ। ਦਸਤਾਰ ਸਿੱਖਾਂ ਦੀ ਪਛਾਣ ਤੇ ਸ਼ਾਨ ਦੀ ਪ੍ਰਤੀਕ ਹੈ ਤੇ ਇਨ੍ਹਾਂ ਤੋਂ ਬਗੈਰ ਸਿੱਖਾਂ ਦਾ ਰਹਿਣਾ ਅਸੰਭਵ ਹੈ। ਉਨ੍ਹਾਂ ਰੋਹ ਭਰੇ ਲਹਿਜ਼ੇ ਵਿਚ ਕਿਹਾ ਕਿ ਦੂਜੀ ਸੰਸਾਰ ਜੰਗ ਵੇਲੇ ਹਜ਼ਾਰਾਂ ਸਿੱਖਾਂ ਨੇ ਆਪਣੇ ਰਵਾਇਤੀ ਪਹਿਰਾਵੇ (ਦਸਤਾਰ) ਸਜਾ ਕੇ ਹੀ ਯੂਰਪ ਦੇ ਵੱਖ-ਵੱਖ ਦੇਸ਼ਾਂ ਲਈ ਕੁਰਬਾਨੀਆਂ ਕੀਤੀਆਂ ਸਨ। ਕਿਸੇ ਵੀ ਦੇਸ਼ ਨੂੰ ਦਸਤਾਰ ਜਾਂ ਕਕਾਰ 'ਤੇ ਪਾਬੰਦੀ ਲਾਉਣ ਤੋਂ ਪਹਿਲਾਂ ਦੂਜੀ ਸੰਸਾਰ ਜੰਗ ਦਾ ਇਤਿਹਾਸ ਜ਼ਰੂਰ ਪੜ੍ਹਨਾ ਚਾਹੀਦਾ ਹੈ। ਸਬੰਧਤ ਦੇਸ਼ ਲਈ ਕੀਤੀਆਂ ਕੁਰਬਾਨੀਆਂ ਬਦਲੇ ਮਾਣ-ਸਨਮਾਨ ਦੇਣ ਦੀ ਬਜਾਏ ਕੁਝ ਦੇਸ਼ਾਂ ਵਿਚ ਸਿੱਖਾਂ ਦੀ ਦਸਤਾਰ ਤੇ ਕਕਾਰ 'ਤੇ ਪਾਬੰਦੀ ਲਾ ਕੇ ਜ਼ਲੀਲ ਕੀਤਾ ਜਾ ਰਿਹਾ ਹੈ।

## ਭਾਜਪਾ ਨੇ ਆਖਰਕਾਰ ਹਿੰਦੂ ਵੋਟਾਂ 'ਤੇ ਲਾਈ ਟੇਕ

***(ਸਫਾ ਇਕ ਦੀ ਬਾਕੀ)***

ਦੀ ਹਾਲਤ ਹਾਸੋ-ਹੀਣੀ ਬਣੀ ਹੋਈ ਹੈ। ਅਕਾਲੀ ਦਲ ਦੀ ਚੁਫੇਰਿਉਂ ਆਲੋਚਨਾ ਹੋ ਰਹੀ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਭ ਕਾਸੇ ਤੋਂ ਅੱਖਾਂ ਮੀਟੀ ਮੋਦੀ ਦੇ ਸੋਹਲੇ ਗਾ ਰਹੇ ਹਨ। ਹਾਲ ਹੀ ਵਿਚ ਗੁਜਰਾਤ ਦੇ ਦੌਰੇ ਦੌਰਾਨ ਸ. ਬਾਦਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਮੋਦੀ ਨੂੰ 'ਦੇਸ਼ ਦਾ ਮਹਾਨ ਨੇਤਾ' ਕਰਾਰ ਦੇ ਦਿੱਤਾ ਸੀ। ਇਸ ਮੌਕੇ ਸ. ਬਾਦਲ ਨੇ ਸ੍ਰੀ ਮੋਦੀ ਨੂੰ ਸੂਬੇ ਦੀ ਸਿਆਸਤ ਤੋਂ ਅੱਗੇ ਵਧ ਕੇ ਕੌਮੀ ਪੱਧਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਹੱਲਾਸ਼ੇਰੀ ਦਿੱਤੀ ਸੀ। ਇਸੇ ਤਰ੍ਹਾਂ ਸ੍ਰੀ ਮੋਦੀ ਦੀ ਪੰਜਾਬ ਫੇਰੀ ਮੌਕੇ ਭਾਵੇਂ ਆਮ ਅਕਾਲੀ ਵਰਕਰਾਂ ਨੇ ਕੋਈ ਉਤਸ਼ਾਹ ਨਹੀਂ ਸੀ ਵਿਖਾਇਆ ਪਰ ਬਾਦਲ ਉਚੇਚਾ ਵਿਦੇਸ਼ ਦੌਰਾ ਛੱਡ ਕੇ ਭਾਜਪਾ ਦੀ ਰੈਲੀ ਵਿਚ ਪਹੁੰਚੇ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਨਾਮ ਚਰਚਾ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਨਵਤੇਜ ਸਿੰਘ ਕਾਉਣੀ ਨੂੰ ਤਨਖਾਹ ਲੱਗੀ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਮੀਟਿੰਗ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਵਤੇਜ ਸਿੰਘ ਅਤੇ ਲੁਧਿਆਣਾ ਵਾਸੀ ਚਰਨਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਤਨਖਾਹ ਲਾਈ ਗਈ ਹੈ। ਇਸ ਦੇ ਨਾਲ ਹੀ ਸਿੰਘ ਸਾਹਿਬਾਨ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਘਰਾਂ ਵਿਚ ਸ਼ਰਾਬ ਦੀ ਬਾਰ ਅਤੇ ਗੁਰਮਤਿ ਵਿਰੋਧੀ ਵਸਤਾਂ ਦੀ ਵਰਤੋਂ ਹੁੰਦੀ ਹੈ, ਉਨ੍ਹਾਂ ਵਿਚ ਪੱਕੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਇਕ ਹੋਰ ਆਦੇਸ਼ ਵਿਚ ਕਿਹਾ ਗਿਆ ਕਿ ਕਬਰਾਂ, ਸਮਾਧਾਂ ਤੇ ਜਠੇਰਿਆਂ ਦੀਆਂ ਥਾਵਾਂ 'ਤੇ ਸ੍ਰੀ ਅਕਾਲ ਤਖ਼ਤ ਅਖੰਡ ਪਾਠ ਕਰਾਉਣ ਦੀ ਆਗਿਆ ਨਹੀਂ ਦੇਵੇਗਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਖ਼ਤ ਦੀ ਫਸੀਲ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਨਵਤੇਜ ਸਿੰਘ ਨੂੰ ਸਿਰਸੇ ਵਾਲਿਆਂ ਦੀ ਨਾਮ ਚਰਚਾ ਵਿਚ ਜਾਣ ਸਬੰਧੀ ਤਨਖਾਹ ਲਾਉਣ ਦਾ ਫੈਸਲਾ ਸੁਣਾਇਆ। ਉਨ੍ਹਾਂ ਨੂੰ ਅਠਾਰਾਂ ਦਿਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਮੁਕਤਸਰ ਵਿਖੇ ਨਿਤਨੇਮ ਤੋਂ ਇਲਾਵਾ ਜਪੁਜੀ ਸਾਹਿਬ ਦਾ ਪਾਠ ਕਰਨ ਤੇ ਇਕ ਘੰਟਾ ਰੋਜ਼ ਬਾਣੀ ਸੁਣਨ ਲਈ ਕਿਹਾ ਗਿਆ ਹੈ। ਇਸ ਤੋਂ ਮਗਰੋਂ ਉਹ ਉੱਥੇ ਇੱਕੀ ਸੌ ਰੁਪਏ ਦੀ ਖਿਮਾ ਯਾਚਨਾ ਅਰਦਾਸ ਕਰਾਉਣਗੇ। ਭਾਈ ਨਵਤੇਜ ਸਿੰਘ ਨੂੰ ਨਾਮ ਚਰਚਾ ਵਿਚ ਸ਼ਾਮਲ ਹੋਣ 'ਤੇ ਇਹ ਤਨਖਾਹ ਦੂਜੀ ਵਾਰ ਲਾਈ ਗਈ ਹੈ। ਉਨ੍ਹਾਂ ਨੂੰ ਇਸੇ ਕਾਰਨ ਕਰ ਕੇ ਮਾਰਚ 2011 ਵਿਚ ਵੀ ਤਨਖਾਹ ਲਾਈ ਗਈ ਸੀ। ਇਸੇ ਦੌਰਾਨ ਭਾਈ ਨਵਤੇਜ ਸਿੰਘ ਨੇ ਕਿਹਾ ਹੈ ਕਿ ਉਹ ਨਾਮ ਚਰਚਾ ਵਿਚ ਸ਼ਾਮਲ ਹੋਣ ਲਈ ਨਹੀਂ ਗਏ ਸਨ, ਸਗੋਂ ਉਥੇ ਕਿਸੇ ਬੰਦੇ ਨੂੰ ਬੁਲਾਉਣ ਗਏ ਸਨ। ਉਹ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਨੂੰ ਮੰਨਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪਾਂ ਨੂੰ ਅਟੈਚੀਆਂ ਵਿਚ ਬੰਦ ਕਰ ਕੇ ਅਮਰੀਕਾ ਲੈ ਕੇ ਜਾਣ ਲਈ ਏਅਰਪੋਰਟ 'ਤੇ ਲਿਜਾਣ ਸਮੇਂ ਹੋਈ ਸਰੂਪਾਂ ਦੀ ਬੇਅਦਬੀ ਦੇ ਸਬੰਧੀ ਵਿਚ ਭਾਈ ਚਰਨਜੀਤ ਸਿੰਘ ਲੁਧਿਆਣਾ ਨੂੰ ਇਕ ਹਫਤਾ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਜੋੜੇ ਝਾੜਨ,



ਨਵਤੇਜ ਸਿੰਘ ਕਾਉਣੀ

ਇਕ ਘੰਟਾ ਬਰਤਨ ਸਾਫ਼ ਕਰਨ ਅਤੇ ਨਿਤਨੇਮ ਤੋਂ ਇਲਾਵਾ ਪੰਜ ਪਾਠ ਜਪੁਜੀ ਸਾਹਿਬ ਦੇ ਕਰਨ ਦੀ ਤਨਖਾਹ ਲਾਈ ਗਈ ਹੈ। ਇਕ ਹਫ਼ਤੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਵਿਖੇ 5100 ਸੌ ਰੁਪਏ ਦੀ ਅਰਦਾਸ ਕਰਾਉਣ ਅਤੇ ਕੀਤੀ ਭੁੱਲ ਬਖਸ਼ਵਾਉਣ ਲਈ ਕਿਹਾ ਗਿਆ ਹੈ। ਇਹ ਵੀ ਆਦੇਸ਼ ਦਿੱਤਾ ਗਿਆ ਕਿ ਉਹ ਅਮਰੀਕਾ ਜਾ ਕੇ ਗੁਰਦੁਆਰਾ ਸਾਹਿਬ ਵਿਖੇ ਖਿਮਾ ਯਾਚਨਾ ਵਜੋਂ ਸਹਿਜ ਪਾਠ ਕਰਵਾ ਕੇ ਗੁਰਦੁਆਰਾ ਕਮੇਟੀ ਦੀ ਹਾਜ਼ਰੀ ਵਿਚ ਅਰਦਾਸ ਕਰਾਉਣ।

ਜਥੇਦਾਰ ਗੁਰਬਚਨ ਸਿੰਘ ਨੇ ਇਕ ਹੋਰ ਆਦੇਸ਼ ਵਿਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਹੱਥ ਨਾਲ ਲਿਖਣ ਦਾ ਕਿਸੇ ਨੂੰ ਅਧਿਕਾਰ ਨਹੀਂ ਹੈ। ਜਿਨ੍ਹਾਂ ਨੇ ਪਾਵਨ ਸਰੂਪ ਲਿਖਣੇ ਸ਼ੁਰੂ ਕੀਤੇ ਹੋਏ ਹਨ, ਉਹ ਉਨ੍ਹਾਂ ਨੂੰ ਸੰਪੂਰਨ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦੇਣ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੋਗ ਮਤੇ ਵਿਚ ਕਿਹਾ ਗਿਆ ਕਿ ਉਨ੍ਹਾਂ ਦੀਆਂ ਪੰਥ ਪ੍ਰਤੀ ਸੇਵਾਵਾਂ ਦੇ ਮੱਦੇਨਜ਼ਰ ਸ੍ਰੀ ਅਕਾਲ ਤਖਤ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਰਾਮ ਸਿੰਘ ਵਲੋਂ ਥਾਣੇ ਵਿਚ ਦਾੜ੍ਹੀ ਪੁੱਟਣ ਦੀ ਸ਼ਿਕਾਇਤ ਉਨ੍ਹਾਂ ਨੂੰ ਮਿਲ ਗਈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਪੜਤਾਲ ਕਰਨ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਤਨਖਾਹੀਏ ਸਿੱਖ ਜਿਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ ਅਜੇ ਤਕ ਭੁੱਲ ਨਹੀਂ ਬਖਸ਼ਵਾਈ, ਜਦੋਂ ਮਰਜ਼ੀ ਭੁੱਲ ਬਖਸ਼ਵਾ ਸਕਦੇ ਹਨ, ਤਖ਼ਤ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਜਥੇਦਾਰ ਗਿਆਨੀ ਮੱਲ ਸਿੰਘ, ਗਿਆਨੀ ਜਗਤਾਰ ਸਿੰਘ ਸ਼ਾਮਲ ਸਨ।

## 'ਨਿਊ ਯਾਰਕ ਟਾਈਮਜ਼' ਨੂੰ ਮਾਣਹਾਨੀ ਦਾ ਨੋਟਿਸ

ਇਸਲਾਮਾਬਾਦ: 'ਦਿ ਨਿਊ ਯਾਰਕ ਟਾਈਮਜ਼' ਵਿਚ ਪ੍ਰਕਾਸ਼ਿਤ ਲੇਖ ਤੋਂ ਖ਼ਫ਼ਾ ਹੋ ਕੇ ਪਾਕਿਸਤਾਨ ਮੁਤਾਹਿਦਾ ਕੌਮੀ ਮੂਵਮੈਂਟ ਪਾਰਟੀ ਨੇ ਅਖ਼ਬਾਰ 'ਦਿ ਨਿਊ ਯਾਰਕ ਟਾਈਮਜ਼' ਨੂੰ ਆਪਣੇ ਲੰਡਨ ਰਹਿ ਰਹੇ ਮੁਖੀ ਅਲਤਾਫ਼ ਹੁਸੈਨ ਦੀ ਬੇਇੱਜ਼ਤੀ ਕਰਨ ਵਿਰੁੱਧ ਇਕ ਕਰੋੜ ਅਮਰੀਕੀ ਡਾਲਰ ਮਾਣਹਾਨੀ ਨੋਟਿਸ ਭੇਜਿਆ ਹੈ। ਇਹ ਮਾਣਹਾਨੀ ਨੋਟਿਸ ਮੁਤਾਹਿਦਾ ਕੌਮੀ ਮੂਵਮੈਂਟ (ਐਮਕਿਊਐਮ) ਦੇ ਵਕੀਲ ਐਫ. ਨਾਸੀਮ ਰਾਹੀਂ ਭੇਜਿਆ ਗਿਆ ਹੈ ਕਿ 'ਦਿ ਨਿਊ ਯਾਰਕ ਟਾਈਮਜ਼' ਵੱਲੋਂ ਕੀਤੀ ਤੱਥਹੀਣ ਰਿਪੋਰਟ ਕਾਰਨ ਅਲਤਾਫ਼ ਹੁਸੈਨ ਦੇ ਸਨਮਾਨ ਨੂੰ ਸੱਟ ਵੱਜੀ ਹੈ। ਕਾਨੂੰਨੀ ਨੋਟਿਸ ਵਿਚ ਅਖ਼ਬਾਰ ਦੇ ਪ੍ਰਕਾਸ਼ਕ, ਪਬਲਿਸ਼ਰ ਤੇ ਪੱਤਰਕਾਰ ਡੈਕਲਨ ਵਾਲਸ਼ ਨੂੰ ਕਿਹਾ ਗਿਆ ਹੈ ਕਿ ਉਹ ਸੱਤ ਦਿਨ ਦੇ ਅੰਦਰ-ਅੰਦਰ ਬਿਨਾਂ ਸ਼ਰਤ ਮੁਆਫ਼ੀ ਮੰਗਣ ਤੇ ਇਕ ਕਰੋੜ ਅਮਰੀਕੀ ਡਾਲਰ ਅਦਾ ਕਰਨ ਜਾਂ ਫਿਰ ਮੁਕੱਦਮੇ ਦਾ ਸਾਹਮਣਾ ਕਰਨ ਨੂੰ ਤਿਆਰ ਰਹਿਣ।

ਸ੍ਰੀ ਵਾਲਸ਼ ਇਕ ਸੀਨੀਅਰ ਪੱਤਰਕਾਰ ਹਨ ਤੇ ਨਿਊ ਯਾਰਕ ਟਾਈਮਜ਼ ਦੇ ਪਾਕਿਸਤਾਨ ਵਿਚ ਬਿਊਰੋ ਚੀਫ਼ ਹਨ, ਨੂੰ ਇਸ ਸਾਲ ਮਈ ਮਹੀਨੇ ਆਮ ਚੋਣਾਂ ਤੋਂ ਇਕ ਦਿਨ ਪਹਿਲਾਂ ਪਾਕਿਸਤਾਨ ਵਿੱਚੋਂ ਗ਼ੈਰਕਾਨੂੰਨੀ ਗਤੀਵਿਧੀਆਂ ਦਾ ਦੋਸ਼ ਲਾ ਕੇ ਕੱਢ ਦਿੱਤਾ ਸੀ। ਐਮਕਿਊਐਮ ਭਾਰਤ ਤੋਂ ਪਾਕਿਸਤਾਨ ਗਏ ਮੁਸਲਮਾਨਾਂ ਦੀ ਨੁਮਾਇੰਦਾ ਪਾਰਟੀ ਹੈ ਜਿਨ੍ਹਾਂ ਨੂੰ ਉੱਥੇ ਸਥਾਨਕ ਲੋਕ ਮੁਹਾਜਿਰ ਕਹਿੰਦੇ ਹਨ ਤੇ ਇਸ ਦਾ ਮੁਖੀ ਅਲਤਾਫ਼ ਹੁਸੈਨ ਇਕ ਜਾਨਲੇਵਾ ਹਮਲੇ ਵਿਚੋਂ ਬਚਣ ਤੋਂ ਬਾਅਦ ਪਾਕਿਸਤਾਨ ਛੱਡ ਕੇ 1992 ਵਿਚ ਬਰਤਾਨੀਆ ਚਲੇ ਗਿਆ ਸੀ। ਉਸ ਦਾ ਪਰਿਵਾਰ ਆਗਰੇ ਤੋਂ ਪਾਕਿਸਤਾਨ ਗਿਆ ਸੀ।

## ਪਿੰਡ ਕਨੇਚਾਂ ਵਿਚ ਦੋ ਖੁਦਕੁਸ਼ੀਆਂ

**ਲੁਧਿਆਣਾ:** ਪਿੰਡ ਪਿੰਡ ਕਨੇਚਾਂ ਦੇ ਵਸਨੀਕ 17 ਸਾਲਾ ਗੁਰਕਰਨ ਕੌਰ ਅਤੇ 18 ਸਾਲਾਂ ਦੇ ਰਮਨਦੀਪ ਸਿੰਘ ਨੇ ਆਪੋ- ਆਪਣੇ ਘਰਾਂ ਵਿਚ ਛੱਤ ਵਾਲੇ ਪੱਖਿਆਂ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਇਨ੍ਹਾਂ ਦੇ ਘਰ ਇੱਕੋ ਗਲੀ ਵਿਚ ਹਨ।

ਜਾਣਕਾਰੀ ਅਨੁਸਾਰ ਰਮਨਦੀਪ ਸਿੰਘ ਅਤੇ ਗੁਰਕਰਨ ਕੌਰ ਦੀ ਆਪਸੀ ਪਛਾਣ ਗੂੜ੍ਹੀ ਸੀ ਅਤੇ ਉਹ ਇੱਕ-ਦੂਜੇ ਦੇ ਘਰ ਆਉਂਦੇ-ਜਾਂਦੇ ਸਨ। ਦੋਹਾਂ ਦੇ ਪਰਿਵਾਰਾਂ ਦੀ ਆਪਸੀ ਸਾਂਝ ਵੀ ਚੰਗੀ ਹੈ। ਗੁਰਕਰਨ ਕੌਰ ਤਿੰਨ ਭਰਾਵਾਂ ਦੀ ਇਕੱਲੀ ਭੈਣ ਸੀ ਅਤੇ 12ਵੀਂ ਕਲਾਸ ਵਿਚ ਪੜ੍ਹਦੀ ਸੀ। ਰਮਨਦੀਪ ਸਿੰਘ ਪੜ੍ਹਾਈ ਛੱਡ ਚੁੱਕਾ ਸੀ ਤੇ ਹਾਲ ਹੀ ਵਿਚ ਇੱਕ ਪ੍ਰਾਈਵੇਟ ਫਰਮ ਵਿਚ ਨੌਕਰੀ ਕਰਨ ਲੱਗ ਪਿਆ ਸੀ।

ਥਾਣਾ ਮਿਹਰਬਾਨ ਦੇ ਜਾਂਚ ਅਧਿਕਾਰੀ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਲੜਕੀ ਦੀ ਜੇਬ ਵਿਚੋਂ ਇੱਕ ਨੋਟ ਮਿਲਿਆ ਹੈ ਜਿਸ ਵਿਚ ਉਸ ਨੇ ਲਿਖਿਆ ਕਿ ਉਸ ਨੇ ਖ਼ੁਦ ਹੀ ਆਪਣੇ ਆਪ ਨੂੰ ਖ਼ਤਮ ਕੀਤਾ ਹੈ। ਇਸ ਵਿਚ ਕਿਸੇ ਹੋਰ ਦਾ ਕੋਈ ਦੋਸ਼ ਨਹੀਂ। ਪੁਲਿਸ ਦੋਹਾਂ ਦੇ ਮੋਬਾਈਲ ਫੋਨਾਂ ਦੇ ਵੇਰਵੇ ਪ੍ਰਾਪਤ ਕਰ ਰਹੀ ਹੈ।

## Matrimonial

### ਕੰਨਿਆਂ ਦੀ ਲੋੜ

Kamboj Sikh boy 28, 6', clean shaven, teetotaler, doing MBA from US Top 20 Business School, seeks educated, pretty girl preferably settled in US. No siblings. Parents getting US PR by start of 2014. Uncle and other family members settled in US for more than 20 years. Caste No Bar. Contact, Ph: 281-451-2173, e-mail: matri9285@gmail.com.

### ਵਰ ਦੀ ਲੋੜ

ਖੱਤਰੀ ਸਿੱਖ ਮਿਲਵਾਕੀ ਰਹਿੰਦੇ ਮਾਪਿਆਂ ਨੂੰ ਆਪਣੀ ਲੜਕੀ, ਉਮਰ 29 ਸਾਲ, ਕੱਦ 5'-6" ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ: 414-204-3480

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਕੈਲੀਫੋਰਨੀਆ ਵਿਚ ਬਣੇਗਾ ਸਿੱਖ ਮਿਸ਼ਨ

**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਸਿੱਖ ਪਛਾਣ ਦੀ ਸਮੱਸਿਆ ਹੱਲ ਕਰਨ ਤੇ ਉਥੇ ਰਹਿ ਰਹੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖੀ ਵਿਚ ਪਰਿਪੱਕ ਕਰਨ ਦੇ ਮੰਤਵ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਬਹੁ ਵਸੋਂ ਵਾਲੀ ਕੈਲੀਫੋਰਨੀਆ ਸਟੇਟ ਵਿਚ ਸਿੱਖ ਮਿਸ਼ਨ ਸਥਾਪਤ ਕਰਨ ਦਾ ਫ਼ੈਸਲਾ ਲਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦਾ ਚਾਰ ਮੈਂਬਰੀ ਵਫ਼ਦ 25 ਸਤੰਬਰ ਨੂੰ ਅਮਰੀਕਾ ਦਾ ਦੌਰਾ ਕਰੇਗਾ ਜੋ ਹਾਲਤ ਦਾ ਜਾਇਜ਼ਾ ਲੈਣ ਮਗਰੋਂ ਸਿੱਖ ਮਿਸ਼ਨ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਇਸ ਯੋਜਨਾ ਦੀ ਰੂਪ ਰੇਖਾ ਤਿਆਰ ਕਰੇਗਾ।

ਸ਼੍ਰੋਮਣੀ ਕਮੇਟੀ ਨੇ ਇਹ ਫ਼ੈਸਲਾ ਉਸ ਵੇਲੇ ਲਿਆ ਹੈ, ਜਦੋਂ ਅਮਰੀਕਾ ਵਿਚ ਸਿੱਖ ਜਥੇਬੰਦੀ ਸੈਲਡੈਫ (ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ) ਤੇ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਕੀਤੇ ਸਰਵੇਖਣ ਰਾਹੀਂ ਖ਼ੁਲਾਸਾ ਹੋਇਆ ਹੈ ਕਿ ਅਮਰੀਕਾ ਦੇ 49 ਫ਼ੀਸਦੀ ਲੋਕ ਸਿੱਖਾਂ ਨੂੰ ਮੁਸਲਿਮ ਧਰਮ ਦਾ ਹਿੱਸਾ ਮੰਨਦੇ ਹਨ। ਇਸੇ ਕਾਰਨ 9/11 ਹਮਲੇ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨ ਸਮਝਦਿਆਂ ਨਸਲੀ ਹਮਲਿਆਂ ਦਾ ਸ਼ਿਕਾਰ ਬਣਾਇਆ ਗਿਆ ਹੈ।

ਇਸ ਤੋਂ ਇਲਾਵਾ ਪਿਛਲੇ ਮਹੀਨੇ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਇਟਲੀ ਦੇ ਰੋਮ ਹਵਾਈ ਅੱਡੇ 'ਤੇ ਤਲਾਸ਼ੀ ਦੇ ਨਾਂ 'ਤੇ ਦਸਤਾਰ ਉਤਾਰਨ ਲਈ ਮਜਬੂਰ ਕਰਨ ਦੀ ਘਟਨਾ ਵੀ ਵਾਪਰੀ ਹੈ ਜਿਸ ਨੇ ਸਮੁੱਚੇ ਸਿੱਖ ਜਗਤ ਨੂੰ ਦਸਤਾਰ ਦੀ ਮਹੱਤਤਾ ਬਾਰੇ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਲਈ ਮਜਬੂਰ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਕੈਲੇਫੋਰਨੀਆ ਵਿਚ ਸ਼੍ਰੋਮਣੀ ਕਮੇਟੀ ਨੂੰ ਤਕਰੀਬਨ 14 ਏਕੜ ਜ਼ਮੀਨ ਪ੍ਰਾਪਤ ਹੋਈ ਹੈ। ਇਸ ਜ਼ਮੀਨ ਬਾਰੇ ਕਾਨੂੰਨੀ ਚਾਰਾਜੋਈ ਮੁਕੰਮਲ ਕਰ ਲਈ ਗਈ ਹੈ। ਹੁਣ ਇਹ ਜ਼ਮੀਨ ਦੇਖਣ ਤੇ ਇਸ 'ਤੇ ਸਿੱਖ ਮਿਸ਼ਨ ਸਥਾਪਤ ਕਰਨ ਲਈ ਲੋੜਾਂ ਦਾ ਜਾਇਜ਼ਾ ਲੈਣ ਲਈ ਸ਼੍ਰੋਮਣੀ ਕਮੇਟੀ ਦਾ ਚਾਰ ਮੈਂਬਰੀ ਵਫ਼ਦ ਅਮਰੀਕਾ ਲਈ ਰਵਾਨਾ ਹੋਵੇਗਾ। ਇਸ ਵਫ਼ਦ ਵਿਚ ਜਥੇਦਾਰ ਅਵਤਾਰ ਸਿੰਘ ਸਮੇਤ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਾਪਤ ਥਾਂ 'ਤੇ ਗੁਰਦੁਆਰਾ ਤੇ ਹੋਰ ਇਮਾਰਤ ਬਣਾਉਣ ਦੀ ਯੋਜਨਾ ਹੈ ਜਿਥੋਂ ਸਿੱਖੀ ਦਾ ਪ੍ਰਚਾਰ ਵੱਖ-ਵੱਖ ਮੁਲਕਾਂ ਵਿਚ ਕੀਤਾ ਜਾ ਸਕੇ। ਇਹ ਵਫ਼ਦ ਵਾਪਸ ਆ ਕੇ ਸਿੱਖ ਮਿਸ਼ਨ ਦੀਆਂ ਲੋੜਾਂ ਅਨੁਸਾਰ ਇਸ ਯੋਜਨਾ ਦੀ ਰੂਪ ਰੇਖਾ ਬਾਰੇ ਬਲਿਊ ਪ੍ਰਿੰਟ ਤਿਆਰ ਕਰੇਗਾ। ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਹ ਦੇਰ ਨਾਲ ਕੀਤਾ ਗਿਆ ਦਰੁਸਤ ਫੈਸਲਾ ਹੈ। ਪਾਰਟੀ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਉਥੇ ਮਾਹਰਾਂ ਐ ਵਿਦਵਾਨਾਂ ਦੀਆਂ ਸੇਵਾਵਾਂ ਲਏ ਤਾਂ ਜੋ ਸਿੱਖ ਭਾਈਚਾਰੇ ਬਾਰੇ ਭਰਮ ਭੁਲੇਖੇ ਨੂੰ ਦੂਰ ਕੀਤਾ ਜਾ ਸਕੇ।




## ਮਿਸ਼ਨ ਦਾ ਮਕਸਦ

ਇਸ ਮਿਸ਼ਨ ਕੇਂਦਰ ਵਿਚ ਸ਼ੁਰੂ ਵਿਚ ਇਥੋਂ ਰਾਗੀ, ਢਾਡੀ, ਪ੍ਰਚਾਰਕ ਤੇ ਹੋਰ ਵਿਦਵਾਨ ਭੇਜੇ ਜਾਣਗੇ ਜੋ ਉਧਰ ਰਹਿ ਰਹੇ ਸਿੱਖਾਂ ਨੂੰ ਇਸ ਮੰਤਵ ਲਈ ਤਿਆਰ ਕਰਨਗੇ।ਇਸ ਕੇਂਦਰ ਤੋਂ ਪ੍ਰਚਾਰਕਾਂ ਦੀ ਸਪਲਾਈ ਲਾਈਨ ਤਿਆਰ ਕੀਤੀ ਜਾਵੇਗੀ ਜੋ ਯੂਰਪ ਤੇ ਹੋਰ ਮੁਲਕਾਂ ਵਿਚ ਸਿੱਖੀ ਦਾ ਪ੍ਰਚਾਰ ਕਰਦਿਆਂ ਸਿੱਖ ਧਰਮ, ਪੰਜ ਕਕਾਰਾਂ ਤੇ ਸਿਧਾਂਤਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਗੇ ਜਿਸ ਨਾਲ ਸਿੱਖ ਪਛਾਣ ਦਾ ਮਾਮਲਾ ਹੱਲ ਹੋਵੇਗਾ। ਵੱਖ ਵੱਖ ਭਾਸ਼ਾਵਾਂ ਵਿਚ ਸਿੱਖ ਧਰਮ ਸਬੰਧੀ ਛੋਟੇ ਕਿਤਾਬਚੇ ਤਿਆਰ ਕਰਵਾਏ ਜਾਣਗੇ। ਜਥੇਦਾਰ ਮੱਕਰ ਅਨੁਸਾਰ ਕੈਲੇਫੋਰਨੀਆ ਵਿਚ ਪ੍ਰਿੰਟਿੰਗ ਮਸ਼ੀਨ ਸਥਾਪਤ ਕਰਨ ਦੀ ਯੋਜਨਾ ਬਾਰੇ ਬਾਅਦ ਵਿਚ ਵਿਚਾਰ ਕੀਤਾ ਜਾਵੇਗਾ।

# ਜਿਨਸੀ ਹਮਲੇ ਦੇ ਦੋਸ਼ ਵਿਚ ਭਾਰਤੀ ਨੂੰ ਨੌਂ ਮਹੀਨੇ ਦੀ ਕੈਦ

**ਸ਼ਿਕਾਗੋ (ਬਿਊਰੋ):** ਇਕ ਭਾਰਤੀ ਇੰਜੀਨੀਅਰ ਨੂੰ ਹਵਾਈ ਉਡਾਣ ਦੌਰਾਨ ਇਕ ਅਮਰੀਕੀ ਮਹਿਲਾ 'ਤੇ ਜਿਨਸੀ ਹਮਲਾ ਕਰਨ ਦੇ ਦੋਸ਼ ਵਿਚ ਨੌਂ ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਸਜ਼ਾ ਪੂਰੀ ਹੋਣ 'ਤੇ ਉਸ ਨੂੰ ਭਾਰਤ ਵਾਪਸ ਭੇਜਿਆ ਜਾ ਸਕਦਾ ਹੈ। ਸਾਫਟਵੇਅਰ ਕੰਸਲਟੈਂਟ ਸ੍ਰੀਨਿਵਾਸ ਐਸ. ਇਰਾਮਿਲੀ (46) ਨੂੰ ਫੈਡਰਲ ਜ਼ਿਲ੍ਹਾ ਜੱਜ ਜੋਆਨ ਐਲ. ਲੈਫਕੋਅ ਵੱਲੋਂ 5000 ਡਾਲਰ ਦਾ ਜੁਰਮਾਨਾ ਕੀਤਾ ਗਿਆ ਤੇ ਜੇਲ੍ਹ ਤੋਂ ਰਿਹਾਈ ਮਗਰੋਂ ਇਕ ਸਾਲ ਲਈ ਅਦਾਲਤੀ ਨਿਗਰਾਨੀ ਹੇਠ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਜੱਜ ਨੇ ਇਰਾਮਿਲੀ ਦਾ ਬੌਂਡ ਰੱਦ ਕਰਨ ਬਾਰੇ ਸਰਕਾਰ ਦੀ ਅਪੀਲ 'ਤੇ ਸੁਣਵਾਈ ਲਈ ਤਰੀਕ ਦਿੱਤੀ ਹੈ। ਨਿਆਂ ਵਿਭਾਗ ਨੇ ਦੱਸਿਆ ਕਿ ਰਿਹਾਈ ਤੋਂ ਬਾਅਦ ਉਸ 'ਤੇ ਨਿਗਰਾਨੀ ਰੱਖੀ ਜਾਵੇਗੀ ਤੇ ਉਸ ਨੂੰ ਹਵਾਈ ਸਫਰ ਤੋਂ ਮਨਾਹੀ ਹੋਵੇਗੀ ਤੇ ਬਾਅਦ ਵਿਚ ਉਸ ਨੂੰ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਨਿਆਂ ਵਿਭਾਗ ਦੇ ਦੋਸ਼ਾਂ ਮੁਤਾਬਕ ਇਰਾਮਿਲੀ ਨੇ 14 ਜੂਨ 2011 ਨੂੰ ਸ਼ਿਕਾਗੋ ਦੀ ਉਡਾਣ ਦੌਰਾਨ ਆਪਣੇ ਪਤੀ ਨਾਲ ਸਫ਼ਰ ਕਰ ਰਹੀ ਆਪਣੇ ਤੋਂ ਵੱਡੀ ਉਮਰ ਦੀ ਇੱਕ ਔਰਤ ਨਾਲ ਤਿੰਨ ਵਾਰ ਛੇੜਛਾੜ ਕੀਤੀ ਸੀ।

# ਬਰਤਾਨੀਆ ਵਿਚ ਸਿੱਖ ਕੁੜੀਆਂ ਦਾ ਸ਼ੋਸ਼ਣ

**ਲੰਡਨ:** ਬਰਤਾਨੀਆ ਵਿਚ ਸਰੀਰਕ ਸੋਸ਼ਣ ਦਾ ਸ਼ਿਕਾਰ ਹੋ ਰਹੀਆਂ ਏਸ਼ਿਆਈ ਕੁੜੀਆਂ ਸ਼ਰਮੋ-ਸ਼ਰਮੀ ਆਪਣੇ 'ਤੇ ਬੀਤੀ ਦੱਸਣ ਤੋਂ ਡਰ ਰਹੀਆਂ ਹਨ ਜਿਸ ਕਾਰਨ ਪੁਲਿਸ ਤੇ ਪ੍ਰਸ਼ਾਸਨ ਉਨ੍ਹਾਂ ਦੇ ਸੋਸ਼ਣ ਨਾਲ ਸਬੰਧਤ ਮਾਮਲੇ ਹੱਲ ਕਰਨ ਤੋਂ ਬੇਵੱਸ ਹੈ। ਸੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ ਬਹੁਤੀਆਂ ਕੁੜੀਆਂ ਸਿੱਖ ਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਹਨ।

ਬਰਤਾਨੀਆ ਦੇ ਮੁਸਲਿਮ ਮਹਿਲਾ ਨੈੱਟਵਰਕ ਵੱਲੋਂ ਕੀਤੀ ਖੋਜ 'ਤੇ ਆਧਾਰਤ ਰਿਪੋਰਟ 'ਅਣਸੁਣੀਆਂ ਆਵਾਜ਼ਾਂ: ਏਸ਼ਿਆਈ ਕੁੜੀਆਂ ਤੇ ਔਰਤਾਂ ਦਾ ਸਰੀਰਕ ਸੋਸ਼ਣ' ਵਿਚ ਦੱਸਿਆ ਗਿਆ ਹੈ ਕਿ ਏਸ਼ਿਆਈ ਕੁੜੀਆਂ ਤੇ ਕੁਝ ਲੜਕੇ ਵੀ ਉਨ੍ਹਾਂ ਗਰੋਹਾਂ ਦਾ ਸ਼ਿਕਾਰ ਹਨ ਜਿਹੜੇ ਬੱਚਿਆਂ ਦਾ ਸਰੀਰਕ ਸੋਸ਼ਣ ਕਰਦੇ ਹਨ ਪਰ ਇਨ੍ਹਾਂ ਮਾਮਲਿਆਂ ਦੀ ਆਵਾਜ਼ ਪੁਲਿਸ ਤਕ ਨਹੀਂ ਪੁੱਜਦੀ ਕਿਉਂਕਿ ਪਰਿਵਾਰਾਂ ਦੀ ਇੱਜ਼ਤ ਤੇ ਸ਼ਰਮ ਰਾਹ ਰੋਕ ਲੈਂਦੀਆਂ ਹਨ।

ਬਰਮਿੰਘਮ ਸਥਿਤ ਇਸ ਨੈੱਟਵਰਕ ਦੀ ਮੁਖੀ ਸ਼ਾਇਸਤਾ ਗੋਹਿਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਖੋਜ ਸ਼ੁਰੂ ਕੀਤੀ ਤਾਂ ਇਹ ਯਕੀਨ ਸੀ ਕਿ ਅਜਿਹੇ ਮਾਮਲੇ ਸਾਹਮਣੇ ਆਉਣਗੇ ਪਰ ਜਿਉਂ-ਜਿਉਂ ਖੋਜ ਅੱਗੇ ਵਧੀ ਤਾਂ ਆਸ ਤੋਂ ਕਿਤੇ ਵੱਧ ਸੋਸ਼ਣ ਦੇ ਮਾਲੇ ਸਾਹਮਣੇ ਆਏ ਤੇ ਉਨ੍ਹਾਂ ਦੀ ਭਿਆਨਕਤਾ ਦੇਖ ਕੇ ਦਿਲ ਕੰਬ ਗਿਆ। ਗਰੋਹਾਂ ਨੇ ਉਸ ਕੁੜੀ ਨੂੰ ਆਪਣਾ ਸ਼ਿਕਾਰ ਬਣਾਇਆ ਜਿਹੜੀ ਉਨ੍ਹਾਂ ਦੇ ਜਾਲ ਵਿਚ ਸੌਖੀ ਫਸ ਸਕਦੀ ਸੀ।

ਹਾਲ ਹੀ ਦੌਰਾਨ ਮੁਸਲਿਮ ਲੜਕਿਆਂ ਦੇ ਗਰੋਹਾਂ ਵੱਲੋਂ ਗੋਰੀਆਂ ਲੜਕੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦੇ ਬਹੁਤ ਸਾਰੇ ਮਾਮਲੇ ਪੁਲਿਸ ਕੋਲ ਪੁੱਜੇ ਤੇ ਪੁਲਿਸ ਨੇ ਮਾਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਏਸ਼ਿਆਈ ਕੁੜੀਆਂ 'ਤੇ ਜੋ ਸਿੱਖ ਤੇ ਮੁਸਲਿਮ ਧਰਮਾਂ ਨਾਲ ਸਬੰਧਤ ਹਨ। ਸ਼ਰਮ ਕਾਰਨ ਆਪਣੇ ਸੋਸ਼ਣ ਦੇ ਕੇਸ ਪੁਲੀਸ ਕੋਲ ਨਹੀਂ ਲਿਜਾ ਰਹੀਆਂ।

ਇਸ ਨੈੱਟਵਰਕ ਨੇ ਪੰਜ ਮਹੀਨਿਆਂ ਦੌਰਾਨ ਏਸ਼ਿਆਈ ਕੁੜੀਆਂ ਦੇ ਸੋਸ਼ਣ ਦੇ 35 ਕੇਸਾਂ ਤੋਂ ਪਰਦਾ ਚੁੱਕਿਆ। ਬਹੁਤੀਆਂ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਭਾਈਚਾਰੇ ਦੇ ਪੁਰਸ਼ਾਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਹੁਣ ਤਕ ਇਹੀ ਮੰਨਿਆ ਜਾਂਦਾ ਰਿਹਾ ਸੀ ਕਿ ਗੋਰੇ ਪੁਰਸ਼ ਹੀ ਬੱਚਿਆਂ ਦਾ ਸਰੀਰਕ ਸੋਸ਼ਣ ਕਰ ਰਹੇ ਹਨ ਪਰ ਤਾਜ਼ਾ ਅਧਿਐਨ ਨੇ ਇਸ ਭੁਲੇਖੇ ਨੂੰ ਵੀ ਦੂਰ ਕਰ ਦਿੱਤਾ ਹੈ। ਰੋਟਰਹਮ, ਡਰਬੀ ਤੇ ਆਕਸਫੋਰਡ ਵਿਚ ਏਸ਼ਿਆਈ ਪੁਰਸ਼ਾਂ ਦੇ ਗਰੁੱਪ ਬੱਚਿਆਂ ਦਾ ਸਰੀਰਕ ਸੋਸ਼ਣ ਕਰ ਰਹੇ ਹਨ। ਤਾਜ਼ਾ ਰਿਪੋਰਟ ਅਨੁਸਾਰ ਸਿੱਖਾਂ ਦੀਆਂ ਧੀਆਂ-ਭੈਣਾਂ ਨੂੰ ਮੁੱਖ ਤੌਰ 'ਤੇ ਮੁਸਲਿਮ ਗਰੋਹ ਆਪਣਾ ਸ਼ਿਕਾਰ ਬਣਾ ਰਹੇ ਹਨ।



# ਵੀਜ਼ਾ ਬੌਂਡ ਬਾਰੇ ਬਰਤਾਨਵੀ ਸਰਕਾਰ ਵਿਚਾਲੇ ਦਰਾੜ

**ਲੰਡਨ:** ਬਰਤਾਨੀਆ ਦੀ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿਚ ਭਾਰਤ ਜਿਹੇ ਮੁਲਕਾਂ ਤੋਂ ਆਉਂਦੇ ਲੋਕਾਂ 'ਤੇ 3000 ਪੌਂਡ ਦੇ ਵੀਜ਼ਾ ਬੌਂਡ ਦੀ ਸ਼ਰਤ ਲਾਗੂ ਕਰਨ ਜਿਹੀਆਂ ਵਿਵਾਦਗ੍ਰਸਤ ਯੋਜਨਾਵਾਂ ਨੂੰ ਲੈ ਕੇ ਦਰਾੜ ਨਜ਼ਰ ਆਉਣ ਲੱਗੀ ਹੈ। ਲਿਬਰਲ ਡੈਮੋਕਰੇਟਿਕ ਪਾਰਟੀ ਦੇ ਮੈਂਬਰ ਤੇ ਬਰਤਾਨੀਆ ਦੇ ਕਾਰੋਬਾਰ ਬਾਰੇ ਮੰਤਰੀ ਵਿੰਸ ਕੇਬਲ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਯੋਜਨਾ ਕਾਰਨ ਦੇਸ਼ ਦੇ ਭਾਰਤ ਨਾਲ ਸਬੰਧਾਂ 'ਤੇ ਮਾੜਾ ਅਸਰ ਪਏਗਾ।

ਸ੍ਰੀ ਕੇਬਲ ਨੇ ਬੀਬੀਸੀ 'ਤੇ ਕਿਹਾ ਕਿ ਇਸ ਯੋਜਨਾ ਬਾਰੇ ਭਾਰਤ ਤੇ ਹੋਰ ਥਾਈਂ ਰਹਿੰਦੇ ਦੋਸਤਾਂ-ਮਿੱਤਰਾਂ ਤੇ ਜਿਨ੍ਹਾਂ ਦੇਸ਼ਾਂ ਨਾਲ ਬਰਤਾਨੀਆ ਸਬੰਧ ਮਜ਼ਬੂਤ ਬਣਾਉਣ ਦੇ ਯਤਨ ਕਰ ਰਿਹਾ ਹੈ, ਦੀ ਪ੍ਰਤੀਕਿਰਿਆ ਤਲਖ ਹੋਏਗੀ। ਉਨ੍ਹਾਂ ਕਿਹਾ ਕਿ ਸਰਕਾਰ ਵਿਚ ਉਹ ਤੇ ਨਿੱਕ ਕਲੇਗ (ਲਿਬਰਲ ਡੈਮੋਕ੍ਰੇਟ ਆਗੂ ਤੇ ਬਰਤਾਨੀਆ ਦੇ ਉਪ ਪ੍ਰਧਾਨ ਮੰਤਰੀ) ਇਸ ਵੀਜ਼ਾ ਬੌਂਡ ਲਈ ਵਧੇਰੇ ਸਿਆਣਪ ਭਰੀ ਤੇ ਲਚਕੀਲੀ ਪਹੁੰਚ ਅਪਣਾਏ ਜਾਣ ਲਈ ਤਾਣ ਲਾ ਰਹੇ ਹਨ। ਸੀਨੀਅਰ ਮੰਤਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਯੋਜਨਾ ਹੈ ਕਿ ਉਹ ਕੈਬਨਿਟ ਵਿਚਲੀ ਟੋਰੀ ਸਾਥੀ ਟੈਰੇਸਾ ਮੇਅ ਨੂੰ ਇਸ ਬਾਰੇ ਮੁੜ ਵਿਚਾਰ ਲਈ ਮਨਾਉਣ ਦਾ ਯਤਨ ਕਰਨਗੇ।

ਇਸ ਨਵੀਂ ਸਕੀਮ ਅਨੁਸਾਰ ਭਾਰਤ, ਪਾਕਿਸਤਾਨ, ਸ੍ਰੀਲੰਕਾ, ਬੰਗਲਾਦੇਸ਼, ਘਾਨਾ ਤੇ ਨਾਈਜੀਰੀਆ ਜਿਹੇ ਮੁਲਕਾਂ ਦੇ ਲੋਕਾਂ ਨੂੰ ਦੇਸ਼ ਦਾ ਛੇ ਮਹੀਨੇ ਦਾ ਵੀਜ਼ਾ ਲੈਣ ਲਈ 3000 ਪੌਂਡ ਜਮ੍ਹਾਂ ਕਰਵਾਉਣਗੇ ਹੋਣਗੇ ਤੇ ਜੇ ਉਹ ਵੱਧ ਸਮਾਂ ਦੇਸ਼ ਵਿਚ ਟਿਕਦੇ ਹਨ ਤਾਂ ਉਨ੍ਹਾਂ ਦੀ ਇਹ ਰਾਸ਼ੀ ਜ਼ਬਤ ਕਰ ਲਈ ਜਾਵੇਗੀ। ਇਹ ਸਕੀਮ ਨਵੰਬਰ ਤੋਂ ਸ਼ੁਰੂ ਹੋ ਰਹੀ ਹੈ।

# ਭਰੂਣ ਹੱਤਿਆ ਖਿਲਾਫ ਅਮਰੀਕੀਆਂ ਵੱਲੋਂ ਆਵਾਜ਼ ਬੁਲੰਦ

**ਵਾਸ਼ਿੰਗਟਨ:** ਭਾਰਤ ਵਿਚ ਮਾਦਾ ਭਰੂਣ ਹੱਤਿਆਵਾਂ ਦੀ ਵਧ ਰਹੀ ਗਿਣਤੀ 'ਤੇ ਫਿਕਰ ਜ਼ਾਹਰ ਕਰਦਿਆਂ ਅਮਰੀਕੀ ਕਾਂਗਰਸ ਮੈਂਬਰਾਂ ਤੇ ਮਾਹਰਾਂ ਨੇ ਅਮਰੀਕਾ ਦੀ ਸਰਕਾਰ ਨੂੰ ਕਿਹਾ ਹੈ ਕਿ ਬਾਲੜੀਆਂ ਤੇ ਔਰਤਾਂ ਵਿਰੁੱਧ ਅਜਿਹੀਆਂ ਵਧੀਕੀਆਂ ਤੇ ਖਤਰਨਾਕ ਵਰਤਾਰਿਆਂ ਨੂੰ ਠੱਲ੍ਹ ਪਾਉਣ ਲਈ ਉਹ ਆਪਣੀ ਭੂਮਿਕਾ ਨਿਭਾਵੇ। ਭਾਰਤ ਵਿਚ ਕੁੱਖਾਂ ਵਿਚ ਕਤਲ ਕੁੜੀਆਂ (ਇੰਡੀਆਜ਼ ਮਿਸਿੰਗ ਗਰਲਜ਼) ਬਾਰੇ ਕਾਂਗਰਸ ਅੱਗੇ ਸੁਣਵਾਈ ਦੌਰਾਨ ਮੈਂਬਰਾਂ ਤੇ ਮਾਹਰਾਂ ਨੇ ਭਾਰਤ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਸਖਤੀ ਨਾਲ ਆਪੇ ਕਾਨੂੰਨ ਤੇ ਨਿਯਮ ਲਾਗੂ ਕਰੇ।

ਬਹੁਤਿਆ ਨੇ ਕਿਹਾ ਕਿ ਸਮਾਜਕ-ਆਰਥਿਕ ਤੇ ਸਭਿਆਚਾਰਕ ਕਾਰਨਾਂ ਦਾ ਗੁੰਝਲਦਾਰ ਤਾਣਾਬਾਣਾ ਵੀ ਇਸ ਸਾਰੇ ਕੁਝ ਲਈ ਜ਼ਿੰਮੇਵਾਰ ਹੈ। ਮੈਂਬਰਾਂ ਨੇ ਭਾਰਤ ਨੂੰ ਇਸ ਬਾਰੇ ਵਧੇਰੇ ਜਾਗਰੂਕਤਾ ਲਿਆਂਦੇ ਜਾਣ ਲਈ ਕਿਹਾ ਹੈ। ਕਾਂਗਰਸ ਵਿਚ ਸੁਣਵਾਈ ਦੌਰਾਨ ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਅਮੀ ਬੇਰਾ ਨੇ ਕਿਹਾ ਕਿ ਸਮਾਜਿਕ-ਆਰਥਿਕ ਤੇ ਸਭਿਆਚਾਰਕ ਕਾਰਨਾਂ ਦਾ ਉਲਝਣ ਭਰਿਆ ਤਾਣਾਬਾਣਾ ਵੀ ਲੜਕੀਆਂ ਵਿਰੁੱਧ ਪੱਖਪਾਤੀ ਵਤੀਰੇ ਦਾ ਕਾਰਨ ਹੈ। ਇਨ੍ਹਾਂ ਵਿਚੋਂ ਕੁਝ ਕਾਰਨਾਂ ਦੀ ਸ਼ਨਾਖਤ ਵੀ ਕੀਤੀ ਗਈ ਹੈ। ਇਹੋ ਫਿਰ ਅੱਗੇ ਲਿੰਗ ਚੋਣ ਜਿਹੇ ਅਮਲਾਂ ਦਾ ਕਾਰਨ ਬਣਦੇ ਹਨ। ਇਸ ਕਰਕੇ ਪਹਿਲਾਂ ਮੁੱਢਲੇ ਤੇ ਅੰਦਰਲੇ ਕਾਰਨਾਂ ਨਾਲ ਨਜਿੱਠਿਆ ਜਾਣਾ ਜ਼ਰੂਰੀ ਹੈ।

ਸ੍ਰੀ ਬੇਰਾ ਨੇ ਕਿਹਾ ਕਿ ਸਹਾਈ ਤੇ ਸਹੀ ਤਬਦੀਲੀ ਲਿਆਉਣ ਦਾ ਇਕੋ-ਇਕ ਰਾਹ ਲੋਕਾਂ ਦੇ ਪੱਧਰ 'ਤੇ ਮੁਹਿੰਮਾਂ ਚਲਾ ਕੇ ਆਮ ਲੋਕਾਂ ਨੂੰ ਇਨ੍ਹਾਂ ਵਿਚ ਸ਼ਾਮਲ ਕਰਕੇ ਮਨੋਬਿਰਤੀ ਵਿਚ ਤੇ ਉਨ੍ਹਾਂ ਨੇਮਾਂ ਨਿਯਮਾਂ ਵਿਚ ਤਬਦੀਲੀਆਂ ਲਿਆਉਣਾ ਹੈ ਜੋ ਔਰਤਾਂ ਤੇ ਬਾਲੜੀਆਂ ਪ੍ਰਤੀ ਪੱਖਪਾਤ ਦਾ ਆਧਾਰ ਬਣਦੇ ਹਨ। ਹਾਲ ਹੀ ਵਿਚ ਭਾਰਤ ਦਾ ਦੌਰਾ ਕਰਕੇ ਪਰਤੇ ਅਮੀ ਬੇਰਾ ਨੇ ਕਿਹਾ ਕਿ ਅਮਰੀਕਾ ਇਸ ਦਿਸ਼ਾ ਵਿਚ ਸਰਵੋਤਮ ਢੰਗ ਨਾਲ ਇਹੋ ਭੂਮਿਕਾ ਨਿਭਾ ਸਕਦਾ ਹੈ ਕਿ ਇਹ ਆਲਮੀ ਭਾਈਚਾਰੇ ਵਿਚ ਔਰਤਾਂ ਦੇ ਹੱਕਾਂ ਤੇ ਉਨ੍ਹਾਂ ਦੀ ਆਪਣੇ ਨਿੱਜੀ ਫੈਸਲੇ ਲੈਣ ਦੀ ਆਜ਼ਾਦੀ ਦਾ ਤਕੜਾ ਸਮਰਥਕ ਬਣਿਆ ਰਹੇ। ਇਹ ਨਿੱਜੀ ਫੈਸਲੇ ਔਰਤਾਂ ਨੇ ਆਪਣੀ ਸਿਹਤ-ਜਿਸਮ ਤੇ ਜ਼ਿੰਦਗੀ ਬਾਰੇ ਲੈਣੇ ਹੁੰਦੇ ਹਨ ਤੇ ਇਸ ਦੇ ਨਾਲ ਹੀ ਔਰਤਾਂ ਨੂੰ ਸਚਮੁੱਚ ਸ਼ਕਤੀਸ਼ਾਲੀ ਤੇ ਸਮਰਥ ਬਣਾਉਣਾ ਲਾਜ਼ਮੀ ਹੈ। ਕਾਂਗਰਸ ਮੈਂਬਰ ਕ੍ਰਿਸਟੋਫਰ ਸਮਿੱਥ ਦੀ ਅਗਵਾਈ ਵਿਚ ਅਫਰੀਕਾ, ਆਲਮੀ ਸਿਹਤ, ਆਲਮੀ ਮਾਨਵੀ ਅਧਿਕਾਰ ਤੇ ਕੌਮਾਂਤਰੀ ਸੰਗਠਨਾਂ ਬਾਰੇ ਸਦਨ ਦੀ ਉਪ ਕਮੇਟੀ ਦੀ ਸੁਣਵਾਈ ਹੋਈ। ਉਨ੍ਹਾਂ ਕਿਹਾ ਕਿ ਮਾਦਾ ਭਰੂਣ ਹੱਤਿਆਵਾਂ ਦੀ ਇਸ ਗੁੰਝਲ ਦੀ ਜੜ੍ਹ ਨਾ ਸਿਰਫ ਸੱਭਿਆਚਾਰਕ ਕਾਰਨ ਹਨ ਬਲਕਿ ਗਲਤ ਨੀਤੀਗਤ ਫੈਸਲੇ ਵੀ ਹਨ ਜਿਨ੍ਹਾਂ ਵਿਚ ਆਬਾਦੀ ਕੰਟਰੋਲ ਬਾਰੇ ਨੀਤੀਆਂ ਵੀ ਸ਼ਾਮਲ ਹਨ ਤੇ ਇਹ ਅਮਰੀਕਾ ਵਿਚ ਘੜੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਅਜਿਹੀਆਂ ਗਲਤ ਨੀਤੀਆਂ ਦਾ ਭਾਰਤੀ ਔਰਤਾਂ ਉਤੇ ਬੜਾ ਮਾੜਾ ਅਸਰ ਪਿਆ ਹੈ।




ਕਮੇਟੀ ਅੱਗੇ ਪੇਸ਼ ਆਜ਼ਾਦ ਰਿਸਰਚ ਸਾਬੂ ਜਾਰਜ ਨੇ ਕਾਰਪੋਰੇਟ ਜਗਤ ਦਾ ਹਵਾਲਾ ਦਿੱਤਾ ਜੋ ਬੱਚੇ ਦੇ ਲਿੰਗ ਦੀ ਚੋਣ ਲਈ ਤਕਨਾਲੋਜੀ ਨੂੰ ਹੁਲਾਰਾ ਦਿੰਦਾ ਹੈ। ਉਨ੍ਹਾਂ ਨੇ ਗੂਗਲ 'ਤੇ ਚੱਲਦੀ ਉਸ ਇਸ਼ਤਿਹਾਰਬਾਜ਼ੀ ਵੱਲ ਧਿਆਨ ਦਿਵਾਇਆ ਜਿਸ ਵਿਚ ਲਿੰਗ ਚੋਣ ਬਾਰੇ ਉਸ ਨਵੀਂ ਤਕਨਾਲੋਜੀ ਨੂੰ ਵੀ ਵਡਿਆਇਆ ਹੁੰਦਾ ਹੈ ਜੋ ਹਾਲੇ ਪਰਖੀ ਜਾਣੀ ਹੁੰਦੀ ਹੈ। ਇਨਵਿਜ਼ੀ ਬਲ ਗਰਲ ਪ੍ਰਾਜੈਕਟ ਦੀ ਉਪ ਪ੍ਰਧਾਨ ਮੈਕ ਈਲੀਆ ਨੇ ਲਿੰਗ ਚੋਣ ਦੇ ਵਰਤਾਰੇ ਬਾਰੇ ਗੱਲ ਕੀਤੀ। ਨਿਊਯਾਰਕ ਦੀ ਮਲਿਕਾ ਦੱਤ ਨੇ ਕਿਹਾ ਕਿ ਲਿੰਗ ਆਧਾਰਤ ਸਾਰੇ ਭੇਦਭਾਵ ਤੇ ਹਿੰਸਾ-ਪਿਤਰੀਵਾਦ ਤੇ ਪੁੱਤਰਾਂ ਨੂੰ ਤਰਜੀਹ ਦੇਣ ਦੇ ਕਾਰਨ ਹਨ। ਅਜਿਹੇ ਵਰਤਾਰੇ ਦੁਨੀਆਂ ਭਰ ਵਿਚ ਚੱਲ ਰਹੇ ਹਨ।

# ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਤਿੰਨ ਖਾੜਕੂ ਫੜਨ ਦਾ ਦਾਅਵਾ

**ਗੁਰਦਾਸਪੁਰ:** ਪੰਜਾਬ ਪੁਲਿਸ ਵੱਲੋਂ ਪਿਛਲੇ ਤਿੰਨ ਹਫਤਿਆਂ ਦੌਰਾਨ ਫ਼ਤਿਹਗੜ੍ਹ ਸਾਹਿਬ, ਅੰਮ੍ਰਿਤਸਰ ਤੇ ਬਰਨਾਲਾ ਜ਼ਿਲ੍ਹਿਆਂ ਵਿਚੋਂ ਖਾੜਕੂਆਂ ਦੇ ਫੜੇ ਤਿੰਨ ਗਰੁੱਪਾਂ ਦੀਆਂ ਜੜ੍ਹਾਂ ਜ਼ਿਲ੍ਹਾ ਗੁਰਦਾਸਪੁਰ ਵਿਚ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਪਤਾ ਲਾ ਕੇ ਜ਼ਿਲ੍ਹਾ ਪੁਲਿਸ ਨੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਤਿੰਨ ਹੋਰ ਕਾਰਕੁਨਾਂ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕਰਕੇ ਪੰਜਾਬ ਵਿਚ ਖਾੜਕੂਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ।



ਐਸ.ਐਸ.ਪੀ. ਸੁਖਵੰਤ ਸਿੰਘ ਗਿੱਲ ਨੇ ਦੱਸਿਆ ਕਿ ਅੰਮ੍ਰਿਤਸਰ ਤੇ ਫ਼ਤਿਹਗੜ੍ਹ ਸਾਹਿਬ ਪੁਲਿਸ ਵੱਲੋਂ ਪਿਛਲੇ ਦਿਨੀਂ ਗ੍ਰਿਫ਼ਤਾਰ ਕੀਤੇ ਖਾੜਕੂ ਸੰਗਠਨਾਂ ਤੋਂ ਕੀਤੀ ਪੁੱਛਗਿੱਛ ਦੇ ਬਾਅਦ ਇਸ ਸੰਗਠਨ ਦੀਆਂ ਤਾਰਾਂ ਗੁਰਦਾਸਪੁਰ ਦੇ ਕੁਝ ਵਿਅਕਤੀਆਂ ਨਾਲ ਜੁੜੀਆਂ ਹੋਣ ਸਬੰਧੀ ਸੂਚਨਾ ਮਿਲੀ ਸੀ। ਇਸ ਦੇ ਆਧਾਰ 'ਤੇ ਜ਼ਿਲ੍ਹਾ ਪੁਲਿਸ ਵੱਲੋਂ ਸੁਖਜਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਗੁਰੀਆ, ਜ਼ਿਲ੍ਹਾ ਗੁਰਦਾਸਪੁਰ, ਨਰਿੰਦਰਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਘਰ ਨੰ 24/6 ਸਕੀਮ ਨੰਬਰ ਇਕ, ਇੰਪਰੂਵਮੈਂਟ ਟਰੱਸਟ ਕਾਲੋਨੀ ਗੁਰਦਾਸਪੁਰ ਤੇ ਸੁਰਿੰਦਰ ਸਿੰਘ ਉਰਫ਼ ਛੀਨਾ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਕੀੜੀ ਅਫ਼ਗਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਕੋਲੋਂ ਮੈਗਜ਼ੀਨ ਸਮੇਤ ਇਕ ਏ.ਕੇ. 47, 20 ਕਾਰਤੂਸ, ਪੰਜ ਕਾਰਤੂਸਾਂ ਸਮੇਤ ਇਕ 0.38 ਬੋਰ ਦਾ ਅਮਰੀਕਾ ਵਿਚ ਬਣਿਆ ਸਮਿਥ ਐਂਡ ਵੈਸਨ ਰਿਵਾਲਵਰ ਤੇ ਤਿੰਨ ਹੋਰ ਕਾਰਤੂਸਾਂ ਸਮੇਤ ਇਕ ਹੋਰ 0.45 ਬੋਰ ਦਾ ਬਰਾਜ਼ੀਲ ਵਿਚ ਬਣਿਆ ਟੌਰਸ ਪਿਸਤੌਲ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਾੜਕੂਆਂ (ਨੂੰ ਵਿਦੇਸ਼ ਤੋਂ ਬੈਠੇ ਇਨ੍ਹਾਂ ਦੇ ਸਰਪ੍ਰਸਤਾਂ ਵੱਲੋਂ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਸਨ ਤੇ ਇਨ੍ਹਾਂ ਦਾ ਨਿਸ਼ਾਨਾ ਸ਼ਿਵ ਸੈਨਾ (ਬਾਲ ਠਾਕਰੇ) ਦਾ ਆਗੂ ਸੀ।

ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਜਾਣ ਸਮੇਂ ਖਾੜਕੂ ਸਿਲਵਰ ਰੰਗ ਦੀ ਫੋਰਡ ਫੀਗੋ ਕਾਰ ਨੰ. ਪੀ.ਬੀ. 06-ਐਸ-1313 ਵਿਚ ਸਫ਼ਰ ਕਰ ਰਹੇ ਸਨ। ਇਸ ਗਰੋਹ ਵੱਲੋਂ ਵਰਤੇ ਜਾਂਦੇ ਦੋ ਮੋਟਰਸਾਈਕਲ ਵੀ ਪੁਲਿਸ ਵੱਲੋਂ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਗਰੋਹ ਨੂੰ ਵਿਦੇਸ਼ ਬੈਠੇ ਹਰਮਿੰਦਰ ਸਿੰਘ ਉਰਫ਼ ਮਿੰਟੂ ਤੇ ਹਰਮੀਤ ਸਿੰਘ ਉਰਫ਼ ਪੀ.ਐਚ.ਡੀ. ਵੱਲੋਂ ਨਿਰਦੇਸ਼ਤ ਕੀਤਾ ਜਾਂਦਾ ਸੀ।

## ਸੱਜਣ ਕੁਮਾਰ ਤੇ ਡੇਰਾ ਸਿਰਸਾ ਮੁਖੀ ਖਾੜਕੂਆਂ ਦੇ ਨਿਸ਼ਾਨੇ 'ਤੇ





**ਫਤਹਿਗੜ੍ਹ ਸਾਹਿਬ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਛੇ ਸਤੰਬਰ ਨੂੰ ਕਾਬੂ ਕੀਤੇ ਨਵੇਂ ਖਾੜਕੂ ਸੰਗਠਨ ਦੇ ਸੱਤ ਮੈਂਬਰਾਂ ਤੋਂ ਕੀਤੀ ਪੁੱਛਗਿਛ ਦੌਰਾਨ ਕਈ ਅਹਿਮ ਸੁਰਾਗ ਹੱਥ ਲੱਗੇ ਹਨ। ਪੁੱਛਗਿਛ ਦੇ ਆਧਾਰ 'ਤੇ ਪੁਲਿਸ ਨੇ ਇਸ ਗਰੋਹ ਨਾਲ ਸਬੰਧਤ 13 ਮੈਂਬਰਾਂ ਨੂੰ ਕਾਬੂ ਕਰ ਲਿਆ ਹੈ। ਗਰੋਹ ਦੇ ਮੁੱਖ ਸਰਗਨਾ ਸਤਨਾਮ ਸਿੰਘ ਜੋ ਨਾਂਦੇੜ ਸਾਹਿਬ ਰਹਿੰਦਾ ਹੈ, ਦੇ ਬੱਬਰ ਖ਼ਾਲਸਾ ਦੇ ਖਾੜਕੂ ਰੇਸ਼ਮ ਸਿੰਘ ਨਾਲ ਸਬੰਧ ਹਨ। ਇਸ ਦੇ ਆਧਾਰ 'ਤੇ ਹੀ ਪੰਜਾਬ ਪੁਲਿਸ ਵੱਲੋਂ ਮਹਾਰਾਸ਼ਟਰ ਪੁਲਿਸ ਨਾਲ ਮਿਲ ਕੇ ਕੀਤੀ ਕਾਰਵਾਈ ਦੌਰਾਨ ਸਤਨਾਮ ਸਿੰਘ ਨੂੰ ਏ.ਕੇ 47 ਰਾਈਫਲ ਸਮੇਤ ਕਾਬੂ ਕਰ ਲਿਆ ਹੈ। ਪਤਾ ਲੱਗਾ ਹੈ ਕਿ ਇਸ ਸੰਗਠਨ ਨੇ ਆਉਣ ਵਾਲੇ ਦਿਨਾਂ ਵਿਚ ਜਿਥੇ 1984 ਦੇ ਕਤਲੇਆਮ ਲਈ ਜ਼ਿੰਮੇਵਾਰ ਸਮਝੇ ਜਾਂਦੇ ਸੱਜਣ ਕੁਮਾਰ ਨੂੰ ਆਪਣਾ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਸੀ, ਉਥੇ ਡੇਰਾ ਸਿਰਸਾ ਮੁਖੀ, ਸ਼ਿਵ ਸੈਨਾ ਦੇ ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਕਈ ਅਹਿਮ ਾਗੂ ਤੇ ਸਿੱਖ ਧਰਮ ਵਿਰੋਧੀ ਕੁਝ ਹੋਰ ਸ਼ਖ਼ਸੀਅਤਾਂ ਵੀ ਇਨ੍ਹਾਂ ਦੇ ਨਿਸ਼ਾਨੇ 'ਤੇ ਸਨ। ਗਰੋਹ ਦੇ ਮੁੱਖ ਸਰਗਨਾ ਸਤਨਾਮ ਸਿੰਘ ਨੂੰ ਜਿਥੇ ਨਾਢਾ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਹੈ, ਉਥੇ ਹਰਵਿੰਦਰ ਸਿੰਘ ਵਾਸੀ ਜਗਰਾਓ, ਮਨਿੰਦਰਜੀਤ ਸਿੰਘ, ਤਰਨਦੀਪ ਸਿੰਘ ਜ਼ਿਲ੍ਹਾ ਗੁਰਦਾਸਪੁਰ, ਤਜਿੰਦਰ ਸਿੰਘ ਵਾਸੀ ਜ਼ਿਲ੍ਹਾ ਕੈਥਲ ਹਰਿਆਣਾ ਤੇ ਬਚਿੱਤਰ ਸਿੰਘ ਜ਼ਿਲ੍ਹਾ ਤਰਨਤਾਰਨ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਨੂੰ ਥਾਣਾ ਫਤਹਿਗੜ੍ਹ ਸਾਹਿਬ ਵਿਚ ਪੰਜ ਸਤੰਬਰ ਨੂੰ ਦਰਜ ਕੇਸ ਵਿਚ ਸ਼ਾਮਲ ਕੀਤਾ ਗਿਆ ਹੈ।

## ਖਾੜਕੂਆਂ ਨਾਲ ਸਬੰਧਾਂ ਦੇ ਦੋਸ਼ ਵਿਚ ਠੀਕਰੀਵਾਲਾ ਗ੍ਰਿਫ਼ਤਾਰ

ਬਰਨਾਲਾ: ਜ਼ਿਲ੍ਹਾ ਪੁਲਿਸ ਨੇ ਸੁਰਿੰਦਰ ਸਿੰਘ ਠੀਕਰੀਵਾਲਾ ਨੂੰ ਖਾੜਕੂ ਜਥੇਬੰਦੀਆਂ ਨਾਲ ਸਬੰਧ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਠੀਕਰੀਵਾਲਾ ਖਾੜਕੂ ਸੰਗਠਨਾਂ ਦੇ ਮੈਂਬਰਾਂ ਤੋਂ ਵੈਸਟਰਨ ਯੂਨੀਅਨ ਰਾਹੀਂ ਪੈਸੇ ਇਕੱਠੇ ਕਰਕੇ ਨੌਜਵਾਨਾਂ ਨੂੰ ਉਕਸਾਉਂਦਾ ਹੈ ਤੇ ਨੌਜਵਾਨਾਂ ਵਿਚ ਭੜਕਾਊ ਲਿਟਰੇਚਰ, ਮੈਗਜ਼ੀਨ ਆਦਿ ਛਪਵਾ ਕੇ ਵੰਡਦਾ ਹੈ। ਇਸ ਤੋਂ ਇਲਾਵਾ ਠੀਕਰੀਵਾਲਾ ਤੋਂ ਭੜਕਾਊ ਲਿਟਰੇਚਰ, ਇਕ ਦੇਸੀ/ਵਿਦੇਸ਼ੀ ਨੰਬਰਾਂ ਵਾਲੀ ਡਾਇਰੀ ਬਰਾਮਦ ਹੋਈ। ਠੀਕਰੀਵਾਲਾ ਖ਼ਿਲਾਫ਼ ਥਾਣਾ ਬਰਨਾਲਾ ਵਿਚ ਜੂਨ 2010 ਵਿਚ ਦੋ ਫ਼ਿਰਕਿਆਂ ਨੂੰ ਧਾਰਮਿਕ ਤੌਰ 'ਤੇ ਆਪਸ ਵਿਚ ਲੜਾਉਣ ਤੇ ਨਫ਼ਰਤ ਪੈਦਾ ਕਰਨ ਦਾ ਮਾਮਲਾ ਵੀ ਦਰਜ ਹੋਇਆ ਸੀ।

## ਸਿੱਖ ਕਤਲੇਆਮ ਕੇਸ ਦੇ ਗਵਾਹਾਂ ਦੀ ਸੁਰੱਖਿਆ ਬਾਰੇ ਰਿਪੋਰਟ ਤਲਬ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲ-ਏ-ਆਮ ਮਾਮਲਿਆਂ ਵਿਚ ਗਵਾਹਾਂ ਨੂੰ ਖ਼ਤਰੇ ਬਾਰੇ ਸੀ.ਬੀ.ਆਈ ਨੂੰ ਆਪਣੀ ਪ੍ਰਗਤੀ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਮੁੱਖ ਮੁਲਜ਼ਮ ਹੈ ਤੇ ਜਨਹਿੱਤ ਪਟੀਸ਼ਨ ਪਾ ਕੇ ਗਵਾਹਾਂ ਲਈ ਸੁਰੱਖਿਆ ਮੰਗੀ ਗਈ ਹੈ। ਅਦਾਲਤ ਨੇ ਸੀ.ਬੀ.ਆਈ. ਤੋਂ ਇਲਾਵਾ ਦਿੱਲੀ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦੇਣ ਲਈ ਕਿਹਾ ਹੈ। ਇਹ ਜਨਹਿੱਤ ਪਟੀਸ਼ਨ ਨਵੰਬਰ 1984 ਕਾਰਨੇਜ ਜਸਟਿਸ ਕਮੇਟੀ ਨੇ ਪਾਈ ਹੈ ਤਾਂ ਜੋ ਗਵਾਹਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਲਈ ਦਿੱਲੀ ਤੇ ਪੰਜਾਬ ਸਰਕਾਰ ਲਈ ਹੁਕਮ ਜਾਰੀ ਕਰਵਾਏ ਜਾ ਸਕਣ।



ਸੀਨੀਅਰ ਵਕੀਲ ਐਚ.ਐਸ ਫੂਲਕਾ ਨੇ ਗਵਾਹਾਂ ਦੀ ਸੂਚੀ ਸੌਂਪਦਿਆਂ ਕਿਹਾ ਕਿ ਕਈ ਅਦਾਲਤਾਂ ਦੇ ਫੈਸਲਿਆਂ ਵਿਚ ਕਿਹਾ ਗਿਆ ਹੈ ਕਿ ਗਵਾਹਾਂ ਨੂੰ ਕਿਸੇ ਦੇ ਪ੍ਰਭਾਵ ਹੇਠ ਨਹੀਂ ਆਉਣ ਦੇਣ ਲਈ ਸਰਕਾਰ ਉਨ੍ਹਾਂ ਨੂੰ ਢੁਕਵੀਂ ਸੁਰੱਖਿਆ ਦੇਵੇ ਪਰ 1984 ਦੇ ਕਤਲੇਆਮ ਦੇ ਮਾਮਲਿਆਂ ਵਿਚ ਗਵਾਹਾਂ ਨੂੰ ਅਜੇ ਤੱਕ ਸੁਰੱਖਿਆ ਨਹੀਂ ਦਿੱਤੀ ਗਈ। ਜਨਹਿੱਤ ਪਟੀਸ਼ਨ ਮੁਤਾਬਕ ਪੰਜਾਬ ਸਰਕਾਰ ਨੇ ਸੀ.ਬੀ.ਆਈ ਦੀ ਬੇਨਤੀ 'ਤੇ ਇਨ੍ਹਾਂ ਕੇਸਾਂ ਦੇ ਗਵਾਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਸੀ।

ਪਟੀਸ਼ਨ ਮੁਤਾਬਕ ਸੁਣਵਾਈ ਅਦਾਲਤ ਨੇ ਜੁਲਾਈ ਵਿਚ ਜਾਂਚ ਅਧਿਕਾਰੀ ਨੂੰ ਹੁਕਮ ਦਿੱਤਾ ਸੀ ਕਿ ਉਹ ਗਵਾਹਾਂ ਨੂੰ ਆਪਣਾ ਫੋਨ ਨੰਬਰ ਦੇਵੇ ਪਰ ਕਿਸੇ ਨੇ ਵੀ ਗਵਾਹਾਂ ਨੂੰ ਸੁਰੱਖਿਆ ਦੇਣ ਲਈ ਨਹੀਂ ਕਿਹਾ। ਇਸ 'ਤੇ ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਕਿ ਏਜੰਸੀ ਇਸ ਬਾਰੇ ਪ੍ਰਗਤੀ ਰਿਪੋਰਟ ਦਾਖਲ ਕਰੇਗੀ।

## ਹੇਮਕੁੰਟ ਸਾਹਿਬ ਦੀ ਯਾਤਰਾ 21 ਤੋਂ ਮੁੜ ਸ਼ੁਰੂ

**ਲੁਧਿਆਣਾ:** ਜੂਨ ਮਹੀਨੇ ਵਿਚ ਆਏ ਹੜ੍ਹਾਂ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਯਾਤਰਾ 21 ਸਤੰਬਰ ਤੋਂ ਮੁੜ ਸ਼ੁਰੂ ਹੋਵੇਗੀ ਜਿਸ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਟਰੱਸਟ ਦੇ ਬੁਲਾਰੇ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਵੇਖਦਿਆਂ ਯਾਤਰਾ ਮੁੜ ਸ਼ੁਰੂ ਕਰਨ ਬਾਰੇ ਮੀਟਿੰਗਾਂ ਦੌਰਾਨ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ 21 ਸਤੰਬਰ ਨੂੰ ਸਵੇਰੇ ਗੁਰਦੁਆਰਾ ਗੋਬਿੰਦਘਾਟ ਵਿਖੇ ਅਰਦਾਸ ਕਰਨ ਉਪਰੰਤ ਯਾਤਰਾ ਸ਼ੁਰੂ ਹੋਵੇਗੀ ਤੇ ਇਸ ਮੌਕੇ ਉੱਤਰਾਖੰਡ ਦੇ ਮੁੱਖ ਮੰਤਰੀ ਸ੍ਰੀ ਵਿਜੈ ਬਹੁਗੁਣਾ ਸ਼ਾਮਲ ਹੋਣਗੇ। 22 ਸਤੰਬਰ ਨੂੰ ਪਹਿਲਾਂ ਜੱਥਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੁੱਜ ਕੇ ਅਰਦਾਸ ਕਰੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਾਲਾਤ ਨੂੰ ਵੇਖਦਿਆਂ ਬਜ਼ੁਰਗਾਂ ਤੇ ਬੱਚਿਆਂ ਨੂੰ ਨਾ ਲੈ ਕੇ ਆਉਣ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਜੋਸ਼ੀਮੱਠ ਵਿਖੇ ਕੀਤਾ ਜਾਵੇਗਾ ਕਿਉਂਕਿ ਜੂਨ ਮਹੀਨੇ ਵਿਚ ਆਏ ਹੜ੍ਹਾਂ ਕਾਰਨ ਗੁਰਦੁਆਰਾ ਗੋਬਿੰਦਘਾਟ ਦੀ ਇਮਾਰਤ ਪੂਰੀ ਤਰ੍ਹਾਂ ਨੁਕਸਾਨੀ ਗਈ ਸੀ।

## ਗੁਰੂ ਗ੍ਰੰਥ ਸਾਹਿਬ ਦੀਆਂ ਚੋਰੀ ਹੋਈਆਂ ਪੁਰਾਤਨ ਬੀੜਾਂ ਮਿਲੀਆਂ

**ਪਟਨਾ:** ਪਿਛਲੇ ਸਾਲ ਚੋਰੀ ਹੋਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪੁਰਾਤਨ ਬੀੜਾਂ ਪੁਲਿਸ ਨੇ ਬਰਾਮਦ ਕਰ ਲਈਆਂ ਹਨ। ਇਹ ਪਾਵਨ ਬੀੜਾਂ ਕੋਈ 300 ਸਾਲ ਪੁਰਾਣੀਆਂ ਹਨ। ਪੁਲਿਸ ਸੂਤਰਾਂ ਅਨੁਸਾਰ ਇਹ ਬੀੜਾਂ ਬੀਤੇ ਸਾਲ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਇਕ ਪਿੰਡ ਵਿਚ ਸਥਿਤ ਗੁਰੂਘਰ ਵਿਚੋਂ ਚੋਰੀ ਕਰ ਲਈਆਂ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਬੀਤੇ ਸ਼ੁੱਕਰਵਾਰ ਨੂੰ ਪਿੰਡ ਮੁਹੰਮਦਪੁਰ ਵਿਖੇ ਰੇਲਵੇ ਦੇ ਖੰਡਰਨੁਮਾ ਗੁਦਾਮ ਵਿਚੋਂ ਲੋਹੇ ਦੇ ਬਕਸਿਆਂ ਵਿਚ ਰੱਖੀਆਂ ਹੋਈਆਂ ਮਿਲੀਆਂ ਹਨ।

ਪੁਲਿਸ ਅਧਿਕਾਰੀ ਅਨੁਸਾਰ ਟਰੱਕ ਲੁੱਟਣ ਵਾਲੇ ਇਕ ਗਰੋਹ ਤੋਂ ਪ੍ਰਾਪਤ ਜਾਣਕਾਰੀ ਤੋਂ ਬਾਅਦ ਇਨ੍ਹਾਂ ਬੀੜਾਂ ਦਾ ਪਤਾ ਲੱਗਾ ਸੀ। ਇਕ ਕਥਿਤ ਲੁਟੇਰੇ ਨਰੇਸ਼ ਸਾਹਨੀ ਨੇ ਪੁਲਿਸ ਪੜਤਾਲ ਦੌਰਾਨ ਦੱਸਿਆ ਸੀ ਕਿ ਉਹ ਤੇ ਉਸ ਦੇ ਦੋ ਸਾਥੀਆਂ ਜਿਨ੍ਹਾਂ ਵਿਚੋਂ ਇਕ ਮਨੋਜ ਸਾਹਨੀ ਹੈ, ਨੇ ਬੀਤੇ ਸਾਲ 29 ਫਰਵਰੀ ਨੂੰ ਇਹ ਬੀੜਾਂ ਨਾਨਕਸ਼ਾਹੀ ਗੁਰਦੁਆਰੇ ਵਿਚੋਂ ਚੋਰੀ ਕੀਤੀਆਂ ਸਨ। ਇਸ ਦੌਰਾਨ ਹੀ ਪਟਨਾ ਸਾਹਿਬ ਵਿਚ ਸਿੱਖ ਭਾਈਚਾਰੇ ਨੇ ਪੁਰਾਤਨ ਬੀੜਾਂ ਦੀ ਬਰਾਮਦਗੀ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਪਟਨਾ ਸਥਿਤ ਤਖ਼ਤ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਦਲਜੀਤ ਸਿੰਘ ਦੀ ਅਗਵਾਈ ਵਿਚ ਮੁਲਾਜ਼ਮ ਲਛਮਣ ਸਿੰਘ, ਸੁਰਜੀਤ ਸਿੰਘ ਸੋਨੂੰ ਤੇ ਗ੍ਰੰਥੀ ਕਮਲ ਸਿੰਘ 'ਤੇ ਅਧਾਰਤ ਵਫ਼ਦ ਵੈਸ਼ਾਲੀ ਜ਼ਿਲ੍ਹੇ ਵਿਚ ਭੇਜ ਕੇ ਪਾਵਨ ਬੀੜਾਂ ਹਾਸਲ ਕਰ ਲਈਆਂ ਹਨ ਤੇ ਪਟਨਾ ਵਿਖੇ ਤਖ਼ਤ ਹਰਿਮੰਦਰ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਸਪੁਰਦ ਕਰ ਦਿੱਤੀਆਂ ਹਨ।

## ਜੰਮੂ-ਕਸ਼ਮੀਰ ਵਿਚ ਸਿੱਖਾਂ ਦੇ ਘਰਾਂ ਦੀ ਭੰਨਤੋੜ

**ਚੰਡੀਗੜ੍ਹ:** ਜੰਮੂ-ਕਸ਼ਮੀਰ ਦੇ ਸ਼ੋਪੀਆ ਇਲਾਕੇ ਦੇ ਚਿੱਠੀ ਬੋਨਾਪੁਰ ਖੇਤਰ ਜਿਥੇ ਸੱਤ ਸਿੱਖ ਪਰਿਵਾਰ ਰਹਿੰਦੇ ਹਨ, ਦੇ ਘਰਾਂ ਤੇ ਗੁਰਦੁਆਰਾ ਸਾਹਿਬ ਵਿਚ ਲੰਘੇ ਦਿਨੀਂ ਸ਼ਰਾਰਤੀ ਅਨਸਰਾਂ ਵੱਲੋਂ ਪਥਰਾਅ ਕੀਤਾ ਗਿਆ। ਗੁਰਦੁਆਰੇ ਦੀ ਇਮਾਰਤ ਦੇ ਸ਼ੀਸ਼ੇ ਟੁੱਟ ਗਏ ਤੇ ਕਈ ਸਿੱਖਾਂ ਦੇ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ। ਸ਼ੋਪੀਆ ਇਲਾਕੇ ਵਿਚ ਮਾਰੇ ਗਏ ਚਾਰ ਵਿਅਕਤੀਆਂ ਵਿਚੋਂ ਇਕ ਤਸੀਰ ਅਹਿਮਦ ਨਾਂ ਦਾ 19 ਸਾਲਾ ਨੌਜਵਾਨ ਇਸ ਇਲਾਕੇ ਦਾ ਸੀ। ਆਲ ਪਾਰਟੀ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਜਗਮੋਹਨ ਸਿੰਘ ਰੈਣਾ ਦੀ ਅਗਵਾਈ ਵਿਚ ਵਫਦ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਪ੍ਰਸ਼ਾਸਨ ਵੀ ਮੌਕੇ 'ਤੇ ਪੁੱਜਾ ਤੇ ਵਫਦ ਨੇ ਕਿਹਾ ਕਿ ਸ਼ਰਾਰਤੀ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹੁਰੀਅਤ ਕਾਨਫਰੰਸ ਦੇ ਆਗੂ ਸ਼ਬੀਰ ਸ਼ਾਹ ਤੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਯਾਸੀਨ ਮਲਿਕ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਕੀਤੀ। ਉਨ੍ਹਾਂ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਸਿੱਖ ਮੁਸਲਿਮ ਭਾਈਚਾਰੇ ਵਿਚ ਸ਼ਾਂਤੀ ਤੇ ਭਾਈਚਾਰਕ ਸਾਂਝ ਬਰਕਰਾਰ ਰੱਖੀ ਜਾਵੇ।

ਉਧਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਦੀ ਹਿਫ਼ਾਜ਼ਤ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸੂਬਾ ਸਰਕਾਰ ਨੂੰ ਵਿਸ਼ੇਸ਼ ਹਦਾਇਤਾਂ ਦੇਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੀ ਸਿੱਖਾਂ ਦੀ ਸੁਰੱਖਿਆ ਵੱਲ ਖਾਸ ਧਿਆਨ ਦੇਵੇ।

## ਮੱਕੜ ਦੀ ਜਥੇਦਾਰੀ ਦਾ 'ਭਾਰ ਹੌਲਾ' ਕਰਨ ਬਾਰੇ ਫੈਸਲਾ ਟਲਿਆ

**ਦੋਰਾਹਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਜਥੇਦਾਰੀ ਦਾ ਭਾਰ ਹੌਲਾ ਕਰਨ ਲਈ ਕਮੇਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ ਬਾਰੇ ਫੈਸਲਾ ਫਿਲਹਾਲ ਟਲ ਗਿਆ ਹੈ। ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਚ ਲੰਘੇ ਦਿਨ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕਈ ਅਹਿਮ ਫੈਸਲੇ ਲਏ ਗਏ।



ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਕਿਆਸ-ਅਰਾਈਆਂ ਚੱਲ ਰਹੀਆਂ ਸਨ ਕਿ ਪ੍ਰਧਾਨ ਅਵਤਾਰ ਸਿੰਘ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦਾ ਬੋਝ ਘਟਾਉਣ ਲਈ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਬੀਰ ਸਿੰਘ ਵਿਰਕ ਨੂੰ ਸ਼੍ਰੋਮਣੀ ਕਮੇਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਜਾ ਸਕਦਾ ਹੈ ਜਿਸ ਅਧੀਨ ਉਨ੍ਹਾਂ ਨੂੰ ਸਿੱਖਿਆ ਵਿਭਾਗ ਦਾ ਸਮੁੱਚਾ ਕਾਰਜ ਭਾਰ ਸੌਂਪਿਆ ਜਾਵੇਗਾ। ਜਰਨਲ ਸਕੱਤਰ ਸੁਖਦੇਵ ਸਿੰਘ ਭੌਰ ਨੂੰ ਧਰਮ ਪ੍ਰਚਾਰ ਦਾ ਸਮੁੱਚਾ ਕਾਰਜ ਭਾਰ ਸੌਂਪਿਆ ਜਾ ਸਕਦਾ ਹੈ।

ਇਸ ਬਾਰੇ ਜਥੇਦਾਰ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਵੀ ਨਹੀਂ ਹੋਈ। ਉਹ ਸਿਹਤ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਹਨ। ਉਨ੍ਹਾਂ ਵਿਅੰਗਮਈ ਲਹਿਜੇ ਵਿਚ ਕਿਹਾ 'ਅਭੀ ਤੋ ਮੈਂ ਜਵਾਨ ਹੂੰ' ਜਿਸ ਨਾਲ ਸਾਰੇ ਹਾਊਸ ਵਿਚ ਚੰਗਾ ਹਾਸਾ ਪਿਆ। ਮੀਟਿੰਗ ਦੀ ਕਾਰਵਾਈ ਬਾਰੇ ਜਥੇਦਾਰ ਨੇ ਦੱਸਿਆ ਕਿ ਇਕ ਮਤੇ ਵਿਚ ਕਸ਼ਮੀਰ ਦੇ ਪਿੰਡ ਸ਼ੋਪੀਆ ਵਿਚ ਰਹਿੰਦੇ ਸਿੱਖ ਪਰਿਵਾਰਾਂ ਨਾਲ ਵਧੀਕੀ ਕਰਨ ਤੇ ਉਥੇ ਦੇ ਗੁਰਦੁਆਰਾ ਸਾਹਿਬ ਦੀ ਭੰਨ-ਤੋੜ ਕਰਨ ਦਾ ਸਖ਼ਤ ਨੋਟਿਸ ਲਿਆ ਗਿਆ ਤੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਬੇਨਤੀ ਕੀਤੀ ਕਿ ਜੰਮੂ-ਕਸ਼ਮੀਰ ਵਿਚ ਵਸਦੇ ਸਮੁੱਚੇ ਸਿੱਖ ਪਰਿਵਾਰਾਂ ਤੇ ਸਿੱਖ ਜਾਇਦਾਦਾਂ ਦੀ ਪਹਿਲ ਦੇ ਆਧਾਰ 'ਤੇ ਹਿਫ਼ਾਜ਼ਤ ਕੀਤੀ ਜਾਵੇ।

ਇਸ ਤੋਂ ਇਲਾਵਾ ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਵਿਚ ਸ਼੍ਰੋਮਣੀ ਕਮੇਟੀ ਨੂੰ 13 ਏਕੜ ਤੋਂ ਵੱਧ ਜ਼ਮੀਨ ਦਾਨ ਵਜੋਂ ਪ੍ਰਾਪਤ ਹੋਈ ਹੈ। ਇਸ ਜ਼ਮੀਨ ਦੇ ਕਾਗਜ਼ ਪੱਤਰ ਸ਼੍ਰੋਮਣੀ ਕਮੇਟੀ ਦੇ ਨਾਂ ਹੋ ਚੁੱਕੇ ਹਨ। ਕਮੇਟੀ ਇਸ ਜਗ੍ਹਾ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ 'ਸਿੱਖ ਮਿਸ਼ਨ' ਬਣਾ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਕੂਲਾਂ ਦੀਆਂ ਵੀ ਅਕਤੂਬਰ ਮਹੀਨੇ ਵਿਚ ਖਾਲਸਾਈ ਖੇਡਾਂ ਕਰਵਾਈਆਂ ਜਾਣਗੀਆਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਨਮੋਲ ਖ਼ਜ਼ਾਨੇ ਤੋਸ਼ਾਖਾਨੇ ਤੇ ਅਕਾਲ ਤਖ਼ਤ ਸਾਹਿਬ ਵਿਖੇ ਸ਼ੁਸ਼ੋਭਿਤ ਇਤਿਹਾਸਕ ਸ਼ਸਤਰਾਂ ਦੀ ਮੁਕੰਮਲ ਫੋਟੋਗ੍ਰਾਫੀ ਕਰਕੇ ਰੰਗਦਾਰ ਸੁੰਦਰ ਕਿਤਾਬਚਾ ਤਿਆਰ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

# ਉਮਰ ਭਰ ਨਹੀਂ ਖੇਡ ਸਕਣਗੇ ਸ੍ਰੀਸ਼ਾਂਤ ਤੇ ਚਵਾਨ

**ਨਵੀਂ ਦਿੱਲੀ:** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਦੇਸ਼ ਦੀ ਕ੍ਰਿਕਟ ਖਾਸ ਤੌਰ 'ਤੇ ਟਵੰਟੀ-20 ਲੀਗ ਨੂੰ ਸਪੌਟ ਫਿਕਸਿੰਗ ਨਾਲ ਦਾਗਦਾਰ ਕਰਨ ਵਾਲੇ ਟੈਸਟ ਕ੍ਰਿਕਟਰ ਐਸ. ਸ੍ਰੀਸ਼ਾਂਤ ਤੇ ਅੰਕਿਤ ਚਵਾਨ ਨੂੰ ਸਬਕ ਸਿਖਾਉਂਦਿਆਂ ਦੋਵਾਂ ਉਪਰ ਉਮਰ ਭਰ ਲਈ ਕ੍ਰਿਕਟ ਖੇਡਣ 'ਤੇ ਪਾਬੰਦੀ ਲਾ ਦਿੱਤੀ ਜਦਕਿ ਕੁਝ ਹੋਰ ਨਾਮੀ ਖਿਡਾਰੀਆਂ ਨੂੰ ਸਜ਼ਾ ਤਾਂ ਦਿੱਤੀ ਹੈ ਪਰ ਇੰਨੀ ਸਖਤ ਨਹੀਂ।





ਕ੍ਰਿਕਟ ਬੋਰਡ ਦੀ ਅਨੁਸ਼ਾਸਕੀ ਕਮੇਟੀ ਦੀ ਮੀਟਿੰਗ ਵਿਚ ਭ੍ਰਿਸ਼ਟਾਚਾਰ ਰੋਕੂ ਕਮੇਟੀ ਦੇ ਮੁਖੀ ਰਵੀ ਸਵਾਨੀ ਦੀ ਸਪੌਟ ਫਿਕਸਿੰਗ ਬਾਰੇ ਰਿਪੋਰਟ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਰਾਜਸਥਾਨ ਰਾਇਲਜ਼ ਦੇ ਸਾਬਕਾ ਖਿਡਾਰੀ ਅਮਿਤ ਸਿੰਘ 'ਤੇ ਪੰਜ ਸਾਲਾਂ ਲਈ ਪਾਬੰਦੀ ਲਾਈ ਗਈ ਜਦਕਿ ਇਸੇ ਟੀਮ ਦੇ ਕ੍ਰਿਕਟਰ ਸਿਧਾਰਥ ਤ੍ਰਿਵੇਦੀ ਨੂੰ ਇਕ ਸਾਲ ਲਈ ਮੁਅੱਤਲ ਕਰ ਦਿੱਤਾ। ਫਿਰਕੀ ਗੇਂਦਬਾਜ਼ ਹਰਮੀਤ ਸਿੰਘ ਸਬੂਤਾਂ ਦੀ ਘਾਟ ਕਾਰਨ ਸਜ਼ਾ ਤੋਂ ਬਚ ਗਿਆ। ਅਜੀਤ ਚੰਦੀਲਾ ਬਾਰੇ ਫੈਸਲਾ ਬਾਅਦ ਵਿਚ ਕੀਤਾ ਜਾਵੇਗਾ।

ਸ੍ਰੀਸ਼ਾਂਤ ਤੇ ਚਵਾਨ 'ਤੇ ਉਮਰ ਭਰ ਲਈ ਪਾਬੰਦੀ ਤੈਅ ਸੀ ਕਿਉਂਕਿ ਕਮੇਟੀ ਦੇ ਚੇਅਰਮੈਨ ਨੇ ਉਨ੍ਹਾਂ ਨੂੰ ਸਪੌਟ ਫਿਕਸਿੰਗ ਦਾ ਦੋਸ਼ੀ ਮੰਨਦਿਆਂ ਉਮਰ ਭਰ ਲਈ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਸੀ। ਕਮੇਟੀ ਅੱਗੇ ਪੇਸ਼ ਹੋਣ ਮਗਰੋਂ ਸ੍ਰੀਸ਼ਾਂਤ ਨੇ ਕਿਹਾ ਕਿ ਅਨੁਸ਼ਾਸਕੀ ਕਮੇਟੀ ਦੇ ਸਾਰੇ ਮੈਂਬਰਾਂ ਦਾ ਰਵੱਈਆ ਬੜੇ ਸਹਿਯੋਗ ਵਾਲਾ ਰਿਹਾ। ਉਸ ਨੇ ਆਪਣੀ ਗੱਲ ਉਨ੍ਹਾਂ ਅੱਗੇ ਰੱਖ ਦਿੱਤੀ।

# ਦਿੱਲੀ ਜਬਰ ਜਨਾਹ ਕੇਸ 'ਚ ਸਜ਼ਾ-ਏ-ਮੌਤ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਵਿਚ ਬੀਤੀ 16 ਦਸੰਬਰ ਨੂੰ ਵਾਪਰੇ ਦਿਲ ਦਹਿਲਾਊ ਸਮੂਹਿਕ ਬਲਾਤਕਾਰ ਤੇ ਕਤਲ ਕੇਸ ਦੇ ਚਾਰ ਮੁਲਜ਼ਮਾਂ ਨੂੰ ਫਾਸਟ ਟਰੈਕ ਅਦਾਲਤ ਨੇ ਸਜ਼ਾ-ਏ-ਮੌਤ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਜਿਸ ਤਰ੍ਹਾਂ ਜ਼ਾਲਮਾਨਾ ਤੇ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੇ ਢੰਗ ਨਾਲ 23 ਸਾਲਾ ਵਿਦਿਆਰਥਣ ਨਾਲ ਇਹ ਜੁਰਮ ਕੀਤਾ ਗਿਆ, ਇਹ ਵਿਰਲਿਆਂ ਵਿਚੋਂ ਵਿਰਲੇ ਮਾਮਲਿਆਂ ਦੇ ਵਰਗ ਵਿਚ ਆਉਂਦਾ ਹੈ। ਅਦਾਲਤ ਦੇ ਫ਼ੈਸਲੇ ਉਤੇ ਪੀੜਤ ਪਰਿਵਾਰ ਨੇ ਤਸੱਲੀ ਦਾ ਇਜ਼ਹਾਰ ਕੀਤਾ ਹੈ ਜਦੋਂਕਿ ਮੁਲਜ਼ਮਾਂ ਦੇ ਵਕੀਲ ਨੇ ਫ਼ੈਸਲੇ ਖਿਲਾਫ਼ ਹਾਈ ਕੋਰਟ ਦਾ ਬੂਹਾ ਖੜਕਾਉਣ ਦੀ ਗੱਲ ਕਹੀ ਹੈ।

ਅਦਾਲਤ ਨੇ ਕਿਹਾ ਕਿ ਮੁਲਜ਼ਮਾਂ ਦੇ ਇਸ ਵਹਿਸ਼ਤੀ ਕਾਰੇ ਨੇ ਮੁਲਕ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਉਹ ਮਿਸਾਲੀ ਸਜ਼ਾ ਦੇ ਹੱਕਦਾਰ ਹਨ। ਅਦਾਲਤ ਨੇ ਆਪਣੇ 20 ਸਫ਼ਿਆਂ ਦੇ ਫ਼ੈਸਲੇ ਵਿਚ ਕਿਹਾ ਕਿ ਮੁਕੇਸ਼ (26), ਅਕਸ਼ੇ ਠਾਕੁਰ (28), ਪਵਨ ਗੁਪਤਾ (19) ਤੇ ਵਿਨੇ ਸ਼ਰਮਾ (20) ਨੇ ਜੋ ਕਾਰਾ ਕੀਤਾ ਹੈ, ਉਸ ਤੋਂ ਬਾਅਦ ਉਨ੍ਹਾਂ ਨੂੰ ਸਮਾਜ ਦੀ ਸੁਰੱਖਿਆ ਨਹੀਂ ਮਿਲ ਸਕਦੀ। ਜ਼ਿਕਰਯੋਗ ਹੈ ਕਿ ਕੇਸ ਦੇ ਇਕ ਦੋਸ਼ੀ ਰਾਮ ਸਿੰਘ (34) ਨੇ ਬੀਤੇ ਸਾਲ ਮਾਰਚ ਮਹੀਨੇ ਜੇਲ੍ਹ ਵਿਚ ਖੁਦਕੁਸ਼ੀ ਕਰ ਲਈ ਸੀ ਤੇ ਛੇਵੇਂ ਬਾਲ ਅਪਰਾਧੀ ਨੂੰ ਪਹਿਲਾਂ ਹੀ ਕਾਨੂੰਨ ਮੁਤਾਬਕ ਬਣਦੀ ਵੱਧ ਤੋਂ ਵਧਿ ਸਜ਼ਾ ਦਿੱਤੀ ਜਾ ਚੁੱਕੀ ਹੈ।

ਅਦਾਲਤ ਦਾ ਫ਼ੈਸਲਾ ਸੁਣ ਕੇ ਵਿਨੇ ਰੋਣ ਲੱਗਾ ਜਦੋਂਕਿ ਮੁਕੇਸ਼, ਪਵਨ ਤੇ ਅਕਸ਼ੇ ਨੇ ਰਹਿਮ ਦੀ ਅਪੀਲ ਕੀਤੀ। ਅਦਾਲਤ ਨੇ ਕਿਹਾ ਕਿ ਇਕ ਨਿਹੱਥੀ ਔਰਤ ਉਤੇ ਅਜਿਹਾ ਜ਼ੁਲਮ ਢਾਹੁਣ ਵਾਲੇ ਮਿਸਾਲੀ ਸਜ਼ਾ ਦੇ ਹੱਕਦਾਰ ਹਨ। ਮੁਲਜ਼ਮਾਂ ਨੇ ਸਾਜ਼ਿਸ਼ ਤਹਿਤ ਜੋੜੇ ਨੂੰ ਪਹਿਲਾਂ ਲੁਕਾ ਕੇ ਬੱਸ ਵਿਚ ਚਾੜ੍ਹ ਲਿਆ ਤੇ ਫਿਰ ਪੀੜਤ ਉਤੇ ਅੰਨ੍ਹਾ ਜ਼ੁਲਮ ਢਾਹਿਆ। ਮੁਜਰਮਾਂ ਨੂੰ ਕਤਲ ਲਈ ਸਜ਼ਾ-ਏ-ਮੌਤ ਤੇ ਬਲਾਤਕਾਰ ਲਈ ਉਮਰ ਕੈਦ ਮਿਲੀ ਹੈ। ਅਦਾਲਤ ਨੇ ਸਾਰਿਆਂ ਨੂੰ 55-55 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ।



## ਮੌਤ ਦੀ ਸਜ਼ਾ ਨਾਲ ਨਹੀਂ ਘਟਣਗੇ ਜੁਰਮ: ਅਮਨੈਸਟੀ

**ਲੰਡਨ:** ਅਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਭਾਰਤ ਵਿਚ ਔਰਤਾਂ ਖਿਲਾਫ਼ ਜੁਰਮ ਫਾਂਸੀ ਦੀਆਂ ਸਜ਼ਾਵਾਂ ਦੇ ਕੇ ਨਹੀਂ ਰੋਕੇ ਜਾ ਸਕਦੇ ਸਗੋਂ ਇਸ ਲਈ ਵਿਆਪਕ ਸੁਧਾਰਾਂ ਦੀ ਲੋੜ ਹੈ। ਸੰਸਥਾ ਦੀ ਡਾਇਰੈਕਟਰ ਤਾਰਾ ਰਾਓ ਨੇ ਆਪਣੇ ਬਿਆਨ ਵਿਚ ਕਿਹਾ ਕਿ ਦਿੱਲੀ ਵਿਚ ਮੁਟਿਆਰ ਨਾਲ ਹੋਇਆ ਬਲਾਤਕਾਰ ਬਹੁਤ ਭਿਆਨਕ ਸੀ ਤੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਸਜ਼ਾ-ਏ-ਮੌਤ ਇਸ ਦਾ ਜਵਾਬ ਨਹੀਂ ਹੈ। ਭਾਰਤ ਵਿਚ ਔਰਤਾਂ ਖਿਲਾਫ਼ ਬਲਾਤਕਾਰ ਤੇ ਹੋਰ ਜਿਨਸੀ ਜੁਰਮ ਹਾਲੇ ਵੀ ਆਮ ਗੱਲ ਹਨ।

# ਸਾਊਦੀ ਅਰਬ 'ਚ ਮਦਰੱਸਿਆਂ ਦੀ ਚੰਗੀ ਕਾਰਗੁਜ਼ਾਰੀ

**ਦੁਬਈ:** ਇਕ ਪਾਸੇ ਜਿਥੇ ਪਾਕਿਸਤਾਨ ਤੇ ਅਫਗਾਨਿਸਤਾਨ ਵਰਗੇ ਮੁਲਕਾਂ ਵਿਚ ਇਸਲਾਮੀ ਮਦਰੱਸੇ ਦਹਿਸ਼ਤਗਰਦਾਂ ਦੀਆਂ ਫੈਕਟਰੀਆਂ ਬਣੇ ਹੋਏ ਹਨ, ਉਥੇ ਸਾਊਦੀ ਅਰਬ ਨੇ ਇਨ੍ਹਾਂ ਮਦਰੱਸਿਆਂ ਦਾ ਇੰਨੇ ਵਧੀਆ ਢੰਗ ਨਾਲ ਇਸਤੇਮਾਲ ਕੀਤਾ ਹੈ ਕਿ ਮੁਲਕ ਦੀ ਸਾਖਰਤਾ ਦਰ 96 ਫੀਸਦੀ ਤਕ ਪੁੱਜ ਗਈ ਹੈ। ਇਸ ਵਿਚ ਧਾਰਮਿਕ ਅਦਾਰਿਆਂ ਦੇ ਮਦਰੱਸਿਆਂ ਨੇ ਬੜਾ ਅਹਿਮ ਰੋਲ ਨਿਭਾਇਆ ਹੈ।



ਇਹ ਜਾਣਕਾਰੀ ਮੁਲਕ ਦੇ ਪੂਰਬੀ ਸੂਬੇ ਦੇ ਸਿੱਖਿਆ ਦੇ ਡਾਇਰੈਕਟਰ-ਜਨਰਲ ਅਬਦੁਲ ਰਹਿਮਾਨ ਅਲ-ਮੋਦਾਇਰਿਸ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮੁਲਕ ਦੇ 99 ਫੀਸਦੀ ਬੱਚੇ ਜਿਨ੍ਹਾਂ ਵਿਚ ਕੁੜੀਆਂ ਵੀ ਸ਼ਾਮਲ ਹਨ, ਸਕੂਲ ਜਾਂਦੇ ਹਨ ਤੇ ਰੋਜ਼ਾਨਾ ਦੇਸ਼ ਵਿਚ ਇਕ ਜਾਂ ਦੋ ਨਵੇਂ ਸਕੂਲ ਖੁੱਲ੍ਹਦੇ ਹਨ। ਗੌਰਤਲਬ ਹੈ ਕਿ ਅਰਥਚਾਰਾ ਤੇ ਯੋਜਨਾ ਮੰਤਰਾਲੇ ਵੱਲੋਂ 2007 ਵਿਚ ਕਰਵਾਏ ਗਏ ਸਰਵੇ ਮੁਤਾਬਕ ਮੁਲਕ ਵਿਚ ਸਾਖਰਤਾ ਦਰ ਮਹਿਜ਼ 86.3 ਫੀਸਦੀ ਸੀ ਜਿਸ ਵਿਚ ਹੁਣ 10 ਫੀਸਦੀ ਦਾ ਵਾਧਾ ਕਰ ਲਿਆ ਗਿਆ ਹੈ।

ਅਰਬ ਨਿਊਜ਼ ਨੇ ਸ੍ਰੀ ਮੋਦਾਇਰਿਸ ਦੇ ਹਵਾਲੇ ਨਾਲ ਕਿਹਾ ਹੈ ਕਿ ਮੁਲਕ ਨੇ ਅਨਪੜ੍ਹਤਾ ਖ਼ਿਲਾਫ਼ ਜ਼ਬਰਦਸਤ ਤੇ ਅਣਥੱਕ ਸੰਘਰਸ਼ ਤੋਂ ਬਾਅਦ ਇਹ ਸਫਲਤਾ ਹਾਸਲ ਕੀਤੀ ਹੈ ਤੇ ਅਨਪੜ੍ਹਤਾ ਦੀ ਦਰ ਨੂੰ 1972 ਦੇ 60 ਫੀਸਦੀ ਤੋਂ ਅੱਜ ਦੇ ਚਾਰ ਫੀਸਦੀ ਤਕ ਲਿਆਂਦਾ ਹੈ। ਵਿਸ਼ਵ ਬੈਂਕ ਦੀ ਇਕ ਹਾਲੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਊਦੀ ਅਰਬ ਵਿਚ ਬਾਲਗਾਂ ਦੀ ਉੱਚੀ ਸਾਖਰਤਾ ਦਰ ਦਾ ਸਿਹਰਾ ਧਾਰਮਿਕ ਅਦਾਰਿਆਂ ਖਾਸਕਰ ਮਸਜਿਦਾਂ ਦੇ ਮਦਰੱਸਿਆਂ ਨੂੰ ਜਾਂਦਾ ਹੈ। ਸਾਊਦੀ ਅਰਬ ਨੇ 1956 ਵਿਚ ਬਾਲਗ ਸਿੱਖਿਆ ਲਈ ਪਾਠਕ੍ਰਮ ਤਿਆਰ ਕਰਕੇ ਪੜ੍ਹਾਈ ਵੱਲ ਤਵੱਜੋ ਦਿੱਤੀ ਸੀ ਤੇ 1984 ਵਿਚ ਬਾਲਗ ਸਿੱਖਿਆ ਦਾ ਜਨਰਲ ਸਕੱਤਰੇਤ ਕਾਇਮ ਕੀਤਾ ਸੀ।

# ਅਲ-ਜ਼ਵਾਹਰੀ ਵੱਲੋਂ ਅਮਰੀਕਾ ਉਤੇ ਹਮਲਿਆਂ ਦਾ ਸੱਦਾ

**ਵਾਸ਼ਿੰਗਟਨ:** ਅਲ-ਕਾਇਦਾ ਦੇ ਮੁਖੀ ਆਇਮਨ ਅਲ-ਜ਼ਵਾਹਰੀ ਨੇ ਅਮਰੀਕਾ ਉਤੇ ਕੀਤੇ ਗਏ 9/11 ਹਮਲਿਆਂ ਦੀ 12ਵੀਂ ਬਰਸੀ ਮੌਕੇ ਦਿੱਤੀ ਤਕਰੀਰ ਵਿਚ ਅਮਰੀਕਾ ਉਤੇ ਹੋਰ ਹਮਲੇ ਕਰਨ ਤੇ ਇਸ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਉਸ ਵੱਲੋਂ ਦਿੱਤੇ ਕਰੀਬ 72 ਮਿੰਟ ਦੇ ਇਸ ਭਾਸ਼ਨ ਦਾ ਅੰਗਰੇਜ਼ੀ ਭਾਸ਼ਾ ਵਿਚ ਸਾਰ ਸਾਈਟ ਇੰਟੈਲੀਜੈਂਸ ਗਰੁੱਪ ਨੇ ਮੁਹੱਈਆ ਕਰਵਾਇਆ ਹੈ। ਅਮਰੀਕਾ ਵੱਲੋਂ 11 ਸਤੰਬਰ ਨੂੰ ਬਰਸੀ ਮਨਾਏ ਜਾਣ ਤੋਂ ਇਕ ਦਿਨ ਬਾਅਦ ਜਿਹਾਦੀ ਫੋਰਮਾਂ 'ਤੇ ਇਹ ਭਾਸ਼ਨ ਨਸ਼ਰ ਕੀਤਾ ਗਿਆ। ਅਮਰੀਕਾ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਗਵਾਈ ਹੇਠ ਸ਼ਰਧਾਂਜਲੀ ਦਿੰਦਿਆਂ ਹਮਲਿਆਂ ਵਿਚ ਮਾਰੇ ਗਏ ਤਕਰੀਬਨ 3000 ਲੋਕਾਂ ਨੂੰ ਚੇਤੇ ਕੀਤਾ। ਸਾਈਟ ਵੱਲੋਂ ਮੁਹੱਈਆ ਅੰਗਰੇਜ਼ੀ ਤਰਜਮੇ ਮੁਤਾਬਕ ਜ਼ਵਾਹਰੀ ਨੇ ਕਿਹਾ ਹੈ ਕਿ ਆਰਥਿਕ ਤੌਰ 'ਤੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਵਾਂਗੇ ਤੇ ਉਸ ਨੂੰ ਆਪਣੀ ਸੁਰੱਖਿਆ ਲਈ ਭਾਰੀ ਖਰਚੇ ਕਰਨ ਵਾਸਤੇ ਮਜਬੂਰ ਕਰਦੇ ਰਹਾਂਗੇ। ਅਮਰੀਕਾ ਪਹਿਲਾਂ ਹੀ ਆਪਣੇ ਫੌਜੀ ਤੇ ਸਲਾਮਤੀ ਖਰਚਿਆਂ ਕਾਰਨ ਹਿੱਲਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਨੂੰ ਉਲਝਾਈ ਰੱਖਣ ਲਈ ਬਹੁਤਾ ਕੁਝ ਕਰਨ ਦੀ ਲੋੜ ਨਹੀਂ, ਬਸ ਉਰੇ-ਪਰੇ ਕੁਝ ਹਮਲੇ ਕਰਦੇ ਰਹੋ। ਜਿਵੇਂ ਇਸ ਨੂੰ ਛਾਪਾਮਾਰ ਲੜਾਈ ਰਾਹੀਂ ਸੋਮਾਲੀਆ, ਯਮਨ, ਇਰਾਕ ਤੇ ਅਫਗਾਨਿਸਤਾਨ ਵਿਚ ਹਰਾਇਆ ਹੈ, ਉਵੇਂ ਹੀ ਇਸ ਦਾ ਪਿੱਛਾ ਇਸ ਦੀ ਆਪਣੀ ਸਰਜ਼ਮੀਨ ਉਤੇ ਕਰਾਂਗੇ।



# ਸੀਰੀਆ ਬਾਰੇ ਰੂਸ ਤੇ ਅਮਰੀਕਾ ਵਿਚਾਲੇ ਸਮਝੌਤਾ

**ਜਨੇਵਾ:** ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੇਰੀ ਤੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਵਰੋਵ ਨੇ ਦੱਸਿਆ ਕਿ ਤਿੰਨ ਦਿਨ ਦੀ ਵਿਆਪਕ ਗੱਲਬਾਤ ਤੋਂ ਬਾਅਦ ਉਹ ਸੀਰੀਆ ਦੇ ਰਸਾਇਣਕ ਹਥਿਆਰਾਂ ਨੂੰ ਖਤਮ ਕਰਨ ਦੇ ਲਈ ਸਮਝੌਤੇ 'ਤੇ ਪੁੱਜ ਗਏ ਹਨ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਕੂਟਨੀਤੀ ਨੂੰ ਇਕ ਮੌਕਾ ਦਿੱਤਾ ਗਿਆ ਹੈ ਤੇ ਸੀਰੀਆ ਖ਼ਿਲਾਫ ਫੌਜੀ ਕਾਰਵਾਈ ਦਾ ਬਦਲ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਸਮਝੌਤੇ ਮੁਤਾਬਕ ਹਥਿਆਰਾਂ ਨੂੰ ਖਤਮ ਕਰਨ ਲਈ ਤੈਅ ਸਮਾਂ ਸੀਮਾ, ਸੀਰੀਆ ਦੀ ਸਮਝੌਤੇ ਦਾ ਪਾਬੰਦ ਹੋਣ ਦੀ ਇੱਛਾ ਤੇ ਜੇ ਸੀਰੀਆ ਸਮਝੌਤੇ ਦਾ ਪਾਬੰਦ ਨਹੀਂ ਹੁੰਦਾ ਤਾਂ ਸੁਰੱਖਿਆ ਕੌਂਸਲ ਵਿਚ ਮਤਾ ਪਾਸ ਕਰਵਾ ਕੇ ਸੀਰੀਆ ਵਿਰੁੱਧ ਫੌਜੀ ਕਾਰਵਾਈ ਕਰਨ ਦਾ ਬਦਲ ਖੁੱਲ੍ਹਾ ਰੱਖਿਆ ਗਿਆ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੇਰੀ ਨੇ ਦੱਸਿਆ ਕਿ ਮਾਹਿਰਾਂ ਦੀਆਂ ਟੀਮਾਂ ਨੇ ਹਥਿਆਰਾਂ ਦੇ ਮੌਜੂਦਾ ਭੰਡਾਰਾਂ ਦਾ ਅਨੁਮਾਨ ਲਾ ਲਿਆ ਹੈ ਤੇ ਸੀਰੀਆ ਨੂੰ ਸਾਰੇ ਹਥਿਆਰ ਤਬਾਹ ਕਰਨੇ ਪੈਣਗੇ।

ਉਨ੍ਹਾਂ ਕਿਹਾ ਕਿ ਰੂਸ ਤੇ ਅਮਰੀਕਾ ਵਿਚਕਾਰ ਸੀਰੀਆ ਦੇ ਰਸਾਇਣਕ ਹਥਿਆਰਾਂ ਦੇ ਭੰਡਾਰਾਂ ਨੂੰ ਸੁਰੱਖਿਅਤ ਕਰਨ ਬਾਰੇ ਗੱਲਬਾਤ ਦੇ ਨਾਲ ਸੀਰੀਆ ਵਿਚ ਪਿਛਲੇ ਦੋ ਸਾਲ ਤੋਂ ਚੱਲ ਰਹੀ ਖਾਨਾਜੰਗੀ ਨੂੰ ਖਤਮ ਕਰਨ ਲਈ ਅਮਨ ਵਾਰਤਾ ਲਈ ਵੀ ਰਸਤਾ ਖੁੱਲ੍ਹੇਗਾ। ਇਸ ਦੌਰਾਨ ਹੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਸੀਰੀਆ ਦੇ ਸੰਕਟ ਨੂੰ ਖਤਮ ਕਰਨ ਲਈ ਉਹ ਕੂਟਨੀਤੀ ਨੂੰ ਇਕ ਮੌਕਾ ਦੇਣ ਦੀ ਇੱਛਾ ਰੱਖਦੇ ਹਨ ਪਰ ਉਨ੍ਹਾਂ ਚਿਤਾਵਨੀ ਦਿੱਤੀ ਕਿ ਸੀਰੀਆ ਵਿਰੁੱਧ ਫੌਜੀ ਕਾਰਵਾਈ ਦਾ ਬਦਲ ਵੀ ਖੁੱਲ੍ਹਾ ਹੈ। ਉਨ੍ਹਾਂ ਕਿਹਾ ਕਿ ਬਸ਼ਰ ਅਲ ਅਸਦ ਸਰਕਾਰ ਵੱਲੋਂ ਰਸਾਇਣਕ ਹਥਿਆਰ ਖਤਮ ਕਰਨ ਦੇ ਭਰੋਸੇ ਸਬੰਧੀ ਰੂਸ ਵੱਲੋਂ ਕੀਤੀ ਹੈਰਾਨੀਜਨਕ ਪਹਿਲਕਦਮੀ ਤੋਂ ਬਾਅਦ ਹੀ ਗੱਲਬਾਤ ਸ਼ੁਰੂ ਹੋਈ।



ਉਨ੍ਹਾਂ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਗੱਲਬਾਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਹਾਂਪੱਖੀ ਪਹਿਲਕਦਮੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਮਰੀਕੀ ਹਮਲੇ ਦੀ ਚਿਤਾਵਨੀ ਕਰਕੇ ਹੀ ਰੂਸ ਤੇ ਸੀਰੀਆ ਸਹਿਮਤ ਹੋਏ ਹਨ ਤੇ ਸੀਰੀਆ ਉਤੇ ਦਬਾਅ ਨੂੰ ਬਰਕਰਾਰ ਰੱਖਿਆ ਜਾਵੇਗਾ। ਆਪਣੇ ਹਫਤਾਵਾਰੀ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਜੇ ਕੂਟਨੀਤੀ ਫੇਲ੍ਹ ਹੁੰਦੀ ਹੈ ਤਾਂ ਅਮਰੀਕਾ ਤੇ ਅੰਤਰਰਾਸ਼ਟਰੀ ਭਾਈਚਾਰੇ ਕੋਲ ਸੀਰੀਆ ਵਿਰੁੱਧ ਕਾਰਵਾਈ ਦਾ ਬਦਲ ਵੀ ਖੁੱਲ੍ਹਾ ਹੈ।

## ਹਮਲਾ ਤਬਾਹੀ ਦਾ ਸਬੱਬ ਬਣੇਗਾ: ਪੂਤਿਨ

**ਵਾਸ਼ਿੰਗਟਨ:** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕਾ ਨੂੰ ਸੀਰੀਆ 'ਤੇ ਇਕਤਰਫ਼ਾ ਹਮਲੇ ਤੋਂ ਖਬਰਦਾਰ ਕਰਦਿਆਂ ਕਿਹਾ ਕਿ ਇਸ ਨਾਲ ਦਹਿਸ਼ਤਗਰਦੀ ਦੀ ਨਵੀਂ ਲਹਿਰ ਨੂੰ ਹੁਲਾਰਾ ਮਿਲੇਗਾ ਤੇ ਟਕਰਾਅ ਸੀਰੀਆ ਦੀਆਂ ਹੱਦਾਂ ਪਾਰ ਕਰ ਜਾਵੇਗਾ। 'ਨਿਊਯਾਰਕ ਟਾਈਮਜ਼' ਅਖ਼ਬਾਰ ਵਿਚ ਇੱਥੇ ਇਕ ਲੇਖ ਵਿਚ ਸ੍ਰੀ ਪੂਤਿਨ ਨੇ ਕਿਹਾ ਕਿ ਬਹੁਤ ਸਾਰੇ ਦੇਸ਼ਾਂ ਤੇ ਪੋਪ ਸਮੇਤ ਪ੍ਰਮੁੱਖ ਰਾਜਸੀ ਤੇ ਧਾਰਮਿਕ ਹਸਤੀਆਂ ਦੇ ਵਿਰੋਧ ਦੇ ਬਾਵਜੂਦ ਜੇ ਹਮਲਾ ਕੀਤਾ ਗਿਆ ਤਾਂ ਇਸ ਨਾਲ ਜਾਨੀ ਤੇ ਮਾਲੀ ਨੁਕਸਾਨ ਵਧੇਗਾ ਤੇ ਟਕਰਾਅ ਸੀਰੀਆ ਦੀਆਂ ਹੱਦਾਂ-ਬੰਨ੍ਹੇ ਪਾਰ ਕਰ ਜਾਵੇਗਾ। ਰੂਸੀ ਆਗੂ ਨੇ ਕਿਹਾ ਕਿ ਉਨ੍ਹਾਂ ਨੂੰ ਸੀਰੀਆ ਵਿਚ ਜ਼ਹਿਰੀਲੀ ਗੈਸ ਦੀ ਵਰਤੋਂ ਬਾਰੇ ਕੋਈ ਸੰਦੇਹ ਨਹੀਂ ਹੈ ਪਰ ਉਨ੍ਹਾਂ ਸੀਰੀਆ ਦੇ ਬਾਗ਼ੀਆਂ 'ਤੇ ਰਸਾਇਣਕ ਹਮਲਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਲਿਖਿਆ ਹੈ ਕਿ ਇਹ ਯਕੀਨ ਕਰਨ ਦਾ ਕਾਰਨ ਹੈ ਕਿ ਇਸ ਦੀ ਵਰਤੋਂ ਸੀਰੀਆ ਦੀ ਫੌਜ ਵੱਲੋਂ ਨਹੀਂ ਸਗੋਂ ਵਿਰੋਧੀ ਦਸਤਿਆਂ ਵੱਲੋਂ ਕੀਤੀ ਗਈ ਸੀ ਤਾਂ ਕਿ ਬੁਨਿਆਦਪ੍ਰਸਤਾਂ ਨਾਲ ਖਹਿਣ ਵਾਲੇ ਸ਼ਕਤੀਸ਼ਾਲੀ ਵਿਦੇਸ਼ੀ ਤਾਕਤਾਂ ਨੂੰ ਦਖ਼ਲਅੰਦਾਜ਼ੀ ਲਈ ਉਕਸਾਇਆ ਜਾ ਸਕੇ।

# ਭਾਜਪਾ ਦੀ ਨੀਤ ਜ਼ਾਹਰ, ਮੋਦੀ ਦੀ ਵਾਰੀ ਅਜੇ ਨਹੀਂ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਖਰ ਨੂੰ ਇੱਕ ਪੜਾਅ ਇਹੋ ਜਿਹਾ ਭਾਰਤੀ ਰਾਜਨੀਤੀ ਵਿਚ ਆ ਹੀ ਗਿਆ ਹੈ, ਜਿਸ ਪਿੱਛੋਂ ਕੁਝ ਲੋਕ ਕਹਿਣ ਲੱਗ ਪਏ ਹਨ ਕਿ ਹੁਣ ਅਗਲੀਆਂ ਪਾਰਲੀਮੈਂਟ ਚੋਣਾਂ ਲਈ ਧਿਰਾਂ ਅਤੇ ਨੀਤੀ-ਦੋਵਾਂ ਬਾਰੇ ਸਪੱਸ਼ਟਤਾ ਹੋਣੀ ਸੁਖਾਲੀ ਹੋ ਗਈ ਹੈ। ਸਾਨੂੰ ਅਜਿਹਾ ਕੁਝ ਨਹੀਂ ਲੱਗਦਾ। ਅਜੇ ਸਿਰਫ ਇੱਕ ਧਿਰ ਦੀ ਨੀਤ ਸਪੱਸ਼ਟ ਹੋਈ ਹੈ। ਨਾ ਨੀਤੀਆਂ ਦੇ ਬਾਰੇ ਕੋਈ ਸਪੱਸ਼ਟਤਾ ਹੋਈ ਹੈ ਤੇ ਨਾ ਧਿਰਾਂ ਬਾਰੇ ਕੋਈ ਕਾਹਲੇ ਸਿੱਟੇ ਕੱਢੇ ਜਾ ਸਕਦੇ ਹਨ।

ਜਿਹੜੀ ਘਟਨਾ ਇੰਨੇ ਕਾਹਲੇ ਨਤੀਜੇ ਕੱਢਣ ਵਾਲਿਆਂ ਲਈ ਇੱਕ ਕਾਰਨ ਬਣੀ, ਉਹ ਭਾਰਤੀ ਜਨਤਾ ਪਾਰਟੀ ਵੱਲੋਂ ਤੇਰਾਂ ਸਤੰਬਰ ਦੇ ਦਿਨ ਇਹ ਫੈਸਲਾ ਕਰਨਾ ਸੀ ਕਿ ਅਗਲੀਆਂ ਚੋਣਾਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪਦਵੀ ਲਈ ਨਰਿੰਦਰ ਮੋਦੀ ਉਸ ਦਾ ਉਮੀਦਵਾਰ ਹੋਵੇਗਾ। ਜੇ ਇਹ ਫੈਸਲਾ ਨਾ ਵੀ ਕੀਤਾ ਗਿਆ ਹੁੰਦਾ ਤਾਂ ਜਿਵੇਂ ਚੋਣ ਪ੍ਰਚਾਰ ਦੀ ਸਾਰੀ ਕਮਾਨ ਉਸ ਦੇ ਹੱਥ ਦਿੱਤੀ ਜਾ ਚੁੱਕੀ ਸੀ, ਇਹ ਸੰਕੇਤ ਲੋਕਾਂ ਵਿਚ ਜਾ ਚੁੱਕਾ ਸੀ ਕਿ ਹਿੰਦੂਤਵ ਦਾ ਝੰਡਾ ਹੁਣ ਮੋਦੀ ਦੇ ਹੱਥ ਹੀ ਰਹਿਣਾ ਹੈ। ਜਿਨ੍ਹਾਂ ਭਾਈਬੰਦਾਂ ਨੇ ਵਿਰੋਧ ਕਰਨਾ ਸੀ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਾਂਗ ਉਹ ਤਿੰਨ ਮਹੀਨੇ ਪਹਿਲਾਂ ਇਸ ਬੇੜੀ ਵਿਚੋਂ ਉਤਰ ਚੁੱਕੇ ਸਨ ਤੇ ਬਾਕੀ ਸ਼ਿਵ ਸੈਨਾ ਤੇ ਉਸ ਅਕਾਲੀ ਦਲ ਵਾਲੇ ਰਹਿ ਗਏ ਸਨ, ਜਿਨ੍ਹਾਂ ਦਾ ਮੁਖੀ ਪ੍ਰਕਾਸ਼ ਸਿੰਘ ਬਾਦਲ ਗੁਜਰਾਤ ਜਾ ਕੇ ਨਰਿੰਦਰ ਮੋਦੀ ਨੂੰ ਇੱਕ ਗਾਂ ਹੋਰ ਦੇਣ ਦੀ ਬੇਨਤੀ ਕਰ ਆਇਆ ਸੀ, ਪਰ ਪੰਜਾਬੀ ਕਿਸਾਨਾਂ ਦੇ ਉਜਾੜੇ ਬਾਰੇ ਚੁੱਪ ਕੀਤਾ ਰਿਹਾ ਸੀ। ਮੋਦੀ ਦਾ ਵੱਡਾ ਵਿਰੋਧ ਬਾਹਰੋਂ ਨਹੀਂ ਸੀ ਹੋ ਰਿਹਾ, ਭਾਜਪਾ ਦੇ ਅੰਦਰੋਂ ਉਨ੍ਹਾਂ ਲੋਕਾਂ ਵੱਲੋਂ ਕੀਤਾ ਜਾ ਰਿਹਾ ਸੀ, ਜਿਹੜੇ ਕਦੀ ਖੁਦ ਨਰਿੰਦਰ ਮੋਦੀ ਨੂੰ ਗੁਮਨਾਮੀ ਵਿਚੋਂ ਕੱਢ ਕੇ ਲੋਕਾਂ ਸਾਹਮਣੇ ਲੀਡਰ ਵਜੋਂ ਪੇਸ਼ ਕਰਨ ਦੀ ਘੜੀ ਨੂੰ ਪਛਤਾ ਰਹੇ ਸਨ।

ਉਹ ਦਿਨ ਯਾਦ ਕੀਤੇ ਜਾਣੇ ਚਾਹੀਦੇ ਹਨ, ਜਦੋਂ ਗੁਜਰਾਤ ਵਿਚ ਭਾਜਪਾ ਦੇ ਲੀਡਰਾਂ ਦੀ ਆਪਸੀ ਖਹਿਬੜ ਦੇ ਕਾਰਨ ਇੱਕ ਪਿੱਛੋਂ ਦੂਸਰਾ ਮੁੱਖ ਮੰਤਰੀ ਹਟਾਏ ਜਾਣ ਦੀ ਲੋੜ ਪੈ ਰਹੀ ਸੀ। ਉਦੋਂ ਤੱਕ ਨਰਿੰਦਰ ਮੋਦੀ ਪੰਜਾਬ ਵਿਚ ਫਿਰਦਾ ਸੀ। ਪਹਿਲਾਂ ਉਸ ਨੂੰ ਹਰਿਆਣੇ ਦਾ ਇੰਚਾਰਜ ਬਣਾਇਆ ਗਿਆ ਸੀ, ਪਰ ਉਥੇ ਉਸ ਦੇ ਵਿਹਾਰ ਤੋਂ ਤੰਗ ਆ ਕੇ ਓਮ ਪ੍ਰਕਾਸ਼ ਚੌਟਾਲਾ ਨੇ ਸ਼ਰਤ ਲਾ ਦਿੱਤੀ ਸੀ ਕਿ ਜਦੋਂ ਤੱਕ ਇਸ ਬੰਦੇ ਨੂੰ ਬਾਹਰ ਨਾ ਕੀਤਾ, ਉਹ ਭਾਜਪਾ ਨਾਲ ਕੋਈ ਗੱਲ ਨਹੀਂ ਕਰੇਗਾ। ਫਿਰ ਉਹ ਪੰਜਾਬ ਜੋਗਾ ਰਹਿ ਗਿਆ। ਇਹ ਤਜਵੀਜ਼ ਲਾਲ ਕ੍ਰਿਸ਼ਨ ਅਡਵਾਨੀ ਦੀ ਸੀ ਕਿ ਜੇ ਨਰਿੰਦਰ ਮੋਦੀ ਨੂੰ ਗੁਜਰਾਤ ਦੀ ਸਰਦਾਰੀ ਦੇ ਦਿੱਤੀ ਜਾਵੇ ਤਾਂ ਭਾਜਪਾ ਅੰਦਰ ਭੜਥੂ ਰੁਕ ਸਕਦਾ ਹੈ। ਅਟਲ ਬਿਹਾਰੀ ਵਾਜਪਾਈ ਨੇ ਸਹਿਮਤ ਨਾ ਹੋਣ ਦੇ ਬਾਵਜੂਦ ਹਾਮੀ ਭਰ ਦਿੱਤੀ। ਨਰਿੰਦਰ ਮੋਦੀ ਦੀ ਸਰਕਾਰ ਨੇ ਹਾਲੇ ਢਾਈ ਕੋਹ ਪੈਂਡਾ ਨਹੀਂ ਸੀ ਕੀਤਾ ਕਿ ਗੁਜਰਾਤ ਵਿਚ ਉਹ ਦੰਗੇ ਹੋ ਗਏ, ਜਿਨ੍ਹਾਂ ਨੇ ਵਾਜਪਾਈ ਸਰਕਾਰ ਦਾ ਜਲੂਸ ਕੱਢ ਦਿੱਤਾ ਤੇ ਜਦੋਂ ਮੋਦੀ ਨੂੰ ਵਾਜਪਾਈ ਪਾਸੇ ਕਰਨਾ ਚਾਹੁੰਦਾ ਸੀ, ਅਡਵਾਨੀ ਨੇ ਮੋਦੀ ਦੀ ਕੁਰਸੀ ਨੂੰ ਬਚਾਉਣਾ ਆਪਣੀ ਇੱਜ਼ਤ ਦਾ ਸਵਾਲ ਬਣਾ ਲਿਆ। ਤਿਕੜਮਬਾਜ਼ੀ ਦੇ ਚੱਕਰ ਵਿਚ ਕੀਤੀ ਇਹ ਅਡਵਾਨੀ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਸੀ।

ਨਰਿੰਦਰ ਮੋਦੀ ਨੇ ਦੰਗੇ ਕਰਾਉਣ ਪਿੱਛੋਂ ਦੇਸ਼ ਦੀ ਸਭ ਤੋਂ ਵੱਡੀ ਘੱਟ ਗਿਣਤੀ ਦੇ ਸੈਂਕੜੇ



ਲੋਕਾਂ ਦੇ ਕਤਲਾਂ ਨੂੰ ਠੀਕ ਹੀ ਨਹੀਂ ਸੀ ਠਹਿਰਾਇਆ, ਸਗੋਂ ਜਿੱਥੇ ਦੰਗਾ ਪੀੜਤ ਪਨਾਹ ਲਈ ਬੈਠੇ ਸਨ, ਉਨ੍ਹਾਂ ਸ਼ਰਨਾਰਥੀ ਕੈਂਪਾਂ ਨੂੰ ਜਵਾਕ ਜੰਮਣ ਦੀਆਂ ਫੈਕਟਰੀਆਂ ਤੱਕ ਕਹਿ ਦਿੱਤਾ ਸੀ। ਇਸ ਵਿਚੋਂ ਅਡਵਾਨੀ ਦੇ ਧੜੇ ਨੂੰ ਕੁਝ ਵੀ ਬੁਰਾ ਨਹੀਂ ਸੀ ਲੱਗਦਾ। ਦੰਗਿਆਂ ਦੇ ਬਾਅਦ ਗੁਜਰਾਤ ਦਾ ਦੌਰਾ ਕਰਨ ਗਏ ਵਾਜਪਾਈ ਦੀ ਗੱਲ ਭਰੀ ਪ੍ਰੈਸ ਕਾਨਫਰੰਸ ਵਿਚ ਕੱਟ ਕੇ ਮੋਦੀ ਨੇ ਜਿਹੜੇ ਢੰਗ ਨਾਲ ਉਸ ਦੀ ਬੇਇੱਜ਼ਤੀ ਕੀਤੀ, ਉਸ ਤੋਂ ਵੀ ਅਡਵਾਨੀ ਧੜਾ ਖੁਸ਼ ਹੁੰਦਾ ਰਿਹਾ ਸੀ। ਗੁਜਰਾਤ ਭਾਜਪਾ ਦੇ ਸਾਬਕਾ ਮੰਤਰੀ ਹਰਿਨ ਪਾਂਡਿਆ ਨੂੰ ਪਹਿਲਾਂ ਵਜ਼ੀਰੀ ਤੋਂ ਕੱਢਿਆ, ਫਿਰ ਵਿਧਾਨ ਸਭਾ ਦੀ ਟਿਕਟ ਨਾ ਲੈਣ ਦਿੱਤੀ ਤੇ ਉਸ ਦੇ ਬਾਅਦ ਉਸ ਦਾ ਆਪਣੇ ਘਰ ਅੱਗੇ ਕਤਲ ਕਰਵਾ ਦਿੱਤਾ ਗਿਆ। ਉਸ ਦੀ ਕ੍ਰਿਆ ਵੇਲੇ ਮੋਦੀ ਜਦੋਂ ਸ਼ਰਧਾਂਜਲੀ ਭੇਟ ਕਰ ਰਿਹਾ ਸੀ, ਪਾਂਡਿਆ ਦਾ ਪਿਤਾ ਇਹ ਕੂਕ ਰਿਹਾ ਸੀ ਕਿ ਕਾਹਦੀ ਸ਼ਰਧਾਂਜਲੀ, ਮੇਰਾ ਪੁੱਤਰ ਤਾਂ ਨਰਿੰਦਰ ਮੋਦੀ ਨੇ ਆਪ ਕਤਲ ਕਰਵਾਇਆ ਹੈ। ਅਡਵਾਨੀ ਹੁਰੀਂ ਇਸ ਨੂੰ ਅਣਗੌਲਿਆ ਕਰਦੇ ਰਹੇ ਪਰ ਅੰਤ ਨੂੰ ਜਦੋਂ ਉਨ੍ਹਾਂ ਦੀ ਆਪਣੀ ਵਾਰੀ ਆ ਗਈ, ਉਦੋਂ ਅਡਵਾਨੀ ਦੇ ਪੱਖ ਵਿਚ ਖਲੋਣ ਵਾਲੇ ਕਿਰਨ ਲੱਗ ਪਏ।

ਯਾਦ ਕਰੀਏ 2009 ਦੀਆਂ ਪਾਰਲੀਮੈਂਟ ਚੋਣਾਂ ਨੂੰ। ਭਾਜਪਾ ਨੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਬਣਾ ਕੇ ਤੋਰਿਆ ਸੀ। ਨਰਿੰਦਰ ਮੋਦੀ ਨੇ ਇਹ ਸੁਨੇਹਾ ਭੇਜ ਦਿੱਤਾ ਕਿ ਗੁਜਰਾਤ ਤੋਂ ਪਿਛਲੀ ਵਾਰੀ ਦਾ ਕੋਈ ਵੀ ਉਮੀਦਵਾਰ ਦੋਬਾਰਾ ਖੜਾ ਨਹੀਂ ਕਰਨਾ ਤੇ ਲੋਕਾਂ ਸਾਹਮਣੇ ਸਾਰੇ ਨਵੇਂ ਚਿਹਰੇ ਪੇਸ਼ ਕਰਨੇ ਹਨ। ਇਹ ਗੋਲਾ ਅਡਵਾਨੀ ਵੱਲ ਦਾਗਿਆ ਗਿਆ ਸੀ, ਜਿਹੜਾ ਪਿਛਲੀ ਵਾਰੀ ਗੁਜਰਾਤ ਦੇ ਗਾਂਧੀ ਨਗਰ ਤੋਂ ਜਿੱਤਿਆ ਸੀ। ਭਾਜਪਾ ਵਿਚ ਭਾਜੜ ਮੱਚ ਗਈ। ਕਈ ਦਿਨ ਤਰਲੇ ਕੱਢਣ ਪਿੱਛੋਂ ਮੋਦੀ ਨੂੰ ਇਸ ਗੱਲ ਲਈ ਮਨਾਇਆ ਗਿਆ ਕਿ ਉਹ ਅਡਵਾਨੀ ਦਾ ਇੰਨਾ ਜਲੂਸ ਨਾ ਕੱਢੇ। ਇੰਨੀ ਗੱਲ ਉਸ ਨੇ ਮੰਨ ਕੇ ਨਵਾਂ ਗੋਲਾ ਦਾਗ ਦਿੱਤਾ ਕਿ ਭਾਜਪਾ ਦੇ ਕੇਂਦਰੀ ਲੀਡਰਾਂ ਨੂੰ ਗੁਜਰਾਤ ਵਿਚ ਚੋਣ ਪ੍ਰਚਾਰ ਵਾਸਤੇ ਆਉਣ ਦੀ ਲੋੜ ਨਹੀਂ। ਫਿਰ ਉਸ ਨੂੰ ਇਸ ਗੱਲ ਲਈ ਮਨਾਇਆ ਗਿਆ ਕਿ ਇੱਦਾਂ ਵੀ ਬੇਇੱਜ਼ਤੀ ਹੁੰਦੀ ਹੈ। ਅਡਵਾਨੀ ਧੜੇ ਵਿਚ ਉਸ ਵੇਲੇ ਹੀ ਹਲਚਲ ਮੱਚ ਗਈ ਸੀ ਕਿ ਬਦਨੀਤੀ ਦੇ ਚਿਰਾਗ ਵਿਚੋਂ ਆਪੇ ਪੈਦਾ ਕੀਤਾ ਜਿੰਨ ਹੁਣ ਸਾਡਾ ਆਪਣਾ ਨਹੀਂ ਰਿਹਾ ਤੇ ਇਸ ਤੋਂ ਬਚ ਕੇ ਚੱਲਣਾ ਪਵੇਗਾ। ਫਿਰ ਉਹ ਪੈਰੋ-ਪੈਰ ਪਿੱਛੇ ਹਟਦੇ ਗਏ ਤੇ ਮੋਦੀ ਅੱਗੇ ਵਧੀ ਗਿਆ।

ਇਥੇ ਆ ਕੇ ਸਿਰਫ ਅਡਵਾਨੀ ਨਹੀਂ, ਸਾਰੀ ਭਾਜਪਾ ਲੀਡਰਸ਼ਿਪ ਦੇ ਕੋਲ ਇੱਕੋ ਆਸਰਾ ਰਹਿ ਗਿਆ ਕਿ ਆਰ ਐਸ ਐਸ ਦੀ ਲੀਡਰਸ਼ਿਪ ਮੋਦੀ ਨੂੰ ਨੱਥ ਪਾਵੇਗੀ। ਮੋਦੀ ਨੇ ਨਾਗਪੁਰ ਵਾਲੇ ਵੀ ਅੱਗੇ ਲਾ ਲਏ। ਭਾਜਪਾ ਦੀ ਹਰ ਪੱਧਰ ਦੀ ਕਮੇਟੀ ਜਾਂ ਕੌਂਸਲ ਵਿਚ ਜਨਰਲ ਸਕੱਤਰ ਦੇ ਅਹੁਦੇ ਦਾ ਇੱਕ ਆਗੂ ਆਰ ਐਸ ਐਸ ਦਾ ਪ੍ਰਤੀਨਿਧ ਹੁੰਦਾ ਹੈ। ਇਹੋ ਜਿਹੇ ਇੱਕ ਸਿਧਾਂਤਕ ਆਗੂ ਦੀ ਬਲਿਊ ਸੀ ਡੀ ਬਾਜ਼ਾਰ ਵਿਚ ਆ ਗਈ। ਦੋਸ਼ ਨਰਿੰਦਰ ਮੋਦੀ ਉਤੇ ਲੱਗਾ ਕਿ ਇਹ ਕੰਮ ਉਸ ਨੇ ਕਰਵਾਇਆ ਹੈ, ਪਰ ਸੰਘ ਦੇ ਉਸ ਪ੍ਰਤੀਨਿਧ ਨੂੰ ਅਹੁਦਾ ਛੱਡ ਕੇ ਜਾਣਾ ਪਿਆ। ਫਿਰ ਮੁੰਬਈ ਦੀ ਮੀਟਿੰਗ ਮੌਕੇ ਮੋਦੀ ਨੇ ਆਪਣੀ ਈਨ ਮੰਨਵਾਈ ਤੇ ਜਦੋਂ ਨਾਗਪੁਰ ਤੋਂ ਆਰ ਐਸ ਐਸ ਲੀਡਰਸ਼ਿਪ ਨੇ ਆਤਮ-ਸਮਰਪਣ ਦੇ ਸੰਕੇਤ ਭੇਜ ਦਿੱਤੇ, ਦੋ ਦਿਨਾਂ ਦਾ ਰੁੱਸਿਆ ਬੈਠਾ ਮੋਦੀ ਡੇਢ ਘੰਟੇ ਬਾਅਦ ਜਲਸੇ ਵਿਚ ਜਾ ਪੁੱਜਾ। ਹੁਣ ਵੀ ਉਸੇ ਆਰ ਐਸ ਐਸ ਦੀ ਲੀਡਰਸ਼ਿਪ ਨੇ ਮੋਦੀ ਲਈ ਮੈਦਾਨ ਪੱਧਰਾ ਕਰਨ ਵਾਸਤੇ ਇੱਕ ਹਫਤਾ ਲਾਇਆ ਹੈ।

ਕਦੀ ਇਹ ਕਿਹਾ ਜਾਂਦਾ ਸੀ ਕਿ ਭਾਜਪਾ ਇੱਕ ਸੰਗਠਨ ਹੈ ਤੇ ਆਰ ਐਸ ਐਸ ਇਸ ਦੀ ਮਾਂ ਹੈ, ਜਿਸ ਦਾ ਕਹਿਣਾ ਮੰਨਣਾ ਹਰ ਕਿਸੇ ਲਈ ਲਾਜ਼ਮੀ ਹੈ। ਭਾਜਪਾ ਵੱਲੋਂ ਤਾਜ਼ਾ ਫੈਸਲਾ ਜਿਵੇਂ ਨਰਿੰਦਰ ਮੋਦੀ ਦੇ ਹੱਕ ਵਿਚ ਕੀਤਾ ਗਿਆ ਤੇ ਜਿਵੇਂ ਆਰ ਐਸ ਐਸ ਲੀਡਰਸ਼ਿਪ ਉਸ ਦੇ ਕਾਰਿੰਦੇ ਵਾਂਗ ਸਰਗਰਮ ਹੋਈ ਰਹੀ, ਉਸ ਤੋਂ ਸਾਫ ਹੋ ਗਿਆ ਹੈ ਕਿ ਮੋਦੀ ਆਪਣੀ ਹਿਟਲਰੀ ਉਠਾਣ ਨਾਲ ਕੱਲ੍ਹ ਤੱਕ ਮਾਂ ਮੰਨੀ ਜਾਂਦੀ ਆਰ ਐਸ ਐਸ ਲਈ ਵੀ ਮਾਈ-ਬਾਪ ਬਣ ਚੁੱਕਾ ਹੈ। ਇਸ ਦੇ ਪਿੱਛੇ ਮਜਬੂਰੀ ਆਪਣੀ ਥਾਂ ਹੈ, ਪਰ ਇਹ ਗੱਲ ਆਰ ਐਸ ਐਸ ਦੇ ਆਗੂ ਕਹਿਣ ਲੱਗ ਪਏ ਹਨ ਕਿ ਭਾਰਤ ਦੀ ਹਿੰਦੂ ਰਾਸ਼ਟਰ ਵਜੋਂ ਪਛਾਣ ਬਣਾਉਣ ਲਈ 'ਅਭੀ ਜਾਂ ਕਭੀ ਨਹੀਂ' ਦਾ ਮੌਕਾ ਆ ਗਿਆ ਹੈ। ਨਰਿੰਦਰ ਮੋਦੀ ਦੇ ਨਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਪ੍ਰਵਾਨਗੀ ਦੇ ਪਿੱਛੇ ਇਹੋ ਨੀਤ ਕੰਮ ਕਰਦੀ ਹੈ, ਜਿਹੜੀ ਜ਼ਾਹਰ ਹੋ ਗਈ ਹੈ, ਇਸ ਦੇ ਬਾਅਦ ਬਾਕੀ ਧਿਰਾਂ ਨੂੰ ਆਪੋ ਆਪਣਾ ਪੈਂਤੜਾ ਸੋਚਣਾ ਪਵੇਗਾ।

ਜਦੋਂ ਇਸ ਧਿਰ ਦੀ ਨੀਤ ਹੀ ਸਾਫ ਹੋਈ ਹੈ, ਹਾਲੇ ਨੀਤੀ ਸਾਫ਼ ਹੋਈ ਨਹੀਂ ਸਮਝਣੀ ਚਾਹੀਦੀ, ਉਦੋਂ ਨੀਤੀ ਵਜੋਂ ਇਸ ਦੇ ਆਗੂ ਉਨ੍ਹਾਂ ਫਿਰਕਿਆਂ ਅੰਦਰ ਕੁੰਡੀ ਪਾਉਣ ਦੀ ਕੋਸ਼ਿਸ਼ ਕਰਨਗੇ, ਜਿਹੜੇ ਨਰਿੰਦਰ ਮੋਦੀ ਦਾ ਸੁਫਨਾ ਆਉਣ ਤੋਂ ਵੀ ਤ੍ਰਹਿੰਦੇ ਹਨ। ਸਿੱਧੀ ਪਹੁੰਚ ਕਰਨ ਜੋਗਾ ਮੋਦੀ ਰਿਹਾ ਨਹੀਂ, ਇਸ ਲਈ ਅਕਾਲੀ ਦਲ ਵਰਗੇ ਕੁਝ ਹੋਰ ਦਲਾਂ ਵਿਚੋਂ ਉਹ ਆਗੂ ਲੱਭੇ ਜਾਣਗੇ, ਜਿਹੜੇ ਦੂਸਰੇ ਭਾਈਚਾਰਿਆਂ ਦੇ ਲੋਕਾਂ ਨੂੰ ਯਕੀਨ ਦਿਵਾ ਸਕਣ ਕਿ ਮੋਦੀ ਤੋਂ ਡਰਨ ਦੀ ਲੋੜ ਨਹੀਂ। ਇਸ ਪੱਖ ਤੋਂ ਭਾਜਪਾ ਇਹ ਮੁਖੌਟਾ ਵੀ ਚਾੜ੍ਹੇਗੀ ਕਿ ਜਿਵੇਂ ਵਾਜਪਾਈ ਸਰਕਾਰ ਬਣਾਉਣ ਵੇਲੇ ਉਸ ਨੇ ਜਨਤਾ ਦਲ ਯੁਨਾਈਟਿਡ ਨਾਲ ਬਾਬਰੀ ਮਸਜਿਦ ਵਾਲੀ ਥਾਂ ਰਾਮ ਮੰਦਰ ਬਣਾਉਣ ਦਾ ਮੁੱਦਾ ਪਿੱਛੇ ਪਾ ਦਿੱਤਾ ਸੀ, ਹੁਣ ਵੀ ਹਿੰਦੂ ਰਾਸ਼ਟਰ ਦਾ ਮੁੱਦਾ ਪਿੱਛੇ ਪਾ ਸਕਦੀ ਹੈ। ਬਾਕੀ ਪਾਰਟੀਆਂ ਨੂੰ ਦੇਸ਼ ਦੇ ਲੋਕਾਂ ਨੂੰ ਸਮਝਾਉਣਾ ਪਵੇਗਾ ਕਿ ਵਾਜਪਾਈ ਹੋਰ ਸੀ ਤੇ ਮੋਦੀ ਹੋਰ ਹੈ। ਜਿਸ ਮੋਦੀ ਨੇ ਆਪਣੀ ਹੀ ਪਾਰਟੀ ਵਿਚ ਆਪਣੇ ਪਿਤਾ ਸਮਾਨ ਆਗੂ ਖੂੰਜੇ ਧੱਕ ਦਿੱਤੇ ਹਨ, ਆਪਣੀ ਰਾਜਨੀਤੀ ਦਾ ਮੱਕਾ ਮੰਨੇ ਜਾਂਦੇ ਨਾਗਪੁਰ ਵਾਲੀ ਹਾਈ ਕਮਾਂਡ ਨੂੰ ਨੁੱਕਰੇ ਲਾ ਦਿੱਤਾ ਹੈ, ਉਸ ਨੂੰ ਵਾਜਪਾਈ ਨਾਲ ਨਹੀਂ ਤੋਲਿਆ ਜਾ ਸਕਣਾ, ਜਿਹੜਾ ਵਿਰੋਧੀ ਵਿਚਾਰ ਵਾਲਿਆਂ ਦੀ ਵੀ ਇੱਜ਼ਤ ਕਰਦਾ ਸੀ।

ਜਿਹੜੀਆਂ ਮੋਦੀ-ਵਿਰੋਧੀ ਧਿਰਾਂ ਨੂੰ ਇਹ ਕੰਮ ਕਰਨਾ ਪੈਣਾ ਹੈ, ਉਨ੍ਹਾਂ ਵਿਚ ਪਹਿਲਾ ਨਾਂ ਕਾਂਗਰਸ ਪਾਰਟੀ ਦਾ ਆਉਂਦਾ ਹੈ। ਉਹ ਇਸ ਵਕਤ ਅੱਗੜ-ਪਿੱਛੜ ਨਿਕਲ ਰਹੇ ਸਕੈਂਡਲਾਂ ਕਾਰਨ ਲੋਕਾਂ ਸਾਹਮਣੇ ਜਾਣ ਵਿਚ ਔਕੜ ਤਾਂ ਮਹਿਸੂਸ ਕਰੇਗੀ ਪਰ ਰਾਹ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ। ਗਰੀਬ ਤੋਂ ਗਰੀਬ ਲੋਕਾਂ ਲਈ ਖੁਰਾਕ ਸੁਰੱਖਿਆ ਦੀ ਗਾਰੰਟੀ ਦੀ ਸਕੀਮ, ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਬਾਰੇ ਕਿਸਾਨ-ਪੱਖੀ ਕਾਨੂੰਨ ਪਾਸ ਕਰਨ ਤੇ ਰੇੜ੍ਹੀ-ਫੜ੍ਹੀ ਵਾਲਿਆਂ ਲਈ ਕੁਝ ਸਕੀਮਾਂ ਸ਼ੁਰੂ ਕਰਨ ਨਾਲ ਉਹ ਲੋਕਾਂ ਕੋਲ ਜਾਣ ਦਾ ਰਾਹ ਬਣਾ ਰਹੀ ਹੈ। ਉਸ ਕੋਲ ਇਹੋ ਜਿਹਾ ਜਨਤਕ ਆਧਾਰ ਵੀ ਹੈ, ਜਿਹੜਾ ਹਰ ਤਰ੍ਹਾਂ ਦੀ ਅਣਸੁਖਾਵੀਂ ਸਥਿਤੀ ਵਿਚ ਉਸ ਦੇ ਨਾਲ ਰਹਿੰਦਾ ਹੈ ਤੇ ਹੁਣ ਵੀ ਹੈ। ਇਹ ਇਕਲੌਤੀ ਪਾਰਟੀ ਹੈ, ਜਿਸ ਦਾ ਹਿੰਦੁਸਤਾਨ ਦੀ ਹਰ ਨੁੱਕਰ ਵਿਚ ਦੀਵਾ ਜਗਦਾ ਹੈ। ਅਣਸੁਖਾਵੀਂ ਗੱਲ ਇਹ ਹੈ ਕਿ ਇਹ ਸਾਰਾ ਦਾਰੋਮਦਾਰ ਰਾਹੁਲ ਗਾਂਧੀ ਦੇ ਸਿਰ ਸੁੱਟ ਕੇ ਉਸ ਦੇ ਉਤੇ ਵੀ ਦਬਾਅ ਵਧਾਉਣ ਲੱਗੀ ਹੋਈ ਹੈ ਤੇ ਪਾਰਟੀ ਵਜੋਂ ਆਪਣੇ ਲਈ ਵੀ ਪ੍ਰਸ਼ਨ ਚਿੰਨ੍ਹਾਂ ਵਿਚ ਵਾਧਾ ਕਰ ਰਹੀ ਹੈ। ਇਸ ਦੇ ਅੰਦਰ ਦੇ ਭ੍ਰਿਸ਼ਟ ਤੱਤ ਇਸ ਨੂੰ ਆਪਣੇ ਜਾਪਦੇ ਹਨ ਅਤੇ ਇਹ ਪਿਛਲਾ ਤਜਰਬਾ ਅਣਗੌਲਿਆ ਕਰੀ ਬੈਠੀ ਹੈ ਕਿ ਜਦੋਂ ਕਿਸੇ ਹੋਰ ਦੀ ਚੜ੍ਹਤ ਦਾ ਮਾੜਾ ਜਿਹਾ ਪ੍ਰਭਾਵ ਵੀ ਮਿਲ ਜਾਵੇ, ਪੰਜਾਬ ਦੇ ਕਾਂਗਰਸੀਆਂ ਵਿਚੋਂ ਕੁਝਨਾਂ ਦੇ ਸੁਖਬੀਰ ਸਿੰਘ ਬਾਦਲ ਦੇ ਪੈਰੀਂ ਪੈਣ ਵਾਂਗ ਇਹ ਭ੍ਰਿਸ਼ਟ ਤੱਤ ਉਧਰ ਨੂੰ ਜਾ ਸਕਦੇ ਹਨ। ਕੋਲਾ ਸਕੈਂਡਲ ਵਿਚ ਮੋਟਾ ਮਾਲ ਕਮਾ ਚੁੱਕੇ ਲੋਕਾਂ ਨੂੰ ਮਾਇਆ ਨਾਲ ਮੋਹ ਹੈ, ਜੇ ਉਹ ਮੋਦੀ ਦੇ ਚਰਨੀਂ ਲੱਗ ਕੇ ਕਮਾਈ ਜਾ ਸਕਦੀ ਹੈ ਤਾਂ ਉਨ੍ਹਾਂ ਨੂੰ ਉਧਰ ਜਾਣ ਵਿਚ ਵੀ ਸੰਕੋਚ ਨਹੀਂ ਹੋਣ ਲੱਗਾ। ਕਾਂਗਰਸ ਪਾਰਟੀ ਅਜੇ ਤੱਕ ਨੀਤ ਤੇ ਨੀਤੀ ਦੋਵਾਂ ਬਾਰੇ ਫੈਸਲੇ ਲੈਣ ਵੱਲੋਂ ਵੀ ਅਵਸੇਲੀ ਹੈ।

ਹੁਣ ਮੋਦੀ ਦੇ ਢਾਡੀ ਭਾਵੇਂ ਇਹ ਕਹੀ ਜਾਂਦੇ ਹਨ ਕਿ ਲੜਾਈ ਦੋ-ਧਿਰੀ ਹੋ ਗਈ ਹੈ ਪਰ ਇਹ ਸੱਚ ਨਹੀਂ ਹੈ। ਕੇਰਲਾ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਉੜੀਸਾ ਤੇ ਆਸਾਮ ਵਿਚ ਭਾਜਪਾ ਦੇ ਪੱਲੇ ਕੱਖ ਨਹੀਂ। ਕਿਸੇ ਨਾਲ ਸਮਝੌਤਾ ਹੋਵੇ ਤਾਂ ਕੋਈ ਸੀਟ ਆਉਂਦੀ ਹੈ, ਵਰਨਾ ਠੂਠਾ ਖਾਲੀ ਹੁੰਦਾ ਹੈ। ਜਿਸ ਕਰਨਾਟਕਾ ਵਿਚੋਂ ਉਹ ਦੱਖਣੀ ਭਾਰਤ ਵਿਚ ਜਾਣ ਦਾ ਰਾਹ ਖੋਲ੍ਹਣਾ ਚਾਹੁੰਦੀ ਸੀ, ਉਥੇ ਹੁਣ ਉਸ ਦੇ ਤਸਲੇ ਮੂਧੇ ਵੱਜ ਚੁੱਕੇ ਹਨ। ਸਾਰੀ ਟੇਕ ਹਿੰਦੀ-ਭਾਸ਼ੀ ਭਾਰਤ ਉਤੇ ਹੈ, ਜਿਸ ਵਿਚ ਉਸ ਦੇ ਅੱਗੇ ਨਿਤੀਸ਼ ਕੁਮਾਰ ਸ਼ਾਇਦ ਵੱਡੀ ਤਾਕਤ ਨਾ ਬਣ ਸਕੇ, ਪਰ ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਦੇ ਹੁੰਦਿਆਂ ਉਸ ਤੋਂ ਮਾਂਜਾ ਨਹੀਂ ਮਾਰਿਆ ਜਾ ਸਕਣਾ। ਜਦੋਂ ਅੱਧਾ ਭਾਰਤ ਇੱਕ ਪਾਸੇ ਖਾਲੀ ਕੱਢ ਦਿੱਤਾ, ਬਾਕੀ ਅੱਧੇ ਭਾਰਤ ਤੋਂ ਨਰਿੰਦਰ ਮੋਦੀ ਨੇ ਦਿੱਲੀ ਦੇ ਦਰਾਂ ਤੱਕ ਨਹੀਂ ਪਹੁੰਚ ਸਕਣਾ। ਦੋ ਮੁੱਖ ਧਿਰਾਂ ਤੋਂ ਪਾਸੇ ਦੀਆਂ ਪਾਰਟੀਆਂ ਦੀ ਤਾਕਤ ਇਸ ਵਾਰ ਵਧਣ ਦੀ ਗੱਲ ਕਹੀ ਜਾ ਰਹੀ ਹੈ। ਭਾਜਪਾ ਦੀ ਨੀਤ ਜਦੋਂ ਜ਼ਾਹਰ ਹੋ ਚੁੱਕੀ ਹੈ, ਰਣਨੀਤੀ ਭਾਵੇਂ ਅਜੇ ਤੱਕ ਉਸ ਦੀ ਲੁਕਵੀਂ ਹੈ, ਦੇਸ਼ ਦੇ ਹਾਲਾਤ ਉਸ ਪਾਸੇ ਨੂੰ ਜਾਣ ਲੱਗ ਪਏ ਹਨ, ਜਿੱਥੇ ਇੱਕ ਵਾਰੀ ਫਿਰ ਕਿਸੇ ਦੇਵਗੌੜਾ ਜਾਂ ਕਿਸੇ ਗੁਜਰਾਲ ਦਾ ਨੌਂਗਾ ਨਿਕਲ ਸਕਦਾ ਹੈ। ਦੇਵਗੌੜੇ ਤੇ ਗੁਜਰਾਲ ਦਾ ਵਾਰਸ ਕੋਈ ਮੁਲਾਇਮ, ਨਿਤੀਸ਼, ਨਵੀਨ ਪਟਨਾਇਕ ਵਰਗਾ ਹੋਵੇਗਾ ਜਾਂ ਕਿਸੇ ਹੋਰ ਦੀ ਲਾਟਰੀ ਨਿਕਲੇਗੀ, ਪਤਾ ਨਹੀਂ ਪਰ ਏਨੀ ਗੱਲ ਕਹੀ ਜਾ ਸਕਦੀ ਹੈ ਕਿ ਮੋਦੀ ਦੀ ਵਾਰੀ ਆਉਂਦੀ ਹਾਲੇ ਨਹੀਂ ਲੱਗਦੀ।

ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579




OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665

ਪੰਜਾਬ ਟਾਈਮਜ਼

*ਸਨਿਚਰਵਾਰ, 21 ਸਤੰਬਰ, 2013*

## ਆਰ.ਐਸ.ਐਸ. ਦਾ ਮੋਦੀ ਮੰਤਰ

ਕੱਟੜਪੰਥੀ ਜਥੇਬੰਦੀ ਆਰ.ਐਸ.ਐਸ. ਦੇ ਕੱਲ੍ਹ ਤੱਕ ਪ੍ਰਚਾਰਕ ਰਹੇ ਅਤੇ ਅੱਜ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਆਖਰਕਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਬਣ ਗਏ ਹਨ। ਇਥੇ ਤੱਕ ਪੁੱਜਣ ਲਈ ਮੋਦੀ ਨੂੰ ਭਾਵੇਂ ਵਾਹਵਾ ਤਰੱਦਦ ਕਰਨਾ ਪਿਆ ਅਤੇ ਬੇਸਬਰੀ ਵਾਲੀ ਉਡੀਕ ਵੀ ਕਰਨੀ ਪਈ ਪਰ ਭਾਜਪਾ ਦੀ ਮਾਂ-ਪਾਰਟੀ ਆਰ.ਐਸ.ਐਸ. ਦਾ ਹੱਥ ਉਸ ਦੇ ਸਿਰ ਉਤੇ ਹੋਣ ਕਾਰਨ ਉਹ ਇਸ ਪ੍ਰੀਖਿਆ ਵਿਚੋਂ ਲੰਘ ਗਿਆ ਹੈ। ਇਸ ਦੇ ਲਈ ਆਰ.ਐਸ.ਐਸ. ਨੇ ਬਿਹਾਰ ਸਰਕਾਰ ਵਿਚ ਆਪਣੀ ਭਾਈਵਾਲੀ ਵੀ ਕੁਰਬਾਨ ਕਰ ਦਿੱਤੀ ਅਤੇ ਹੁਣ ਪਾਰਟੀ ਦੇ ਬਜ਼ੁਰਗ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਨਾਰਾਜ਼ ਵੀ ਕਰ ਲਿਆ ਹੈ। ਕੁਝ ਧਿਰਾਂ ਇਸ ਨਾਰਾਜ਼ਗੀ ਨੂੰ ਭਾਵੇਂ ਨਿਰਾ ਨਾਟਕ ਕਰਾਰ ਦੇ ਰਹੀਆਂ ਸਨ ਪਰ ਮੋਦੀ-ਵਿਰੋਧੀ ਸਮੁੱਚਾ ਕੈਂਪ ਇਸ ਸਿਆਸੀ ਨਕਲੋ-ਹਰਕਤ 'ਤੇ ਕੱਛਾਂ ਹੀ ਵਜਾ ਰਿਹਾ ਸੀ। ਦੂਜੇ ਬੰਨੇ ਕਾਂਗਰਸ ਦਿਲੋਂ ਚਾਹੁੰਦੀ ਸੀ ਕਿ ਮੋਦੀ ਹੀ ਭਾਜਪਾ ਦਾ ਉਮੀਦਵਾਰ ਬਣੇ ਕਿਉਂਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਇਸ ਪਾਰਟੀ ਦਾ ਇਕੋ-ਇਕ ਦਾਰੋਮਦਾਰ ਭਾਜਪਾ ਦਾ ਫਿਰਕੂਪੁਣਾ ਹੀ ਬਚਿਆ ਹੈ। ਬਿਨਾਂ ਸ਼ੱਕ ਡਾ. ਮਨਮੋਹਨ ਸਿੰਘ ਦੀ ਸਰਕਾਰ ਤਕਰੀਬਨ ਹਰ ਫਰੰਟ ਉਤੇ ਪਛੜਦੀ ਨਜ਼ਰ ਆ ਰਹੀ ਹੈ। ਸੰਸਾਰ ਪ੍ਰਸਿੱਧ ਅਰਥ ਸ਼ਾਸਤਰੀ ਦੀ ਕਲਗੀ ਸਿਰ ਉਤੇ ਸਜਾਈ ਹੋਣ ਦੇ ਬਾਵਜੂਦ ਉਹ ਦੇਸ਼ ਨੂੰ ਆਰਥਿਕ ਸੰਕਟ ਵਿਚੋਂ ਨਹੀਂ ਕੱਢ ਸਕੇ। ਨਿੱਤ ਦਿਨ ਆਰਥਿਕਤਾ ਨੂੰ ਸਗੋਂ ਹੋਰ ਪਛਾੜ ਵੱਜ ਰਹੀ ਹੈ। ਬਹੁਤ ਸਾਰੇ ਖੇਤਰਾਂ ਵਿਚ ਪੂੰਜੀ-ਨਿਵੇਸ਼ ਉਤੇ ਕਰਾਰੀਆਂ ਸੱਟਾਂ ਪਈਆਂ ਹਨ। ਇਸੇ ਅਸਫਲਤਾ ਕਾਰਨ ਦੇਸ਼ ਦੇ ਚੋਟੀ ਦੇ ਧਨਾਢ ਘਰਾਣੇ, ਮੋਦੀ ਦੇ ਹੱਕ ਵਿਚ ਭੁਗਤਦੇ ਜਾਪ ਰਹੇ ਹਨ। ਇਨ੍ਹਾਂ ਨੂੰ ਇਸ ਮੰਦਵਾੜੇ ਦਾ ਹੱਲ ਮੋਦੀ ਵਿਚੋਂ ਨਜ਼ਰ ਆ ਰਿਹਾ ਹੈ ਅਤੇ ਮੋਦੀ ਨੇ ਗੁਜਰਾਤ ਵਿਚ ਜਿਸ ਤਰ੍ਹਾਂ ਹਰ ਨੇਮ ਛਿੱਕੇ ਟੰਗ ਕੇ ਇਨ੍ਹਾਂ ਕਾਰੋਬਾਰੀਆਂ ਨੂੰ ਖੁਸ਼ ਕੀਤਾ ਹੈ, ਉਸ ਨੇ ਮੋਦੀ ਦਾ ਕੌਮੀ ਸਿਆਸਤ ਵਿਚ ਪੈਰ ਪਸਾਰਨ ਦਾ ਰਾਹ ਰਤਾ ਕੁ ਮੋਕਲਾ ਕਰ ਦਿੱਤਾ ਹੈ। ਉਂਜ ਇਹ ਗੱਲ ਸੋਲਾਂ ਆਨੇ ਸਹੀ ਹੈ ਕਿ ਮੋਦੀ ਨੇ ਗੁਜਰਾਤ ਦੀ ਤਰੱਕੀ ਲਈ ਕੋਈ ਖਾਸ ਤੀਰ ਨਹੀਂ ਮਾਰਿਆ ਹੈ। ਉਥੇ ਮੋਦੀ ਲਗਾਤਾਰ ਇਸ ਕਰ ਕੇ ਜਿੱਤ ਰਿਹਾ ਹੈ ਕਿ ਉਥੇ ਵਿਰੋਧੀ ਧਿਰ ਹੀ ਕੋਈ ਨਹੀਂ ਰਹਿ ਗਈ। ਉਥੇ ਕਾਂਗਰਸ ਦੀ ਕਮਜ਼ੋਰੀ, ਮੋਦੀ ਲਈ ਵਰਦਾਨ ਸਾਬਤ ਹੋਈ ਹੈ ਪਰ ਇਸ ਸਭ ਕਾਸੇ ਨੂੰ ਪੇਸ਼ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ ਜਿਵੇਂ ਗੁਜਰਾਤ ਵਿਚ ਲੀਡਰ ਵਜੋਂ ਮੋਦੀ ਦੀ ਬੱਲੇ-ਬੱਲੇ ਹੈ। ਕਾਂਗਰਸ ਵੱਲੋਂ ਉਥੇ ਪੈਰ ਗੱਡਣ ਲਈ ਹਰ ਹੀਲਾ-ਵਸੀਲਾ ਕਰਨ ਦੇ ਬਾਵਜੂਦ ਸੂਬੇ ਵਿਚ ਪਾਰਟੀ ਦਾ ਠੁੱਕਦਾਰ ਦਖਲ ਬਣ ਨਹੀਂ ਰਿਹਾ। ਕੋਈ ਇਸ ਤਰ੍ਹਾਂ ਦਾ ਨੇਤਾ ਉਭਰ ਨਹੀਂ ਰਿਹਾ ਜਿਹੜਾ ਮੋਦੀ ਨੂੰ ਪਹਿਲਾਂ ਨੰਗੇ ਧੜ ਲਲਕਾਰ ਸਕੇ ਅਤੇ ਫਿਰ ਆਪਣੀ ਸੁਘੜ ਸਰਗਰਮੀ ਨਾਲ ਮੈਦਾਨ ਵਿਚੋਂ ਖਦੇੜ ਸਕੇ। ਜ਼ਾਹਿਰ ਹੈ ਕਿ ਉਥੇ ਮੋਦੀ ਲਈ ਪਿੜ ਐਨ ਖਾਲੀ ਹੈ।

ਕੌਮੀ ਸਿਆਸੀ ਪਿੜ ਉਤੇ ਜੇ ਨਿਗ੍ਹਾ ਮਾਰੀ ਜਾਵੇ ਤਾਂ ਹਾਲਾਤ ਇਸ ਤੋਂ ਕੋਈ ਬਹੁਤੇ ਵੱਖਰੇ ਨਹੀਂ। ਇਸ ਲਈ ਗੁਜਰਾਤ ਵਾਂਗ ਹੀ ਜੇ ਮੋਦੀ ਕੌਮੀ ਸਿਆਸਤ ਵਿਚ ਪੈਰ ਪਸਾਰਨ ਵਿਚ ਕਾਮਯਾਬ ਹੋ ਜਾਦਾ ਹੈ ਤਾਂ ਇਸ ਵਿਚ ਉਸ ਦੀ ਲਿਆਕਤ ਦਾ ਘੱਟ ਅਤੇ ਕਾਂਗਰਸ ਦੀ ਨਾਲਾਇਕੀ ਦਾ ਵੱਧ ਯੋਗਦਾਨ ਹੋਵੇਗਾ। ਕਾਂਗਰਸ ਲਈ ਇਕ ਨੁਕਤਾ ਤਾਂ ਐਨ ਸਾਫ ਹੋ ਚੁੱਕਾ ਹੈ ਕਿ ਅਗਲੀਆਂ ਚੋਣਾਂ ਮਨਮੋਹਨ ਸਿੰਘ ਨਾਂ ਦੇ ਮਖੌਟੇ ਨੂੰ ਅੱਗੇ ਲਾ ਕੇ ਜਿੱਤੀਆਂ ਨਹੀਂ ਜਾ ਸਕਣਗੀਆਂ। ਲੈ-ਦੇ ਕੇ ਰਾਹੁਲ ਗਾਂਧੀ ਦਾ ਨਾਂ ਆ ਰਿਹਾ ਹੈ ਅਤੇ ਉਹ ਇਤਨੇ ਸਾਲਾਂ ਦੀ ਸਰਗਰਮੀ ਤੇ ਹਰ ਤਰ੍ਹਾਂ ਦੀ ਸਹੂਲਤ ਦੇ ਬਾਵਜੂਦ ਚਤੁਰ ਤੇ ਸਿਰਕੱਢ ਸਿਆਸੀ ਨੇਤਾ ਵਜੋਂ ਆਪਣੀ ਪੈਂਠ ਨਹੀਂ ਜਮਾ ਸਕਿਆ। ਉਸ ਨੇ ਸਿਆਸੀ ਹਲਕਿਆਂ ਵਿਚ ਪੈਂਠ ਤਾਂ ਕੀ ਜਮਾਉਣੀ ਸੀ, ਉਸ ਦੀ ਸਿਆਸੀ ਨਾਲਾਇਕੀ ਕਰ ਕੇ ਹੀ ਤਾਂ ਪੰਜਾਬ ਵਿਚ ਅੱਜ ਕਾਂਗਰਸ ਚੌਫਾਲ ਡਿੱਗੀ ਪਈ ਹੈ। ਇਸ ਕੋਲੋਂ ਤਾਂ ਵਿਰੋਧੀ ਧਿਰ ਦਾ ਠੁੱਕਦਾਰ ਰੋਲ ਵੀ ਨਹੀਂ ਨਿਭਾਇਆ ਜਾ ਰਿਹਾ। ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਜਿਹੜੀ ਪਛਾੜ ਪਾਰਟੀ ਨੂੰ ਪਈ ਹੈ, ਉਸ ਦੀ ਭਰਪਾਈ ਅੱਜ ਤੱਕ ਨਹੀਂ ਹੋ ਰਹੀ ਅਤੇ ਇਸ ਦਾ ਸਿੱਧਾ ਲਾਹਾ ਸੱਤਾਧਾਰੀ ਅਕਾਲੀ ਦਲ-ਭਾਜਪਾ ਗਠਜੋੜ ਨੂੰ ਪੁੱਜ ਰਿਹਾ ਹੈ। ਹੋਰ ਵੀ ਕਈ ਸੂਬੇ ਹਨ ਜਿਥੇ ਸਿਆਸੀ ਹਾਲਾਤ ਗੁਜਰਾਤ ਅਤੇ ਪੰਜਾਬ ਵਰਗੇ ਹਨ। ਇਹੀ ਇਕ ਬੇੜੀ ਹੈ ਜਿਸ ਉਤੇ ਸਵਾਰ ਹੋ ਕੇ ਮੋਦੀ ਵਰਗਾ ਨੇਤਾ ਪਾਰ ਲੰਘਣ ਵਿਚ ਕਾਮਯਾਬ ਹੋ ਸਕਦਾ ਹੈ। ਬੁੱਧੀਜੀਵੀ ਹਲਕਿਆਂ ਵਿਚ ਅੱਜ ਵੀ ਮੋਦੀ ਨਫਰਤ ਦਾ ਪਾਤਰ ਹੈ ਅਤੇ ਮਾੜਾ-ਮੋਟਾ ਕਣ ਰੱਖਣ ਵਾਲਾ ਮੀਡੀਆ ਵੀ ਮੋਦੀ ਦਾ ਤਿੱਖਾ ਆਲੋਚਕ ਹੈ ਕਿਉਂਕਿ ਇਸ ਨੇਤਾ ਨੇ ਗੁਜਰਾਤ ਦੰਗਿਆਂ ਵਿਚ ਜੋ ਭੂਮਿਕਾ ਨਿਭਾਈ ਸੀ, ਉਹ ਭਿੱਜੇ ਕੰਬਲ ਵਾਂਗ ਉਸ ਨੂੰ ਚਿੰਬੜੀ ਹੋਈ ਹੈ। ਦੇਸ਼ ਉਤੇ ਛੇ ਸਾਲ ਰਾਜ ਕਰਨ ਵਾਲੇ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਵਿਚ ਅੱਜ ਇਸ ਦੀਆਂ ਸਿਰਫ ਦੋ ਸਹਿਯੋਗੀ ਪਾਰਟੀਆਂ ਬਚੀਆਂ ਹਨ-ਇਕ ਅਕਾਲੀ ਦਲ ਅਤੇ ਦੂਜੀ ਸ਼ਿਵ ਸੈਨਾ। ਅਜਿਹੀ ਸੂਰਤ ਵਿਚ ਮੋਦੀ ਦਾ ਜੋ ਹਾਲ ਲੋਕ ਸਭਾ ਚੋਣਾਂ ਵਿਚ ਹੋਣਾ ਹੈ, ਉਹ ਦਿਸ ਹੀ ਰਿਹਾ ਹੈ। ਉਂਜ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਵੱਖਰੀਆਂ ਹੋਣਗੀਆਂ ਕਿਉਂਕਿ ਦੋਹਾਂ ਮੁੱਖ ਧਿਰਾਂ ਦਾ ਸਾਰਾ ਜ਼ੋਰ ਆਪਣੀ ਕਾਰਕਰਦਗੀ ਦੀ ਥਾਂ ਅਗਲੇ ਦੇ ਵਿਰੋਧ ਦੀ ਸਿਆਸਤ ਉਤੇ ਵਧੇਰੇ ਰਹਿਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਕਹਿਣ ਨੂੰ ਤਾਂ ਭਾਵੇਂ ਭਾਰਤ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ ਪਰ ਇਹ ਜਮਹੂਰੀਅਤ ਜਿੰਨੀ ਖੋਖਲੀ ਹੈ ਅਤੇ ਪਿਛਲੇ ਦੋ ਕੁ ਦਹਾਕਿਆਂ ਦੌਰਾਨ ਜਿਸ ਤਰ੍ਹਾਂ ਆਮ ਲੋਕ ਹਰ ਜਮਹੂਰੀ ਢਾਂਚੇ ਤੇ ਸੰਸਥਾ ਵਿਚੋਂ ਬਾਹਰ ਹੋਇਆ ਹੈ, ਉਸ ਤੋਂ ਲਗਦਾ ਨਹੀਂ ਕਿ ਕੋਈ ਸਿਫਤੀ ਤਬਦੀਲੀ ਆਵੇਗੀ। ਬੱਸ ਪਹਿਲਾਂ ਵਾਂਗ ਦੇਸ਼ ਦਾ ਨੇਤਾ ਬਦਲਣ ਦੀ ਕਵਾਇਦ ਹੀ ਹੋਵੇਗੀ। ... ਤੇ ਇਹ ਨੇਤਾ ਮੋਦੀ ਜਾਂ ਕੋਈ ਵੀ ਹੋਰ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਣਿਉਂ ਬਈ ਸ਼ਾਇਰੋ!*

ਛੇੜ ਛਾੜ ਜੇ ਬੁੱਤ ਦੇ ਨਾਲ ਹੋ ਜਾਏ, ਕਹਿੰਦੇ ਦਿਲਾਂ ਨੂੰ ਲਗ ਗਈ ਠੇਸ ਯਾਰੋ।
ਗੰਦ ਸੁਣਦਿਆਂ ਗਾਇਕ ਮੁਸ਼ਟੰਡਿਆਂ ਤੋਂ, ਦਿਲ 'ਚ ਆਵੇ ਨਾ ਅਣਖ ਦੀ ਲੇਸ ਯਾਰੋ।
ਨਸ਼ੇ, ਨੋਟ ਲੈ ਵੋਟ ਨੂੰ ਵੇਚ ਦੇਈਏ, ਲਾਈਏ ਪਲਾਂ ਵਿਚ ਦਾਅ 'ਤੇ ਦੇਸ ਯਾਰੋ।
ਪੜ੍ਹ ਕੇ ਲੇਖ ਕਵਿਤਾਵਾਂ ਨਾ ਅਸਰ ਹੁੰਦਾ, ਲੋਕੀਂ ਰੀਝਦੇ ਦੇਖ ਕੇ ਵੇਸ ਯਾਰੋ।
ਪੰਗਾ ਪੈ ਗਿਆ ਮੂਰਖਾਂ ਨਾਲ ਕਿਧਰੇ, ਲੱਠ ਮਾਰਾਂ ਦੀ ਝੱਲ ਨਹੀਂ ਸੱਟ ਹੋਣੀ।
ਤਰਲੋ ਮੱਛੀ ਨਾ ਹੋਵੋ ਬਈ ਕਵੀ ਲੋਕੋ, ਇਹ ਅਗਿਆਨਤਾ ਜੜ੍ਹੋਂ ਨਹੀਂ ਪੱਟ ਹੋਣੀ!

# ਕਿਸੇ ਵੀ ਪੱਖੋਂ ਮਿਸਾਲੀ ਨਹੀਂ 'ਮਿਸਾਲੀ' ਸਜ਼ਾ

ਬੂਟਾ ਸਿੰਘ
ਫੋਨ:91-94634-74342

ਨੌਂ ਮਹੀਨੇ ਦੀ ਮੁਕੱਦਮੇਬਾਜ਼ੀ ਤੋਂ ਬਾਅਦ ਹਾਲ ਹੀ ਵਿਚ ਦਿੱਲੀ ਦੇ ਸਮੂਹਕ ਜਬਰ ਜਨਾਹ+ਕਤਲ ਕਾਂਡ ਦੇ ਚਾਰ ਦੋਸ਼ੀਆਂ ਨੂੰ ਵਧੀਕ ਸੈਸ਼ਨਜ਼ ਜੱਜ ਯੋਗੇਸ਼ ਖੰਨਾ ਨੇ ਮੌਤ ਦੀ ਸਜ਼ਾ ਸੁਣਾਈ ਹੈ ਜਿਨ੍ਹਾਂ ਨੇ ਪਿਛਲੇ ਸਾਲ 16 ਦਸੰਬਰ ਦੀ ਰਾਤ ਨੂੰ ਦਿੱਲੀ ਵਿਚ ਇਕ ਕੁੜੀ ਨੂੰ ਉਸ ਦੇ ਦੋਸਤ ਦੀ ਮੌਜੂਦਗੀ 'ਚ ਹਵਸ ਦਾ ਸ਼ਿਕਾਰ ਬਣਾ ਕੇ ਮਰਨਊ ਹਾਲਤ 'ਚ ਸੜਕ 'ਤੇ ਸੁੱਟ ਦਿੱਤਾ ਸੀ। ਜੱਜ ਨੇ ਇਹ ਦਲੀਲ ਦੇ ਕੇ ਮੌਤ ਦੀ 'ਮਿਸਾਲੀ' ਸਜ਼ਾ ਸੁਣਾਉਣੀ ਜਾਇਜ਼ ਸਮਝੀ: "ਐਨਾ ਘੋਰ ਜੁਰਮ ਸਹਿਣ ਨਹੀਂ ਕੀਤਾ ਜਾ ਸਕਦਾ ਕਿ ਮੁਜਰਮ ਜਬਰ ਜਨਾਹ ਕਰ ਕੇ ਔਰਤ ਨੂੰ ਕਤਲ ਕਰ ਦੇਣ।" ਇਸੇ ਲਈ ਉਹ ਇਸ ਮਾਮਲੇ ਦੇ "ਹੋਰ ਨੁਕਤਿਆਂ ਬਾਰੇ ਵਿਚਾਰ ਕਰਨ ਤੋਂ ਬਾਅਦ ਸਿੱਧਾ ਦਫ਼ਾ 302" ਉੱਪਰ ਜਾ ਪਹੁੰਚਿਆ ਅਤੇ ਦਲੀਲ ਦਿੱਤੀ ਕਿ "ਅਦਾਲਤ ਅਜਿਹੀ ਘਿਨਾਉਣੀ ਕਾਰਵਾਈ ਤੋਂ ਅੱਖਾਂ ਨਹੀਂ ਮੀਟ ਸਕਦੀ। .... ਬੇਮਿਸਾਲ ਬੇਰਹਿਮੀ ਦੇ ਮੱਦੇਨਜ਼ਰ ਮਿਸਾਲੀ ਸਜ਼ਾ ਦੇਣੀ ਬਣਦੀ ਹੈ ... ਕਿਉਂਕਿ ਮਾਮਲਾ ਵਿਰਲਿਆਂ ਵਿਚੋਂ ਸਭ ਤੋਂ ਵਿਰਲੇ ਮਾਮਲਿਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ।"

ਮਾਮਲੇ ਦਾ ਨੌਂ ਮਹੀਨੇ ਵਿਚ 'ਫਾਸਟ ਟਰੈਕ' ਨਬੇੜਾ ਅਤੇ ਮੁਜਰਮਾਂ ਨੂੰ ਸਜ਼ਾਵਾਂ ਚੰਗੀ ਗੱਲ ਹੈ; ਖ਼ਾਸ ਕਰ ਕੇ ਮੁਲਕ ਦੀ ਨਿਆਂ ਪ੍ਰਣਾਲੀ ਦੇ 'ਮਿਸਾਲੀ' ਰਿਕਾਰਡ ਦੇ ਮੱਦੇਨਜ਼ਰ ਜਿਥੇ ਨੌਂ ਮਹੀਨੇ ਵਿਚ ਫ਼ੈਸਲਾ ਸੁਣਾਉਣਾ ਤਾਂ ਦੂਰ ਰਿਹਾ, ਪੀੜਤ ਨੂੰ ਨਿਆਂ ਦੀ ਉਡੀਕ 'ਚ ਥਾਣੇ-ਕਚਹਿਰੀਆਂ ਵਿਚ ਨੌਂ ਸਾਲ ਵੀ ਖੱਜਲ-ਖੁਆਰ ਹੋਣਾ ਪੈ ਸਕਦਾ ਹੈ। ਸਿਆਸੀ ਦਬਾਅ ਅਤੇ ਰਿਸ਼ਵਤ ਦੀ ਕਰਾਮਾਤ ਨਾਲ ਰਿਪੋਰਟ ਦਰਜ ਕਰਨ ਤੋਂ ਇਨਕਾਰੀ 'ਕਾਨੂੰਨ ਦੇ ਰਾਖਿਆਂ' ਹੱਥੋਂ ਸਹਿਣੀ ਪੈ ਰਹੀ ਜ਼ਲਾਲਤ ਤੋਂ ਤੰਗ ਆ ਕੇ ਧੀ ਦੇ ਬਾਪ ਨੂੰ ਖ਼ੁਦਕੁਸ਼ੀ ਵੀ ਕਰਨੀ ਪੈ ਸਕਦੀ ਹੈ ਜਿਵੇਂ ਪਿੱਛੇ ਜਿਹੇ ਸਮਾਣਾ (ਪਟਿਆਲਾ) ਦੇ ਇਕ ਪਿੰਡ ਅਤੇ ਹਰਿਆਣਾ ਵਿਚ ਵਾਪਰਿਆ ਸੀ। ਉਂਝ ਇਸ ਮੁਲਕ ਵਿਚ ਜਬਰ ਜਨਾਹਾਂ ਦੀਆਂ ਪੀੜਤ ਔਰਤਾਂ ਦੇ ਸਬੰਧ ਵਿਚ ਨਿਆਂ ਦਾ ਹਾਲ ਇਹ ਹੈ ਕਿ 90 ਫ਼ੀ ਸਦੀ ਜੁਰਮ ਤਾਂ ਸਮਾਜੀ ਬਦਨਾਮੀ ਦੇ ਡਰੋਂ ਉਂਝ ਹੀ ਦਬਾ ਦਿੱਤੇ ਜਾਂਦੇ ਹਨ, ਅਤੇ ਜਿਹੜੇ 10 ਫ਼ੀ ਸਦੀ ਰਿਪੋਰਟ ਹੁੰਦੇ ਹਨ ਤੇ ਉਨ੍ਹਾਂ ਵਿਚੋਂ ਵੀ ਜਿਹੜੇ ਪੁਲਿਸ ਦੀ 'ਤਫ਼ਤੀਸ਼' ਵਿਚੋਂ ਪਾਸ ਹੋ ਕੇ ਅਦਾਲਤਾਂ ਵਿਚ ਪਹੁੰਚਦੇ ਹਨ, ਉਨ੍ਹਾਂ ਵਿਚੋਂ 90 ਫ਼ੀ ਸਦੀ ਮਾਮਲਿਆਂ ਵਿਚ ਮੁਜਰਮ ਬਰੀ ਹੋ ਜਾਂਦੇ ਹਨ। ਇਸੇ ਲਈ ਇਕ ਪੁਲਿਸ ਅਧਿਕਾਰੀ, ਪੁਲਿਸ ਪ੍ਰਣਾਲੀ ਅਤੇ ਜਾਂਚ ਏਜੰਸੀਆਂ ਨੂੰ 'ਨਕਾਰਾ ਹਾਰਡਵੇਅਰ' ਸਮਝਦਾ ਹੈ ਜਿਸ ਨੂੰ ਮਹਿਜ਼ ਕਾਨੂੰਨ ਦਾ ਸਾਫਟਵੇਅਰ ਅਪਡੇਟ ਕਰ ਕੇ ਪ੍ਰਭਾਵਸ਼ਾਲੀ ਮਸ਼ੀਨਰੀ ਨਹੀਂ ਬਣਾਇਆ ਜਾ ਸਕਦਾ। ਲਿਹਾਜ਼ਾ, ਅਦਾਲਤੀ ਫ਼ੈਸਲੇ ਦੇ ਪਿਛੋਕੜ ਅਤੇ ਇਸ ਦੀਆਂ ਪਰਤਾਂ ਨੂੰ ਇਸ ਜ਼ਾਵੀਏ ਤੋਂ ਸਮਝਣਾ ਜ਼ਰੂਰੀ ਹੈ ਕਿ ਇਹ ਸਮਾਜ ਵਿਚ ਔਰਤਾਂ ਖ਼ਿਲਾਫ਼ ਹਿੰਸਾ ਦੇ ਸਦੀਵੀ ਸਮਾਜੀ ਦਸਤੂਰ ਨੂੰ ਕਿਵੇਂ ਤੇ ਕਿੰਨਾ ਕੁ ਪ੍ਰਭਾਵਤ ਕਰਨ ਦਾ ਦਮ ਰੱਖਦਾ ਹੈ।

ਇਸ ਜੁਰਮ ਦੀ ਖ਼ਬਰ ਸੁਣ ਕੇ ਰਾਜਧਾਨੀ ਵਿਚ ਸਕਤੇ ਅਤੇ ਰੋਹ 'ਚ ਆਏ ਅਵਾਮ ਦੇ ਰੋਸ ਵਿਖਾਵਿਆਂ ਦਾ ਹੜ੍ਹ ਆ ਗਿਆ ਸੀ। ਕਿਉਂਕਿ ਉਹ ਛੱਤੀਸਗੜ੍ਹ ਦੀ ਸੋਨੀ ਸੋਰੀ, ਕਸ਼ਮੀਰ ਦੇ ਕੁਨਨ-ਪੋਸ਼ਪੁਰਾ ਜਾਂ ਮਨੀਪੁਰ ਦੀ ਜਾਈ ਨਹੀਂ, 'ਦਿੱਲੀ ਦੀ ਧੀ' ਸੀ ਅਤੇ ਜੁਰਮ ਰਾਜਧਾਨੀ ਦੇ 'ਕੁਲੀਨ' ਖੇਤਰ ਵਿਚ ਹੋਇਆ ਸੀ। ਉਹ ਜਾਗੇ ਸਨ; ਉਂਝ ਮੁਲਕ ਵਿਚ ਅਤੇ ਰਾਜਧਾਨੀ ਵਿਚ ਇਸੇ ਤਰ੍ਹਾਂ ਦੇ, ਕਈ ਵਾਰ ਤਾਂ ਇਸ ਤੋਂ ਵੀ ਘਿਨਾਉਣੇ ਜੁਰਮ - ਜਿਵੇਂ 1984 'ਚ ਇਸੇ ਰਾਜਧਾਨੀ ਅੰਦਰ ਸਿੱਖਾਂ ਅਤੇ 2002 'ਚ ਗੁਜਰਾਤ ਦੇ ਮੁਸਲਮਾਨਾਂ ਦਾ ਘਾਣ - ਹੋਏ ਸਨ ਪਰ ਇਹ ਜੁਰਮ ਇਨ੍ਹਾਂ ਨੂੰ ਕਦੇ ਨਹੀਂ ਚੁੱਭੇ। ਮੁੱਖਧਾਰਾ ਮੀਡੀਆ ਅਤੇ ਇਸ ਦੀ ਰਿਪੋਰਟਿੰਗ ਦੇ ਕੀਲੇ ਹੋਏ ਕੁਲੀਨ ਦਰਸ਼ਕਾਂ ਨੂੰ ਰਾਜ ਦੀ ਪੁਸ਼ਤ-ਪਨਾਹੀ ਤਹਿਤ ਹਾਸ਼ੀਏ 'ਤੇ ਧੱਕੇ ਅਵਾਮ ਨਾਲ ਹੁੰਦੀ ਜੱਗੋਂ ਤੇਰ੍ਹਵੀਂ ਤਾਂ ਕਦੇ ਨਜ਼ਰ ਹੀ ਨਹੀਂ ਆਈ। ਦਿੱਲੀ ਦੇ ਇਸ ਸਮੂਹਕ ਜਬਰ ਜਨਾਹ ਬਾਰੇ ਗੱਲ ਕਰਦਿਆਂ ਇਕ ਰੋਜ਼ਾਨਾ ਅਖ਼ਬਾਰ ਦੀ ਦਿੱਲੀ ਸਿਟੀ ਐਡੀਸ਼ਨ 'ਚ ਕੰਮ ਕਰਦੀ ਪੱਤਰਕਾਰ ਦਾ ਬੇਬਾਕ ਮੰਨਣਾ ਹੈ ਕਿ ਅਖ਼ਬਾਰਾਂ ਨੇ ਇਹ ਸਟੋਰੀ ਇਸ ਕਰ ਕੇ ਛਾਪ ਦਿੱਤੀ ਕਿਉਂਕਿ ਇਹ ਕੁਲੀਨ ਦੱਖਣੀ ਦਿੱਲੀ ਵਿਚ ਵਾਪਰਿਆ ਸੀ। ਉਸ ਦਾ ਖ਼ੁਲਾਸਾ ਕਾਬਲੇ-ਗ਼ੌਰ ਹੈ, "ਇੰਨੀ ਹੀ ਵਹਿਸ਼ਤ ਵਾਲੇ ਜਬਰ ਜਨਾਹ ਅਕਸਰ ਹੀ ਹੁੰਦੇ ਹਨ, ਪਰ ਉਹ ਪੂਰਬੀ ਦਿੱਲੀ ਦੀਆਂ ਗ਼ਰੀਬ ਬਸਤੀਆਂ ਵਿਚ ਹੁੰਦੇ ਹੋਣ ਕਾਰਨ ਸਾਡੇ ਸੰਪਾਦਕ ਐਸੀਆਂ ਖ਼ਬਰਾਂ ਨੂੰ ਅੰਦਰਲੇ ਸਫ਼ਿਆਂ 'ਤੇ ਇਕ ਕਾਲਮ ਦੀ ਖ਼ਬਰ ਤਕ ਸੀਮਤ ਕਰ ਦਿੰਦੇ ਹਨ।" ਫਿਰ ਵੀ ਸੁਲੱਖਣਾ ਰੁਝਾਨ ਸੀ ਔਰਤ ਉੱਪਰ ਜ਼ੁਲਮਾਂ ਖ਼ਿਲਾਫ਼ ਇਸ ਰੋਸ ਦਾ ਜਾਗਣਾ ਅਤੇ ਹਕੂਮਤ ਨੂੰ ਕੁਝ ਕਦਮ ਚੁੱਕਣ ਲਈ ਮਜਬੂਰ ਕਰਨਾ।

ਹਕੂਮਤੀ ਦਮਨ ਅਤੇ ਇਕ ਹਫ਼ਤੇ ਤਕ ਕੇਂਦਰੀ ਹੁਕਮਰਾਨਾਂ ਦੀ ਸਾਜ਼ਿਸ਼ੀ ਖ਼ਾਮੋਸ਼ੀ ਜਦੋਂ ਇਸ ਵਿਆਪਕ ਰੋਹ ਨੂੰ ਦਬਾਉਣ 'ਚ ਨਾਕਾਮ ਰਹੇ ਤਾਂ ਹੁਕਮਰਾਨਾਂ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਫ਼ੌਰੀ ਕਦਮ ਚੁੱਕਣੇ ਪਏ ਅਤੇ ਨਾ ਚਾਹੁੰਦਿਆਂ ਹੋਇਆਂ ਵੀ ਔਰਤਾਂ ਖ਼ਿਲਾਫ਼ ਹਿੰਸਾ ਦੀ ਮੂੰਹ-ਜ਼ੋਰ ਹਕੀਕਤ ਨੂੰ ਤਸਲੀਮ ਕਰਨ ਲਈ ਮੂੰਹ ਖੋਲ੍ਹਣਾ ਪਿਆ। ਅਜਿਹੀ ਹਿੰਸਾ ਨੂੰ ਠੱਲ੍ਹ ਪਾਉਣ ਲਈ ਪ੍ਰਭਾਵਸ਼ਾਲੀ ਕਾਨੂੰਨ ਅਤੇ ਮਿਸਾਲੀ ਸਜ਼ਾਵਾਂ ਦੀ ਜਜ਼ਬਾਤੀ ਅਵਾਮੀ ਮੰਗ ਦੇ ਮੱਦੇਨਜ਼ਰ ਸੁਝਾਅ ਲੈਣ ਲਈ ਵਰਮਾ ਕਮੇਟੀ ਬਣਾਉਣ ਦੀ ਕਵਾਇਦ ਵੀ ਕੀਤੀ ਗਈ ਜਿਸ ਦੀਆਂ ਸਿਫ਼ਾਰਸ਼ਾਂ ਨੂੰ ਆਖ਼ਿਰ ਰੱਦੀ ਦੀ ਟੋਕਰੀ 'ਚ ਵਗਾਹ ਮਾਰਿਆ ਗਿਆ ਅਤੇ ਕਾਨੂੰਨ 'ਚ ਸੋਧਾਂ ਕਰਨ ਸਮੇਂ ਹੁਕਮਰਾਨਾਂ ਨੇ ਆਪਣੇ ਸੌੜੇ ਹਿੱਤਾਂ ਮੂਜਬ ਮੌਤ ਦੀ ਸਜ਼ਾ ਬਰਬਰਾਰ ਰੱਖੀ। ਕਿਉਂਕਿ ਇਹ ਸਥਾਪਤੀ ਵਿਰੋਧੀ ਤਾਕਤਾਂ ਦੇ ਹਿੰਸਕ ਪ੍ਰਤੀਕਰਮ ਨੂੰ ਕੁਚਲਣ ਅਤੇ ਬਦਲੇ ਦੀ ਭਾਵਨਾ ਭੜਕਾ ਕੇ ਰਾਜ ਵਿਰੁੱਧ ਹਥਿਆਰਬੰਦ ਲੜਾਈ ਲੜਨ ਵਾਲੀਆਂ ਤਾਕਤਾਂ ਵਲੋਂ ਉਠਾਏ ਸਮਾਜੀ-ਸਿਆਸੀ ਏਜੰਡਿਆਂ ਨੂੰ ਦਬਾਉਣ ਦਾ ਕਾਰਗਰ ਸੰਦ ਹੈ।

> ***ਸਵਾਲ ਤਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਅਜਿਹੇ ਮੁਜਰਮਾਂ ਨੂੰ ਪੂਰੀ ਜ਼ਿੰਦਗੀ ਜੇਲ੍ਹ ਵਿਚ ਬੰਦ ਰੱਖਣ ਵਰਗੀਆਂ ਸਜ਼ਾਵਾਂ 'ਮਿਸਾਲੀ' ਕਿਉਂ ਨਹੀਂ? ਅਦਾਲਤਾਂ ਕੁਲ ਆਲਮ ਵਿਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਦੇ ਹੱਕ 'ਚ ਬਣੀ ਭਾਰੂ ਰਾਇ ਬਾਰੇ ਖ਼ਾਮੋਸ਼ ਕਿਉਂ? ਇਹ ਵੀ ਕਿ ਜੇ ਮੌਤ ਦੀ 'ਮਿਸਾਲੀ' ਸਜ਼ਾ ਔਰਤਾਂ ਖ਼ਿਲਾਫ਼ ਘਿਨਾਉਣੀ ਹਿੰਸਾ ਨੂੰ ਖ਼ਤਮ ਕਰਨ ਦੇ ਸਮਰੱਥ ਹੁੰਦੀ ਤਾਂ ਇਸੇ ਰਾਜਧਾਨੀ ਵਿਚ 1970ਵਿਆਂ ਦੇ ਅਖ਼ੀਰ 'ਚ ਬਿੱਲਾ-ਰੰਗਾ ਨੂੰ ਫਾਂਸੀ ਦਿੱਤੇ ਜਾਣ ਨਾਲ ਹਿੰਸਾ ਦਾ ਗਰਾਫ਼ ਨੀਵਾਂ ਜ਼ਰੂਰ ਹੋ ਜਾਣਾ ਚਾਹੀਦਾ ਸੀ ਜਿਨ੍ਹਾਂ ਨੇ ਅਜਿਹਾ ਹੀ ਘਿਨਾਉਣਾ ਜੁਰਮ ਕੀਤਾ ਸੀ।***

ਵਰਮਾ ਕਮੇਟੀ ਨੇ ਔਰਤਾਂ ਖ਼ਿਲਾਫ਼ ਹਿੰਸਾ ਨੂੰ ਸਾਡੇ ਮੁਲਕ ਦੇ ਸਮਾਜੀ-ਆਰਥਿਕ ਪ੍ਰਸੰਗ 'ਚ ਰੱਖ ਕੇ ਪੇਸ਼ ਕਰਦਿਆਂ ਅਜਿਹੀ ਹਿੰਸਾ ਦੇ ਬੁਨਿਆਦੀ ਪਹਿਲੂਆਂ ਨੂੰ ਮੁਖ਼ਾਤਬ ਹੋਣ 'ਤੇ ਜ਼ੋਰ ਦਿੱਤਾ ਸੀ। ਇਸ ਤਰ੍ਹਾਂ ਦੇ ਸੁਝਾਵਾਂ ਨੂੰ ਇਸ ਮੁਲਕ ਦੇ 'ਸਭ ਤੋਂ ਜਮਹੂਰੀ' ਹੁਕਮਰਾਨ ਚਿਮਟੇ ਨਾਲ ਛੂਹਣਾ ਵੀ ਪਸੰਦ ਨਹੀਂ ਕਰਦੇ, ਸੰਵਿਧਾਨਕ-ਨੀਤੀਗਤ ਸੁਧਾਰਾਂ ਦਾ ਹਿੱਸਾ ਬਣਾਉਣ ਦੀ ਤਾਂ ਗੱਲ ਹੀ ਛੱਡੋ। ਅਜਿਹੇ ਹਾਲਾਤ 'ਚ, ਇਕ ਅਦਾਲਤੀ ਫ਼ੈਸਲੇ ਦੀ 'ਮਿਸਾਲੀ' ਸਜ਼ਾ ਸਦੀਆਂ ਤੋਂ ਚਲੇ ਆ ਰਹੇ ਘਿਨਾਉਣੇ ਦਸਤੂਰ ਅਤੇ ਸਮਾਜ ਦੀ ਔਰਤ ਪ੍ਰਤੀ ਜ਼ਹਿਨੀਅਤ ਨੂੰ ਕਿਵੇਂ ਬਦਲ ਸਕਦੀ ਹੈ ਜਿਸ ਦੀ ਮਸ਼ੀਨਰੀ ਦੇ ਵੱਖੋ-ਵੱਖਰੇ ਕਲ-ਪੁਰਜ਼ੇ ਇਸ ਜ਼ਹਿਨੀਅਤ ਨੂੰ ਪੱਕੇ ਪੈਰੀਂ ਕਰਨ 'ਚ ਦਿਨ-ਰਾਤ ਜੁਟੇ ਰਹਿੰਦੇ ਹਨ? ਇਸ ਮਾਮਲੇ 'ਚ ਸਫ਼ਾਈ ਧਿਰ ਦੇ ਵਕੀਲ ਏ.ਪੀ. ਸਿੰਘ ਦੇ ਬੋਲ ਭਾਰਤੀ ਸਮਾਜ ਦੀ ਜ਼ਹਿਨੀਅਤ ਦੀ ਕਿੰਨੀ ਸਟੀਕ ਤਰਜਮਾਨੀ ਹਨ ਜਦੋਂ ਉਹ ਕਹਿੰਦਾ ਹੈ, "ਜੇ ਮੇਰੀ ਧੀ ਦੇ ਵਿਆਹ ਤੋਂ ਪਹਿਲਾਂ ਸਬੰਧ ਹੁੰਦੇ ਅਤੇ ਉਹ ਰਾਤ ਨੂੰ ਆਪਣੇ ਮਿੱਤਰ ਨਾਲ ਇਸ ਤਰ੍ਹਾਂ ਅਵਾਰਾਗਰਦੀ ਕਰ ਰਹੀ ਹੁੰਦੀ, ਮੈਂ ਉਸ ਨੂੰ ਜ਼ਿੰਦਾ ਜਲਾ ਦਿੰਦਾ।"

ਦਿੱਲੀ ਜਬਰ ਜਨਾਹ ਕਾਂਡ ਬਾਰੇ ਇਸ ਅਦਾਲਤੀ ਫ਼ੈਸਲੇ ਦਾ ਔਰਤਾਂ ਖ਼ਿਲਾਫ਼ ਹਿੰਸਾ ਨੂੰ ਖ਼ਤਮ ਕਰਨ ਦੇ ਸਰੋਕਾਰ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਅਦਾਲਤੀ ਫ਼ੈਸਲਾ ਨਿਰਾ ਤਕਨੀਕੀ-ਸੰਵਿਧਾਨਕ ਹੈ ਅਤੇ ਮਸਲੇ ਦੀ ਮੂਲ ਵਜ੍ਹਾ ਸਮਾਜੀ-ਸਿਆਸੀ ਹਾਲਾਤ ਨੂੰ ਮੁਖ਼ਾਤਬ ਹੋਣ ਦੀ ਲੋੜ ਹੀ ਨਹੀਂ ਸਮਝਦਾ। ਇਸ ਵਿਚ ਔਰਤਾਂ ਸਮੇਤ ਸਮੂਹ ਦੱਬੇ-ਕੁਚਲਿਆਂ ਅਤੇ ਹਾਸ਼ੀਏ 'ਤੇ ਧੱਕੇ ਅਵਾਮ ਦੇ ਦਰਦ ਨੂੰ ਮੁਖ਼ਾਤਬ ਹੋਣ ਦੀ ਸੰਜੀਦਾ ਪਹੁੰਚ ਨਦਾਰਦ ਹੈ। ਇਹ "ਔਰਤਾਂ ਵਿਚ ਭਰੋਸਾ ਪੈਦਾ ਕਰਨ ਦੀ ਨਿਆਂ ਪ੍ਰਣਾਲੀ ਦੀ ਜ਼ਿੰਮੇਵਾਰੀ" ਨਹੀਂ ਨਿਭਾ ਸਕਿਆ ਜਿਸ ਦਾ ਉਂਝ ਇਹ ਦਾਅਵਾ ਕਰਦਾ ਹੈ। ਫ਼ੈਸਲਾ 'ਖ਼ੂਨ ਦਾ ਬਦਲਾ ਖ਼ੂਨ' ਦੀ ਲਹੂ ਦੀ ਤਿਹਾਈ ਮੱਧਯੁਗੀ ਜ਼ਹਿਨੀਅਤ ਨੂੰ ਉਤਸ਼ਾਹਤ ਕਰਦਾ ਹੈ ਅਤੇ ਔਰਤਾਂ ਖ਼ਿਲਾਫ਼ ਵਿਆਪਕ ਹਿੰਸਾ ਨੂੰ ਰੋਕਣ ਦੀ ਅਸਲ ਸਮਾਜੀ, ਆਰਥਿਕ, ਸਿਆਸੀ ਲੜਾਈ ਦੀ ਸਭ ਤੋਂ ਅਹਿਮ ਲੋੜ ਨੂੰ ਤਾਂ ਘੱਟੇ ਰੋਲਦਾ ਹੀ ਹੈ, ਨਾਲ ਹੀ ਅਦਾਲਤੀ ਫ਼ੈਸਲਿਆਂ ਨਾਲ ਸਮਾਜੀ ਜੁਰਮਾਂ ਨੂੰ ਖ਼ਤਮ ਕਰਨ ਦਾ ਭਰਮ ਵੀ ਸਿਰਜਦਾ ਹੈ। ਬੇਰਹਿਮੀ ਦੇ 'ਵਿਰਲਿਆਂ ਵਿਚੋਂ ਸਭ ਤੋਂ ਵਿਰਲੇ' ਮਾਮਲੇ ਦੀ ਦਲੀਲ ਬਾਕੀ ਹਿੰਸਾ ਨੂੰ ਸਹਿਣਯੋਗ ਮੰਨ ਲੈਣ ਦੀ ਨਸੀਹਤ ਅਤੇ ਰਾਜ ਢਾਂਚੇ ਦੀ ਬੁਨਿਆਦੀ ਜ਼ਿੰਮੇਵਾਰੀ ਨਾ ਨਿਭਾਉਣ ਦੀ ਜਵਾਬਦੇਹੀ ਉੱਪਰ ਪਰਦਾਪੋਸ਼ੀ ਹੋ ਨਿੱਬੜਦੀ ਹੈ। ਇਸ ਤੋਂ ਵੀ ਅੱਗੇ ਅਜਿਹੇ ਫ਼ੈਸਲੇ ਹੁਕਮਰਾਨਾਂ ਦੇ ਹੱਥਾਂ 'ਚ ਸੌੜੇ ਰਾਜਸੀ ਹਿੱਤਾਂ ਨੂੰ ਪੂਰੇ ਕਰਨ ਦੇ ਸੰਦ ਹੋ ਨਿੱਬੜਦੇ ਹਨ ਜਿਥੇ ਅਦਾਲਤੀ ਫ਼ੈਸਲੇ ਅਦਾਲਤੀ ਸੂਝ ਦੇ ਤਰਕ ਅਨੁਸਾਰ ਨਹੀਂ ਸਗੋਂ ਸਮਾਜ ਦੀ 'ਸਮਹੂਕ ਆਤਮਾ' ਨੂੰ ਸ਼ਾਂਤ ਕਰਨ ਦੇ ਬਹਾਨੇ ਲਏ ਜਾਣ ਦੀ ਰਵਾਇਤ ਹੈ।

ਸਵਾਲ ਤਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਅਜਿਹੇ ਮੁਜਰਮਾਂ ਨੂੰ ਪੂਰੀ ਜ਼ਿੰਦਗੀ ਜੇਲ੍ਹ ਵਿਚ ਬੰਦ ਰੱਖਣ ਵਰਗੀਆਂ ਸਜ਼ਾਵਾਂ 'ਮਿਸਾਲੀ' ਕਿਉਂ ਨਹੀਂ? ਅਦਾਲਤਾਂ ਕੁਲ ਆਲਮ ਵਿਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਦੇ ਹੱਕ 'ਚ ਬਣੀ ਭਾਰੂ ਰਾਇ ਬਾਰੇ ਖ਼ਾਮੋਸ਼ ਕਿਉਂ? ਇਹ ਵੀ ਕਿ ਜੇ ਮੌਤ ਦੀ 'ਮਿਸਾਲੀ' ਸਜ਼ਾ ਔਰਤਾਂ ਖ਼ਿਲਾਫ਼ ਘਿਨਾਉਣੀ ਹਿੰਸਾ ਨੂੰ ਖ਼ਤਮ ਕਰਨ ਦੇ ਸਮਰੱਥ ਹੁੰਦੀ ਤਾਂ ਇਸੇ ਰਾਜਧਾਨੀ ਵਿਚ 1970ਵਿਆਂ ਦੇ ਅਖ਼ੀਰ 'ਚ ਬਿੱਲਾ-ਰੰਗਾ ਨੂੰ ਫਾਂਸੀ ਦਿੱਤੇ ਜਾਣ ਨਾਲ ਹਿੰਸਾ ਦਾ ਗਰਾਫ਼ ਨੀਵਾਂ ਜ਼ਰੂਰ ਹੋ ਜਾਣਾ ਚਾਹੀਦਾ ਸੀ ਜਿਨ੍ਹਾਂ ਨੇ ਅਜਿਹਾ ਹੀ ਘਿਨਾਉਣਾ ਜੁਰਮ ਕੀਤਾ ਸੀ। ਪਿਛਲੇ ਸਾਢੇ ਤਿੰਨ ਦਹਾਕਿਆਂ ਵਿਚ ਔਰਤਾਂ ਉੱਪਰ ਜ਼ੁਲਮਾਂ ਦੇ ਤੱਥ ਇਸ ਦਲੀਲ ਨੂੰ ਪਹਿਲੀ ਨਜ਼ਰੇ ਹੀ ਗ਼ਲਤ ਸਾਬਤ ਕਰ ਦਿੰਦੇ ਹਨ। ਸਵਾਲ ਇਹ ਵੀ ਪੁੱਛਣਾ ਬਣਦਾ ਹੈ ਕਿ ਸੱਜਣ ਕੁਮਾਰ, ਨਰੇਂਦਰ ਮੋਦੀ ਵਰਗੇ ਘੱਟ-ਗਿਣਤੀਆਂ ਦਾ ਘਾਣ ਕਰਾਉਣ ਵਾਲੇ ਮੁੱਖਧਾਰਾ ਸਿਆਸਤਦਾਨਾਂ ਅਤੇ ਕਸ਼ਮੀਰ, ਛੱਤੀਸਗੜ੍ਹ, ਮਨੀਪੁਰ ਵਿਚ ਇਸੇ ਤਰ੍ਹਾਂ ਦੇ ਘਿਨਾਉਣੇ ਸਮੂਹਕ ਜਬਰ ਜਨਾਹ ਕਰਨ ਵਾਲੇ ਫ਼ੌਜੀਆਂ ਦੇ ਜੁਰਮ 'ਬੇਮਿਸਾਲ ਬੇਰਹਿਮੀ' ਦੇ ਜੁਮਰੇ ਵਿਚ ਕਿਉਂ ਨਹੀਂ ਆਉਂਦੇ। ਲਿਹਾਜ਼ਾ ਇਹ ਫ਼ੈਸਲਾ ਹੋਰ ਕਿਸੇ ਵੀ ਪੱਖੋਂ 'ਮਿਸਾਲੀ' ਨਹੀਂ ਬਣਦਾ ਸਿਵਾਏ ਇਸ ਦੇ ਕਿ ਇਹ ਮੱਧਯੁਗੀ ਜ਼ਹਿਨੀਅਤ ਦੀਆਂ ਜੜ੍ਹਾਂ ਨੂੰ ਪਾਣੀ ਦੇਣ ਦਾ ਸਾਧਨ ਬਣੇਗਾ। ਮੌਤ ਦੀ ਇਕ ਸਜ਼ਾ ਮੌਤ ਦੀ ਅਗਲੀ ਸਜ਼ਾ ਦੀ ਬੁਨਿਆਦ ਵੀ ਰੱਖਦੀ ਹੈ ਅਤੇ ਇਸ ਦੀ ਮਿਸਾਲ ਸਿਰਜ ਕੇ ਬਾਕਾਇਦਾ ਲੀਹ ਵੀ ਪਾਉਂਦੀ ਹੈ। ਪਹਿਲਾਂ ਕਸਾਬ ਤੇ ਫਿਰ ਅਫ਼ਜ਼ਲ ਗੁਰੂ ਨੂੰ ਫਾਂਸੀ ਇਸ ਦੀ ਮਿਸਾਲ ਹੈ। ਭਾਰਤੀ ਨਿਆਂ ਪ੍ਰਬੰਧ ਦੀ ਧੁਸ ਅਤੇ ਸੁਰ ਦਾ ਰਾਜ ਤੇ ਹੁਕਮਰਾਨਾਂ ਦੀ ਮੂਲ ਫ਼ਿਤਰਤ ਨਾਲ ਮੇਲ ਖਾਣਾ ਮਹਿਜ਼ ਇਤਫ਼ਾਕ ਨਹੀਂ ਹੈ। ਇਸ ਮੁਲਕ ਵਿਚ ਉੱਭਰ ਰਹੇ ਖ਼ਾਸ ਤਰ੍ਹਾਂ ਦੇ ਮਾਹੌਲ ਵਿਚ ਅਜਿਹੇ ਫ਼ੈਸਲਿਆਂ ਦੀ ਖ਼ਾਸ ਅਰਥ-ਸੰਭਾਵਨਾ ਵੀ ਹੈ। ਅਜਿਹੇ ਫ਼ੈਸਲੇ ਕੌਮਵਾਦੀ ਜਨੂੰਨ ਦੇ ਡੰਗੇ ਪੂਰੇ ਹੁਕਮਰਾਨ ਲਾਣੇ ਲਈ ਵਰਦਾਨ ਹਨ ਜੋ ਦਮਨਕਾਰੀ ਕਾਨੂੰਨਾਂ ਨੂੰ ਹਰ ਮਸਲੇ ਦਾ ਹੱਲ ਬਣਾ ਕੇ ਪੇਸ਼ ਕਰ ਰਹੇ ਹਨ; ਜੋ ਵਿਚਾਰਾਂ ਦੀ ਆਜ਼ਾਦੀ ਅਤੇ ਅਗਾਂਹਵਧੂ ਤੇ ਤਰੱਕੀਪਸੰਦ ਖ਼ਿਆਲਾਂ ਨੂੰ ਹੋਰ ਵਧੇਰੇ ਦਮਨਕਾਰੀ ਕਾਨੂੰਨ ਬਣਾ ਕੇ ਕੁਚਲਣ ਦੇ ਹਾਮੀ ਹਨ; ਜਿਥੇ ਤਰੱਕੀਪਸੰਦ ਵਿਚਾਰਾਂ ਦੀ ਆਜ਼ਾਦੀ ਦੀ ਗੁੰਜਾਇਸ਼ ਦਿਨੋ ਦਿਨ ਗਿਣ-ਮਿਥ ਕੇ ਖ਼ਤਮ ਕੀਤੀ ਜਾ ਰਹੀ ਹੈ; ਜਿਥੇ ਰੱਖੜੀ ਦੇ ਤਿਉਹਾਰ ਦੀ ਨੁਕਤਾਚੀਨੀ ਵੀ ਖ਼ਾਸ ਫ਼ਿਰਕੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮੁੱਦਾ ਬਣ ਸਕਦਾ ਹੈ ਅਤੇ ਲੇਖਕ ਨੂੰ ਇਕੋ ਸਮੇਂ ਇਕੋ ਮਾਮਲੇ ਵਿਚ ਪੰਜਾਬ ਦੇ ਵੱਖੋ-ਵੱਖਰੇ ਸ਼ਹਿਰਾਂ ਵਿਚ ਪੁਲਿਸ ਕੇਸਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਦੇਸ-ਪਰਦੇਸ

# ਜ਼ਮੀਨ ਪ੍ਰਾਪਤੀ ਬਿੱਲ ਦੀ ਜ਼ਮੀਨ !

ਡਾ. ਮੋਹਨ ਸਿੰਘ

ਭੌਂ ਪ੍ਰਾਪਤੀ ਬਿਲ 'ਤੇ ਆਮ ਸਹਿਮਤੀ ਬਣਾਉਣ ਦੀ ਛੇ ਸਾਲਾਂ ਦੀ ਚੱਲੀ ਲੰਮੀ ਕਵਾਇਦ ਤੋਂ ਬਾਅਦ ਇਹ ਲੋਕ ਸਭਾ ਅਤੇ ਰਾਜ ਸਭਾ 'ਚੋਂ ਪਾਸ ਹੋ ਗਿਆ ਹੈ। ਭਾਰਤ ਵਿਚ ਹੁਣ ਤੱਕ 1894 ਦਾ ਭੌਂ ਪ੍ਰਾਪਤੀ ਕਾਨੂੰਨ ਚੱਲ ਰਿਹਾ ਸੀ ਜਿਸ ਵਿਚ 1962 ਅਤੇ 1984 ਦੀਆਂ ਸੋਧਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਪਾਸ ਕੀਤੇ 16 ਹੋਰ ਕਾਨੂੰਨਾਂ ਨਾਲ ਪ੍ਰਾਈਵੇਟ ਕੰਪਨੀਆਂ ਨੂੰ ਥੋਕ ਰੂਪ 'ਚ ਜ਼ਮੀਨਾਂ ਪ੍ਰਾਪਤ ਕਰਨ ਦਾ ਰਸਤਾ ਖੁੱਲ੍ਹ ਗਿਆ ਸੀ। ਸਿੱਟੇ ਵਜੋਂ ਦੇਸ਼ ਭਰ ਅੰਦਰ 1947 ਤੋਂ ਸਰਕਾਰ ਅਤੇ ਪ੍ਰਾਈਵੇਟ ਕੰਪਨੀਆਂ ਨੇ ਜ਼ਮੀਨ ਮਾਲਕਾਂ ਤੋਂ ਕੌਡੀਆਂ ਦੇ ਭਾਅ ਜ਼ਮੀਨ ਗ੍ਰਹਿਣ ਕਰਕੇ ਕਰੋੜਾਂ ਲੋਕਾਂ ਦਾ ਉਜਾੜਾ ਕੀਤਾ ਹੈ।

1990ਵਿਆਂ ਤੋਂ ਸ਼ੁਰੂ ਹੋਈਆਂ ਸੰਸਾਰੀਕਰਨ ਦੀਆਂ ਨੀਤੀਆਂ ਰਾਹੀਂ ਭਾਰਤ ਸਰਕਾਰ ਵੱਲੋਂ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ, ਸਨਅਤੀਕਰਨ, ਸ਼ਹਿਰੀਕਰਨ, ਸਹਾਇਕ ਢਾਂਚਾ ਉਸਾਰਨ ਆਦਿ ਦੇ ਨਾਂਅ ਹੇਠ ਦੇਸ਼ ਭਰ ਅੰਦਰ ਕਰੋੜਾਂ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਅਤੇ ਉਪਜੀਵਕਾ ਦੇ ਸਾਧਨਾਂ ਤੋਂ ਜਬਰੀ ਉਜਾੜਿਆ ਗਿਆ ਹੈ। ਤਕਰੀਬਨ ਦੋ ਦਹਾਕਿਆਂ ਤੋਂ ਛੱਤੀਸਗੜ੍ਹ ਵਿਚ 4.24 ਲੱਖ ਏਕੜ, ਮੱਧ ਪ੍ਰਦੇਸ਼ ਵਿਚ 6, ਝਾਰਖੰਡ ਵਿਚ 2, ਉੜੀਸਾ ਵਿਚ 7.41 ਅਤੇ ਉੱਤਰ ਪ੍ਰਦੇਸ਼ ਵਿਚ 1.31 ਲੱਖ ਏਕੜ ਜ਼ਮੀਨ ਐਕਵਾਇਰ ਕੀਤੀ ਜਾ ਚੁੱਕੀ ਜਾਂ ਕੀਤੀ ਜਾ ਰਹੀ ਹੈ। ਜਬਰੀ ਜ਼ਮੀਨਾਂ ਐਕਵਾਇਰ ਕਰਨ ਵਿਰੁੱਧ ਉਠੇ ਲੋਕਾਂ ਦੇ ਵਿਆਪਕ ਵਿਰੋਧ ਕਾਰਨ ਕੇਂਦਰ ਸਰਕਾਰ ਨੂੰ 1894 ਦਾ ਭੂਮੀ ਗ੍ਰਹਿਣ ਐਕਟ ਸੋਧ ਕੇ ਇਸ ਨੂੰ ਮਾਨਵੀ ਅਤੇ ਪਾਰਦਰਸ਼ੀ ਦਿੱਖ ਦੇਣ ਦੀ ਕਵਾਇਦ ਕਰਨੀ ਪਈ ਹੈ। ਇਸੇ ਕਰ ਕੇ ਨਵੇਂ ਬਿੱਲ ਦਾ ਨਾਂ 'ਭੌਂ ਪ੍ਰਾਪਤੀ ਅਤੇ ਪੁਨਰ-ਵਸੇਬੇ ਅਤੇ ਪੁਨਰ-ਸਥਾਪਨਾ ਲਈ ਨਿਆਂਪੂਰਕ ਮੁਆਵਜ਼ੇ ਅਤੇ ਪਾਰਦਰਸ਼ੀ ਅਧਿਕਾਰ ਲਈ ਬਿੱਲ 2013' ਰੱਖਿਆ ਗਿਆ ਹੈ।

2013 ਦੇ ਬਿੱਲ ਤਹਿਤ ਪ੍ਰਾਈਵੇਟ ਕੰਪਨੀਆਂ ਨੂੰ ਜ਼ਮੀਨ ਐਕਵਾਇਰ ਕਰਨ ਲਈ ਕਾਨੂੰਨੀ ਵਾਜਬੀਅਤ ਦੇਣ ਲਈ 'ਜਨਤਕ ਉਦੇਸ਼' ਦੀ ਪ੍ਰੀਭਾਸ਼ਾ ਨੂੰ ਵਿਆਪਕ ਬਣਾ ਦਿੱਤਾ ਗਿਆ ਹੈ। ਇਸ ਬਿੱਲ ਦੀ ਧਾਰਾ ਨੰਬਰ 2 ਦੀ ਉਪਧਾਰਾ (1) ਦੀਆਂ ਮੱਦਾਂ (ਏ) ਤੋਂ ਲੈ ਕੇ (ਐਫ) ਵਿਚ ਬਹੁਤ ਵਿਸਥਾਰ 'ਚ ਹਰ ਕਿਸਮ ਦਾ ਸਹਾਇਕ ਢਾਂਚਾ ਉਸਾਰਨ, ਖੇਤੀ ਲਈ ਐਗਰੋ-ਪਰੋਸੈਸਿੰਗ, ਕੋਲਡ ਸਟੋਰ ਆਦਿ ਬਣਾਉਣ, ਡੇਅਰੀ ਸਹਾਇਕ ਢਾਂਚਾ ਉਸਾਰਨ, ਸਨਅਤੀਕਰਨ, ਫਲੈਟ ਬਣਾਉਣ, ਪ੍ਰਾਈਵੇਟ ਹਸਪਤਾਲ, ਪ੍ਰਾਈਵੇਟ ਵਿਦਿਅਕ ਸੰਸਥਾਵਾਂ, ਟਰੇਡ ਸੈਂਟਰ, ਪ੍ਰਾਈਵੇਟ ਤਕਨੀਕੀ ਜਾਣਕਾਰੀ ਸੰਸਥਾਵਾਂ ਆਦਿ ਮੁਨਾਫ਼ੇ ਕਮਾਉਣ ਵਾਲੇ ਹਜ਼ਾਰਾਂ ਕਿਸਮ ਦੇ ਧੰਦਿਆਂ ਲਈ ਸਰਕਾਰ ਪ੍ਰਾਈਵੇਟ ਕੰਪਨੀਆਂ ਨੂੰ ਜ਼ਮੀਨ ਐਕਵਾਇਰ ਕਰ ਕੇ ਦੇ ਸਕਦੀ ਹੈ। ਇਸੇ ਧਾਰਾ 2 ਦੀ ਉਪਧਾਰਾ (2) ਵਿਚ ਕਿਹਾ ਗਿਆ ਹੈ ਕਿ ਪ੍ਰਾਈਵੇਟ ਕੰਪਨੀ ਨੂੰ ਭੌਂ ਪ੍ਰਾਪਤੀ ਕਾਰਨ ਪ੍ਰਭਾਵਿਤ ਹੋਣ ਵਾਲੇ 80 ਫ਼ੀ ਸਦੀ ਅਤੇ ਜਨਤਕ ਪ੍ਰਾਈਵੇਟ ਹਿੱਸੇਦਾਰੀ ਵਾਲੇ ਕਾਰੋਬਾਰਾਂ ਨੂੰ 70 ਫ਼ੀ ਸਦੀ ਜ਼ਮੀਨ ਮਾਲਕਾਂ ਦੀ ਪਹਿਲਾਂ ਹੀ ਸਹਿਮਤੀ ਲੈਣੀ ਜ਼ਰੂਰੀ ਹੋਵੇਗੀ ਜਦੋਂ ਕਿ 2011 ਵਾਲੇ ਬਿੱਲ ਵਿਚ ਜ਼ਮੀਨ ਐਕਵਾਇਰ ਹੋਣ ਨਾਲ ਪ੍ਰਭਾਵਿਤ ਲੋਕਾਂ ਵਿਚ ਜ਼ਮੀਨ ਮਾਲਕ ਅਤੇ ਗ਼ੈਰ-ਜ਼ਮੀਨ ਮਾਲਕ ਸਾਰੇ ਲੋਕ ਸ਼ਾਮਿਲ ਸਨ ਪਰ ਹੁਣ ਸਹਿਮਤੀ ਲੈਣ ਲਈ ਆਪਣੀ ਰੋਜ਼ੀ-ਰੋਟੀ ਲਈ ਜ਼ਮੀਨ 'ਤੇ ਨਿਰਭਰ ਪੇਂਡੂ ਮਜ਼ਦੂਰਾਂ ਅਤੇ ਹੋਰ ਜ਼ਮੀਨ ਵਿਹੂਣੇ ਲੋਕਾਂ ਦੀ ਸਹਿਮਤੀ ਲੈਣੀ ਜ਼ਰੂਰੀ ਨਹੀਂ ਹੋਵੇਗੀ। ਇਸ ਤੋਂ ਅੱਗੇ ਲੋਕਾਂ ਦੀ ਸਹਿਮਤੀ ਕਿਵੇਂ ਲਈ ਜਾਂਦੀ ਹੈ, ਇਸ ਬਾਰੇ ਸਾਡੇ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਰਕਾਰ ਅਤੇ ਪ੍ਰਾਈਵੇਟ ਕੰਪਨੀਆਂ ਕਿਵੇਂ ਭ੍ਰਿਸ਼ਟ ਪੁਲਸ-ਪ੍ਰਸ਼ਾਸਨ, ਗੁੰਡਿਆਂ ਅਤੇ ਭੂ-ਮਾਫ਼ੀਆ ਨਾਲ ਰਲ ਕੇ 'ਸਹਿਮਤ' ਕਰਾਉਂਦੀਆਂ ਹਨ।

ਇਸ ਬਿਲ ਬਾਰੇ ਪਿਛਲੇ ਕਈ ਸਾਲਾਂ ਤੋਂ ਇਹ ਭੁਲੇਖਾ ਪਾਊ ਗੱਲ ਧੁਮਾਈ ਜਾ ਰਹੀ ਹੈ ਕਿ ਨਵੇਂ ਬਿੱਲ ਰਾਹੀਂ ਸ਼ਹਿਰੀ ਮਾਲਕਾਂ ਨੂੰ ਜ਼ਮੀਨ ਦੇ ਬਾਜ਼ਾਰੀ ਮੁੱਲ ਤੋਂ ਦੁੱਗਣੀ ਅਤੇ ਪੇਂਡੂ ਜ਼ਮੀਨ ਮਾਲਕਾਂ ਨੂੰ ਚਾਰ ਗੁਣਾ ਰਕਮ ਮਿਲੇਗੀ। ਅਸਲ 'ਚ 5 ਸਤੰਬਰ, 2011 ਤੋਂ ਪਹਿਲਾਂ ਵਾਲੇ ਮੁੱਢਲੇ ਖਰੜੇ ਵਿਚ ਸ਼ਹਿਰੀ ਮਾਲਕਾਂ ਨੂੰ ਦੁੱਗਣੀ ਅਤੇ ਪੇਂਡੂ ਮਾਲਕਾਂ ਨੂੰ ਛੇ ਗੁਣਾ ਰਕਮ ਦੇਣ ਦੀ ਮੱਦ ਪਾਈ ਗਈ ਸੀ ਪਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ 5 ਸਤੰਬਰ, 2011 ਵਾਲੇ ਬਿੱਲ ਵਿਚ ਪੇਂਡੂ ਮਾਲਕਾਂ ਲਈ ਇਹ ਰਕਮ ਛੇ ਗੁਣਾ ਤੋਂ ਘਟਾ ਕੇ ਚਾਰ ਗੁਣਾ ਕਰ ਦਿੱਤੀ ਗਈ ਸੀ ਅਤੇ ਸ਼ਹਿਰੀ ਖੇਤਰ ਲਈ ਉਹੀ ਦੁੱਗਣੀ ਰੱਖੀ ਗਈ ਸੀ। ਹੁਣ 2013 ਦੇ ਬਿੱਲ ਵਿਚ ਸ਼ਹਿਰਾਂ ਨੇੜਲੇ ਪਿੰਡਾਂ (ਦੂਰੀ ਅਜੇ ਰਾਜ ਸਰਕਾਰਾਂ ਨੇ ਤੈਅ ਕਰਨੀ ਹੈ) ਲਈ ਇਹ ਰਕਮ ਚਾਰ ਗੁਣਾ ਤੋਂ ਹੋਰ ਘਟਾ ਕੇ ਦੁੱਗਣੀ ਕਰ ਦਿੱਤੀ ਗਈ ਹੈ ਅਤੇ ਸ਼ਹਿਰਾਂ ਤੋਂ ਦੂਰ ਵਾਲੇ ਪਿੰਡਾਂ ਲਈ ਚਾਰ ਗੁਣਾ ਅਤੇ ਸ਼ਹਿਰਾਂ ਉਹੀ ਦੁੱਗਣੀ ਰਕਮ ਦੇਣ ਦੀ ਗੱਲ ਬਰਕਰਾਰ ਰੱਖੀ ਗਈ ਹੈ। ਅਸਲ 'ਚ ਇਹ ਦੋ ਜਾਂ ਚਾਰ ਗੁਣਾ ਰਕਮ ਦੇਣ ਦੀ ਗੱਲ ਵੀ ਛਲਾਵਾ ਹੈ; ਕਿਉਂਕਿ ਇਸ ਬਿੱਲ ਅਨੁਸਾਰ ਜ਼ਮੀਨ ਦੇ ਭਾਅ ਪ੍ਰਚਲਤ ਬਾਜ਼ਾਰੀ ਭਾਅ ਅਨੁਸਾਰ ਤੈਅ ਨਹੀਂ ਹੋਣੇ ਸਗੋਂ ਇਹ ਪਿਛਲੇ ਤਿੰਨ ਸਾਲਾਂ ਦੀਆਂ ਜ਼ਮੀਨ ਦੀਆਂ ਰਜਿਸਟਰੀਆਂ ਦੇ ਰੇਟ ਤੋਂ ਤੈਅ ਹੋਣੇ ਹਨ ਜੋ ਜ਼ਮੀਨ ਦੇ ਸਰਕਾਰੀ ਰੇਟ ਦੇ ਇਰਦ-ਗਿਰਦ ਹੁੰਦੇ ਹਨ। ਜ਼ਮੀਨ ਦੇ ਸਰਕਾਰੀ ਮੁੱਲ 'ਚ ਚੱਲ ਅਤੇ ਅਚੱਲ ਜਾਇਦਾਦ ਦਾ ਮੁੱਲ ਵੀ ਜੋੜਿਆ ਜਾਵੇਗਾ। ਅੱਗੇ ਇਸ ਪੇਂਡੂ ਅਤੇ ਸ਼ਹਿਰੀ ਜ਼ਮੀਨ-ਜਾਇਦਾਦ ਦੀ ਰਕਮ ਦੇ ਕੁੱਲ ਜੋੜ ਉਪਰ 100 ਫ਼ੀ ਸਦੀ ਖਰਾਇਤੀ ਮੁਆਵਜ਼ਾ ਦਿੱਤਾ ਜਾਵੇਗਾ। ਜ਼ਮੀਨ ਦੇ ਇਸ ਸਰਕਾਰੀ ਮੁੱਲ ਵਿਚ 100 ਫ਼ੀ ਸਦੀ ਖਰਾਇਤੀ ਮੁਆਵਜ਼ਾ ਜੋੜ ਕੇ ਇਹ ਰਕਮ ਸ਼ਹਿਰਾਂ ਨੇੜਲੇ ਪਿੰਡਾਂ 'ਚ ਦੋ ਗੁਣਾ ਅਤੇ ਸ਼ਹਿਰਾਂ ਤੋਂ ਦੂਰ ਪਿੰਡਾਂ ਲਈ ਚਾਰ ਗੁਣਾ ਅਤੇ ਸ਼ਹਿਰਾਂ



ਵਿਚ ਉਹੀ ਦੋ ਗੁਣਾ ਹੋਵੇਗੀ। ਪਹਿਲੀ ਗੱਲ ਜ਼ਮੀਨਾਂ ਦੀਆਂ ਰਜਿਸਟਰੀਆਂ ਪਹਿਲਾਂ ਹੀ ਸਰਕਾਰੀ ਰੇਟਾਂ 'ਤੇ ਹੁੰਦੀਆਂ ਹਨ ਜੋ ਅਸਲ ਬਾਜ਼ਾਰੀ ਮੁੱਲ ਤੋਂ ਕਈ ਕਈ ਗੁਣਾ ਘੱਟ ਹੁੰਦੇ ਹਨ। ਮਿਸਾਲ ਵਜੋਂ ਮਹਾਰਾਸ਼ਟਰ ਸਰਕਾਰ ਨੇ 5 ਮਾਰਚ 2011 ਨੂੰ ਬਿੱਲ ਪੇਸ਼ ਹੋਣ ਤੋਂ ਬਾਅਦ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ ਲਈ 2500 ਏਕੜ ਜ਼ਮੀਨ 1.5 ਲੱਖ ਰੁਪਏ ਏਕੜ ਦੇ ਹਿਸਾਬ ਨਾਲ ਖ਼ਰੀਦੀ ਅਤੇ ਅੱਗੇ ਇਹ ਇੱਕ ਪ੍ਰਾਈਵੇਟ ਕੰਪਨੀ ਨੂੰ 2 ਤੋਂ 3 ਕਰੋੜ ਪ੍ਰਤੀ ਏਕੜ ਦੇ ਹਿਸਾਬ ਵੇਚ ਦਿੱਤੀ। ਇਸ ਤਰ੍ਹਾਂ ਇਸ ਜ਼ਮੀਨ ਦਾ ਵੇਚ ਮੁੱਲ ਖ਼ਰੀਦ ਮੁੱਲ ਤੋਂ 1300 ਤੋਂ ਲੈ ਕੇ 2000 ਗੁਣਾ ਵੱਧ ਸੀ। ਇਉਂ ਲੋਕਾਂ ਨੂੰ ਇਸ ਬਿੱਲ ਰਾਹੀਂ ਦਿੱਤੇ ਜਾ ਰਹੇ ਮੁੱਲ ਬਹੁਤ ਹੀ ਘਾਟੇਵੰਦਾ ਸੌਦਾ ਹੋਣਗੇ।

1894 ਦੇ ਕਾਨੂੰਨ ਦੇ ਉਲਟ ਇਸ ਕਾਨੂੰਨ ਨੂੰ ਮਾਨਵੀ ਅਤੇ ਲੋਕ ਪੱਖੀ ਦਿੱਖ ਦੇਣ ਲਈ ਜ਼ਮੀਨ ਮਾਲਕਾਂ ਅਤੇ ਖੇਤ ਮਜ਼ਦੂਰਾਂ, ਮੁਜ਼ਾਰਿਆਂ, ਵਟਾਈਦਾਰਾਂ ਜਾਂ ਦਸਤਕਾਰਾਂ ਜਾਂ ਤਿੰਨ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਰਹਿਣ ਵਾਲੇ ਆਪਣੀ ਉਪਜੀਵਕਾ ਲਈ ਜ਼ਮੀਨ ਉਪਰ ਨਿਰਭਰ ਲੋਕਾਂ ਲਈ ਬਦਲਵੇਂ ਪ੍ਰਬੰਧ ਕਰਨ ਅਤੇ ਪੱਟੀ ਦਰਜ ਜਾਤਾਂ ਅਤੇ ਪੱਟੀ ਦਰਜ ਕਬੀਲਿਆਂ ਨੂੰ ਵਿਸ਼ੇਸ਼ ਪੈਕੇਜ ਦੇ ਕੇ ਪੁਨਰ-ਵਾਸ ਅਤੇ ਪੁਨਰ-ਸਥਾਪਨਾ ਦੀ ਗੱਲ ਕੀਤੀ ਗਈ ਹੈ ਪਰ ਬਿੱਲ ਵਿਚ ਸ਼ਾਮਿਲ ਇਨ੍ਹਾਂ ਸਹੂਲਤਾਂ ਅਤੇ ਮੁਆਵਜ਼ੇ ਦਾ ਅਮਲ ਕਿਹੋ ਜਿਹਾ ਹੋਵੇਗਾ? ਇਹ ਅਸੀਂ ਸਰਕਾਰ ਦੀ ਕਾਰਗੁਜ਼ਾਰੀ ਤੋਂ ਭਲੀ-ਭਾਂਤ ਜਾਣਦੇ ਹਾਂ। 5 ਸਤੰਬਰ 2011 ਵਾਲਾ ਬਿੱਲ ਪੇਂਡੂ ਖੇਤਰਾਂ ਵਿਚ 100 ਏਕੜ ਅਤੇ ਸ਼ਹਿਰਾਂ ਵਿਚ 50 ਜਾਂ ਇਸ ਤੋਂ ਵੱਧ ਏਕੜ ਜ਼ਮੀਨ ਐਕਵਾਇਰ ਕਰਨ ਸਮੇਂ ਹੀ ਲਾਗੂ ਹੋਣਾ ਸੀ। ਹੁਣ ਇਸ 2013 ਵਾਲੇ ਬਿੱਲ ਨੂੰ ਲਾਗੂ ਕਰਨ ਲਈ ਜ਼ਮੀਨ ਦੀ ਸੀਮਾ ਨੂੰ ਸੂਬਾ ਸਰਕਾਰਾਂ ਉਪਰ ਛੱਡ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਸ ਬਿੱਲ ਵਿਚ 1894 ਦੇ ਕਾਨੂੰਨ ਦੀ ਹੰਗਾਮੀ ਧਾਰਾ (ਇਸ ਦੀ ਘੱਟ ਤੋਂ ਘੱਟ ਵਰਤੋਂ ਕਰਨਾ ਕਹਿ ਕੇ) ਬਰਕਰਾਰ ਰੱਖੀ ਗਈ ਹੈ ਜਿਸ ਤਹਿਤ ਸਰਕਾਰ ਕੇਵਲ 30 ਦਿਨ ਦਾ ਨੋਟਿਸ ਦੇ ਕੇ ਪੁਨਰ-ਵਾਸ ਅਤੇ ਪੁਨਰ-ਸਥਾਪਨਾ ਦਾ ਪ੍ਰਬੰਧ ਕਰੇ ਬਿਨਾਂ ਹੀ, ਜ਼ਮੀਨ ਮਾਲਕਾਂ ਨੂੰ ਸਰਕਾਰੀ ਰੇਟ ਦਾ 1.75 ਗੁਣਾ ਮੁੱਲ ਦੇ ਕੇ ਖੋਹ ਸਕਦੀ ਹੈ। 5 ਸਤੰਬਰ 2011 ਤੋਂ ਪਹਿਲਾਂ ਵਾਲੇ ਖਰੜੇ ਵਿਚ ਬਹੁ-ਫਸਲੀ ਸੇਂਜੂ ਜ਼ਮੀਨ ਨੂੰ 'ਖਾਧ ਸੁਰੱਖਿਆ' ਦਾ ਕਾਰਨ ਦੱਸ ਕੇ ਇਸ ਬਿੱਲ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਸੀ। ਹੁਣ ਵਾਲੇ ਬਿੱਲ ਵਿਚ ਹਰ ਕਿਸਮ ਦੀ ਜ਼ਮੀਨ ਐਕਵਾਇਰ ਕਰਨ ਦੀ ਹੱਦ ਨੂੰ ਰਾਜ ਸਰਕਾਰਾਂ 'ਤੇ ਖੁੱਲ੍ਹਾ ਛੱਡ ਦਿੱਤਾ ਗਿਆ ਹੈ ਜੋ ਪਹਿਲਾਂ ਹੀ ਇੱਕ-ਦੂਜੀ ਨਾਲੋਂ ਵਧ ਕੇ ਪ੍ਰਾਈਵੇਟ ਕੰਪਨੀਆਂ ਨੂੰ ਜ਼ਮੀਨ ਐਕਵਾਇਰ ਕਰਾ ਰਹੀਆਂ ਹਨ।

ਸਵਾਲ ਹੈ ਕਿ ਜ਼ਮੀਨ ਐਕਵਾਇਰ ਕਰਨ ਲਈ ਸਰਕਾਰ ਨੂੰ ਪ੍ਰਾਈਵੇਟ ਕੰਪਨੀਆਂ ਅਤੇ ਜ਼ਮੀਨ ਮਾਲਕਾਂ ਵਿਚਕਾਰ ਪੈਣ ਦੀ ਜ਼ਰੂਰਤ ਹੀ ਕਿਉਂ ਹੈ? ਹਾਲਾਂਕਿ ਭਾਰਤ ਅੰਦਰ ਜ਼ਮੀਨ ਇਕ ਵੇਚੀ-ਖ਼ਰੀਦੀ ਜਾਣ ਵਾਲੀ ਜਿਣਸ ਹੈ ਅਤੇ ਕੰਪਨੀਆਂ ਜ਼ਮੀਨ ਮਾਲਕਾਂ ਤੋਂ ਸਿੱਧੀ ਜ਼ਮੀਨ ਖ਼ਰੀਦ ਸਕਦੀਆਂ ਹਨ ਜਿਸ ਤਰ੍ਹਾਂ ਅਮਰੀਕਾ, ਕੈਨੇਡਾ, ਯੂਰਪੀ ਯੂਨੀਅਨ, ਜਾਪਾਨ ਆਦਿ ਦੇਸ਼ਾਂ ਵਿਚ ਕੰਪਨੀਆਂ ਕਰਦੀਆਂ ਹਨ। ਇਨ੍ਹਾਂ ਦੇਸ਼ਾਂ ਵਿਚ ਸਰਕਾਰ ਵੱਲੋਂ ਜ਼ਮੀਨ ਐਕਵਾਇਰ ਕਰ ਕੇ ਕੰਪਨੀਆਂ ਨੂੰ ਲੈ ਕੇ ਦੇਣ ਲਈ ਕੋਈ ਕਾਨੂੰਨ ਨਹੀਂ ਹਨ। ਨਵੀਆਂ ਆਰਥਿਕ ਨੀਤੀਆਂ ਆਧਾਰਤ ਮਾਡਲ ਅਨੁਸਾਰ ਭਾਰਤੀ ਸਰਕਾਰ ਨੂੰ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ, ਸ਼ਹਿਰੀਕਰਨ, ਸਨਅਤੀਕਰਨ ਅਤੇ ਸਹਾਇਕ ਢਾਂਚਾ ਉਸਾਰਨ ਲਈ ਪ੍ਰਾਈਵੇਟ ਕੰਪਨੀਆਂ ਨੂੰ ਸਸਤੀ ਜ਼ਮੀਨ ਐਕਵਾਇਰ ਕਰ ਕੇ ਦੇਣ ਦੀ ਧੁਸ ਹੈ ਜੋ ਜ਼ਮੀਨ 'ਤੇ ਨਿਰਭਰ ਲੋਕਾਂ ਨੂੰ ਉਜਾੜੇ ਬਿਨਾਂ ਸੰਭਵ ਨਹੀਂ। ਇਸ ਤੋਂ ਅੱਗੇ ਇਸ ਮਾਡਲ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਦੇਸ਼ੀ-ਵਿਦੇਸ਼ੀ ਕੰਪਨੀਆਂ 'ਤੇ ਨਿਰਭਰ ਹੈ ਅਤੇ ਇਹ ਕੰਪਨੀਆਂ ਸਰਕਾਰ 'ਤੇ ਸਸਤੀ ਜ਼ਮੀਨ ਐਕਵਾਇਰ ਕਰਨ ਲਈ ਦਬਾਅ ਪਾ ਰਹੀਆਂ ਹਨ। ਸਰਕਾਰ ਇਨ੍ਹਾਂ ਕੰਪਨੀਆਂ ਦੇ ਹਿੱਤਾਂ ਅਨੁਸਾਰ ਨੀਤੀਆਂ ਘੜ ਰਹੀ ਹੈ ਅਤੇ ਨਵਾਂ ਭੌਂ ਪ੍ਰਾਪਤੀ ਕਾਨੂੰਨ 2013 ਇਨ੍ਹਾਂ ਨੀਤੀਆਂ ਦਾ ਹੀ ਇਕ ਅੰਗ ਹੈ। ਇਸ ਕਰ ਕੇ ਜਦੋਂ ਤੋਂ ਨਵੇਂ ਭੌਂ ਪ੍ਰਾਪਤੀ ਕਾਨੂੰਨ ਬਣਾਉਣ ਦੀ ਗੱਲ ਚੱਲੀ ਹੈ, ਉਦੋਂ ਤੋਂ ਹੀ ਸਰਕਾਰ ਨੇ ਇਸ ਬਿੱਲ ਨੂੰ ਅਨੇਕਾਂ ਵਾਰ ਦੇਸ਼ੀ-ਵਿਦੇਸ਼ੀ ਕੰਪਨੀਆਂ ਦੇ ਪੱਖ ਵਿਚ ਸੋਧਣ ਦੀ ਕਵਾਇਦ ਕੀਤੀ ਹੈ।

---

# ਸੀਰੀਆ ਦਾ ਘਰੋਗੀ ਸੰਕਟ ਅਤੇ ਸੰਸਾਰ

ਪ੍ਰਫੁੱਲ ਬਿਦਵਈ

ਇਤਿਹਾਸ ਦਾ ਕਿੰਨਾ ਅਜੀਬ ਵਿਅੰਗ ਹੈ ਕਿ ਕਈ ਵਾਰ ਤੁਹਾਡਾ ਵਿਰੋਧੀ ਤੁਹਾਨੂੰ ਕਿਸੇ ਮੁਸ਼ਕਿਲ 'ਚੋਂ ਤੁਹਾਡੇ ਦੋਸਤ ਨਾਲੋਂ ਵਧੇਰੇ ਚੰਗੀ ਤਰ੍ਹਾਂ ਉਭਾਰ ਲੈਂਦਾ ਹੈ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਬਿਲਕੁਲ ਅਜਿਹਾ ਹੀ ਕੀਤਾ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜੇ ਸੀਰੀਆ ਆਪਣੇ ਰਸਾਇਣਕ ਹਥਿਆਰਾਂ ਦੀ ਹਵਾਲਗੀ ਕਰ ਦੇਵੇ ਤਾਂ ਅਮਰੀਕਾ ਉਸ 'ਤੇ ਫ਼ੌਜੀ ਹਮਲਾ ਟਾਲ ਦੇਵੇ। ਮੁਹੱਈਆ ਹੋਏ ਇਸ ਮੌਕੇ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਝਟ-ਪਟ ਸਾਂਭ ਲਿਆ।

ਰਸਾਇਣਕ ਹਥਿਆਰਾਂ ਬਾਰੇ ਅਮਰੀਕਾ ਦਾ ਰੁਖ਼ ਦੰਭੀ ਰਿਹਾ ਹੈ। ਜਦੋਂ ਸੱਦਾਮ ਹੁਸੈਨ ਨੇ 1980ਵਿਆਂ ਵਿਚ ਹਲਾਬਜਾ 'ਚ ਆਪਣੇ ਨਾਗਰਿਕਾਂ ਖਿਲਾਫ਼ ਇਨ੍ਹਾਂ ਹਥਿਆਰਾਂ ਦੀ ਵਰਤੋਂ ਕੀਤੀ ਸੀ ਤਾਂ ਅਮਰੀਕਾ ਨੇ ਭੋਰਾ ਭਰ ਵੀ ਇਤਰਾਜ਼ ਜ਼ਾਹਰ ਨਹੀਂ ਸੀ ਕੀਤਾ ਕਿਉਂਕਿ ਉਦੋਂ ਸੱਦਾਮ ਹੁਸੈਨ ਅਮਰੀਕਾ ਦਾ ਸਹਿਯੋਗੀ ਸੀ। ਨਾ ਹੀ ਹੁਣ ਅਮਰੀਕਾ ਨੇ ਕਦੇ ਇਹ ਮੰਗ ਕੀਤੀ ਹੈ ਕਿ ਇਸਰਾਈਲ ਰਸਾਇਣਕ ਹਥਿਆਰਾਂ ਦੀ ਸੰਧੀ ਦੀ ਪੁਸ਼ਟੀ ਕਰੇ ਪਰ ਸੀਰੀਆ ਵੱਲੋਂ ਰਸਾਇਣਕ ਹਥਿਆਰ ਵਰਤੇ ਜਾਣ ਦੇ ਕਥਿਤ ਦੋਸ਼ਾਂ ਦੇ ਆਧਾਰ 'ਤੇ ਇਹ ਇਕਦਮ ਹਮਲਾ ਕਰਨ ਲਈ ਤਿਆਰ ਹੋ ਗਿਆ।

ਰਸਾਇਣਕ ਹਥਿਆਰਾਂ ਦੀ ਵਰਤੋਂ 21 ਅਗਸਤ ਨੂੰ ਦਮਿਸ਼ਕ ਦੇ ਬਾਹਰੀ ਇਲਾਕੇ ਵਿਚ ਪੈਂਦੇ ਘਾਉਤਾ ਨਾਂ ਦੇ ਖੇਤਰ 'ਚ ਹੋਈ ਸੀ ਪਰ ਅਜਿਹੇ ਕੋਈ ਪੱਕੇ ਸਬੂਤ ਨਹੀਂ ਮਿਲੇ ਕਿ ਇਨ੍ਹਾਂ ਦੀ ਵਰਤੋਂ ਰਾਸ਼ਟਰਪਤੀ ਬਸ਼ਰ-ਅਲ-ਅਸਦ ਦੀ ਫ਼ੌਜ ਵੱਲੋਂ ਕੀਤੀ ਗਈ। ਸੰਯੁਕਤ ਰਾਸ਼ਟਰ ਸੰਘ ਦੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ ਪਰ ਓਬਾਮਾ ਨੇ ਰਿਪੋਰਟ ਦੀ ਉਡੀਕ ਕੀਤੇ ਤੋਂ ਬਿਨਾਂ ਹੀ ਹਕੂਮਤ ਨੂੰ ਦੋਸ਼ੀ ਕਰਾਰ ਦੇ ਦਿੱਤਾ। ਅਮਰੀਕਾ ਨੇ ਅਜਿਹੀਆਂ ਖੁਫੀਆ ਸੈਟੇਲਾਈਟ ਫੋਟੋਆਂ ਅਤੇ ਵੀਡੀਓ ਕਲਿੱਪ ਜਾਰੀ ਕੀਤੇ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਰਸਾਇਣਕ ਸਮੱਗਰੀ ਵਾਲੇ ਰਾਕਟ ਹਕੂਮਤ ਦੇ ਕਬਜ਼ੇ ਹੇਠਲੇ ਖੇਤਰ 'ਚੋਂ ਦਾਗੇ ਗਏ ਸਨ। ਉਂਝ ਅਜਿਹਾ ਕਿਤੇ ਸਾਬਤ ਨਹੀਂ ਹੁੰਦਾ ਕਿ ਫ਼ੌਜ ਦੀ ਯੂਨਿਟ ਨੇ ਅਜਿਹਾ ਸਰਕਾਰ ਦੇ ਹੁਕਮਾਂ 'ਤੇ ਕੀਤਾ। ਪੱਛਮੀ ਦੇਸ਼ਾਂ ਦਾ ਮਾਮਲਾ ਇਸ ਕਰ ਕੇ ਵੀ ਕਮਜ਼ੋਰ ਪੈਂਦਾ ਹੈ ਕਿ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਬਾਰੇ ਵੀ ਉਨ੍ਹਾਂ ਵੱਲੋਂ ਵੱਖ-ਵੱਖ ਦਾਅਵੇ ਕੀਤੇ ਜਾ ਰਹੇ ਹਨ। ਸੋ, ਸੀਰੀਆ ਖਿਲਾਫ਼ ਸੁਣਾਇਆ ਗਿਆ ਫ਼ੈਸਲਾ ਕਿਸੇ 'ਠੋਸ ਸਬੂਤ' ਉਤੇ ਆਧਾਰਤ ਨਹੀਂ, ਸਗੋਂ ਇਸ ਮੁਲੰਕਣ 'ਤੇ ਆਧਾਰਤ ਹੈ ਕਿ 'ਹੋਰ ਕਿਸੇ ਕੋਲ ਅਜਿਹੀ ਸਮਰਥਾ ਨਹੀਂ ਹੈ।'

ਉਂਝ ਰਾਸ਼ਟਰਪਤੀ ਅਸਦ ਵੀ ਕੋਈ ਦੇਵ-ਪੁਰਸ਼ ਨਹੀਂ ਹਨ। ਉਹ ਮਨੁੱਖੀ ਅਧਿਕਾਰਾਂ ਦੀਆਂ ਬੇਸ਼ੁਮਾਰ ਉਲੰਘਣਾਵਾਂ ਦੇ ਦੋਸ਼ੀ ਹਨ। ਉਨ੍ਹਾਂ ਦੀ ਹਕੂਮਤ ਪਿਛਲੇ ਤਕਰੀਬਨ ਢਾਈ ਸਾਲ ਤੋਂ ਅੰਦਰੂਨੀ ਅਤੇ ਦੇਸ਼ ਤੋਂ ਬਾਹਰੀ ਹਥਿਆਰਬੰਦ ਗਰੁੱਪਾਂ ਨਾਲ ਖ਼ੂਨ-ਖਰਾਬੇ ਭਰੀ ਘਰੇਲੂ ਲੜਾਈ ਲੜ ਰਹੀ ਹੈ। ਇਨ੍ਹਾਂ ਗਰੁੱਪਾਂ ਨੂੰ ਬਰਤਾਨੀਆ, ਫਰਾਂਸ, ਸਾਊਦੀ ਅਰਬ, ਕਤਰ ਅਤੇ ਤੁਰਕੀ ਵੱਲੋਂ ਹਥਿਆਰ ਮੁਹੱਈਆ ਕਰਾਏ ਜਾਂਦੇ ਹਨ। ਫਿਰ ਵੀ, ਆਪਣੇ ਹੀ ਨਾਗਰਿਕਾਂ ਖਿਲਾਫ਼ ਰਸਾਇਣਕ ਹਥਿਆਰਾਂ ਦੀ ਵਰਤੋਂ ਅਸਦ ਲਈ ਆਤਮ-ਘਾਤ ਵਾਲੀ ਗੱਲ ਤੋਂ ਘੱਟ ਨਹੀਂ, ਖਾਸ ਕਰ ਕੇ ਉਦੋਂ ਜਦੋਂ ਉਨ੍ਹਾਂ ਦੀਆਂ ਫ਼ੌਜਾਂ ਬਾਗੀਆਂ 'ਤੇ ਜਿੱਤ ਹਾਸਲ ਕਰ ਰਹੀਆਂ ਹੋਣ। ਰੂਸ ਅਤੇ ਇਰਾਨ ਇਹ ਸਬੂਤ ਹੋਣ ਦਾ ਦਾਅਵਾ ਕਰਦੇ ਹਨ ਕਿ ਰਸਾਇਣਕ ਹਥਿਆਰਾਂ ਵਾਲਾ ਹਮਲਾ ਸੀਰੀਆ ਸਰਕਾਰ ਦੇ ਵਿਰੋਧੀ ਗਰੁੱਪਾਂ ਨੇ ਕੀਤਾ। ਇਹ ਵਿਰੋਧੀ ਗਰੁੱਪ ਪਹਿਲਾਂ ਵੀ ਸਰਕਾਰ ਖਿਲਾਫ਼ ਉਲਟ ਪ੍ਰਚਾਰ ਕਰਨ ਲਈ ਕਈ ਤਰ੍ਹਾਂ ਦੇ ਭਿਆਨਕ ਹਮਲੇ ਕਰਦੇ ਰਹੇ ਹਨ। ਖ਼ੈਰ! ਜੋ ਵੀ ਹੋਵੇ, ਅਮਰੀਕਾ ਨੂੰ ਸੀਰੀਆ ਵਿਚ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ ਹੈ। ਸੰਯੁਕਤ ਰਾਸ਼ਟਰ ਦੇ ਚਾਰਟਰ ਤਹਿਤ ਫ਼ੌਜੀ ਦਖ਼ਲ-ਅੰਦਾਜ਼ੀ ਸਿਰਫ ਸਵੈ-ਰੱਖਿਆ ਲਈ ਹੀ ਹੋ ਸਕਦੀ ਹੈ ਅਤੇ ਇਸ ਲਈ ਪ੍ਰਵਾਨਿਤ ਅਥਾਰਿਟੀ ਸੁਰੱਖਿਆ ਕੌਂਸਲ ਹੈ। ਰੂਸ ਅਤੇ ਚੀਨ ਦੋਵਾਂ ਨੇ ਹੀ ਅਮਰੀਕਾ ਦੇ ਇਸ ਆਪਹੁਦਰੇਪਣ ਖਿਲਾਫ਼ ਲਗਾਤਾਰ ਵੀਟੋ ਕੀਤਾ ਹੈ। ਰੂਸ ਦੇ ਸੁਝਾਅ ਨੂੰ ਮੰਨਣ ਤੋਂ ਬਾਅਦ ਹੁਣ ਅਮਰੀਕਾ ਸੰਯੁਕਤ ਰਾਸ਼ਟਰ ਸੰਘ ਨੂੰ ਬਾਈਪਾਸ ਨਹੀਂ ਕਰ ਸਕਦਾ। ਉਂਝ ਵੀ ਹੁਣ ਅਮਰੀਕਾ ਕੋਲ ਪਹਿਲਾਂ ਵਾਂਗ ਨਾਟੋ ਸਹਿਯੋਗੀ ਨਹੀਂ ਰਹੇ।

ਵਿਆਪਕ ਤਬਾਹੀ ਦੇ ਹਥਿਆਰਾਂ ਦੇ ਨਾਂ 'ਤੇ ਇਰਾਕ ਵਿਚ ਜੋ ਕੁਝ ਹੋਇਆ, ਲੀਬੀਆ ਵਿਚ ਗੱਦਾਫੀ ਦੇ ਤਖ਼ਤਾ ਪਲਟਣ ਤੋਂ ਬਾਅਦ ਜੋ ਕਹਿਰ ਵਰਤਿਆ ਅਤੇ ਜੋ ਕੁਝ ਅਮਰੀਕਾ ਨੇ ਅਫ਼ਗਾਨਿਸਤਾਨ ਵਿਚ ਕੀਤਾ, ਉਸ ਸਾਰੇ ਕੁਝ ਤੋਂ ਬਾਅਦ ਹੁਣ ਸੰਸਾਰ ਲੋਕ-ਰਾਇ ਕਿਸੇ ਵੀ ਤਰ੍ਹਾਂ ਦੀ ਬਾਹਰੀ ਹਥਿਆਰਬੰਦ ਦਖ਼ਲ-ਅੰਦਾਜ਼ੀ ਦੇ ਖਿਲਾਫ਼ ਪੂਰੀ ਤਰ੍ਹਾਂ ਲਾਮਬੰਦ ਹੋ ਚੁੱਕੀ ਹੈ। ਇਥੋਂ ਤੱਕ ਕਿ ਅਕਸਰ ਵੰਡੀ ਰਹਿਣ ਵਾਲੀ ਅਰਬ ਲੀਗ ਨੇ ਵੀ ਇਕਜੁਟ ਹੋ ਕੇ ਸੀਰੀਆ ਵਿਚ ਬਾਹਰੀ ਦਖ਼ਲ-ਅੰਦਾਜ਼ੀ ਦਾ ਸਖ਼ਤ ਵਿਰੋਧ ਕੀਤਾ ਹੈ।

ਇਸ ਮਾਮਲੇ 'ਤੇ ਅਮਰੀਕਾ ਕੋਲ ਇਕੋ ਰਾਹ ਕੂਟਨੀਤਕ ਪਹੁੰਚ ਅਪਣਾਉਣ ਦਾ ਹੀ ਹੈ। ਇਸ ਲਈ ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕਾ ਸੀਰੀਆ ਵਿਚਲੀ ਘਰੇਲੂ ਖਾਨਾਜੰਗੀ ਨੂੰ ਬੰਦ ਕਰਾਉਣ ਲਈ ਗੱਲਬਾਤ ਵਿਚ ਮਦਦ ਕਰ ਸਕਦਾ ਹੈ। ਇਸ ਵਿਚ ਹੁਣ ਤੱਕ 10 ਹਜ਼ਾਰ ਤੋਂ ਵਧੇਰੇ ਮੌਤਾਂ ਹੋ ਚੁੱਕੀਆਂ ਹਨ ਅਤੇ 20 ਲੱਖ ਤੋਂ ਵਧੇਰੇ ਲੋਕ ਸ਼ਰਨਾਰਥੀ ਬਣ ਗਏ ਹਨ। ਦੂਜੀ ਗੱਲ ਇਹ ਹੈ ਕਿ ਅਮਰੀਕਾ ਜ਼ਬਤ-ਅਲ-ਨੁਸਰਾ ਵਰਗੇ ਸਮੂਹਾਂ ਨਾਲੋਂ ਆਪਣਾ ਗਠਜੋੜ ਤੋੜ ਲਵੇ। ਜ਼ਬਤ-ਅਲ-ਨੁਸਰਾ ਅਲ-ਕਾਇਦਾ ਦੀ ਸੀਰੀਆ ਵਿਚਲੀ ਸ਼ਾਖਾ ਹੈ। ਅਲ-ਕਾਇਦਾ ਦੇ ਕਿਸੇ ਵੀ ਰੂਪ ਦੀ ਮਦਦ ਕਰਨਾ ਸਮੁੱਚੇ ਪੱਛਮੀ ਏਸ਼ੀਆ-ਉੱਤਰੀ ਅਫਰੀਕੀ ਖੇਤਰ ਵਿਚ ਵਿਸਫੋਟਕ ਅਸਥਿਰਤਾ ਪੈਦਾ ਕਰਨ ਵਾਲੀ ਗੱਲ ਹੈ। ਤੀਜੀ ਗੱਲ ਇਹ ਹੈ ਕਿ ਸੀਰੀਆ ਵੱਲੋਂ ਰਸਾਇਣਕ ਹਥਿਆਰ ਸੰਧੀ 'ਤੇ ਦਸਤਖ਼ਤ ਕਰਨ ਅਤੇ ਇਸ ਦੀ ਪੁਸ਼ਟੀ ਕਰਨ ਦੇ ਲਏ ਗਏ ਫ਼ੈਸਲੇ ਦਾ ਅਮਰੀਕਾ ਨੂੰ ਸਵਾਗਤ ਕਰਨਾ ਚਾਹੀਦਾ ਹੈ। ਇਸਰਾਈਲ ਤੋਂ ਵੀ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਵੀ ਇਸ ਸੰਧੀ ਦੀ ਪੁਸ਼ਟੀ ਕਰੇ। ਬਹੁਤੇ ਅਰਬ ਦੇਸ਼ ਵੀ ਇਸੇ ਕਰਕੇ ਸੰਧੀ 'ਤੇ ਦਸਤਖ਼ਤ ਨਹੀਂ ਕਰ ਰਹੇ ਕਿਉਂਕਿ ਇਸਰਾਈਲ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਅਤੇ ਵੱਡੀ ਮਾਤਰਾ ਵਿਚ ਪ੍ਰਮਾਣੂ ਹਥਿਆਰ ਹੋਣ ਦੇ ਬਾਵਜੂਦ ਇਸਰਾਈਲ ਪ੍ਰਮਾਣੂ ਹਥਿਆਰ ਪ੍ਰਸਾਰ ਵਿਰੋਧੀ ਸੰਧੀ ਦਾ ਵੀ ਹਿੱਸਾ ਨਹੀਂ ਬਣਿਆ। ਮੱਧ ਪੂਰਬ ਨੂੰ ਹਰ ਤਰ੍ਹਾਂ ਦੇ ਵਿਆਪਕ ਤਬਾਹੀ ਦੇ ਹਥਿਆਰਾਂ ਤੋਂ ਮੁਕਤ ਖੇਤਰ ਵਜੋਂ ਸਥਾਪਿਤ ਕਰਨ ਦੀ ਵੱਡੀ ਲੋੜ ਹੈ। ਇਸ ਦੇ ਨਾਲ-ਨਾਲ ਫਲਸਤੀਨ ਨੂੰ ਮੁਕੰਮਲ ਰਾਜ ਦਾ ਦਰਜਾ ਦਿੰਦਿਆਂ ਅਰਬ-ਇਸਰਾਈਲ ਸ਼ਾਂਤੀ ਲਈ ਵੀ ਵਿਆਪਕ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਕਦਮਾਂ ਨਾਲ ਹੀ ਇਸ ਖੇਤਰ ਵਿਚ ਹਕੀਕੀ ਸਥਿਰਤਾ ਆ ਸਕੇਗੀ ਅਤੇ ਅਲ-ਕਾਇਦਾ ਦਾ ਪ੍ਰਭਾਵ ਖ਼ਤਮ ਹੋ ਸਕੇਗਾ। ਸੀਰੀਆ ਸਬੰਧੀ ਅਮਰੀਕਾ ਨੂੰ ਕੌੜੀਆਂ ਹਕੀਕਤਾਂ ਸਵੀਕਾਰਨੀਆਂ ਹੀ ਪੈਣਗੀਆਂ।

# ਨਾਂਵਾਂ ਪਿੱਛੇ ਪਿੰਡਾਂ ਵਾਲੀਆਂ ਪੂਛਾਂ!

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਕੋਈ ਵਿਰਲੇ ਟਾਵੇਂ ਹੀ ਹੋਣਗੇ ਜਿਹੜੇ 'ਛੁਪੇ ਰਹਿਣ ਦੀ ਚਾਹ' ਨਾਲ ਜੀਵਨ ਗੁਜ਼ਾਰ ਕੇ 'ਛੁਪੇ ਟੁਰ ਜਾਣ' ਲਈ ਕਾਹਲੇ ਪੈਂਦੇ ਹੋਣਗੇ। ਨਹੀਂ ਤਾਂ ਆਪੋ ਧਾਪੀ ਅਤੇ ਨੁਮਾਇਸ਼-ਨੁਮਾਈ ਦੇ ਅਜੋਕੇ ਦੌਰ ਵਿਚ ਹਰ ਇਕ ਨੂੰ ਆਪਣੀ 'ਵੱਖਰੀ ਪਛਾਣ' ਬਣਾਉਣ ਦਾ ਝੱਲ ਕੁੱਦਿਆ ਹੋਇਆ ਹੈ। ਦੋ ਵਿਅਕਤੀਆਂ ਦੇ ਇਕੋ ਜਿਹੇ ਨਾਂਵਾਂ ਨੂੰ ਵਖਰਿਆਉਣ ਲਈ ਕੋਈ ਤਖੱਲਸ ਜੋੜ ਲੈਣਾ, ਕੋਈ ਗਲਤ ਨਹੀਂ। ਭੀੜ ਵਿਚ ਆਪਣੇ ਆਪ ਨੂੰ ਵਖਰਿਆ ਕੇ ਮਾਣ-ਮੱਤੀ ਤੋਰ ਤੁਰਨਾ ਮੂਲੋਂ ਵੱਖਰੀ ਗੱਲ ਹੈ ਜਿਸ ਦੇ ਡੂੰਘੇ ਅਰਥ ਹਨ ਅਤੇ ਅਜਿਹਾ ਕਰਨਾ ਕੋਈ ਮਾੜਾ ਨਹੀਂ ਗਿਣਿਆ ਜਾਂਦਾ; ਲੇਕਿਨ ਜਦ ਕੋਈ ਖੁਦ ਨੂੰ ਬਾਕੀਆਂ ਨਾਲੋਂ ਅਲਹਿਦਾ ਦੱਸਣ ਲਈ ਕੋਈ ਭੱਦਾ ਜਿਹਾ ਢੰਗ ਵਰਤੇ, ਤਦ ਅਜਿਹਾ ਬੰਦਾ ਆਪਣੀ ਖਿੱਲੀ ਖੁਦ ਹੀ ਉਡਾ ਰਿਹਾ ਹੁੰਦਾ ਹੈ।

ਸਾਡੇ ਸਮਾਜ ਵਿਚ ਅਜਿਹੀ 'ਭੁੱਖ' ਮਿਟਾਉਣ ਲਈ ਆਪਣੇ ਨਾਂ ਪਿੱਛੇ ਜਾਤ-ਗੋਤ ਜੋੜਨ ਦਾ ਆਮ ਪ੍ਰਚੱਲਤ ਰਿਵਾਜ਼ ਚਲਿਆ ਆ ਰਿਹਾ ਹੈ। ਜਾਤ-ਪਾਤ ਦੇ ਵਖਰੇਵੇਂ ਮਿਟਾਉਣਾ ਚਾਹੁਣ ਵਾਲੇ ਭਾਵੇਂ ਇਹ ਰਿਵਾਜ਼ ਬੰਦ ਕਰਨ ਕਰਾਉਣ ਲਈ ਆਵਾਜ਼ ਉਠਾਉਂਦੇ ਰਹਿੰਦੇ ਹਨ ਪਰ ਇਹ ਸ਼ੌਕ ਘਟਣ ਦੀ ਥਾਂ ਵਧਦਾ ਹੀ ਚਲਾ ਜਾਂਦਾ ਹੈ। ਹੋ ਸਕਦਾ ਹੈ ਕਿ ਇਹ ਰੀਸ ਸ਼ਾਇਰਾਂ-ਕਵੀਆਂ ਦੀ ਦੇਖਾ-ਦੇਖੀ ਪਈ ਹੋਵੇ ਕਿਉਂਕਿ ਲਿਖਾਰੀਆਂ, ਖਾਸ ਕਰ ਕੇ ਗੀਤ-ਕਵਿਤਾਵਾਂ ਲਿਖਣ ਵਾਲਿਆਂ ਨੇ ਆਪਣਾ ਕੋਈ ਤਖੱਲਸ ਜ਼ਰੂਰ ਰੱਖਿਆ ਹੁੰਦਾ ਹੈ। ਉਨ੍ਹਾਂ ਨੂੰ ਸੰਬੋਧਨ ਕਰਨ ਵੇਲੇ ਅਕਸਰ ਤਖਲਸ ਦੇ ਨਾਲ 'ਸਾਹਿਬ' ਦਾ ਸਤਿਕਾਰਤ ਵਿਸ਼ੇਸ਼ਣ ਜ਼ਰੂਰ ਜੋੜਿਆ ਜਾਂਦਾ ਹੈ। ਜ਼ਖਮੀ ਸਾਹਿਬ, ਜਿਗਰ ਸਾਹਿਬ, ਪੰਛੀ ਸਾਹਿਬ ਜਾਂ ਤੀਰ ਸਾਹਿਬ ਜਿਹੇ ਨਾਂ ਸੁੱਤੇ-ਸਿੱਧ ਹੀ ਇਸ ਗੱਲ ਦੀ ਸੂਚਨਾ ਹੁੰਦੇ ਹਨ ਕਿ ਇਹ 'ਸਾਹਿਬ ਜੀ' ਕਲਮਕਾਰੀ ਦੀ ਦੁਨੀਆਂ ਨਾਲ ਸਬੰਧਤ ਨੇ।

ਉਂਜ ਇਹ ਵਿਚਾਰ ਸਾਰੇ ਕਵੀਆਂ ਜਾਂ ਲੇਖਕਾਂ 'ਤੇ ਨਹੀਂ ਢੁਕਦਾ; ਮਸਲਨ ਭਾਈ ਵੀਰ ਸਿੰਘ, ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ ਅਤੇ ਨਾਵਲਕਾਰ ਨਾਨਕ ਸਿੰਘ ਵਰਗਿਆਂ ਨੇ ਬਗੈਰ ਕਿਸੇ ਤਖੱਲਸ ਦੇ ਹੀ ਆਹਲਾ ਦਰਜੇ ਦੀਆਂ ਲਿਖਤਾਂ ਲਿਖੀਆਂ। ਉਨ੍ਹਾਂ ਨੂੰ 'ਸਾਹਿਬ' ਸਦਾਉਣ ਦੀ ਭੁੱਖ ਨੇ ਪੋਹਿਆ ਹੀ ਨਹੀਂ। ਨਾ ਹੀ ਉਨ੍ਹਾਂ ਨੂੰ ਲੇਖਣੀ ਦੇ ਖੇਤਰ ਵਿਚ ਆਪਣੀ ਕੋਈ ਵਿਸ਼ੇਸ਼ ਪਛਾਣ ਕਾਇਮ ਕਰਨ ਲਈ ਨਾਂਵਾਂ ਪਿੱਛੇ ਲੰਮੀਆਂ ਪੂਛਾਂ ਲਾਉਣ ਦੀ ਲੋੜ ਪਈ।

ਆਮ ਦੁਨਿਆਵੀ ਲੋਕਾਂ ਵਿਚ ਪਾਈ ਜਾਂਦੀ ਵੱਖਰੀ ਪਛਾਣ ਦਿਖਾਉਣ ਦੀ ਚੇਸ਼ਟਾ ਨੂੰ ਤਾਂ ਹਉਮੈ ਦੀ ਭੁੱਖ ਨਾਲ ਜੋੜਿਆ ਜਾ ਸਕਦਾ ਹੈ ਪਰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਸਾਡੇ ਸਾਧੂ ਸੰਤ ਮਹਾਤਮਾ ਜਿਹੜੇ ਦਿਨ ਰਾਤ ਵੈਰਾਗਮਈ ਕਥਾ ਕੀਰਤਨ ਕਰਦਿਆਂ ਇਸ ਸੰਸਾਰ ਨੂੰ ਨਾਸ਼ਵਾਨ ਦੱਸਦੇ ਹੋਏ ਪ੍ਰਾਣੀ-ਮਾਤਰ ਨੂੰ ਮੋਹ ਮਾਇਆ ਦੇ ਚਿੱਕੜ 'ਚੋਂ ਨਿਕਲਣ ਦਾ ਉਪਦੇਸ਼ ਦਿੰਦੇ ਨਹੀਂ ਥੱਕਦੇ, ਉਹ ਵੀ 'ਲਾਗ ਵਾਲੇ' ਇਸ ਰੋਗ ਤੋਂ ਨਿਰਲੇਪ ਨਹੀਂ ਹਨ। ਹਾਲੇ ਕੋਈ ਵਿਰਲਾ ਛਿੱਦਾ ਕਵੀ ਲਿਖਾਰੀ ਤਾਂ ਐਸਾ ਮਿਲ ਜਾਵੇਗਾ ਜਿਹਦਾ ਨਾਮ 'ਪੂਛ ਰਹਿਤ' ਹੋਵੇਗਾ ਪਰ ਸੰਤ ਬਾਬਿਆਂ ਦੀ ਦੁਨੀਆਂ ਵਿਚ ਇਕ ਵੀ ਅਜਿਹਾ ਨਹੀਂ ਲੱਭ ਸਕਦਾ ਜਿਹਦੇ ਨਾਂ ਪਿੱਛੇ '...ਵਾਲੇ' ਨਾ ਜੁੜਿਆ ਹੋਇਆ ਹੋਵੇ। ਹਮੀਰੇ ਵਾਲੇ... ਸਖੀਰੇ ਵਾਲੇ... ਮਤੀਰੇ ਵਾਲੇ... ਸਮੀਰੇ ਵਾਲੇ ਇਤਿਆਦਿ।

ਅਜੀਬ ਗੱਲ ਹੈ ਕਿ ਕਈ ਬਾਬੇ ਭਾਵੇਂ ਵਿਦੇਸ਼ਾਂ ਵਿਚ ਵੀ ਅੱਡੇ-ਗੱਡੇ ਜਮਾ ਕੇ ਬਹਿ ਗਏ ਨੇ ਪਰ ਉਨ੍ਹਾਂ ਦੇ ਨਾਂਵਾਂ ਪਿੱਛੇ ਬੰਨ੍ਹੇ ਹੋਏ ਛੱਜ, ਉਹੀ ਦੇਸੀ ਹਨ। ਲਗਭਗ ਇਹੀ ਹਾਲ ਸਾਡੇ ਕੀਰਤਨੀ ਜਥਿਆਂ ਦਾ ਹੈ। ਉਨ੍ਹਾਂ ਦੇ ਨਾਂਵਾਂ ਪਿੱਛੇ ਵੀ 'ਕਿੱਥੇ ਵਾਲੇ?' ਦਾ ਜਵਾਬ, ਜ਼ਰੂਰ-ਬਰ-ਜ਼ਰੂਰ ਚਿੰਬੜਿਆ ਹੋਇਆ ਹੁੰਦਾ ਹੈ। ਅਜਿਹੀਆਂ ਕਈ ਸ਼ਖਸੀਅਤਾਂ ਦੇ ਨਾਂਵਾਂ ਪਿੱਛੇ ਬੰਨ੍ਹਿਆ ਹੋਇਆ ਉਨ੍ਹਾਂ ਦੇ ਪਿੰਡ ਨਗਰ ਦਾ ਨਾਂ ਇੰਨਾ ਮਸ਼ਹੂਰ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਅਸਲ ਨਾਂ ਰੁਲ-ਖੁਲ ਹੀ ਜਾਂਦਾ ਹੈ। ਨਾਂ ਪਿੱਛੇ ਲਾਈ ਹੋਈ ਪੂਛ ਹੀ ਚੌਹਾਂ-ਕੂੰਟਾਂ 'ਚ ਗੂੰਜੀ ਜਾਂਦੀ ਹੈ।

ਦੇਸ ਵਿਚ ਚੱਲੀ ਸਿੰਘ ਸਭਾ ਲਹਿਰ ਵੇਲੇ ਸਿੱਖ ਸਿਆਸਤਦਾਨਾਂ ਨੇ ਨਾਂ ਪਿੱਛੇ ਜਾਤ-ਗੋਤ ਜੋੜਨ ਵਾਲੀ ਧਾਰਮਿਕ ਅਵੱਗਿਆ ਦਾ ਨਵਾਂ ਤੋੜ ਕੱਢ ਲਿਆ। ਉਨ੍ਹਾਂ ਆਪਣੇ ਨਾਂਵਾਂ ਪਿੱਛੇ ਆਪਣੇ ਪਿੰਡਾਂ ਦੇ ਨਾਂ ਜੋੜਨੇ ਸ਼ੁਰੂ ਕਰ ਦਿੱਤੇ; ਜਿਵੇਂ ਤੇਜਾ ਸਿੰਘ 'ਸਮੁੰਦਰੀ', ਤੇਜਾ ਸਿੰਘ 'ਅੱਕਰਪੁਰੀ', ਮੋਹਣ ਸਿੰਘ 'ਤੁੜ', ਸਾਧੂ ਸਿੰਘ 'ਭੌਰਾ' ਆਦਿਕ। ਸਿੱਖ ਆਗੂਆਂ ਦੇ ਨਾਂਵਾਂ ਤੋਂ ਵਧ ਕੇ ਉਨ੍ਹਾਂ ਦੇ ਤਖੱਲਸਾਂ ਦੀ ਕਿਤੇ ਜ਼ਿਆਦਾ ਮਸ਼ਹੂਰੀ ਹੋਈ। ਸ਼ਬਦ 'ਸਮੁੰਦਰੀ' ਜਾਂ 'ਤੁੜ' ਦਾ ਸਭ ਨੂੰ ਪਤਾ ਹੋਵੇਗਾ, ਪਰ ਇਨ੍ਹਾਂ ਤਖੱਲਸਾਂ ਨੂੰ ਜਗਤ ਪ੍ਰਸਿੱਧੀ ਦਿਵਾਉਣ ਵਾਲੇ ਤੇਜਾ ਸਿੰਘ ਜਾਂ ਮੋਹਣ ਸਿੰਘ ਬਾਰੇ ਲੋਕਾਂ ਨੂੰ ਘੱਟ ਵਾਕਫੀਅਤ ਹੋਵੇਗੀ।

ਇਸ ਸਿਲਸਿਲੇ ਵਿਚ ਸਾਡੇ ਸਮਿਆਂ ਦੇ ਦੋ ਸਿੱਖ ਆਗੂਆਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪੋ ਆਪਣੇ ਪਿੰਡਾਂ ਦੀ ਕੀਰਤੀ ਦੇ ਅਗਲੇ ਪਿਛਲੇ ਰਿਕਾਰਡ ਹੀ ਤੋੜ ਸੁੱਟੇ। ਟੌਹੜਾ ਅਤੇ ਬਾਦਲ, ਕ੍ਰਮਵਾਰ ਗੁਰਚਰਨ ਸਿੰਘ ਤੇ ਪ੍ਰਕਾਸ਼ ਸਿੰਘ ਦੇ ਉਪ ਨਾਂਵਾਂ ਦੀ ਥਾਂ ਸਿੱਖ ਸਿਆਸਤ ਦੇ ਦੋ ਅਹਿਮ ਸਿੰਬਲ ਹੀ ਬਣ ਗਏ। ਇਕ ਵਾਰ ਬੱਸ ਵਿਚ ਬੈਠਿਆਂ ਮੇਰੀ ਨਜ਼ਰ ਸੜਕ ਕੰਢੇ ਗੱਡੇ ਹੋਏ ਉਸ ਮੀਲ ਪੱਥਰ 'ਤੇ ਪੈ ਗਈ ਜਿਸ ਉਤੇ ਮਰਹੂਮ ਜਥੇਦਾਰ ਜੀ ਦੇ ਪਿੰਡ ਦਾ ਨਾਂ ਲਿਖਿਆ ਹੋਇਆ ਸੀ 'ਟੌਹੜਾ!' ਗੁਰਮੁਖੀ ਲਿਪੀ ਦੇ ਇਨ੍ਹਾਂ ਤਿੰਨ ਅੱਖਰਾਂ ਨੂੰ ਦੇਖਦਿਆਂ ਸਾਰ ਮੇਰੇ ਦਿਲੋ-ਦਿਮਾਗ 'ਤੇ ਟੌਹੜਾ ਸਾਹਿਬ ਦੀ ਮਿਕਨਾਤੀਸੀ ਸ਼ਖਸੀਅਤ ਛਾ ਗਈ। ਇਸੇ ਤਰ੍ਹਾਂ ਬਾਦਲ ਪਿੰਡ ਦਾ ਨਾਂ ਕਿਸੇ ਲਈ ਘਿਰਣਾ ਦਾ ਅਤੇ ਕਿਸੇ ਲਈ ਫ਼ਖਰ ਦਾ ਲਖਾਇਕ ਬਣ ਚੁੱਕਿਆ ਹੈ।

ਇਹ ਵੀ ਇਤਫਾਕ ਹੀ ਸਮਝੋ ਕਿ ਇਨ੍ਹਾਂ ਦੋਹਾਂ ਆਗੂਆਂ ਦੇ ਨਾਂਵਾਂ ਨਾਲ ਜੁੜੇ ਦੋਹਾਂ ਪਿੰਡਾਂ ਦੇ ਨਾਂ ਬੜੇ ਫੱਬਵੇਂ ਅਤੇ ਠੁੱਕਦਾਰ ਹਨ ਜਿਨ੍ਹਾਂ ਦਾ ਉਚਾਰਨ ਕਰਨ ਵੇਲੇ ਕੋਈ ਲੱਲ-ਲਪੇਟ ਨਹੀਂ ਕਰਨਾ ਪੈਂਦਾ। ਸੌਖਿਆਂ ਹੀ ਤੁਰਤ-ਫੁਰਤ ਮੂੰਹੋਂ ਨਿਕਲ ਜਾਂਦੇ ਹਨ। ਇਸ ਦੇ ਉਲਟ ਕਈ ਸਿਆਸੀ ਸ਼ਖਸੀਅਤਾਂ ਨੇ ਆਪਣੇ ਨਾਂਵਾਂ ਨਾਲ ਪਿੰਡਾਂ ਦੇ ਨਾਂ ਤਾਂ ਜੋੜ ਲਏ ਪਰ ਪਿੰਡਾਂ ਦੇ ਨਾਂ ਅਢੁਕਵੇਂ ਜਿਹੇ ਹੋਣ ਕਰ ਕੇ ਜੱਗ ਹਸਾਈ ਕਰਵਾਈ। ਜਿਵੇਂ ਟੌਹੜਾ ਸਾਹਿਬ ਦੇ ਇਕ ਸਾਥੀ ਨੇ ਆਪਣੇ ਨਾਂ ਪਿੱਛੇ ਪਿੰਡ ਦਾ ਨਾਮ 'ਡੁਮਛੇੜੀ' ਫਿੱਟ ਕਰ ਲਿਆ। ਅੱਗੋਂ ਪਿੱਛੋਂ ਸਾਰੇ ਉਸ ਨੂੰ ਮਜ਼ਾਕ ਨਾਲ 'ਡੁਮਣਾਛੇੜੀ' ਕਹਿ ਦਿੰਦੇ ਸਨ। ਇਕ ਸੱਜਣ ਜੀ ਆਪਣੇ ਨਾਂ ਨਾਲ 'ਵਾਂਦਰ' ਬੰਨ੍ਹੀ ਫਿਰਦੇ ਵੀ ਮੈਂ ਦੇਖੇ ਹਨ। ਪਤਾ ਨਹੀਂ ਉਨ੍ਹਾਂ ਨੂੰ ਇਸ ਸ਼ਬਦ ਨਾਲ ਐਨਾ ਮੋਹ ਕਿਉਂ ਜਾਗ ਪਿਆ ਹੋਵੇਗਾ?

ਹੁਣ ਜੇ ਭਲਾ ਜਲੰਧਰ ਲਾਗਲੇ ਪਿੰਡ 'ਕਾਲਾ ਬੱਕਰਾ' ਦਾ ਕੋਈ ਬੰਦਾ ਇਹ ਨਾਂ ਆਪਣੇ ਨਾਂ ਵਿਚ ਜੋੜ ਲਵੇ, ਤਦ ਲੋਕ ਉਸ ਨੂੰ 'ਕਾਲਾ ਬੱਕਰਾ ਸਾਹਿਬ' ਕਹਿ ਕੇ ਹੀ ਬੁਲਾਉਣਗੇ। ਰੋਪੜ-ਨਵਾਂ ਸ਼ਹਿਰ ਮਾਰਗ 'ਤੇ ਸਾਡੇ ਇਲਾਕੇ ਵਿਚ ਪਿੰਡ ਦਾ ਨਾਂ ਹੁੰਦਾ ਸੀ-ਭਕੜੂੰਦੀ! ਇਸ ਪਿੰਡ ਦਾ ਆਸਾ ਸਿੰਘ ਨਾਂ ਵਾਲਾ ਬੰਦਾ ਬੱਬਰ ਅਕਾਲੀਆਂ ਦਾ 'ਵਾਅਦਾ ਮੁਆਫ' ਗਵਾਹ ਬਣਿਆ ਸੀ। ਪੰਦਰਾਂ-ਵੀਹ ਸਾਲ ਪਹਿਲਾਂ ਪਿੰਡ ਵਾਸੀਆਂ ਨੂੰ ਆਪਣੇ ਪਿੰਡ ਦੇ ਇਸ 'ਕਸੂਤੇ ਜਿਹੇ' ਨਾਂ ਤੋਂ ਸੰਗ ਆਉਣ ਲੱਗ ਪਈ। ਉਨ੍ਹਾਂ ਸਰਕਾਰੇ-ਦਰਬਾਰੇ ਨੱਠ-ਭੱਜ ਕਰ ਕੇ ਨਵਾਂ ਨਾਂ 'ਕਿਸ਼ਨਪੁਰ' ਰੱਖ ਲਿਆ। ਸਾਰੇ ਇਲਾਕੇ ਨੂੰ ਹੁਣ ਭਕੜੂੰਦੀ ਭੁੱਲ ਚੁੱਕਾ ਹੈ।

ਇਹ ਤਾਂ ਰੱਬ ਜਾਣੇ ਕਿ ਭਕੜੂੰਦੀ ਦੇ ਕਿਸ਼ਨਪੁਰ ਵਿਚ ਤਬਦੀਲ ਹੋ ਜਾਣ ਪਿੱਛੇ ਕੋਈ ਅਜਿਹਾ ਹੀ ਕਾਰਨ ਰਿਹਾ ਹੋਵੇ ਕਿ ਇਸ ਪਿੰਡ ਦੇ ਕਿਸੇ ਵਸਨੀਕ ਨੂੰ ਆਪਣੇ ਨਾਂ ਪਿੱਛੇ ਪਿੰਡ ਦਾ ਨਾਂ ਜੋੜਨ ਦਾ ਮੋਹ ਜਾਗਿਆ ਹੋਵੇਗਾ ਪਰ ਪੰਜਾਬੀ ਦੀ ਇਕ ਅਖ਼ਬਾਰ ਅਨੁਸਾਰ ਪੰਜਾਬ ਦੇ ਲਗਭਗ ਨੱਬੇ ਤੋਂ ਵੱਧ ਪਿੰਡਾਂ ਵਾਲਿਆਂ ਨੇ ਆਪਣੇ ਪਿੰਡਾਂ ਦੇ ਨਾਂ ਬਦਲ ਦੇਣ ਦੀਆਂ ਰਾਜ ਸਰਕਾਰ ਨੂੰ ਦਰਖਾਸਤਾਂ ਭੇਜੀਆਂ ਹੋਈਆਂ ਹਨ। ਖ਼ਬਰ ਮੁਤਾਬਕ ਇਨ੍ਹਾਂ ਬਿਨੈਕਾਰਾਂ ਨੇ ਆਪਣੀਆਂ ਅਰਜ਼ੀਆਂ ਵਿਚ ਲਿਖਿਆ ਹੈ ਕਿ ਸਾਡੇ ਪਿੰਡਾਂ ਦੇ ਨਾਮ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ ਅਤੇ ਭੂਤਾਂ-ਪ੍ਰੇਤਾਂ ਦੇ ਅਜੀਬ ਜਿਹੇ ਨਾਂਵਾਂ ਵਰਗੇ ਹਨ। ਕਈ ਪਿੰਡਾਂ ਦੇ ਨਾਂ ਲੈਣ ਵੇਲੇ ਅਸ਼ਲੀਲਤਾ ਝਲਕਾਰੇ ਮਾਰਦੀ ਪ੍ਰਤੀਤ ਹੁੰਦੀ ਹੈ। ਕਈ ਪਿੰਡਾਂ ਦੇ ਨਾਂਵਾਂ ਦਾ ਉਚਾਰਨ ਹੀ ਕੁਢੱਬਾ ਜਿਹਾ ਹੈ।

ਇਨ੍ਹਾਂ ਪਿੰਡਾਂ ਵਾਲਿਆਂ ਨੇ ਸਭ ਤੋਂ ਵੱਡਾ ਦੁੱਖ ਇਹੀ ਦੱਸਿਆ ਹੈ-ਅਖੇ, ਸਾਨੂੰ ਆਪਣੇ ਨਾਂਵਾਂ ਪਿੱਛੇ ਪਿੰਡਾਂ ਦਾ ਨਾਂ ਲਿਖਣ ਵੇਲੇ ਸ਼ਰਮਿੰਦਗੀ ਹੁੰਦੀ ਹੈ। ਇਹ ਪੇਂਡੂ ਭਰਾ ਬਿਲਕੁਲ ਸੱਚੇ ਹਨ। ਜ਼ਰਾ ਨਮੂਨਾ ਤਾਂ ਦੇਖੋ ਇਨ੍ਹਾਂ ਪਿੰਡਾਂ ਦੇ ਨਾਂਵਾਂ ਦਾ-

ਕੁੱਕੜ ਪਿੰਡ, ਭੁੰਡੀਆਂ, ਮੱਖੀ, ਅੰਗੀ ਕੀੜੀ, ਬਿੱਲੀ ਵੜੈਚ, ਬੂਟਾ, ਗੰਗਾ, ਚੂਹੇ ਕੀ, ਲੁਟੇਰਾ, ਗਿੱਦੜਪਿੰਡੀ, ਚਮਿਆਰੀ, ਬਘਿਆੜੀ, ਕੁੱਤੇਵੱਢ, ਗਿੱਦੜਾਂਵਾਲੀ, ਸੂਰਵੱਢ, ਸੁੰਡੀਆਂ, ਅੱਕੀ ਟੁੰਡਾ, ਕਾਣਾ ਪਿੰਡ, ਤੋਤੀ, ਗਿੱਦੜਪੁਰ, ਗਧਿਆਂ ਵਾਲੀ, ਬਾਂਦਰ, ਕਸਾਈਵਾੜਾ, ਡੰਗਰ ਖੇੜਾ, ਕਾਂਵਾਂ ਵਾਲੀ, ਔਤਾਂ ਵਾਲੀ, ਭੇਡਪੁਰਾ, ਭੂੰਡਖੋਹ, ਕੱਟਾ, ਭੂਤਾਂ...! ਇਸ ਲੰਮੀ ਸੂਚੀ ਵਿਚ ਸ਼ਾਮਲ ਮਾਨਸਾ ਜ਼ਿਲ੍ਹੇ ਦੇ 'ਆਂਡਿਆਂ ਵਾਲੀ' ਦੇ ਲੋਕ ਹੈਰਾਨ ਹੋਏ ਦੱਸਦੇ ਹਨ ਕਿ ਉਨ੍ਹਾਂ ਦੇ ਪਿੰਡ 'ਚ ਇਕ ਵੀ ਪੋਲਟਰੀ ਫਾਰਮ ਨਹੀਂ ਹੈ, ਫਿਰ ਵੀ ਅਸੀਂ ਆਂਡਿਆਂ ਵਾਲੀ ਦੇ ਵਾਸੀ ਕਹਾਉਂਦੇ ਹਾਂ।

ਪੜ੍ਹਨ ਵਾਲੇ ਸੋਚਣਗੇ ਕਿ ਸਾਰੇ ਪੰਜਾਬ ਦੀ ਗਿਰਦਾਵਰੀ ਕਰ ਛੱਡੀ ਹੈ ਪਰ ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪਣੀ 'ਪੂਛ' ਦਾ ਖੁਲਾਸਾ ਕੀਤਾ ਹੀ ਨਹੀਂ? ਅਸਲ ਵਿਚ ਨਾਂ ਤਾਂ ਮੇਰਾ ਵੀ ਮਾਂ-ਬਾਪ ਵੱਲੋਂ ਰੱਖਿਆ ਹੋਇਆ ਪੰਜ ਅੱਖਰਾਂ ਵਾਲਾ ਹੀ ਸੀ ਪਰ ਸੰਨ 1996 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਉਮੀਦਵਾਰ ਬਣਨ ਸਮੇਂ ਮੇਰੇ ਨਾਂ ਨਾਲ ਪਿੰਡ ਦਾ ਨਾਮ ਜੁੜ ਗਿਆ। ਚੋਣ ਪ੍ਰਚਾਰ ਦੌਰਾਨ ਲੱਗੇ ਬੈਨਰਾਂ ਵੱਲ ਦੇਖ ਕੇ ਮੈਂ ਖੁਦ ਹੈਰਾਨ ਹੋ ਗਿਆ ਸਾਂ ਪਰ ਹੁਣ ਪਰਵਾਸੀ ਹੋਣ ਕਾਰਨ ਜੰਮਣ-ਭੋਇੰ ਦੇ ਮੋਹ ਸਦਕਾ ਇਹ ਪੂਛ ਪਿਆਰੀ ਲੱਗਣ ਲੱਗ ਪਈ ਹੈ।

## ਪੰਜਾਬ ਦਾ ਭਵਿੱਖੀ ਤਸਵੱਰ ਤੇ ਗੁਰਦਿਆਲ ਬੱਲ ਦਾ ਸੰਵਾਦ

ਗੁਰਦਿਆਲ ਬੱਲ ਨੇ ਸੁਰਿੰਦਰ ਨੀਰ ਦੇ ਨਾਵਲ 'ਮਾਇਆ' ਨੂੰ ਵਿਸ਼ਵ ਕਲਾਸਿਕੀ ਸਾਹਿਤ ਦੇ ਪ੍ਰਸੰਗਾਂ ਵਿਚ ਜਿਸ ਤਰ੍ਹਾਂ ਸਮਝਣ ਦਾ ਉਪਰਾਲਾ ਕੀਤਾ ਹੈ, ਉਸ ਨਾਲ ਸਾਹਿਤ ਦੀ ਪੜਚੋਲ ਬਾਰੇ ਨਵੀਂ ਅੰਤਰਦ੍ਰਿਸ਼ਟੀ ਵਿਕਸਤ ਹੋਈ ਹੈ। ਪੰਜਾਬ ਟਾਈਮਜ਼ ਵਿਚ ਲੜੀਵਾਰ ਛਪਿਆ ਇਹ ਲੇਖ ਆਲੋਚਨਾ ਦੇ ਰਵਾਇਤੀ ਮਾਡਲ ਤੋਂ ਤਾਂ ਵੱਖਰਾ ਹੈ ਹੀ, ਪ੍ਰੰਤੂ ਭਾਰਤੀ ਅਤੇ ਪੱਛਮੀ ਸਾਹਿਤ ਸੰਸਾਰ ਦੀਆਂ ਮਹਾਨ ਲਿਖਤਾਂ ਨਾਲ ਜੁੜਿਆ ਹੋਣ ਸਦਕਾ ਇਕ ਵੱਖਰੇ ਸੰਵਾਦ ਦਾ ਸਬੱਬ ਵੀ ਬਣਿਆ ਹੈ।

ਪੰਜਾਬੀ ਸਾਹਿਤ ਆਲੋਚਨਾ ਜਿੱਥੇ ਕਿਸੇ ਵਿਸ਼ੇਸ਼ ਪਰਿਪੇਖ ਤੋਂ ਸਾਹਿਤਕ ਰਚਨਾ ਦੀ ਪੜਚੋਲ ਨਾਲ ਸਬੰਧਤ ਹੈ, ਉਥੇ ਗੁਰਦਿਆਲ ਬੱਲ ਨੇ ਮਨੁੱਖੀ ਅਵਚੇਤਨ ਦੇ ਵੱਖ-ਵੱਖ ਪਸਾਰਾਂ ਨੂੰ ਵਿਭਿੰਨ ਸਾਹਿਤਕ ਰਚਨਾਵਾਂ ਦੇ ਹਵਾਲੇ ਨਾਲ ਸਮਝਣ-ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਜਿੱਥੇ ਇਹ ਲੇਖ ਨਾਵਲ 'ਮਾਇਆ' ਨੂੰ ਪੜ੍ਹਤ ਦਾ ਵਿਸ਼ਾ ਬਣਾਉਂਦਾ ਹੈ, ਉਥੇ ਇਸ ਲੇਖ ਦਾ ਕੈਨਵਸ ਮਹਾਂਭਾਰਤ ਅਤੇ ਓਡੀਸੀ ਜਿਹੀਆਂ ਮਹਾਂਕਾਵਿਕ ਰਚਨਾਵਾਂ ਤੋਂ ਲੈ ਕੇ ਆਧੁਨਿਕ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ ਤੱਕ ਫੈਲਿਆ ਹੈ।

ਇਹ ਲੇਖ ਲਾਲੀ ਬਾਬੇ (ਹਰਦਿਲਜੀਤ ਸਿੰਘ) ਦੇ ਪ੍ਰਵਚਨਾਂ ਦੀ ਪਿੱਠਭੂਮੀ ਨੂੰ ਆਧਾਰ ਬਣਾਉਂਦਾ ਹੈ ਅਤੇ ਭੂਤਵਾੜੇ ਦੀ ਪਰੰਪਰਾ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ। ਇਸ ਲੇਖ ਦੀ ਵਿਲੱਖਣ ਪ੍ਰਾਪਤੀ ਇਹ ਹੈ ਕਿ ਇਹ ਪੰਜਾਬ ਵਿਚੋਂ ਤਕਰੀਬਨ ਪ੍ਰਸੰਗ ਵਿਹੂਣੇ ਹੋ ਚੁੱਕੇ ਬੌਧਿਕ ਪ੍ਰਵਚਨ ਨੂੰ ਨਵੇਂ ਸਿਰੇ ਤੋਂ ਵਿਚਾਰਨ ਲਈ ਜ਼ਮੀਨ ਤਿਆਰ ਕਰਦਾ ਹੈ। ਖ਼ਪਤਵਾਦੀ ਯੁੱਗ ਦੀ ਪਿਓਂਦ ਚੜ੍ਹਨ ਕਾਰਨ ਜਿਹੜਾ ਪੰਜਾਬੀ ਅਵਚੇਤਨ 'ਖਾਓ-ਪੀਓ ਐਸ਼ ਕਰੋ' ਦੇ ਨਿਸ਼ਚਿਤ ਚੌਖਟੇ ਅੰਦਰ ਵਿਚਰ ਰਿਹਾ ਹੈ, ਇਹ ਲੇਖ ਉਸ ਮਾਨਸਿਕਤਾ ਨੂੰ ਵਾਪਸ ਅਜਿਹੇ ਸੰਵਾਦ ਨਾਲ ਜੋੜਦਾ ਹੈ, ਜਿਸ ਦੀਆਂ ਜੜ੍ਹਾਂ ਸਾਡੀ 'ਗੋਸ਼ਟਿ' ਜਿਹੀ ਪਰੰਪਰਾ ਵਿਚ ਵਿਗਸਦੀਆਂ ਰਹੀਆਂ ਹਨ।

ਆਧੁਨਿਕ ਦੌਰ ਵਿਚ 'ਭੂਤਵਾੜਾ' ਇਸ ਬੌਧਿਕ ਪ੍ਰਵਚਨ ਦਾ ਚਿਹਨ ਬਣਦਾ ਹੈ। ਭੂਤਵਾੜਾ ਪੰਜਾਬ ਵਿਚਲੇ ਬੌਧਿਕ ਸਭਿਆਚਾਰ ਲਈ ਜ਼ਮੀਨ ਤਿਆਰ ਕਰਦਾ ਹੈ ਪਰ ਸਮਕਾਲੀ ਵਿਸ਼ਵੀਕਰਨ ਦੇ ਖਪਤਵਾਦੀ ਸਭਿਆਚਾਰ ਅੱਗੇ ਇਹ ਪ੍ਰਵਚਨ ਮਹਿਜ਼ ਯੂਟੋਪੀਆ ਅਤੇ ਨੌਸਟੈਲਜੀਆ ਦੇ ਅਰਥਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਗੁਰਦਿਆਲ ਬੱਲ ਦੀ ਪ੍ਰਸੰਗਕਤਾ ਇਸ ਤੱਥ ਵਿਚ ਨਿਹਿਤ ਹੈ ਕਿ ਉਹ 'ਮਾਇਆ' ਨਾਵਲ ਦੇ ਹਵਾਲੇ ਨਾਲ ਪੰਜਾਬੀ ਬੰਦੇ ਨੂੰ ਉਸ ਦੇ ਸ਼ਾਨਮੱਤੇ ਅਤੀਤ ਨਾਲ ਜੋੜਨ ਦਾ ਉਪਰਾਲਾ ਕਰਦਾ ਹੈ।

### ਸੰਪਾਦਕ ਦੀ ਡਾਕ

ਲਿਓ ਟਾਲਸਟਾਏ, ਡੀ. ਐਚ ਲਾਰੰਸ, ਐਮਲੀ ਬਰੌਂਟੇ, ਹਰਮਨ ਹੈਸ ਅਤੇ ਟਾਮਸ ਹਾਰਡੀ ਜਿਹੇ ਨਾਵਲਕਾਰਾਂ ਦੀਆਂ ਸ਼ਾਹਕਾਰ ਰਚਨਾਵਾਂ ਨੂੰ 'ਮਾਇਆ' ਨਾਵਲ ਦੇ ਬਿਰਤਾਂਤ ਨਾਲ ਜੋੜ ਕੇ ਬੱਲ ਨੇ ਮਨੁੱਖੀ ਜਜ਼ਬਿਆਂ ਦੀ ਸ਼ਿੱਦਤ ਵਿਚਲੀ ਗਹਿਰਾਈ ਨੂੰ ਸ਼ਬਦ ਸੰਸਾਰ ਨਾਲ ਜੋੜਿਆ ਹੈ। ਮਾਨਵੀ ਅਵਚੇਤਨ ਦੇ ਲੁਪਤ ਪਹਿਲੂਆਂ ਨੂੰ ਜਿਸ ਤਰ੍ਹਾਂ ਇਹ ਵਿਸ਼ਵ ਪ੍ਰਸਿੱਧ ਕਿਰਤਾਂ ਅਗੂਭੂਮੀ ਵਿਚ ਲਿਆਉਂਦੀਆਂ ਹਨ ਅਤੇ ਗਲਪ ਦੇ ਗਿਲਾਫ਼ ਰਾਹੀਂ ਸ਼ਬਦਾਂ ਵਿਚ ਢਾਲਦੀਆਂ ਹਨ, ਉਸ ਪੱਖ ਤੋਂ ਹੀ ਇਨ੍ਹਾਂ ਕਿਰਤਾਂ ਦੇ ਸ਼ਾਹਕਾਰ ਹੋਣ ਦੀ ਕਨਸੋਅ ਮਿਲਦੀ ਹੈ। ਇਨ੍ਹਾਂ ਲਿਖਤਾਂ ਦੇ ਹਵਾਲੇ ਨਾਲ ਬੱਲ ਮਨੁੱਖੀ ਭਾਵਨਾਵਾਂ ਦੇ ਵੇਗ ਅੱਗੇ ਤਿੜਕ ਰਹੇ ਸਬੰਧਾਂ, ਰਿਸ਼ਤਿਆਂ ਅਤੇ ਨੈਤਿਕ ਮੁੱਲਾਂ ਦੀ ਥਾਹ ਪਾਉਣ ਦਾ ਸੁਚੇਤ ਕਾਰਜ ਕਰਦਾ ਹੈ।

ਪੰਜਾਬ ਦੀ ਹੋਣੀ ਨੂੰ ਵਿਸ਼ਵ ਪ੍ਰਸੰਗ ਵਿਚ ਵਾਪਰੀਆਂ ਤਬਦੀਲੀਆਂ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਆਰਥਿਕ, ਸਮਾਜਕ ਅਤੇ ਰਾਜਨੀਤਕ ਪਰਿਵਰਤਨਾਂ ਨੇ ਪੰਜਾਬੀ ਸਮਾਜ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਇਸ ਨੂੰ ਸਮਝੇ ਬਗ਼ੈਰ ਪੰਜਾਬੀ ਅਵਚੇਤਨ ਨੂੰ ਸਮਝਣਾ ਸੰਭਵ ਨਹੀਂ ਹੈ। 'ਮਾਇਆ' ਨਾਵਲ ਦਾ ਬਿਰਤਾਂਤਕ ਸੰਗਠਨ ਕੀ ਸੱਚ-ਮੁੱਚ ਇਨ੍ਹਾਂ ਸਮੁੱਚੇ ਪ੍ਰਸੰਗਾਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ? ਇਹ ਇਕ ਅਜਿਹਾ ਪੱਖ ਹੈ, ਜਿਸ ਬਾਰੇ ਵਾਦ-ਵਿਵਾਦ ਦੀ ਗੁੰਜਾਇਸ਼ ਹੋ ਸਕਦੀ ਹੈ। ਪਰੰਤੂ ਇਹ ਤੱਥ ਨਿਰਵਿਵਾਦ ਹੈ ਕਿ ਗੁਰਦਿਆਲ ਬੱਲ ਨੇ ਆਪਣੇ ਇਸ ਲੇਖ ਰਾਹੀਂ ਪੰਜਾਬੀ ਸਾਹਿਤਕ ਚਿੰਤਨ ਨੂੰ ਵਿਸ਼ਵ ਸਾਹਿਤ ਦੇ ਪ੍ਰਸੰਗਾਂ ਦੁਆਰਾ ਸਮਝਣ ਦੀ ਇਮਾਨਦਾਰ ਕੋਸ਼ਿਸ਼ ਕੀਤੀ ਹੈ।

ਲਾਲੀ ਬਾਬੇ ਦੇ ਪ੍ਰਸੰਗ ਨੂੰ ਇਸ ਲੇਖ ਦਾ ਮਹੱਤਵਪੂਰਨ ਹਿੱਸਾ ਬਣਾ ਕੇ ਗੁਰਦਿਆਲ ਬੱਲ ਨੇ ਪੰਜਾਬ ਦੇ ਉਸ ਬੌਧਿਕ ਪ੍ਰਵਚਨ ਨੂੰ ਜ਼ੁਬਾਨ ਦੇਣ ਦਾ ਯਤਨ ਕੀਤਾ ਹੈ, ਜਿਹੜਾ ਖ਼ਪਤਵਾਦੀ ਕਦਰਾਂ-ਕੀਮਤਾਂ ਦੇ ਦੌਰ ਵਿਚ ਪ੍ਰਸੰਗ ਵਿਹੂਣਾ ਹੋ ਚੁੱਕਿਆ ਹੈ। ਪੰਜਾਬ ਦੇ ਭਵਿੱਖੀ ਤਸੱਵਰ ਲਈ ਅਜਿਹੇ ਵਿਭਿੰਨ ਪ੍ਰਸੰਗਾਂ ਦੇ ਸੰਵਾਦ ਨੂੰ ਸਾਹਿਤਕ ਅਤੇ ਸਭਿਆਚਾਰਕ ਪ੍ਰਵਚਨਾਂ ਵਿਚ ਪੇਸ਼ ਕਰਨਾ ਬੇਹੱਦ ਜ਼ਰੂਰੀ ਹੈ।

ਇਹ ਪ੍ਰਵਚਨ ਕਿਸੇ ਰਾਜਨੀਤਕ ਪਾਰਟੀ ਦਾ ਏਜੰਡਾ ਨਾ ਹੋ ਕੇ ਦਾਨਿਸ਼ਵਰਾਂ ਅਤੇ ਆਮ ਲੋਕਾਈ ਦੇ ਮਸਲਿਆ ਨਾਲ ਬਾਵਸਤਾ ਹੈ ਅਤੇ ਇਸ ਗੱਲ ਦਾ ਫੈਸਲਾ ਖੁਦ ਪੰਜਾਬੀਆਂ ਨੇ ਕਰਨਾ ਹੈ ਕਿ ਉਹ ਕਿਸ ਤਰ੍ਹਾਂ ਦਾ ਭਵਿੱਖ ਚਾਹੁੰਦੇ ਹਨ।

*-ਯਾਦਵਿੰਦਰ ਸਿੰਘ*
*ਫੋਨ: 91-94178-68084*
*dr.yadwindersingh@yahoo.co.in*

### ਕਾਵਿ-ਜਗਤ

#### ...ਤੇ ਜੋਗੀ ਚੱਲੇ

ਆਹ ਚੁੱਕ ਆਪਣੇ ਤਾਂਘ ਤਸਵੁਰ
ਰੋਣਾ ਕਿਹੜੀ ਗੱਲੇ,
ਉਮਰਾ ਦੀ ਮੈਲੀ ਚਾਦਰ ਵਿਚ
ਬੰਨ੍ਹ ਇਕਲਾਪਾ ਪੱਲੇ।
...ਤੇ ਜੋਗੀ ਚੱਲੇ।

ਚੁੱਕ ਬਿਰਛਾਂ ਦੀਆਂ ਠੰਡੀਆਂ ਛਾਂਵਾਂ,
ਸਾਂਭ ਮਿਲਣ ਲਈ ਮਿਥੀਆਂ ਥਾਂਵਾਂ।
ਆਹ ਚੁੱਕ ਇਸ ਰਿਸ਼ਤੇ ਦਾ ਨਾਂਵਾਂ,
ਆਹ ਚੁੱਕ ਦੁਨੀਆਂ ਦਾ ਸਿਰਨਾਵਾਂ।
ਆਹ ਚੁੱਕ ਸ਼ੁਹਰਤ, ਆਹ ਚੁੱਕ ਰੁਤਬਾ,
ਆਹ ਚੁੱਕ ਬੱਲੇ-ਬੱਲੇ।
...ਤੇ ਜੋਗੀ ਚੱਲੇ।

ਨਾਮ ਤੇਰੇ ਦਾ ਪਹਿਲਾ ਅੱਖਰ,
ਭੁਲਦੀ ਅੱਖ ਦਾ ਖਾਰਾ ਅੱਥਰ।
ਆਹ ਚੁੱਕ ਦੁੱਖ ਦਾ ਭਾਰਾ ਪੱਥਰ,
ਆਹ ਚੁੱਕ ਸੋਗ ਤੇ ਆਹ ਚੁੱਕ ਸੱਥਰ।
ਆਹ ਚੁੱਕ ਤੜਪਣ, ਆਹ ਚੁੱਕ ਭਟਕਣ,
ਆਹ ਚੁੱਕ ਦਰਦ ਅਵੱਲੇ।
...ਤੇ ਜੋਗੀ ਚੱਲੇ।

ਆਹ ਚੁੱਕ ਆਪਣਾ ਮਾਲ ਖਜ਼ਾਨਾ,
ਆਹ ਲੈ ਫੜ ਬਣਦਾ ਇਵਜ਼ਾਨਾ।
ਆਹ ਚੁੱਕ ਫਤਵਾ ਤੇ ਜੁਰਮਾਨਾ,
ਢੂੰਡਣ ਦਾ ਨਾ ਕਰੀਂ ਬਹਾਨਾ।
ਖ਼ਬਰੇ ਕਿਹੜੇ ਕੂਟੀਂ,
ਖ਼ਬਰੇ ਕਵਣ ਦਿਸ਼ਾਵਾਂ ਵੱਲੇ।
...ਤੇ ਜੋਗੀ ਚੱਲੇ।

ਆਹ ਚੁੱਕ ਦੀਵਾ ਤੇ ਆਹ ਚੁੱਕ ਬਾਤੀ,
ਦੇਹ ਇਹ ਸੰਧਿਆ ਚੁੱਪ-ਚੁਪਾਤੀ।
ਲੈ ਇਕ ਰਿਸ਼ਮ ਸਮੁੰਦਰ ਨ੍ਹਾਤੀ,
ਹੋਰ ਕੋਈ ਜੇ ਚੀਜ਼ ਗੁਆਚੀ।
ਅੱਜ ਲੈ ਲੈ ਚੱਲ ਭਲਕੇ ਲੈ ਲਈਂ,
ਪਰਸੋਂ ਖੂਹ ਦੇ ਥੱਲੇ।
...ਤੇ ਜੋਗੀ ਚੱਲੇ।

*-ਵਿਜੇ ਵਿਵੇਕ*

#### ਅਮਰੀਕਾ

ਸੋਗੀ ਸੋਗੀ ਰੁੱਤ ਨੀ ਮਾਏ,
ਰੁੰਡ ਮਰੁੰਡੇ ਰੁੱਖ ਨੀ ਮਾਏ।
ਹੱਡ ਸੁੱਕ ਕੇ ਬਾਲਣ ਹੋਏ,
ਮਨ ਨੂੰ ਲੱਗਿਆ ਝੋਰਾ ਏ।
ਸੋਚੇਂ ਧੀ ਅਮਰੀਕਾ ਤੇਰੀ,
ਅਸਲ ਵਿਚ ਜੋ ਭੋਰਾ ਏ।

ਕੰਮ 'ਤੇ ਜਾਵਾਂ, ਕੰਮ ਤੋਂ ਆਵਾਂ,
ਬੋਝਲ-ਬੋਝਲ ਲੱਗਣ ਰਾਹਵਾਂ।
ਮਾਂ ਬੋਲੀ ਦੀ ਸਾਂਝ ਰਹੀ ਨਾ,
ਗੁਆਂਢ 'ਚ ਗੋਰੀ-ਗੋਰਾ ਏ।
ਸੋਚੇਂ ਧੀ ਅਮਰੀਕਾ ਤੇਰੀ,
ਅਸਲ ਵਿਚ ਜੋ ਭੋਰਾ ਏ।

ਦੇਸ ਬਿਗਾਨੇ ਨੈਣ ਇਹ ਤੜਫਣ,
ਹਰ ਵੇਲੇ ਇਕ ਰਹਿੰਦੀ ਭਟਕਣ।
ਦੋ ਹਫਤੇ ਲਈ ਆ ਵੀ ਜਾਵਾਂ,
ਕਾਹਦਾ ਫੇਰਾ-ਤੋਰਾ ਏ।
ਸੋਚੇਂ ਧੀ ਅਮਰੀਕਾ ਤੇਰੀ,
ਅਸਲ ਵਿਚ ਜੋ ਭੋਰਾ ਏ।

ਗਿਆਰਾਂ ਸਤੰਬਰ ਕਾਹਦਾ ਆਇਆ,
ਮੰਦਹਾਲੀ ਨੇ ਘੇਰਾ ਪਾਇਆ।
ਦੱਬੇ ਹੋਏ ਸਭ ਕਿਸ਼ਤਾਂ ਥੱਲੇ,
ਕੋਈ ਬਹੁਤਾ-ਕੋਈ ਥੋੜ੍ਹਾ ਏ।
ਸੋਚੇਂ ਧੀ ਅਮਰੀਕਾ ਤੇਰੀ,
ਅਸਲ ਵਿਚ ਜੋ ਭੋਰਾ ਏ।

*-ਨੀਲਮ ਸੈਣੀ*
*ਫੋਨ: 510-502-0551*

# ਸਿਕੰਦਰ ਸਿੰਘ ਮਲੂਕਾ ਦਾ ਨਿਊ ਯਾਰਕ ਵਿਚ ਸਵਾਗਤ



**ਨਿਊ ਯਾਰਕ (ਬਲਦੇਵ ਸਿੰਘ):** ਪੰਜਾਬ ਦੇ ਵਿਦਿਆ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਆਪਣੀ ਅਮਰੀਕਾ ਫੇਰੀ ਦੌਰਾਨ ਨਿਊ ਯਾਰਕ ਪਹੁੰਚੇ ਤਾਂ ਉਨ੍ਹਾਂ ਦਾ ਸਥਾਨਕ ਸਿੱਖ ਭਾਈਚਾਰੇ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸ. ਮਲੂਕਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਨਤਮਸਕ ਹੋਏ ਜਿਥੇ ਉਨ੍ਹਾਂ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਦੋਹਾਂ ਗੁਰੂ ਘਰਾਂ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਵਿਦਿਆ ਮੰਤਰੀ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟ ਕੀਤੀ ਕਿ ਹੁਣ ਵਿਦੇਸ਼ਾਂ ਵਿਚ ਗੁਰੂ ਘਰਾਂ ਦੇ ਮਾਹੌਲ ਬੜੇ ਖੁਸ਼ਗਵਾਰ ਹਨ ਅਤੇ ਸਾਡੀ ਲੀਡਰਸ਼ਿਪ ਖੁਲ੍ਹ ਕੇ ਗੁਰੂ ਘਰਾਂ ਵਿਚ ਆ ਕੇ ਆਪਣੇ ਭਰਾਵਾਂ ਨਾਲ ਪਿਆਰ ਦੀ ਸਾਂਝ ਪਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਹਮੇਸ਼ਾ ਆਪਣੇ ਪਰਦੇਸੀ ਭਰਾਵਾਂ ਦੀ ਖੈਰ ਮੰਗਦੇ ਹਾਂ।

ਸ਼੍ਰੋਮਣੀ ਅਕਾਲੀ ਦਲ ਨਿਊ ਯਾਰਕ ਵਲੋਂ ਉਨ੍ਹਾਂ ਦੇ ਮਾਣ ਵਿਚ ਹੋਟਲ ਰਾਇਲ ਇੰਡੀਆ ਵਿਚ ਇਕ ਸਮਾਗਮ ਕੀਤਾ ਗਿਆ ਜਿਥੇ ਪਾਰਟੀ ਪ੍ਰਧਾਨ ਸ. ਰਘਬੀਰ ਸਿੰਘ ਸੁਭਾਨਪੁਰ ਅਤੇ ਮੋਹਨ ਸਿੰਘ ਖੱਟੜਾ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਇਸ ਸਮਾਗਮ ਵਿਚ ਕਰੀਬ ਸੌ ਵਰਕਰ ਹਾਜ਼ਰ ਸਨ। ਸ. ਮਲੂਕਾ ਨੇ ਅਕਾਲੀ ਦਲ ਦੇ ਵਰਕਰਾਂ ਨੂੰ ਪੰਜਾਬ ਦੇ ਵਿਕਾਸ ਵਿਚ ਹਿੱਸੇਦਾਰ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਵਿਕਾਸ ਕਾਰਜ ਬੜੀ ਤੇਜੀ ਨਾਲ ਚੱਲ ਰਹੇ ਹਨ। ਉਨ੍ਹਾਂ ਨਵੰਬਰ ਮਹੀਨੇ ਹੋ ਰਹੇ ਚੌਥੇ ਵਿਸ਼ਵ ਕਬੱਡੀ ਕੱਪ ਵਿਚ ਹਾਜ਼ਰ ਹੋਣ ਲਈ ਸਭ ਪੰਜਾਬੀ ਪਰਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ।

ਜ਼ਿਕਰਯੋਗ ਹੈ ਕਿ ਸ. ਮਲੂਕਾ ਪੰਜਾਬ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ। ਨਿਊ ਯਾਰਕ ਵਿਰਸਾ ਕਬੱਡੀ ਕਲੱਬ ਵਲੋਂ ਪ੍ਰਧਾਨ ਸ. ਮਹਿੰਦਰ ਸਿੰਘ ਸਿੱਧੂ ਨੇ ਸ. ਮਲੂਕਾ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ।



ਸਿਕੰਦਰ ਸਿੰਘ ਮਲੂਕਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਬੰਧਕਾਂ ਨਾਲ



ਗੁਰੂ ਨਾਨਕ ਸਪੋਰਟਸ ਕਲੱਬ ਨਿਊ ਯਾਰਕ ਵਲੋਂ ਰਿਚਮੰਡ ਹਿਲ ਵਿਚ ਕਰਵਾਏ ਗਏ ਖੇਡ ਮੇਲੇ ਵਿਚ ਸ਼ਹੀਦ ਭਗਤ ਸਿੰਘ ਐਸੋਸੀਏਸ਼ਨ ਆਫ ਨਿਊ ਯਾਰਕ ਦੇ ਸਪੋਰਟਸ ਵਿੰਗ (ਭਗਤ ਸਿੰਘ ਸਪੋਰਟਸ ਕਲੱਬ) ਨਿਊ ਯਾਰਕ ਦੀ ਟੀਮ, ਜਿਸ ਨੇ ਸੌਕਰ ਦਾ ਪਹਿਲਾ ਇਨਾਮ ਪ੍ਰਾਪਤ ਕੀਤਾ।

# ਪੁਲਿਸ ਵਿਭਾਗ ਵਲੋਂ ਭਾਰਤੀਆਂ ਦੀ ਸ਼ਨਾਖਤ ਬਾਰੇ ਮੀਮੋ ਜਾਰੀ

**ਨਿਊ ਯਾਰਕ:** ਨਿਊ ਯਾਰਕ ਪੁਲਿਸ ਦੇ ਮੁਖੀ ਨੇ ਆਪਣੇ ਪੁਲਿਸ ਅਧਿਕਾਰੀਆਂ ਨੂੰ ਮੀਮੋ ਜਾਰੀ ਕਰਕੇ ਮੂਲ ਵਾਸੀ ਅਮਰੀਕਨ ਇੰਡੀਅਨਾਂ ਤੇ ਏਸ਼ੀਅਨ ਇੰਡੀਅਨਾਂ ਵਿਚ ਫ਼ਰਕ ਸਮਝਾਇਆ ਹੈ। ਉਨ੍ਹਾਂ ਕਿਹਾ ਹੈ ਕਿ ਗਲਤ ਜਾਣਕਾਰੀ ਦੇਣ ਨਾਲ ਗਲਤ ਅੰਕੜੇ ਤਿਆਰ ਹੋਣਗੇ ਤੇ ਭਵਿੱਖ ਵਿਚ ਇਸ ਤੋਂ ਬਚਿਆ ਜਾਵੇ।

ਨਿਊ ਯਾਰਕ ਪੁਲਿਸ ਵਿਭਾਗ ਦੇ ਕਮਿਸ਼ਨਰ ਰੇਅ ਕੈਲੀ ਨੇ ਗਲਤ ਨਸਲੀ ਪਛਾਣ ਕਰਨ ਤੋਂ ਬਚਣ ਸਬੰਧੀ ਵਿਭਾਗ ਦੇ ਅਧਿਕਾਰੀਆਂ ਨੂੰ ਮੀਮੋ ਜਾਰੀ ਕੀਤਾ ਹੈ। ਉਨ੍ਹਾਂ ਜਾਰੀ ਮੀਮੋ ਵਿਚ ਕਿਹਾ ਹੈ ਕਿ ਗਲਤ ਜਾਣਕਾਰੀ ਨਾਲ ਵਿਭਾਗ ਦੇ ਅੰਕੜੇ ਇਕੱਤਰ ਕਰਨ 'ਤੇ ਮਾੜਾ ਅਸਰ ਪੈਂਦਾ ਹੈ। ਜਦੋਂ ਜੁਰਮ ਕਰਨ ਵਾਲੇ ਕਿਸੇ ਸ਼ੱਕੀ ਵਿਅਕਤੀ ਦੀ ਪੀੜਤ ਵੱਲੋਂ ਪਛਾਣ ਕੀਤੀ ਜਾਂਦੀ ਹੈ ਤਾਂ ਉਸ ਦੀ ਨਸਲ ਪੁਲਿਸ ਰਿਪੋਰਟ ਵਿਚ ਦਰਜ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਪੁਲਿਸ ਨੇ ਅਮਰੀਕਨ ਇੰਡੀਅਨਜ਼ ਤੇ ਏਸ਼ੀਅਨ ਇੰਡੀਅਨਜ਼ ਨੂੰ ਰਲਗੱਡ ਕਰ ਦਿੱਤਾ ਤੇ ਵਿਭਾਗ ਦੀ ਕੁਆਲਟੀ ਐਸ਼ੋਰੈਂਸ ਡਿਵੀਜ਼ਨ ਨੇ ਇਸ ਗਲਤੀ ਨੂੰ ਫੜ ਲਿਆ ਹੈ। ਨਿਊ ਯਾਰਕ ਪੁਲਿਸ ਵਿਭਾਗ ਦੇ ਬੁਲਾਰੇ ਡਿਪਟੀ ਕਮਿਸ਼ਨਰ ਜੌਹਨ ਮੈਕਰਥੇ ਨੇ ਦੱਸਿਆ ਕਿ ਕਿਸੇ ਵੀ ਵੱਡੀ ਸੰਸਥਾ ਵਾਂਗ ਸਮੇਂ-ਸਮੇਂ ਵਿਭਾਗ ਵਿਚ ਮੀਮੋ ਜਾਰੀ ਕਰਕੇ ਸੇਧਾਂ ਦਿੱਤੀਆਂ ਜਾਂਦੀਆਂ ਹਨ। ਗਲਤ ਡਾਟਾ ਦੇਣ ਦੇ ਨਾਲ ਪੁਲਿਸ ਵਿਭਾਗ ਦੀ ਜਾਂਚ ਗਲਤ ਦਿਸ਼ਾ ਵਿਚ ਜਾ ਸਕਦੀ ਹੈ।

# ਭਾਈ ਦਿਲਾਵਰ ਸਿੰਘ ਤੇ ਭਾਈ ਜਸਵੰਤ ਸਿੰਘ ਖਾਲੜਾ ਨਮਿਤ ਸ਼ਹੀਦੀ ਸਮਾਗਮ

**ਸਟਾਕਟਨ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਥੇ ਗੁਰਦੁਆਰਾ ਸਟਾਕਟਨ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼ਹੀਦ ਭਾਈ ਦਿਲਾਵਰ ਸਿੰਘ ਅਤੇ ਸ. ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਕੀਤੇ ਗਏ ਸਮਾਗਮ ਦੌਰਾਨ ਸਿੱਖ ਸੰਘਰਸ਼ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੇ ਨਾਲ ਹੀ ਸਿੱਖਾਂ ਦੀ ਆਜਾਦੀ ਦੇ ਸੰਘਰਸ਼ ਨੂੰ ਟੀਚੇ ਦੀ ਪ੍ਰਾਪਤੀ ਤਕ ਜਾਰੀ ਰੱਖਣ ਦਾ ਅਹਿਦ ਲਿਆ ਗਿਆ। ਸ਼ਹੀਦੀ ਸਮਾਗਮ ਪ੍ਰਤੀ ਰੱਖੇ ਗਏ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਵਾਸ਼ਿੰਗਟਨ ਤੋਂ ਆਏ ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ 1992 ਤੋਂ 1995 ਤੱਕ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਵਲੋਂ ਸਿੱਖਾਂ ਉਤੇ ਬੇਹਿਸਾਬ ਜੁਲਮ ਢਾਹੇ ਗਏ ਅਤੇ ਇਸ ਨੇ ਕਰੀਬ 50 ਹਜ਼ਾਰ ਸਿੱਖ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ ਅਤੇ ਬੀਬੀਆਂ ਨੂੰ ਮਾਰ ਮੁਕਾਇਆ। ਬੇਅੰਤ ਸਿੰਘ ਦੇ ਜ਼ੁਲਮੀ ਰਾਜ ਦਾ ਅੰਤ ਕਰਨ ਲਈ ਭਾਈ ਦਿਲਾਵਰ ਸਿੰਘ ਅਤੇ ਸਾਥੀਆਂ ਨੇ ਕੁਰਬਾਨੀ ਦਿੱਤੀ। ਉਨ੍ਹਾਂ ਸਿੱਖ ਕੌਮ ਦੀ ਅਜ਼ਾਦੀ ਦੀ ਗੱਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਵਿਚ ਬਲਦੀ ਅੱਗ ਸਮੇਂ ਅਜ਼ਾਦੀ ਲਈ ਜੂਝ ਰਹੇ ਸੂਰਮਿਆਂ ਦੇ ਹੱਕ ਵਿਚ ਆਵਾਜ਼ ਉਠਾਈ। ਡਾ. ਅਮਰਜੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦਾ ਇਸ ਗੱਲ ਲਈ ਧੰਨਵਾਦ ਕੀਤਾ ਕਿ ਇਸ ਨੇ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਸਿੱਖਸ ਫਾਰ ਜਸਟਿਸ ਅਤੇ ਇਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਵਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਅਮਰਜੀਤ ਸਿੰਘ ਨੇ ਸਿੱਖ ਯੂਥ ਆਫ ਅਮੈਰਿਕਾ ਦੇ ਸੀਨੀਅਰ ਆਗੂ ਗੁਲਬਿੰਦਰ ਸਿੰਘ ਭਿੰਦਾ ਉਤੇ ਦੋ ਵਾਰ ਹੋਏ ਕਾਤਲਾਨਾ ਹਮਲੇ ਉਪਰ ਦੁੱਖ ਪ੍ਰਗਟ ਕਰਦਿਆਂ ਸਿੱਖ ਭਾਈਚਾਰੇ ਨੂੰ ਇਸ ਮਾਮਲੇ ਉਤੇ ਗੰਭੀਰ ਵਿਚਾਰ ਕਰਨ ਦੀ ਅਪੀਲ ਕੀਤੀ।

ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਕੌਮੀ ਸਕੱਤਰ ਸ. ਜੀਤ ਸਿੰਘ ਆਲੋਅਰਖ ਨੇ ਇਸ ਮੌਕੇ ਬੋਲਦਿਆਂ ਭਾਈ ਦਿਲਾਵਰ ਸਿੰਘ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਆਖਿਆ ਕਿ ਜਿਸ ਤਰ੍ਹਾਂ ਬੇਅੰਤ ਸਿੰਘ ਸਰਕਾਰ ਨੇ 15 ਸਾਲ ਤੋਂ 45 ਸਾਲ ਤੱਕ ਦੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ, ਉਸ ਜਬਰ ਦਾ ਅੰਤ ਕਿਸੇ ਨਾ ਕਿਸੇ ਨੂੰ ਕਿਸੇ ਨਾ ਕਿਸੇ ਦਿਨ ਤਾਂ ਕਰਨਾ ਹੀ ਪੈਣਾ ਸੀ। ਭਾਈ ਦਿਲਾਵਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹੋ ਕੁਝ ਕੀਤਾ।

ਸ. ਆਲੋਅਰਖ ਨੇ ਆਖਿਆ ਕਿ ਜਿਸ ਵੇਲੇ ਬੇਅੰਤ ਸਿੰਘ ਦੇ ਜਾਬਰ ਰਾਜ ਵਿਰੁਧ ਕੋਈ ਜ਼ੁਬਾਨ ਨਹੀਂ ਸੀ ਖੋਲ੍ਹਦਾ, ਉਸ ਵੇਲੇ ਸ. ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦਾਂ ਦੇ ਘਰਾਂ ਵਿਚ ਜਾ ਕੇ ਪੀੜਤ ਪਰਿਵਾਰਾਂ ਦੀ ਬਾਂਹ ਫੜੀ ਅਤੇ ਸ਼ਹੀਦਾਂ ਦੇ ਕਾਤਲਾਂ ਵਿਰੁਧ ਆਵਾਜ਼ ਉਠਾਈ। ਉਨ੍ਹਾਂ ਸਿੱਖਾਂ ਦੇ ਮਨਾਂ 'ਚੋਂ ਸਰਕਾਰੀ ਜਬਰ ਦੇ ਡਰ ਨੂੰ ਕੱਢਣ ਲਈ ਖਾਲਿਸਤਾਨ ਦੀ ਅਜ਼ਾਦੀ ਦਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਭਾਈ ਦਿਲਾਵਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਕੀਤੀ ਗਈ ਕੁਰਬਾਨੀ ਨੂੰ ਚੇਤੇ ਕਰਦਿਆਂ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਣ ਦਾ ਸਮੂਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ। ਮਨੁੱਖੀ ਹੱਕਾਂ ਲਈ ਜੂਝ ਮਰੇ ਸ. ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹੀਦੀ ਨੂੰ ਸਿਜਦਾ ਕਰਦਿਆਂ ਸ. ਆਲੋਅਰਖ ਨੇ ਕਿਹਾ ਕਿ ਸ. ਖਾਲੜਾ ਨੇ ਜ਼ਾਬਰ ਸਰਕਾਰ ਦੀ ਸਰਪ੍ਰਸਤੀ ਹੇਠ ਪੁਲਿਸ ਵਲੋਂ ਸਿੱਖ ਨੌਜਵਾਨਾਂ ਦੇ ਘਾਣ ਵਿਰੁਧ ਇਕ ਮੁਹਿੰਮ ਵਿੱਢੀ ਅਤੇ ਇਸੇ ਕਰਕੇ ਭਾਈ ਖਾਲੜਾ ਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਸੰਖੇਪ ਸ਼ਬਦਾਂ ਵਿਚ ਭਾਈ ਦਿਲਾਵਰ ਸਿੰਘ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਥਕ ਏਕਤਾ ਅਤੇ ਧਰਮ ਪ੍ਰਤੀ ਨਿਸ਼ਠਾ ਦੀ ਲੋੜ ਉਤੇ ਜ਼ੋਰ ਦਿੱਤਾ।

ਅਕਾਲੀ ਦਲ (ਅੰਮ੍ਰਿਤਸਰ)-ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰੇਸ਼ਮ ਸਿੰਘ ਨੇ ਵੱਖ ਵੱਖ ਬੁਲਾਰਿਆਂ ਵਲੋਂ ਸ਼ਹੀਦਾਂ ਨਮਿਤ ਪ੍ਰਗਟਾਏ ਗਏ ਵਿਚਾਰਾਂ ਦੀ ਤਾਈਦ ਕਰਦਿਆਂ ਸਿੱਖਾਂ ਦੀ ਅਜ਼ਾਦੀ ਦੇ ਸੰਘਰਸ਼ ਨੂੰ ਅੱਗੇ ਤੋਰਨ ਲਈ ਪੰਥਕ ਏਕਤਾ ਅਤੇ ਨਿਸ਼ਾਨੇ ਪ੍ਰਤੀ ਗੰਭੀਰਤਾ ਦੀ ਲੋੜ ਉਤੇ ਜ਼ੋਰ ਦਿਤਾ। ਉਨ੍ਹਾਂ ਭਾਈ ਦਿਲਾਵਰ ਸਿੰਘ ਅਤੇ ਸ. ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਮਨਾਂ ਵਿਚ ਵਸਾ ਕੇ ਸਿੱਖਾਂ ਦੇ ਕਾਤਲਾਂ ਨੂੰ ਹਰ ਤਰੀਕੇ ਨਾਲ ਭਜਾਉਣ ਦੀ ਗੱਲ ਕਹੀ। ਉਨ੍ਹਾਂ ਇਸ ਸ਼ਹੀਦੀ ਸਮਾਗਮ ਵਿਚ ਸਹਿਯੋਗ ਦੇਣ ਵਾਲੇ ਪਤਵੰਤਿਆਂ, ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਮਰਜੀਤ ਸਿੰਘ ਪਨੇਸਰ, ਸਕੱਤਰ ਭਾਈ ਕੁਲਜੀਤ ਸਿੰਘ, ਸਾਬਕਾ ਪ੍ਰਧਾਨ ਮਨਜੀਤ ਸਿੰਘ ਉਪਲ, ਸਾਬਕਾ ਪ੍ਰਧਾਨ ਹਰਨੇਕ ਸਿੰਘ ਅਟਵਾਲ, ਗੁਲਭਿੰਦਰ ਸਿੰਘ ਭਿੰਦਾ, ਸਿੱਖ ਯੂਥ ਆਫ ਅਮੈਰਿਕਾ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਖਹਿਰਾ, ਏ ਜੀ ਪੀ ਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਉਘੇ ਬਿਜਨਸਮੈਨ ਅਤੇ 'ਅਵਾਜ਼ ਪੰਜਾਬ ਦੀ' ਦੇ ਰੇਡੀਓ ਹੋਸਟ ਦਵਿੰਦਰ ਸਿੰਘ ਬੈਂਸ ਦਾ ਉਚੇਚਾ ਧੰਨਵਾਦ ਕੀਤਾ। ਭਾਈ ਰੇਸ਼ਮ ਸਿੰਘ ਨੇ ਸ. ਗੁਲਭਿੰਦਰ ਸਿੰਘ ਭਿੰਦਾ ਉਤੇ ਹੋਏ ਹਮਲੇ 'ਤੇ ਦੱਖ ਜਾਹਰ ਕਰਦਿਆਂ ਹਮਲਾਵਰ ਨੂੰ ਹਰ ਹੀਲੇ ਸਜ਼ਾ ਦਿਵਾਉਣ ਦੀ ਗੱਲ ਕੀਤੀ। ਪੱਤਰਕਾਰ ਜਰਨੈਲ ਸਿੰਘ ਨੇ 1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਦੀ ਗੱਲ ਕਰਦਿਆਂ ਸਿੱਖ ਆਗੂਆਂ ਦੀ ਕਾਰਗੁਜ਼ਾਰੀ ਉਤੇ ਸਵਾਲ ਖੜ੍ਹੇ ਕੀਤੇ। ਸ. ਸਰਵਣ ਸਿੰਘ ਅਤੇ ਸ. ਜਸਵਿੰਦਰ ਸਿੰਘ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਖੀਰ ਵਿਚ ਜੀਤ ਸਿੰਘ ਆਲੋਅਰਖ, ਉਨ੍ਹਾਂ ਦੇ ਪਰਿਵਾਰ ਅਤੇ ਸ. ਜਗਤਾਰ ਸਿੰਘ ਦਾ ਪੰਥ ਪ੍ਰਤੀ ਸੇਵਾਵਾਂ ਲਈ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਦਲਜੀਤ ਸਿੰਘ ਅਤੇ ਕੁਲਜੀਤ ਸਿੰਘ ਨਿੱਜਰ ਨੇ ਕੀਤਾ। ਸਮਾਗਮ ਦੇ ਅਖੀਰ ਵਿਚ ਸਮੂਹ ਸ਼ਹੀਦਾਂ, ਜੇਲ੍ਹਾਂ ਵਿਚ ਬੈਠੇ ਨੌਜਵਾਨਾਂ ਦੀ ਚੜ੍ਹਦੀ ਕਲਾ ਅਤੇ ਗੁਲਭਿੰਦਰ ਸਿੰਘ ਭਿੰਦਾ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ।

ਪਾਰਟੀ ਆਗੂ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਪੂਰਨ ਭਰੋਸੇ ਦਾ ਪ੍ਰਗਟਾਵਾ ਕਰਦਿਆਂ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦੇ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਵਿਚ ਪ੍ਰਧਾਨ ਕੁਲਜੀਤ ਸਿੰਘ ਨਿੱਜਰ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਤੱਖਰ, ਮੀਤ ਪ੍ਰਧਾਨ ਇਕਬਾਲ ਸਿੰਘ, ਖਜ਼ਾਨਚੀ ਬਲਵਿੰਦਰ ਸਿੰਘ ਮਿੱਠੂ ਅਤੇ ਸਕੱਤਰ ਜਗਤਾਰ ਸਿੰਘ ਫਰਿਜ਼ਨੋ ਦੇ ਨਾਂ ਸ਼ਾਮਲ ਹਨ। ਪੈਨਲ ਮੈਂਬਰਾਂ ਵਿਚ ਰੇਸ਼ਮ ਸਿੰਘ ਬੇਕਰਜ਼ਫੀਲਡ, ਦਰਸ਼ਨ ਸਿੰਘ ਸੰਧੂ ਫਰੀਮਾਂਟ, ਤਰਸੇਮ ਸਿੰਘ ਟੂਲੇਰੀ ਅਤੇ ਮਿੱਟੂ ਸੰਧੂ ਸਟਾਕਟਨ ਨੂੰ ਲਿਆ ਗਿਆ ਹੈ। ਇਕ 11 ਮੈਂਬਰੀ ਕਮੇਟੀ ਦਾ ਐਲਾਨ ਬਾਅਦ ਵਿਚ ਕੀਤਾ ਜਾਏਗਾ। ਹੋਰ ਜਾਣਕਾਰੀ ਲਈ ਸ. ਰੇਸ਼ਮ ਸਿੰਘ ਨਾਲ ਫੋਨ 661-209-0118 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।







# Punjab Sports & Cultural Club, Ohio

Punjab Sports & Cultural Club Cincinnati

# ਛੇਵਾਂ ਸਾਲਾਨਾ ਖੇਡ ਮੇਲਾ

## 28 ਸਤੰਬਰ, 2013

ਸਨਿਚਰਵਾਰ, ਸਵੇਰੇ 10 ਤੋਂ ਸ਼ਾਮ 9 ਵਜੇ ਤੱਕ

**Monroe Community Park**
412 Old Street, Monroe, OH 45050

**ਓਪਨ ਕਬੱਡੀ:**
ਪਹਿਲਾ ਇਨਾਮ $5100, ਦੂਜਾ ਇਨਾਮ $3100
ਕਬੱਡੀ ਦਾ ਪਹਿਲਾ ਇਨਾਮ ਗਿੱਲ ਪਰਿਵਾਰ ਵਲੋਂ
ਦੂਜਾ ਇਨਾਮ ਸੰਨੀ ਟਰੱਕ ਡਰਾਇਵਿੰਗ ਸਕੂਲ
Sunny Truck Driving, Ph: 718-353-6745
**ਵਾਲੀਬਾਲ (ਮਰਦ):** ਪਹਿਲਾ ਇਨਾਮ $1500
(ਆਜ਼ਾਦ ਇੰਡੀਆ ਰੈਸਟੋਰੈਂਟ, ਸਿਨਸਿਨੈਟੀ, ਓਹਾਇਓ ਵਲੋਂ)
ਦੂਜਾ ਇਨਾਮ $1100
(ਮਿਸਟਰ ਇੰਡੀਆ ਰੈਸਟੋਰੈਂਟ, ਸਿਨਸਿਨੈਟੀ ਵਲੋਂ)
**ਵਾਲੀਬਾਲ (ਕੁੜੀਆਂ):**
ਪਹਿਲਾ ਇਨਾਮ $700, ਦੂਜਾ ਇਨਾਮ $500
ਹੈਪੀ ਡੇਅਟਨ ਅਤੇ ਰੂਬੀ ਧਾਲੀਵਾਲ
**ਕ੍ਰਿਕਟ:** ਪਹਿਲਾ ਇਨਾਮ $500
ਦੂਜਾ ਇਨਾਮ $300



ਜਗਰੂਪ ਸਿੰਘ ਤੂਰ
ਗਰੈਂਡ ਸਪਾਂਸਰ



ਉਤਰੀ ਅਮਰੀਕਾ ਭਰ ਤੋਂ ਕਬੱਡੀ ਅਤੇ ਵਾਲੀਬਾਲ ਦੀਆਂ ਟੀਮਾਂ ਪਹੁੰਚਣਗੀਆਂ ਅਤੇ ਆਪਣੀ ਖੇਡ ਦੇ ਜੌਹਰ ਵਿਖਾਉਣਗੀਆਂ

## ਕੋਈ ਟਿਕਟ ਨਹੀ, ਪਾਰਕਿੰਗ ਫਰੀ

ਮੁਫਤ ਖਾਣਾ, ਗਰਮ ਜਲੇਬੀਆਂ ਅਤੇ ਪਕੌੜੇ, ਬਾਰ-ਬੀ-ਕਿਊ



ਮੁਖਤਿਆਰ ਸਿੰਘ ਸੇਖੋਂ
ਚੇਅਰਮੈਨ



*Moonwalk for kids*

**ਹੋਰ ਖੇਡਾਂ:** ਗੋਲਾ ਸੁੱਟਣਾ, ਰੱਸਾਕਸ਼ੀ, ਮਿਊਜ਼ੀਕਲ ਚੇਅਰ ਅਤੇ ਬੱਚਿਆਂ ਲਈ ਹੋਰ ਅਥਲੈਟਿਕ ਖੇਡਾਂ (ਵੱਖ ਵੱਖ ਰੇਸਾਂ, ਭੁਕਾਨਾ ਦੌੜ, ਚਮਚਾ ਦੌੜ ਆਦਿ)

ਹਰ ਉਮਰ ਦੇ ਬੱਚਿਆਂ ਲਈ ਮਨੋਰੰਜਨ ਦੀਆਂ ਖੇਡਾਂ

**ਧਾਰਮਿਕ ਕਿਤਾਬਾਂ ਦਾ ਸਟਾਲ ਵੀ ਲੱਗੇਗਾ**



ਗਾਇਕ ਬਲਜੀਤ ਮਾਲਵਾ
ਅਖਾੜਾ ਲਾਏਗਾ



ਗਿੱਲ ਬ੍ਰਦਰਜ਼

ਕਬੱਡੀ ਦੇ ਇੰਟਰਨੈਸ਼ਨਲ ਪਲੇਅਰ ਕਬੱਡੀ ਦੇ ਜੌਹਰ ਵਿਖਾਉਣਗੇ। ਕਬੱਡੀ ਖਿਡਾਰੀ ਦੇਵੀ ਦਿਆਲ ਵਿਸ਼ੇਸ਼ ਤੌਰ 'ਤੇ ਪਹੁੰਚਣਗੇ



ਕੁਮੈਂਟਰੀ: ਪ੍ਰੋ. ਮੱਖਣ ਸਿੰਘ ਹਕੀਮਪੁਰੀ



ਮੋਹਿੰਦਰ ਸਿੱਧੂ ਵਿਸ਼ੇਸ਼ ਮਹਿਮਾਨ | ਹਰਬੰਸ ਸਿੰਘ ਗਿੱਲ | ਹਰਮੇਲ ਸਿੰਘ ਮੇਲੀ ਏਮਲੀ ਟਰਾਂਸਪੋਰਟ | ਪਿੰਦਰ ਬੁੱਟਰ ਪ੍ਰਿੰਸ ਆਰਟ ਗੈਲਰੀ | ਸੁਖਚੈਨ ਸਿੰਘ ਗਿੱਲ | ਸ਼ਮਸ਼ੇਰ ਸਿੰਘ ਬੋਪਾਰਾਏ | ਸਰਵਣ ਸਿੰਘ ਟਿਵਾਣਾ | ਗੁਰਿੰਦਰ ਸਿੰਘ ਢਿੱਲੋਂ | ਪਹਿਲਵਾਨ ਬੁਧ ਸਿੰਘ ਰੁਸਤਮ-ਏ-ਹਿੰਦ | ਰਾਜਬੀਰ ਸਿੰਘ ਬੋਪਾਰਾਏ | ਰਾਜਿੰਦਰ ਸਿੰਘ ਬੈਂਸ | ਚਰਨਜੀਤ ਬਰਾੜ

**Gold Sponsors:** Tejinder Singh Teji, Harbans Gill, Sukhchain Gill, Pinder Buttar, Gurinder Dhillon, Jagpal Grewal, Nima Grewal, Rajinder Kumar, Avtar Singh Tari, Baljit Mangat, Sonu Mavi, Bunty Nagra, Gurlal Singh, Gurjant Sekhon, Rashpal Sahota, Kuldeep Kang; **Silver Sponser:** R A Trucking, Gurjit Binepal, Baljinder Mavi, Behram Trucking, Sohan Singh Bilkhu, Hira Singh - Wildwood inn, Sanjiv Kumar, Parminder S Bassi, Rajesh-Ramada Inn, Palvinder Dhillon, NNA Enterprise Inc, Sonu & Bhahdur Kaler, Jaswant Jassa-Dayton, Sukhwinder Singh Sandhu, Dr. Mann Dayton, Bobby Sandhu; **Clubs:** Meeri Peeri Sports Club-Indiana, PCS Chicago, PHO Chicago, Midwest Punjab sports Club-Chicago, PCO Milwaukee-WI, Sports Club Dayton-OH, Punjab Sports Club-MI.

**Special thanks:** Nirmal Singh, Jagroop Tiwana, Annath Wariach, Amarjeet Singh, Dalbir Gill, Harjinder S Chauhan, Sunshine transport, Gaurav Batra, Nirmal Banipal, Chamkor S Gill, Vicks Transe, Sohan Singh, Bhai Amrik Singh, Narinder Bhatti, Kanwar Jeet Singh, Bhupinder Singh, Amarjeet Singh, Parshotam Singh, Mandeep Singh, Budh Bhalwan, Harvinder Singh, Malwinder Dhillon, Satwant Singh Deol, Mandeep Singh (Janta Transport), Metro Express, Gurmit Singh Bhatti, Baljit Singh, Nardeep Mavi, Rajinder Gill, Jagjit Toor, Kuldeep Tuli, Paramjeet Bedi, Balkar Singh, Siddh Enterprise, Navgagan Grewal, Dalvinder Dhillon, Raja India, Guru India, J Bedi, Harjit Singh, Santokh Singh, Renta Singh, Harvinder Kang, Fancy Cuts, Satinder Bharaj, Kuldeep Cheema, Sue (Thai taste), Bombay Grocer, Patel Brother, Brij Mohan Sweets, Angan Indian, Onkar Singh Sangha, New Krishna Restaurant, Anand India Restaurant.

*Special Guest Kabaddi Promoter:*
**Mahinder Sidhu**
**Gurmeet Buttar**
**Kaka Ghudani**
*(From New York)*

**Media partners**
ਪੰਜਾਬ ਟਾਈਮਜ਼
Radio Chann Pardesi

**For more information Contact:**
**Mukhtiar Sekhon 513-919-2311**
**Swarn Sidhu 513-266- 0885**
**Satinder Ghuman 513-374-8387**

**Committee Members:** Satinder Ghuman (President), Jasminder Singh, Jasvir Deol, Aman Singh, Sukhi Kharoud, Raghvir Singh, Happy Dayton, Balvir Gill, Palwinder Wariach, Kuldeep Singh.

**Advisory Committee Members:** Gurinder Dhillon, Harbans Gill, Sukchain Gill, Gurjant Sekhon, Harmeet Ghuman, Swaran Sidhu, Jagpal Grewal.

email:punjabsportsclubohio@yahoo.com punjabsportsclubcincinnatiohio@gmail.com www.punjabsportsclubohio.com

# ਸ਼ਰਾਬ ਦੇ ਕਾਰੋਬਾਰ 'ਚ ਅਕਾਲੀ ਵਿਧਾਇਕ ਦੀ ਝੰਡੀ

**ਚੰਡੀਗੜ੍ਹ:** ਚਾਲੂ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕੇ ਲੈਣ ਪੱਖੋਂ ਸਭ ਤੋਂ ਵੱਧ ਕਿਸਮਤ ਅਕਾਲੀ ਵਿਧਾਇਕ ਦੀਪ ਮਲਹੋਤਰਾ ਦੀ ਚਮਕੀ ਹੈ ਜਿਸ ਕੋਲ ਪੰਜਾਬ ਦੇ ਤਕਰੀਬਨ ਇਕ-ਤਿਹਾਈ ਠੇਕੇ ਹਨ। ਉਂਜ ਵੀ ਇਸ ਵਾਰ ਸ਼ਰਾਬ ਦੇ ਜ਼ਿਆਦਾ ਠੇਕੇ ਅਕਾਲੀ-ਭਾਜਪਾ ਸਰਕਾਰ ਦੇ ਨੇੜਲਿਆਂ ਨੇ ਹੀ ਮੱਲੇ ਹਨ। ਦੀਪ ਮਲਹੋਤਰਾ ਦੇ ਸੱਤ ਜ਼ਿਲ੍ਹਿਆਂ ਵਿਚ ਠੇਕੇ ਹਨ। ਇਸ ਵਰ੍ਹੇ ਸ਼ਰਾਬ ਦੇ ਠੇਕੇ ਲੈਣ ਖਾਤਰ 40,949 ਲੋਕਾਂ ਨੇ ਅਪਲਾਈ ਕੀਤਾ ਸੀ ਪਰ ਜਦੋਂ ਕਰ ਤੇ ਆਬਕਾਰੀ ਵਿਭਾਗ ਨੇ ਲਾਟਰੀ ਕੱਢੀਤਾਂ ਇਹ ਅਕਾਲੀ ਭਾਜਪਾ ਸਰਕਾਰ ਦੇ ਨੇੜਲਿਆਂ ਦੀ ਹੀ ਨਿਕਲੀ। ਆਮ ਠੇਕੇਦਾਰ ਇਸ ਕਾਰੋਬਾਰ ਵਿਚੋਂ ਬਾਹਰ ਹੋ ਗਏ।

ਅਕਾਲੀ ਵਿਧਾਇਕ ਨੇ ਪਰਦਾ ਰੱਖਣ ਵਾਸਤੇ ਵੱਖ-ਵੱਖ ਜ਼ਿਲ੍ਹਿਆਂ ਵਿਚ ਵੱਖ-ਵੱਖ ਪਤੇ ਟਿਕਾਣੇ ਦੇ ਕੇ ਅਪਲਾਈ ਕੀਤਾ ਸੀ। ਇਸ ਵਿਧਾਇਕ ਕੋਲ ਲੁਧਿਆਣਾ, ਫਰੀਦਕੋਟ, ਨਵਾਂ ਸ਼ਹਿਰ, ਤਰਨਤਾਰਨ, ਅੰਮ੍ਰਿਤਸਰ, ਜਲੰਧਰ, ਕਪੂਰਥਲਾ ਜ਼ਿਲ੍ਹਿਆਂ ਦੇ ਠੇਕੇ ਹਨ। ਵਿਧਾਇਕ ਦੇ ਲੜਕੇ ਗੌਰਵ ਮਲਹੋਤਰਾ ਵਾਸੀ ਫਰੀਦਕੋਟ ਦੇ ਨਾਂ 'ਤੇ ਫਰੀਦਕੋਟ, ਕੋਟਕਪੂਰਾ ਤੇ ਸਾਦਿਕ ਇਲਾਕੇ ਦੇ ਸ਼ਰਾਬ ਦੇ ਠੇਕੇ ਹਨ। ਕਰ ਤੇ ਆਬਕਾਰੀ ਵਿਭਾਗ ਵੱਲੋਂ ਆਰ.ਟੀ.ਆਈ ਤਹਿਤ ਮਿਲੀ ਸੂਚਨਾ ਮੁਤਾਬਕ ਲੁਧਿਆਣਾ ਸ਼ਹਿਰ ਦੇ 7 ਜ਼ੋਨਾਂ ਦੇ ਠੇਕੇ ਵੀ ਇਸੇ ਵਿਧਾਇਕ ਕੋਲ ਹਨ।

ਇਸ ਸ਼ਹਿਰ ਵਿਚ ਗੌਰਵ ਮਲਹੋਤਰਾ ਵਾਸੀ ਜ਼ਿਲ੍ਹਾ ਫਿਰੋਜ਼ਪੁਰ ਦੇ ਨਾਂ 'ਤੇ ਤਿੰਨ ਜ਼ੋਨਾਂ ਦੇ ਠੇਕੇ ਹਨ ਜਦੋਂਕਿ ਬਠਿੰਡਾ ਜ਼ਿਲ੍ਹੇ ਦੀ ਸੰਗਤ ਮੰਡੀ ਦਾ ਪਤਾ ਦੇ ਕੇ ਇਸ ਜ਼ੋਨ ਦੇ ਠੇਕੇ ਦੀਪ ਮਲਹੋਤਰਾ ਨੇ ਲਏ ਹਨ। ਜ਼ੋਨ ਨੰਬਰ ਪੰਜ ਦੇ ਠੇਕੇ ਓਮ ਸੰਜ਼ ਵਾਸੀ ਸੰਗਤ ਮੰਡੀ ਦੇ ਨਾਂ ਹੇਠ ਲਏ ਗਏ ਹਨ। ਜ਼ੋਨ 3 ਦੇ ਠੇਕੇ ਮੈਲਬਰੌਸ ਦੇ ਨਾਂ ਹੇਠ ਲਏ ਹਨ।

ਇਸ ਜ਼ਿਲ੍ਹੇ ਵਿਚ ਇਕ ਕਾਂਗਰਸੀ ਆਗੂ ਦੀ ਕੰਪਨੀ ਵਿੱਲੋਂ ਡਿਸਟਰੀਬਿਊਟਰਜ਼ ਦਾ ਹੱਥ ਵੀ ਉਪਰ ਹੈ। ਨਵਾਂ ਸ਼ਹਿਰ ਵਿਚ ਦੀਪ ਮਲਹੋਤਰਾ ਕੋਲ ਚਾਰ ਸਰਕਲਾਂ ਵਿਚੋਂ ਦੋ ਸਰਕਲਾਂ ਦੇ ਠੇਕੇ ਹਨ ਜੋ ਕਿ ਮੈਸਰਜ਼ ਵਿਜੇਤਾ ਵਾਸੀ ਜੈਪੁਰ ਤੇ ਮੈਲਬਰੌਸ ਕੰਪਨੀ ਫਿਰੋਜ਼ਪੁਰ ਦੇ ਨਾਂ ਹੇਠ ਹਨ। ਕਪੂਰਥਲਾ ਸ਼ਹਿਰ ਦੇ ਠੇਕੇ ਗੌਰਵ ਮਲਹੋਤਰਾ ਦੇ ਨਾਂ 'ਤੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਸੱਤ ਜ਼ੋਨਾਂ ਦੇ ਠੇਕੇ ਦੀਪ ਮਲਹੋਤਰਾ ਕੋਲ ਹਨ। ਛੇਹਰਟਾ ਜ਼ੋਨ ਦੇ ਠੇਕੇ ਗੌਰਵ ਵਾਸੀ ਜੈਪੁਰ ਦੇ ਨਾਂ 'ਤੇ ਹਨ ਜਦੋਂਕਿ ਬਟਾਲਾ ਰੋਡ ਜ਼ੋਨ ਦੇ ਠੇਕੇ ਗੌਤਮ ਵਾਸੀ ਪਿੰਡ ਸੰਗਤ ਮੰਡੀ ਜ਼ਿਲ੍ਹਾ ਬਠਿੰਡਾ ਦੇ ਨਾਂ 'ਤੇ ਹਨ। ਮਲਹੋਤਰਾ ਦੀ ਕੰਪਨੀ ਵਿਜੇਤਾ ਤੇ ਓਮ ਸੰਜ਼ ਦੇ ਨਾਂ 'ਤੇ ਵੀ ਇਥੇ ਠੇਕੇ ਹਨ।

ਜ਼ਿਲ੍ਹਾ ਜਲੰਧਰ ਵਿਚ ਵੀ ਦੀਪ ਮਲਹੋਤਰਾ ਦੇ ਵਿਜੇਤਾ, ਓਅਸਿਸ ਤੇ ਓਮ ਸੰਜ਼ ਦੇ ਨਾਂ ਹੇਠ ਸ਼ਰਾਬ ਦੇ ਠੇਕੇ ਹਨ। ਇਸੇ ਤਰ੍ਹਾਂ ਤਰਨਤਾਰਨ ਜ਼ਿਲ੍ਹੇ ਦੇ ਪੱਟੀ ਸਰਕਲ ਦੇ ਠੇਕੇ ਵੀ ਉਸੇ ਦੀ ਕੰਪਨੀ ਦੇ ਨਾਂ 'ਤੇ ਹਨ। ਦੀਪ ਮਲਹੋਤਰਾ ਦੀ ਇਕ ਸ਼ਰਾਬ ਫੈਕਟਰੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੈ ਤੇ ਦੂਸਰੀ ਸ਼ਰਾਬ ਫੈਕਟਰੀ ਬਠਿੰਡਾ ਦੇ ਪਿੰਡ ਸੰਗਤ ਮੰਡੀ ਵਿਚ ਲਾਈ ਜਾ ਰਹੀ ਹੈ।

ਉਧਰ, ਜ਼ਿਲ੍ਹਾ ਮੋਗਾ ਵਿਚ ਨਿਹਾਲ ਸਿੰਘ ਵਾਲਾ ਸਰਕਲ ਦੇ ਠੇਕਿਆਂ ਵਿਚ ਅਕਾਲੀ ਨੇਤਾ ਨਵਦੀਪ ਸੰਘਾ ਹਿੱਸੇਦਾਰ ਹੈ ਜਿਸ ਨੂੰ ਉਪ ਮੁੱਖ ਮੰਤਰੀ ਨੇ ਅਕਾਲੀ ਦਲ ਵਿਚ ਸ਼ਾਮਲ ਕੀਤਾ ਸੀ। ਫਰੀਦਕੋਟ ਜ਼ਿਲ੍ਹੇ ਦੇ ਤਕਰੀਬਨ ਇਕ ਦਰਜਨ ਪਿੰਡਾਂ ਦੇ ਠੇਕੇ ਭਗਤਾ ਭਾਈ ਦੀ ਮਾਰਕੀਟ ਕਮੇਟੀ ਦੇ ਸਾਬਕਾ ਅਕਾਲੀ ਚੇਅਰਮੈਨ ਗੁਰਮੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸਲਾਬਤਪੁਰਾ (ਬਠਿੰਡਾ) ਕੋਲ ਹਨ। ਬਠਿੰਡਾ ਦੇ ਸਾਰੇ ਠੇਕੇ ਸੁਪਰੀਮ ਕੰਪਨੀ ਕੋਲ ਹਨ ਜਿਸ ਵਿਚ ਹਿੱਸੇਦਾਰ ਜਸਵਿੰਦਰ ਸਿੰਘ ਤੇ ਰਾਹੁਲ ਕਾਂਸਲ ਹਨ।

ਫਿਰੋਜ਼ਪੁਰ ਜ਼ਿਲ੍ਹੇ ਦੇ ਕਾਫੀ ਠੇਕੇ ਭਾਜਪਾ ਆਗੂਆਂ ਕੋਲ ਹਨ। ਫਤਹਿਗੜ੍ਹ ਸਾਹਿਬ ਦੇ ਸਰਹਿੰਦ ਜ਼ੋਨ ਦੇ ਠੇਕੇ ਵੀ ਇਕ ਭਾਜਪਾ ਨੇਤਾ ਕੋਲ ਹਨ। ਉਪ ਮੁੱਖ ਮੰਤਰੀ ਦੇ ਨੇੜਲੇ ਅਰਵਿੰਦ ਸਿੰਗਲਾ ਵਾਸੀ ਚੰਡੀਗੜ੍ਹ ਕੋਲ ਕਈ ਜ਼ਿਲ੍ਹਿਆਂ ਦਾ ਸ਼ਰਾਬ ਦਾ ਕਾਰੋਬਾਰ ਹੈ। ਇਸ ਵਿਅਕਤੀ ਕੋਲ ਮਾਨਸਾ ਤੇ ਫਤਹਿਗੜ੍ਹ ਸਾਹਿਬ ਦੇ ਵੀ ਠੇਕੇ ਹਨ। ਗਗਨ ਵਾਈਨ ਨਾਂ ਦੀ ਕੰਪਨੀ ਦੇ ਹੱਥ ਵੀ ਕਾਫੀ ਕੁਝ ਠੇਕੇ ਲੱਗੇ ਹਨ। ਸਰਕਾਰੀ ਤਰਕ ਹੈ ਕਿ ਐਤਕੀਂ ਲੋਕਾਂ ਨੇ ਸ਼ਰਾਬ ਦੇ ਠੇਕੇ ਲੈਣ ਤੋਂ ਪਾਸਾ ਵੱਟਿਆ ਹੈ ਜਿਸ ਕਰਕੇ ਅਪਲਾਈ ਕਰਨ ਵਾਲਿਆਂ ਦੀ ਗਿਣਤੀ ਘਟੀ ਹੈ।

ਠੇਕੇਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਦਬਾਓ ਹੇਠ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ ਹੈ। ਠੇਕੇ ਲੈਣ ਦੇ ਚਾਹਵਾਨਾਂ ਦੀ ਗਿਣਤੀ ਘਟਣ ਦੇ ਕਈ ਲੁਕਵੇਂ ਕਾਰਨ ਹਨ। ਇਕ ਨਜ਼ਰ ਮਾਰੀਏ ਤਾਂ ਬਠਿੰਡਾ, ਫਰੀਦਕੋਟ ਤੇ ਮਾਨਸਾ ਜ਼ਿਲ੍ਹੇ ਵਿਚ ਪਿਛਲੇ ਸਾਲ 3297 ਵਿਅਕਤੀ ਠੇਕੇ ਲੈਣ ਦੇ ਚਾਹਵਾਨ ਸਨ ਜਦੋਂਕਿ ਐਤਕੀਂ ਇਹ ਗਿਣਤੀ 407 ਰਹਿ ਗਈ ਹੈ।

# ਲੋਕ ਸਭਾ ਚੋਣਾਂ ਲਈ ਵੱਖਰੀ ਮੁਹਿੰਮ ਵਿੱਢਣਗੇ ਅਮਰਿੰਦਰ

**ਮੁਹਾਲੀ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੋਂ ਬਾਅਦ ਹੁਣ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਨ ਸੰਪਰਕ ਮੁਹਿੰਮ ਵਿੱਢਣ ਦੀ ਤਿਆਰੀ ਕਰ ਲਈ ਹੈ। ਹਾਲਾਂਕਿ ਕੈਪਟਨ ਦਾ ਦਾਅਵਾ ਹੈ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਨੂੰ ਸਖ਼ਤ ਟੱਕਰ ਦੇਣ ਤੇ ਕਾਂਗਰਸੀ ਵਰਕਰਾਂ ਦੀ ਲਾਮਬੰਦੀ ਲਈ ਇਸ ਮੁਹਿੰਮ ਦਾ ਢੰਗ-ਤਰੀਕਾ ਸ. ਬਾਜਵਾ ਨਾਲੋਂ ਵੱਖਰਾ ਹੋਵੇਗਾ।



ਲੰਘੇ ਦਿਨ ਅਦਾਲਤ ਵਿਚ ਪੇਸ਼ੀ ਭੁਗਤਣ ਮਗਰੋਂ ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਮਈ 2014 ਵਿਚ ਹੋਣ ਦੀ ਸੰਭਾਵਨਾ ਹੈ। ਸ. ਬਾਜਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਤੇ ਉਹ (ਕੈਪਟਨ) ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਹਨ। ਸ੍ਰੀਮਤੀ ਸੋਨੀਆ ਗਾਂਧੀ ਨਾਲ ਸਲਾਹ-ਮਸ਼ਵਰਾ ਕਰਕੇ ਉਹ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ ਤੇ ਪਾਰਟੀ ਵਰਕਰਾਂ ਵਿਚ ਜੋਸ਼ ਭਰਿਆ ਜਾਵੇਗਾ। ਸ. ਬਾਜਵਾ ਵੱਲੋਂ ਸੂਬੇ ਭਰ ਵਿਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਤੇ ਰੈਲੀਆਂ ਦੌਰਾਨ ਲੋਕ ਸਭਾ ਚੋਣਾਂ ਲਈ ਸੰਭਾਵੀ ਉਮੀਦਵਾਰਾਂ ਦੇ ਐਲਾਨ ਬਾਰੇ ਉਨ੍ਹਾਂ ਕਿਹਾ ਕਿ ਇਹ ਕੰਮ ਕਿਸੇ ਇਕੱਲੇ ਆਗੂ ਦਾ ਨਹੀਂ ਹੈ।

ਕਾਂਗਰਸ ਹਾਈਕਮਾਂਡ ਵੱਲੋਂ ਬਣਾਏ ਸਿਸਟਮ ਮੁਤਾਬਕ ਹੀ ਉਮੀਦਵਾਰਾਂ ਬਾਰੇ ਫ਼ੈਸਲਾ ਹੋਵੇਗਾ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਇਕ ਦਿਨ ਵੀ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਤੇ ਬੰਦ ਨਹੀਂ ਰਿਹਾ ਸੀ ਜਦਕਿ ਹੁਣ ਬਾਦਲ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਈ-ਕਈ ਮਹੀਨੇ ਖ਼ਜ਼ਾਨੇ ਦਾ ਮੂੰਹ ਨਹੀਂ ਖੁੱਲ੍ਹਦਾ ਹੈ। ਪੰਜਾਬ ਦੇ ਮੁਲਜ਼ਮਾਂ ਨੂੰ ਤਨਖ਼ਾਹਾਂ ਤੇ ਮਹਿੰਗਾਈ ਭੱਤੇ ਦੀ ਕਿਸ਼ਤ ਨਹੀਂ ਮਿਲ ਰਹੀ। ਸੂਬੇ ਦੀ ਵਿੱਤੀ ਹਾਲਤ ਬਹੁਤ ਮਾੜੀ ਹੈ ਤੇ ਅਕਾਲੀ-ਭਾਜਪਾ ਸਰਕਾਰ ਸਰਕਾਰੀ ਅਦਾਰਿਆਂ ਦੀਆਂ ਇਮਾਰਤਾਂ ਨੂੰ ਗਹਿਣੇ ਰੱਖ ਕੇ ਪੰਜਾਬ ਨੂੰ ਤਬਾਹੀ ਵੱਲ ਧੱਕ ਰਹੀ ਹੈ। ਕੈਪਟਨ ਨੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਵਧੀਕੀਆਂ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਸ ਲਈ ਹੁਣ ਸੱਤਾਧਾਰੀ ਗੱਠਜੋੜ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਵੇਲਾ ਆ ਗਿਆ ਹੈ। ਉਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਰਕਾਰੀ ਖ਼ਜ਼ਾਨਾ ਭਰਿਆ ਹੋਣ ਤੇ ਵਿੱਤੀ ਹਾਲਤ ਕਾਬੂ ਹੇਠ ਹੋਣ ਦੇ ਦਾਅਵੇ ਨੂੰ ਹਾਸੋਹੀਣਾ ਕਰਾਰ ਦਿੱਤਾ।

# ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜਨਗੇ ਜਥੇਦਾਰ ਕੁਲਦੀਪ ਸਿੰਘ ਵਡਾਲਾ

**ਜਲੰਧਰ:** ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਨੇ ਲੋਕ ਸਭਾ ਚੋਣ ਲਈ ਅਨੰਦਪੁਰ ਸਾਹਿਬ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਹੈ ਕਿ ਦੁਆਬੇ ਦੀਆਂ ਦੋਵੇਂ ਸੀਟਾਂ ਰਿਜ਼ਰਵ ਹਨ ਤੇ ਅਨੰਦਪੁਰ ਸਾਹਿਬ ਸੀਟ ਵਿਚ ਦੁਆਬੇ ਖੇਤਰ ਦੇ ਕਈ ਵਿਧਾਨ ਸਭਾ ਹਲਕੇ ਪੈਂਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਲੋਕਾਂ ਦੀਆਂ ਲੋੜਾਂ ਨਾਲ ਸਬੰਧਤ ਮੁੱਦੇ ਉਠਾਉਣ ਵਿਚ ਕੋਈ ਖਾਸ ਯੋਗਦਾਨ ਨਹੀਂ ਪਾ ਸਕੇ। ਇਸ ਲਈ ਇਹ ਮੁੱਦਾ ਸੰਸਦ ਵਿਚ ਉਠਾਉਣ ਦੀ ਲੋੜ ਹੈ ਤੇ ਉਹ ਸ੍ਰੀ ਅਨੰਦਪੁਰ ਸਾਹਿਬ ਤੋਂ ਚੋਣ ਲੜਨਗੇ ਤੇ ਚੋਣ ਜਿੱਤ ਕੇ ਮੁੱਦੇ ਲੋਕ ਸਭਾ ਵਿਚ ਉਠਾਉਣਗੇ।



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

**ਰਜਬ ਅਲੀ ਦੇ ਰੰਗ-7**



# ਨੀਤੀ ਦੇ ਕਬਿੱਤ-1

੧

ਨਾਮ ਨੂੰ ਸਵੇਰਾ ਚੰਗਾ,
ਸੰਤਾਂ ਨੂੰ ਡੇਰਾ ਚੰਗਾ,
ਚੋਰ ਨੂੰ ਹਨੇਰਾ ਚੰਗਾ,
ਜਿੱਥੇ ਕਿੱਥੇ ਲੁਕ ਜੇ।
ਜੁਆਈ ਭਾਈ ਸਾਊ ਚੰਗਾ,
ਪੁੱਤਰ ਕਮਾਊ ਚੰਗਾ,
ਟੱਬਰ ਸੰਗਾਊ ਚੰਗਾ,
ਝਿੜਕੇ ਤੋਂ ਰੁੱਕ ਜੇ।
ਇੱਕ ਗੋਤ ਖੇੜਾ ਚੰਗਾ,
ਖੇਤ ਲਾਉਣਾ ਗੇੜਾ ਚੰਗਾ,
ਜੰਗ 'ਚ ਨਬੇੜਾ ਚੰਗਾ,
ਜੇ ਕਲੇਸ਼ ਮੁੱਕ ਜੇ।
ਚੌਧਵੀਂ ਦਾ ਚੰਦ ਚੰਗਾ,
'ਬਾਊ' ਜੀ ਦਾ ਛੰਦ ਚੰਗਾ,
ਆਂਵਦਾ ਅਨੰਦ ਚੰਗਾ,
ਲਾਉਂਦਾ ਸੋਹਣੀ ਤੁੱਕ ਜੇ।

੨

ਨਹਿਰ ਨੂੰ ਵਰਮ ਚੰਗੀ,
ਚਾਹ ਛਕੀ ਗਰਮ ਚੰਗੀ,
ਬੇਟੀ ਨੂੰ ਸ਼ਰਮ ਚੰਗੀ,
ਜੂਤ ਪੈਂਦੇ ਰਹਿਣ ਗੋਲੇ ਨੂੰ।
ਗੁੜ ਚੰਗਾ ਮਹਿਰੇ ਨੂੰ,
ਸੁਜਾਗ ਚੰਗਾ ਪਹਿਰੇ ਨੂੰ,
ਮਸਾਲਾ ਚੰਗਾ ਟੈਰੇ ਨੂੰ,
ਬਨੌਲੇ ਚੰਗੇ ਖੋਲੇ ਨੂੰ।
ਨਗਰ ਅਬਾਦ ਤੇ
ਕਮਾਦ ਵਿਚ ਖਾਦ ਚੰਗਾ,
ਘਿਉ ਤੋਂ ਆਉਂਦਾ ਸੁਆਦ ਚੰਗਾ,
ਗਾਲਾਂ ਦਾ ਵਿਚੋਲੇ ਨੂੰ।
'ਬਾਊ ਜੀ' ਸਲਾਹੀ ਚੰਗਾ,
ਤੇ ਗੁੱਜਰ ਮਾਹੀ ਚੰਗਾ,
ਅੜਬ ਸਿਪਾਹੀ ਚੰਗਾ,
ਅੜਬਾਂ ਦੇ ਟੋਲੇ ਨੂੰ।

੩

ਲੋਕ ਨੇ ਵੈਰੀ ਬੁੱਧ ਦੇ,
ਬੁੜ੍ਹੀ ਨਾ ਲਾਹੁਣ ਦੁੱਧ ਦੇ,
ਅਗਰਵਾਲ ਯੁੱਧ ਦੇ,
ਕਦੇ ਨਾ ਨੇੜੇ ਢੁੱਕ ਦੇ।
ਘੋੜੀ ਨਾ ਪਿਛੋਂ ਲੰਘਣ ਦੇ,
ਸੂਰਾ ਨਾ ਅਗੋਂ ਖੰਘਣ ਦੇ,
ਬਿੱਪਰ ਸੰਗ ਭੰਗਣ ਦੇ,
ਰਹੇ ਨਾ ਨਾਲ ਰੁੱਕ ਦੇ।
ਕਾਜ਼ੀ ਨਾ ਪਾਸ ਗਾਉਣ ਦੇ,
ਨਾ ਖੰਘ ਵਾਲਾ ਸੌਣ ਦੇ,
ਕਵੀ ਨਾ ਸ਼ੋਰ ਪਾਉਣ ਦੇ,
ਸੂਮ ਨਾ ਘਰੋਂ ਟੁੱਕ ਦੇ।
ਸਖੀ ਨਾ ਜਾਣ ਖਾਲੀ ਦੇ,
ਨਾ 'ਰਜਬ ਅਲੀ' ਗਾਲੀ ਦੇ,
ਤੇ ਛੋਟੇ ਮੋਟੇ ਮਾਲੀ ਦੇ,
ਕਦੇ ਨ੍ਹੀਂ ਕੰਮ ਮੁੱਕਦੇ।

੪

ਨੀਚ ਸੇ ਪਿਆਰ ਹੋ ਜੇ,
ਨਾਰ ਬਦਕਾਰ ਹੋ ਜੇ,
ਬਾਲਕਾ ਬੀਮਾਰ ਹੋ ਜੇ,
ਉਹ ਨਾ ਰੋਣੋਂ ਥੰਮ੍ਹਦਾ।
ਗੇਹੂੰ 'ਚ ਪਿਆਜ਼ੀ ਹੋ ਜੇ,
ਬਾਣੀਆਂ ਲਿਹਾਜ਼ੀ ਹੋ ਜੇ,
ਭਾਈਆਂ 'ਚ ਨਰਾਜ਼ੀ ਹੋ ਜੇ,
ਹਰਜ ਕੁਟੰਬ ਦਾ।
ਕੁਣਕੇ 'ਚ ਗੰਢ ਤੇ ਗ੍ਰੰਥ ਵੱਲ ਕੰਡ ਹੋ ਜੇ,
ਕਪਾਹ ਜੇ ਕਰੰਡ ਹੋ ਜੇ,
ਨਾ ਵੜੇਵਾਂ ਜੰਮ ਦਾ।
'ਬਾਉ' ਦੀ ਬੇ ਰੋਅਬੀ ਹੋ ਜੇ,
ਤੇ ਨਿਸਾਰੂ ਗੋਭੀ ਹੋ ਜੇ,
ਤੇ ਫ਼ਕੀਰ ਲੋਭੀ ਹੋ ਜੇ,
ਉਹ ਨ੍ਹੀਂ ਰਹਿੰਦਾ ਕੰਮ ਦਾ।

੫

ਸੂਰਮੇ ਦੀ ਹਾਨੀ ਹੋ ਜੇ,
ਹੋਛਾ ਜੇ ਗਿਆਨੀ ਹੋ ਜੇ,
ਆਗੂ ਜੇ ਜ਼ਨਾਨੀ ਹੋ ਜੇ,
ਉਹ ਨਾ ਝੁੱਗੀ ਵੱਸਦੀ।
ਘਰ ਕਮਜ਼ੋਰ ਹੋ ਜੇ,
ਪੁੱਤਰ ਲੰਡੋਰ ਹੋ ਜੇ,
ਜੇ ਸਿਆਣੂ ਚੋਰ ਹੋ ਜੇ,
ਤਾਂ ਪੁਲਸ ਰੋਜ਼ ਧੱਸਦੀ।
ਮੌਤ ਜੇ ਵਿਆਹ 'ਚ ਹੋ ਜੇ,
ਮੀਂਹ-ਝੜੀ ਗਾਹ 'ਚ ਹੋ ਜੇ,
ਜੇ ਜੁਆਕ ਰਾਹ 'ਚ ਹੋ ਜੇ,
ਦੁੱਖੀਂ ਜਾਨ ਫੱਸਦੀ।
ਸੱਪ ਜੇ ਅਸੀਲ ਹੋ ਜੇ,
ਖ਼ਾਰਜ ਅਪੀਲ ਹੋ ਜੇ,
ਬੌਰੀਆ ਵਕੀਲ ਹੋ ਜੇ,
ਵੇਖ ਲੋਕੀ ਹੱਸਦੀ।

੬

ਲੱਤੋਂ ਲੰਙਾ ਬੈਲ ਹੋ ਜੇ,
ਬੁੜ੍ਹਾ ਬੇ-ਟਹਿਲ ਹੋ ਜੇ,
'ਫ਼ੀਮ ਦਾ ਜੇ ਵੈਲ ਹੋ ਜੇ,
ਐਦੂੰ ਦੁੱਖ ਕੋਈ ਨ੍ਹੀਂ।
ਕੋੜ੍ਹ ਦਾ ਜੇ ਦੁੱਖ ਹੋ ਜੇ,
'ਵਾ 'ਚ ਟੇਢਾ ਰੁੱਖ ਹੋ ਜੇ,
ਗੁਰੂ ਤੋਂ ਬੇ-ਮੁੱਖ ਹੋ ਜੇ,
ਦੋ ਜਹਾਨੀਂ ਢੋਈ ਨ੍ਹੀਂ।
ਨੀਤ 'ਚ ਫ਼ਰਕ
ਤੇ ਰਸੈਣ ਦਾ ਠਰਕ ਹੋ ਜੇ,
ਬੇੜੀ ਜੇ ਗ਼ਰਕ ਹੋ ਜੇ,
ਨਿੱਕਲੇ ਡਬੋਈ ਨ੍ਹੀਂ।
ਰਾਜੇ ਤੇ ਚੜ੍ਹਾਈ ਹੋ ਜੇ,
ਜੇ ਖ਼ਰਾਬ ਜੁਆਈ ਹੋ ਜੇ,
ਖਾੜੇ 'ਚ ਲੜਾਈ ਹੋ ਜੇ,
'ਬਾਊ' ਚੰਗੀ ਹੋਈ ਨ੍ਹੀਂ।

੭

ਕਾਜ਼ੀ ਤੋਂ ਹਰਾਮ ਹੋ ਜੇ,
ਬਹੂ ਘਰੋਂ ਲਾਮ੍ਹ ਹੋ ਜੇ,
ਪੈਂਚ ਬਦਨਾਮ ਹੋ ਜੇ,
ਉਹਨੂੰ ਪਿੰਡ ਮੰਨੇ ਨਾ।
ਫੱਟ ਵਿਚ ਰਾਧ ਹੋ ਜੇ,
ਘਰ ਬਰਬਾਦ ਹੋ ਜੇ,
ਖ਼ੁਸ਼ਕ ਕਮਾਦ ਹੋ ਜੇ,
ਉਹਦੇ ਸੁਆਦ ਗੰਨੇ ਨਾ।
ਮੱਲੜਾ ਅਯਾਸ਼ ਹੋ ਜੇ,
ਜੇ ਗਰਮ ਛਾਛ ਹੋ ਜੇ,
ਬੰਦਾ ਬਦਮਾਸ਼ ਹੋ ਜੇ,
ਉਹਤੋਂ ਭਲੀ ਬਨੇਂ ਨਾ।
ਬਿਨਾ ਨੰਬਰ ਨੋਟ,
ਅਹਿਲਕਾਰ ਤੇ ਰਪੋਟ,
ਤੇ ਬੰਨ੍ਹਾਈ ਵਿਚ ਟੋਟ,
ਹਰ ਇੱਕ 'ਬਾਬੂ' ਬੰਨ੍ਹੇ ਨਾ।

੮

ਸੋਗ ਵਿਚ ਹਾਸਾ ਮਾੜਾ,
ਸੁਆਲੀ ਗਿਆ ਨਿਰਾਸਾ ਮਾੜਾ,
ਕੂੜ ਦਾ ਦਿਲਾਸਾ
ਤੇ ਗੰਡਾਸਾ ਮਾੜਾ ਜੰਡੀ ਨੂੰ।
ਹਾਕਮਾਂ ਨੂੰ ਬੋਬਾ ਮਾੜਾ,
ਗਾਉਂ ਵਿਚਾਲੇ ਟੋਭਾ ਮਾੜਾ,
ਸਿਆਣੇ ਕਹਿੰਦੇ ਖੋਭਾ ਮਾੜਾ,
ਹਰਨੀ ਤਰੰਡੀ ਨੂੰ।
ਅੜੀਦਾਰ ਘੋੜਾ ਮਾੜਾ,
ਯਾਰ ਦਾ ਵਿਛੋੜਾ ਮਾੜਾ,
ਕਾਲਜੇ 'ਚ ਫੋੜਾ ਤੇ,
ਝੰਜੋੜਾ ਬੀਣੀਂ ਗੰਢੀ ਨੂੰ।
ਹਲਕੇ ਨੂੰ ਆਬ,
'ਬਾਬੂ' ਸੌਣ 'ਚ ਜੁਲਾਬ ਮਾੜਾ,
ਕਾਜ਼ੀ ਨੂੰ ਸ਼ਰਾਬ ਤੇ
ਬਰਸਾਤ ਮਾੜੀ ਮੰਡੀ ਨੂੰ।




# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-83



*ਬੱਗੀ ਦਾਹੜੀ ਦੇਖ ਕੇ ਨਾ ਬੁੱਢਾ ਮੰਨਿਉਂ,*
*ਗੇੜੀ ਲਾ ਕੇ ਆਵੇ ਲੁਧਿਆਣੇ ਖੰਨਿਉਂ।*
*'ਬਾਈਕ' ਉਤੇ ਕਰੇ ਸਾਡਾ ਬਾਬਾ ਯਾਤਰਾ*
*ਤੇੜ ਤੰਬੀ ਲਾ ਕੇ ਉਤੋਂ ਪਾਵੇ ਗਾਤਰਾ!*

## ਕੈਪਸ਼ਨ ਮੁਕਾਬਲਾ-81



ਰੁੱਖੀ ਮਿੱਸੀ ਖਾ ਕੇ
ਜੋ ਕਰਨ ਗੁਜ਼ਾਰੇ,
ਲੱਖ ਸਲਾਮਾਂ ਮੇਰੀਆਂ
ਕਿਰਤਾਂ ਦੇ ਵਣਜਾਰੇ।
ਕਿਰਤ ਕਮਾਈ ਕਰਦਿਆਂ
ਕੋਈ ਤੋਟ ਨਾ ਆਵੇ,
ਭਾਣੇ ਅੰਦਰ ਰਹਿੰਦਿਆਂ
ਜੋ ਸ਼ੁਕਰ ਮਨਾਵੇ।
*-ਗੁਰਦੇਵ ਸਿੰਘ ਵਿਰਦੀ, ਕੈਨੇਡਾ*
*ਫੋਨ: 226-345-7126*

ਸਾਲ ਛਿਮਾਹੀ ਪਿੰਡਾਂ ਦੇ ਵਿਚ
ਸੁਣੀ ਪਿੱਤਲ ਦੀ ਜਾਂਦੀ ਸੀ।
ਭਾਂਡੇ ਕਲੀ ਕਰਾ ਲੋ ਦੀ ਜਦ
ਅਵਾਜ਼ ਗਲੀ ਵਿਚ ਆਂਦੀ ਸੀ।
ਧੰਦੇ ਖਾ ਗਈ ਇਹ ਤਰੱਕੀ
ਪਿੱਤਲ ਦੀ ਬੇਕਦਰੀ ਹੋਈ।
ਮਿੱਠੀ ਜਿਹੀ ਹੁਣ ਹੇਕ ਪਿਆਰੀ
ਰੌਲ਼ੇ ਰੱਪੇ ਦੇ ਵਿਚ ਖੋਈ।
*-ਜਗਮੀਤ ਸਿੰਘ ਪੰਧੇਰ*

---

ਸਦੀ 20ਵੀਂ 'ਚ ਪਿੱਤਲ ਤੇ ਕਹੇ ਦੇ
ਭਾਂਡਿਆਂ ਦਾ ਕੀ ਸੀ ਕਹਿਣਾ।
ਕਲੀ ਕਰਕੇ ਪੁਰਾਣਾ ਬਰਤਨ
ਬਣ ਜਾਂਦਾ ਸੀ ਚਾਂਦੀ ਦਾ ਗਹਿਣਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

## ਕੈਪਸ਼ਨ ਮੁਕਾਬਲਾ-80

ਕੰਨ ਫੜ੍ਹਾ ਕੇ ਕੁਝ ਨਹੀਂ ਸੰਵਰਨਾ
ਨਾਲ ਸਲੀਕੇ ਰਾਹੇ ਪਾਈਏ।
ਬਦਲ ਸਕਦੇ ਹਾਂ ਤਕਦੀਰ ਪੱਥਰ ਦੀ
ਤਾਹੀਂਓਂ ਨਿਰਮਾਤਾ ਕੌਮ ਦੇ ਅਖਵਾਈਏ।
*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

---

ਗਰੀਬੀ ਸਾਨੂੰ ਰਹੀ ਏ ਮਾਰ
ਪੜ੍ਹਨ ਵਿਚ ਅਸੀਂ ਹੁਸ਼ਿਆਰ।
ਜੁੱਤੀ-ਵਰਦੀ ਕਿੱਥੋਂ ਆਵੇ
ਮਾਂ-ਪਿਓ ਸਾਡੇ ਦਿਹਾੜੀਦਾਰ।
ਮਾਹਟਰ ਕੰਨ ਫੜ੍ਹਾ ਮੁਰਗੇ ਬਣਾਵੇ
ਗਰੀਬੀ ਨੇ ਪੁਆਏ ਇਹ ਪੁਆੜੇ।
ਡੰਡੇ ਵੱਜਦੇ ਨਿੱਤ ਢੂਹੀ 'ਤੇ
ਕੱਢਣੇ ਪੈਂਦੇ ਮਾਹਟਰ ਜੀ ਦੇ ਹਾੜੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*

## ਠਾਕੁਰ ਦਲੀਪ ਸਿੰਘ ਦੇ ਸਾਥੀਆਂ ਵਿਰੁਧ ਕੇਸ ਦਰਜ

**ਲੁਧਿਆਣਾ:** ਠਾਕੁਰ ਉਦੇ ਸਿੰਘ ਤੇ ਮਾਤਾ ਚੰਦ ਕੌਰ ਪਤਨੀ ਸਵਰਗੀ ਡੇਰਾ ਮੁਖੀ ਜਗਜੀਤ ਸਿੰਘ ਦੀ ਸ਼ਾਨ ਖ਼ਿਲਾਫ਼ ਵੈੱਬਸਾਈਟ 'ਤੇ ਟਿੱਪਣੀ ਕਰਨ ਦੇ ਦੋਸ਼ ਵਿਚ ਠਾਕੁਰ ਦਲੀਪ ਸਿੰਘ ਦੇ ਨੇੜਲੇ ਇੰਟਰਨੈਸ਼ਨਲ ਨਾਮਧਾਰੀ ਸੰਗਤ ਦੇ ਪ੍ਰਧਾਨ ਨਵਤੇਜ ਸਿੰਘ ਤੇ ਬਚਿੱਤਰ ਸਿੰਘ ਨਾਮਧਾਰੀ ਖ਼ਿਲਾਫ਼ ਆਈ.ਟੀ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਨਾਮਧਾਰੀ ਸੁਰਿੰਦਰ ਸਿੰਘ ਚੇਅਰਮੈਨ ਕੂਕਾ ਮਾਰਟੀਅਰਜ਼ ਮੈਮੋਰੀਅਲ ਟਰੱਸਟ ਤੇ ਵਾਈਸ ਪ੍ਰੈਜ਼ੀਡੈਂਟ ਨਾਮਧਾਰੀ ਦਰਬਾਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਲਿਖਿਆ ਹੈ ਕਿ ਉਪਰੋਕਤ ਵਿਅਕਤੀਆਂ ਨੇ ਸੋਸ਼ਲ ਨੈੱਟਵਰਕਿੰਗ ਸਾਈਟ ਦੀ ਦੁਰਵਰਤੋਂ ਕਰਕੇ ਇਕ ਵਿਸ਼ੇਸ਼ ਧਾਰਮਿਕ ਵਰਗ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਕੇਸ ਬਾਰੇ ਨਵਤੇਜ ਸਿੰਘ ਨੇ ਹੈਰਾਨੀ ਪ੍ਰਗਟਾਈ ਕਿ ਉਨ੍ਹਾਂ ਨੂੰ ਅਖ਼ਬਾਰ ਪੜ੍ਹ ਕੇ ਹੀ ਪਤਾ ਲੱਗਾ ਹੈ ਕਿ ਉਨ੍ਹਾਂ ਉਪਰ ਕੇਸ ਦਰਜ ਕੀਤਾ ਗਿਆ ਹੈ।

ਯਾਦ ਰਹੇ ਕਿ ਦੋਹਾਂ ਧਿਰਾਂ ਵਿਚਕਾਰ ਗੱਦੀ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਅੰਮ੍ਰਿਤਸਰ ਵਿਚ ਤਾਂ ਇਹ ਵਿਵਾਦ ਖ਼ੂਨੀ ਟਕਰਾ ਵਿਚ ਵੀ ਬਦਲ ਗਿਆ ਸੀ।

# ਪੰਜਾਬ ਦੀ ਖਾਣ ਵਾਲੀ ਹਰ ਚੀਜ਼ ਵਿਚ ਮਿਲਾਵਟ!

### ਸਿਹਤ ਵਿਭਾਗ ਵੱਲੋਂ ਖੁਲਾਸਾ




**ਚੰਡੀਗੜ੍ਹ:** ਪੰਜਾਬ ਵਿਚ ਇਨ੍ਹੀਂ ਦਿਨੀਂ ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਦਾ ਧੰਦਾ ਜ਼ੋਰਾਂ 'ਤੇ ਹੈ। ਸੂਬੇ ਵਿਚ ਮਿਰਚ-ਮਸਾਲਿਆਂ ਤੋਂ ਲੈ ਕੇ ਦੇਸੀ ਘਿਓ ਤੱਕ ਸਭ ਵਿਚ ਮਿਲਾਵਟ ਦਰਜ ਕੀਤੀ ਗਈ ਹੈ ਜਿਸ ਦੇ ਚੱਲਦਿਆਂ ਸਰਕਾਰ ਨੇ ਸੂਬੇ ਵਿਚ ਵੱਡੇ ਪੱਧਰ 'ਤੇ ਮਿਲਾਵਟਖੋਰੀ ਨੂੰ ਅੰਜਾਮ ਦੇਣ ਵਾਲੇ 103 ਮਿਲਾਵਟਖੋਰਾਂ ਨੂੰ ਜੇਲ੍ਹ ਦੀ ਹਵਾ ਖਵਾਉਣ ਵਾਸਤੇ ਇਨ੍ਹਾਂ ਖ਼ਿਲਾਫ਼ ਅਦਾਲਤਾਂ ਵਿਚ ਕੇਸ ਦਾਇਰ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਖੁਲਾਸਾ ਸਿਹਤ ਵਿਭਾਗ ਦੇ ਖੁਰਾਕ ਵਿੰਗ ਦੀਆਂ ਤਾਜ਼ਾ ਰਿਪੋਰਟਾਂ ਵਿਚ ਹੋਇਆ ਹੈ।

ਸੂਬੇ ਵਿਚ ਮਿਰਚ, ਹਲਦੀ, ਜੀਰਾ, ਦਾਲਾਂ, ਦੇਸੀ ਘਿਓ, ਆਈਸਕ੍ਰੀਮ, ਬਰਫ਼ੀ, ਖਾਣਾ ਪਕਾਉਣ ਵਾਲੇ ਤੇਲ, ਸਰ੍ਹੋਂ ਦਾ ਤੇਲ ਤੇ ਦੁੱਧ ਦੇ ਨਮੂਨੇ ਪ੍ਰਯੋਗਸ਼ਾਲਾ ਵਿਚ ਜਾਂਚ ਦੌਰਾਨ ਲਗਾਤਾਰ ਫੇਲ੍ਹ ਹੋ ਰਹੇ ਹਨ। ਚਾਲੂ ਸਾਲ ਦੇ ਜਨਵਰੀ ਮਹੀਨੇ ਤੋਂ ਲੈ ਕੇ ਮਾਰਚ ਤੱਕ ਵਿਭਾਗ ਨੇ ਵੱਖ-ਵੱਖ ਜ਼ਿਲ੍ਹਿਆਂ ਵਿਚ ਖੁਰਾਕ ਪਦਾਰਥਾਂ ਦੇ 1412 ਨਮੂਨੇ ਲੈ ਕੇ ਜਦੋਂ ਉਨ੍ਹਾਂ ਦੀ ਪ੍ਰਯੋਗਸ਼ਾਲਾ ਵਿਚ ਜਾਂਚ ਕਰਵਾਈ ਤਾਂ ਉਨ੍ਹਾਂ ਵਿਚੋਂ 200 ਨਮੂਨਿਆਂ ਵਿਚ ਮਿਲਾਵਟ ਦਰਜ ਕੀਤੀ ਗਈ ਤੇ ਇਹ ਖੁਰਾਕ ਪਦਾਰਥ ਮਨੁੱਖੀ ਸਿਹਤ ਲਈ ਖ਼ਤਰਨਾਕ ਪਾਏ ਗਏ।

ਵਿਭਾਗ ਵੱਲੋਂ ਪਿਛਲੇ ਵਰ੍ਹੇ ਕਰਵਾਈ ਗਈ ਅਜਿਹੀ ਹੀ ਜਾਂਚ ਵਿਚ 578 ਨਮੂਨਿਆਂ ਵਿਚ ਮਿਲਾਵਟ ਦਰਜ ਕੀਤੀ ਗਈ ਸੀ ਤੇ ਸਾਲ 2011 ਵਿਚ ਵੀ ਖੁਰਾਕ ਪਦਾਰਥਾਂ ਦੇ 658 ਨਮੂਨੇ ਪ੍ਰਯੋਗਸ਼ਾਲਾ ਵਿਚ ਫੇਲ੍ਹ ਹੋ ਗਏ ਸਨ। ਸੂਤਰਾਂ ਮੁਤਾਬਕ ਮਿਲਾਵਟਖੋਰ ਅੱਜ-ਕੱਲ੍ਹ ਦੇਸੀ ਘਿਓ ਦੀ ਮਾਤਰਾ ਵਧਾਉਣ ਲਈ 'ਹਾਈਡ੍ਰੋਜਨੇਟਿਡ ਆਇਲ' ਦੀ ਖ਼ੂਬ ਵਰਤੋਂ ਕਰ ਰਹੇ ਹਨ ਤੇ ਮਿਲਾਵਟ ਮਗਰੋਂ ਦੇਸੀ ਘਿਓ ਦੀ ਖ਼ੁਸ਼ਬੂ ਕਾਇਮ ਰੱਖਣ ਲਈ ਉਸ ਵਿਚ ਖ਼ਾਸ ਫਲੇਵਰ ਪਾਇਆ ਜਾ ਰਿਹਾ ਹੈ।

ਸਰ੍ਹੋਂ ਦੇ ਤੇਲ ਵਿਚ ਚੌਲਾਂ ਦਾ ਤੇਲ, ਹਲਦੀ ਵਿਚ ਚੌਲਾਂ ਦਾ ਪਾਊਡਰ ਤੇ ਪੀਲੇ ਰੰਗ ਦੀ ਮਿਲਾਵਟ, ਮਿਰਚ ਵਿਚ ਵੀ ਚੌਲਾਂ ਦਾ ਪਾਊਡਰ ਤੇ ਰੰਗ ਦੀ ਮਿਲਾਵਟ ਦਰਜ ਕੀਤੀ ਗਈ ਹੈ। ਦੁੱਧ ਵਿਚ ਅੱਜ ਕੱਲ੍ਹ ਰਿਫਾਈਂਡ ਤੇਲ, ਸੋਇਆ ਪਾਊਡਰ, ਮਾਲਟੋਡੈਕਸਟੀਨ ਨਾਂ ਦਾ ਪਦਾਰਥ, ਕਾਰਬੋਨੇਟ, ਬਾਈਕਾਰਬੋਨੇਟ, ਸ਼ੁਕਰੋਜ਼, ਸਟਾਰਚ, ਨਮਕ, ਸ਼ੂਗਰ ਦੀ ਮਿਲਾਵਟ ਕੀਤੀ ਜਾ ਰਹੀ ਹੈ। ਖਾਣਾ ਪਕਾਉਣ ਵਾਲੇ ਤੇਲਾਂ ਵਿਚ ਸਸਤੇ ਤੇਲਾਂ ਦੀ ਮਿਲਾਵਟ ਦਰਜ ਕੀਤੀ ਜਾ ਰਹੀ ਹੈ।

ਆਈਸਕ੍ਰੀਮ ਵਿਚ ਤੈਅ ਮਾਤਰਾ ਤੋਂ ਘੱਟ ਫੈਟ ਪਾ ਕੇ ਪ੍ਰੋਟੀਨ ਤੇ ਹੋਰ ਤੱਤਾਂ ਦਾ ਸੰਤੁਲਨ ਵਿਗਾੜ ਦਿੱਤਾ ਜਾਂਦਾ ਹੈ। ਬਰਫ਼ੀ 'ਤੇ ਚਾਂਦੀ ਦੀ ਪਰਤ ਦੀ ਥਾਂ ਐਲੂਮੀਨੀਅਮ ਦੀਆਂ ਪਰਤਾਂ ਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਖਾਣਾ ਕੈਂਸਰ ਨੂੰ ਸੱਦਾ ਦੇਣਾ ਹੈ। ਸੂਤਰਾਂ ਇਹ ਵੀ ਦੱਸਿਆ ਕਿ ਕਈ ਥਾਂਈਂ ਦੁੱਧ-ਦਹੀਂ ਵਿਚ ਛਿਪਕਲੀਆਂ ਤੇ ਉਲੀ ਦੇ ਕੇਸ ਵੀ ਸਾਹਮਣੇ ਆਏ ਹਨ।

ਇਸ ਬਾਰੇ ਖੁਰਾਕ ਵਿੰਗ ਦੇ ਡਾਇਰੈਕਟਰ ਡਾ. ਐਚ.ਐਸ ਬਾਲੀ ਦਾ ਕਹਿਣਾ ਹੈ ਕਿ ਸਖ਼ਤ ਕਦਮ ਚੁੱਕਦਿਆਂ 103 ਮਿਲਾਵਟਖੋਰਾਂ ਨੂੰ ਸਜ਼ਾਵਾਂ/ਜੁਰਮਾਨੇ ਲਵਾਉਣ ਵਾਸਤੇ ਅਦਾਲਤਾਂ ਵਿਚ ਕੇਸ ਦਾਇਰ ਕਰਨ ਲਈ ਖੁਰਾਕ ਕਮਿਸ਼ਨਰ ਹੁਸਨ ਲਾਲ ਤੋਂ ਪ੍ਰਵਾਨਗੀ ਲੈ ਲਈ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਲਗਾਤਾਰ ਸੈਂਪਲ ਲੈ ਕੇ ਮਿਲਾਵਟਖੋਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ ਤੇ ਮਿਲਾਵਟਖੋਰੀ ਨੂੰ ਖ਼ਤਮ ਕਰਨ ਲਈ ਆਉਂਦੇ ਦਿਨੀਂ ਅਮਲੇ ਵਿਚ ਵਾਧਾ ਕਰਕੇ ਸਖ਼ਤ ਕਦਮ ਚੁੱਕੇ ਜਾ ਰਹੇ ਹਨ।

## ਬਾਦਲ ਗੁਜਰਾਤ ਦੇ ਕਿਸਾਨਾਂ ਬਾਰੇ ਦੱਸਣ: ਯੂ.ਕੇ.

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਯੂ.ਕੇ ਦੇ ਪ੍ਰਧਾਨ ਜਸਜੀਤ ਸਿੰਘ ਯੂ.ਕੇ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਬਾਦਲ ਦੇ ਦਿੱਲੀ ਇਕਾਈ ਦੇ ਆਗੂ ਪਿਛਲੇ ਡੇਢ ਸਾਲ ਤੋਂ ਰੌਲਾ ਪਾ ਰਹੇ ਹਨ ਕਿ ਉਨ੍ਹਾਂ ਦੀ ਪਾਰਟੀ ਦੇ ਕੌਮੀ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਰਿੰਦਰ ਮੋਦੀ ਨੂੰ ਕਹਿ ਕੇ ਗੁਜਰਾਤ ਦੇ ਕਿਸਾਨਾਂ ਦੇ ਉਜਾੜੇ 'ਤੇ ਰੋਕ ਲਵਾ ਦੇਣਗੇ ਪਰ ਹਾਲੇ ਤੱਕ ਅਜਿਹਾ ਕੁਝ ਨਹੀਂ ਹੋਇਆ।

ਉਨ੍ਹਾਂ ਮੰਗ ਕੀਤੀ ਕਿ ਬਾਦਲ ਦਲ ਨਰਿੰਦਰ ਮੋਦੀ 'ਤੇ ਦਬਾਅ ਪਾ ਕੇ ਗੁਜਰਾਤ ਸਰਕਾਰ ਵੱਲੋਂ ਸਿੱਖ ਕਿਸਾਨਾਂ ਖ਼ਿਲਾਫ਼ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਗਿਆ ਮੁਕੱਦਮਾ ਵਾਪਸ ਕਰਵਾਉਣ। ਜੇਕਰ ਮੋਦੀ ਤੇ ਭਾਜਪਾ ਦੀਆਂ ਫਿਰਕਾਪ੍ਰਸਤ ਨੀਤੀਆਂ ਜਾਰੀ ਰਹਿੰਦੀਆਂ ਹਨ ਤਾਂ ਮੋਦੀ ਦੀਆਂ ਮਿਨਤਾਂ ਕਰਨ ਦੀ ਬਜਾਏ, ਬਾਦਲ ਦਲ ਭਾਜਪਾ ਨਾਲੋਂ ਆਪਣਾ ਗਠਜੋੜ ਤੋੜ ਕੇ ਕਿਸਾਨਾਂ ਦੇ ਹੱਕ ਵਿਚ ਖੜ੍ਹਨ ਦੀ ਹਿੰਮਤ ਜੁਟਾਵੇ।

ਉਨ੍ਹਾਂ ਹਰਿਆਣਾ ਦੇ ਪਟੇਦਾਰ ਸਿੱਖ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ 'ਤੇ ਰੋਕ ਲਾਉਣ ਲਈ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਧੰਨਵਾਦ ਕੀਤਾ ਜਿਨ੍ਹਾਂ ਵਿਧਾਨ ਸਭਾ ਵਿਚ 'ਪੰਜਾਬ ਵਿਲੇਜ ਕਾਮਨ ਲੈਂਡਸ (ਰੈਗੂਲੇਸ਼ਨ) ਹਰਿਆਣਾ ਸੋਧ ਬਿਲ 2013' ਨੂੰ ਪਾਸ ਕਰਵਾ ਕੇ, ਸਿੱਖ ਕਿਸਾਨਾਂ ਦੀਆਂ ਦਿੱਕਤਾਂ ਨੂੰ ਸਮਾਪਤ ਕਰਵਾ ਦਿੱਤਾ। ਜਸਜੀਤ ਸਿੰਘ ਨੇ ਹੈਰਾਨੀ ਪ੍ਰਗਟ ਕੀਤੀ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਦੇ ਕਿਸਾਨਾਂ ਦੀ ਮਲਕੀਅਤ ਖ਼ਿਲਾਫ਼ ਫੈਸਲਾ ਦੇਣ ਦੇ ਬਾਵਜੂਦ ਹੁੱਡਾ ਸਰਕਾਰ ਨੇ ਕਿਸਾਨਾਂ ਨੂੰ ਜ਼ਮੀਨਾਂ ਮੁੜ 99 ਸਾਲ ਦੇ ਪਟੇ 'ਤੇ ਦਿੱਤੀਆਂ ਗਈਆਂ ਹਨ। ਦੂਜੇ ਪਾਸੇ, ਗੁਜਰਾਤ ਦੇ ਕਿਸਾਨਾਂ ਕੋਲ ਜ਼ਮੀਨਾਂ ਦੇ ਮਾਲਕਾਨਾ ਹੱਕ ਹੋਣ ਤੇ ਅਹਿਮਦਾਬਾਦ ਹਾਈ ਕੋਰਟ ਵੱਲੋਂ ਉਨ੍ਹਾਂ ਦੇ ਪੱਖ ਵਿਚ ਫੈਸਲਾ ਦੇਣ ਦੇ ਬਾਵਜੂਦ ਉਥੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਸਿੱਖ ਕਿਸਾਨਾਂ ਨੂੰ ਆਪਣੇ ਸੂਬੇ ਤੋਂ ਉਜਾੜਨਾ ਚਾਹੁੰਦੇ ਹਨ।

## ਮਾਓਵਾਦੀਆਂ ਨੇ ਸੁਰੱਖਿਆ ਏਜੰਸੀਆਂ ਦੇ ਹੋਸ਼ ਉਡਾਏ

**ਰਾਏਪੁਰ:** ਮਾਓਵਾਦੀਆਂ ਪਾਸੋਂ ਉੱਚ ਤਕਨੀਕੀ ਹਥਿਆਰਾਂ, ਅਸਲਾ ਤੇ ਯੰਤਰ ਬਰਾਮਦ ਹੋਣ ਮਗਰੋਂ ਸੁਰੱਖਿਆ ਏਜੰਸੀਆਂ ਦੇ ਹੋਸ਼ ਉੱਡ ਗਏ ਹਨ। ਜਿਹੋ ਜਿਹੇ ਹਥਿਆਰ ਤੇ ਯੰਤਰ ਹਾਲ ਹੀ ਦੌਰਾਨ ਮਾਓਵਾਦੀਆਂ ਤੋਂ ਬਰਾਮਦ ਹੋਏ ਹਨ, ਉਹ ਇਸ ਤੋਂ ਪਹਿਲਾਂ ਕਦੇ ਵੀ ਬਰਾਮਦ ਨਹੀਂ ਹੋਏ। ਸੁਰੱਖਿਆ ਏਜੰਸੀਆਂ ਨੂੰ ਲੱਗਦਾ ਹੈ ਕਿ ਮਾਓਵਾਦੀ ਹੁਣ ਆਪਣੀ ਲੜਾਈ ਨੂੰ ਆਪਣੇ ਪ੍ਰਭਾਵ ਹੇਠਲੇ ਇਲਾਕਿਆਂ ਵਿਚ ਹੋਰ ਮਜ਼ਬੂਤੀ ਨਾਲ ਲੜਨ ਲਈ ਤਕੜੀ ਤਕਨੀਕੀ ਤਿਆਰ ਕਰ ਚੁੱਕੇ ਹਨ।

ਨਕਸਲ ਅਪਰੇਸ਼ਨ ਦੇ ਏਡੀਜੀ ਆਰਕੇ ਵਿੱਜ ਨੇ ਦੱਸਿਆ ਹੈ ਕਿ ਬੀਤੇ ਦੋ ਸਾਲਾ ਵਿਚ ਮਹਾਰਾਸ਼ਟਰ ਦੇ ਰਾਜਨੰਦ ਰਾਓ ਜ਼ਿਲ੍ਹੇ ਵਿਚ ਮਾਓਵਾਦੀਆਂ ਦੀਆਂ ਛੁਪਣਗਾਹਾਂ ਤੋਂ ਵਿਦੇਸ਼ੀ ਤੇ ਦੇਸੀ, ਜਿਹੜੇ ਉੱਚ ਤਕਨੀਕੀ ਹਥਿਆਰ ਤੇ ਯੰਤਰ ਮਿਲੇ ਹਨ, ਉਨ੍ਹਾਂ ਤੋਂ ਉਹ ਫਿਕਰਮੰਦ ਹਨ। ਇਸ ਤੋਂ ਸਾਫ ਹੈ ਕਿ ਮਾਓਵਾਦੀ ਆਪਣੀ ਸੰਚਾਰ ਸਮਰਥਾ ਬਣਾ ਕੇ ਅਤਿਆਧੁਨਿਕ ਹਥਿਆਰਾਂ ਤੱਕ ਪਹੁੰਚ ਬਣਾ ਰਹੇ ਹਨ।

ਉਨ੍ਹਾਂ ਨਾਲ ਹੀ ਕਿਹਾ ਕਿ ਸੁਰੱਖਿਆ ਦਸਤੇ ਮਾਓਵਾਦੀਆਂ ਦੀ ਤਕਨੀਕ ਤੇ ਹਥਿਆਰਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ। ਮਾਓਵਾਦੀਆਂ ਕੋਲ ਇਹ ਸਭ ਕੁਝ ਪੁੱਜਣ ਬਾਰੇ ਉਨ੍ਹਾਂ ਦੱਸਿਆ ਕਿ ਕਾਫੀ ਹਥਿਆਰ ਤਾਂ ਉਨ੍ਹਾਂ ਨੇ ਸੁਰੱਖਿਆ ਦਸਤਿਆਂ ਪਾਸੋਂ ਲੁੱਟੇ ਹਨ ਪਰ ਬਹੁਤੇ ਹੋਰ ਥਾਵਾਂ ਤੋਂ ਪ੍ਰਾਪਤ ਹੋਏ ਹਨ, ਖੁਫੀਆ ਏਜੰਸੀਆਂ ਦੇ ਸੂਤਰਾਂ ਅਨੁਸਾਰ ਮਾਓਵਾਦੀਆਂ ਨੇ ਸੁਰੱਖਿਆ ਦਸਤਿਆਂ ਦੇ ਟਾਕਰੇ ਲਈ ਆਪਣੇ-ਆਪ ਨੂੰ ਸਮੇਂ ਦਾ ਹਾਣੀ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

## ਪੰਜਾਬ ਵੱਲੋਂ ਹਿਮਾਚਲ ਨੂੰ ਮੁਆਵਜ਼ਾ ਦੇਣ ਤੋਂ ਨਾਂਹ




**ਚੰਡੀਗੜ੍ਹ:** ਭਾਖੜਾ ਤੇ ਬਿਆਸ ਪ੍ਰਾਜੈਕਟਾਂ ਤੋਂ 1966 ਤੋਂ ਹਿਮਾਚਲ ਪ੍ਰਦੇਸ਼ ਨੂੰ ਘੱਟ ਬਿਜਲੀ ਸਪਲਾਈ ਦੇ ਮਾਮਲੇ 'ਤੇ ਕੇਂਦਰ ਵੱਲੋਂ ਪੰਜਾਬ ਤੇ ਹਰਿਆਣਾ ਵੱਲ ਕੱਢੀ 1497.39 ਕਰੋੜ ਰੁਪਏ ਦੀ ਮੁਆਵਜ਼ੇ ਦੀ ਰਕਮ ਦੇਣ ਤੋਂ ਦੋਵਾਂ ਸੂਬਿਆਂ ਨੇ ਇਨਕਾਰ ਕਰਦਿਆਂ ਦਾਅਵਾ ਕੀਤਾ ਹੈ ਕਿ ਸਗੋਂ ਹਿਮਾਚਲ ਵੱਲ ਉਨ੍ਹਾਂ ਦੀ 1,611.88 ਕਰੋੜ ਰੁਪਏ ਦੀ ਦੇਣਦਾਰੀ ਖੜ੍ਹੀ ਹੈ।

ਸੁਪਰੀਮ ਕੋਰਟ ਦੇ ਹੁਕਮਾਂ ਉਪਰ ਕੇਂਦਰ ਨੇ ਗਿਣਤੀ-ਮਿਣਤੀ ਕਰਕੇ ਪ੍ਰਾਜੈਕਟਾਂ ਤੋਂ ਬਿਜਲੀ ਦੀ ਸਪਲਾਈ ਬਾਰੇ ਪੰਜਾਬ ਤੇ ਹਰਿਆਣਾ ਵੱਲ 1,497.39 ਕਰੋੜ ਰੁਪਏ ਦੀ ਦੇਣਦਾਰੀ ਕੱਢੀ ਸੀ। ਸੁਪਰੀਮ ਕੋਰਟ ਦੇ ਬੈਂਚ ਅੱਗੇ ਅਡੀਸ਼ਨਲ ਸੋਲਿਸਟਰ ਜਨਰਲ ਮੋਹਨ ਜੈਨ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਨੇ ਕੇਂਦਰ ਵੱਲੋਂ ਕੀਤੀ ਗਿਣਤੀ-ਮਿਣਤੀ 'ਤੇ ਇਤਰਾਜ਼ ਪ੍ਰਗਟਾਇਆ ਹੈ ਤੇ ਕਿਹਾ ਹੈ ਉਨ੍ਹਾਂ ਦੀ ਨਹੀਂ ਸਗੋਂ ਹਿਮਾਚਲ ਵੱਲ ਦੇਣਦਾਰੀ ਬਣਦੀ ਹੈ।

ਦੋਵਾਂ ਰਾਜਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਹਿਮਾਚਲ ਵਿਚ ਪ੍ਰਾਜੈਕਟ ਉਸਾਰੇ ਹਨ ਤੇ ਉਨ੍ਹਾਂ ਨੇ ਇਸ ਵਾਸਤੇ ਵਿਆਜ ਉਪਰ ਕਰਜ਼ਾ ਚੁੱਕ ਕੇ ਫੰਡ ਜੁਟਾਏ। ਇਸ ਲਈ ਹਿਮਾਚਲ ਪ੍ਰਦੇਸ਼ ਉਨ੍ਹਾਂ ਨੂੰ 1,611.88 ਕਰੋੜ ਰੁਪਏ ਦੇਵੇ। ਇਸ 'ਤੇ ਬੈਂਚ ਨੇ ਕਿਹਾ ਕਿ ਜ਼ਿਰ੍ਹਾ ਤੋਂ ਸਾਫ ਹੈ ਕਿ ਹਰ ਕਿਸੇ ਨੂੰ ਸਿਰਫ ਆਪਣੀ ਪਈ ਹੈ। ਸੁਪਰੀਮ ਕੋਰਟ ਨੇ ਇਕ ਫੈਸਲੇ ਵਿਚ ਭਾਖੜਾ ਤੇ ਬਿਆਸ ਪ੍ਰਾਜੈਕਟਾਂ ਤੋਂ ਬਿਜਲੀ ਸਪਲਾਈ ਦੀ ਹਿੱਸੇਦਾਰੀ 2.5 ਫੀਸਦੀ ਤੋਂ ਵਧਾ ਕੇ 7.9 ਫੀਸਦ ਕਰ ਦਿੱਤੀ ਸੀ। ਨਾਲ ਹੀ ਕੇਂਦਰ ਨੂੰ ਕਿਹਾ ਸੀ ਕਿ ਉਹ 1966 ਤੋਂ ਘੱਟ ਬਿਜਲੀ ਸਪਲਾਈ ਨਾਲ ਹਿਮਾਚਲ ਨੂੰ ਪਏ ਘਾਟੇ ਦਾ ਮੁੱਲਾਂਕਣ ਕਰਕੇ ਦੱਸੇ ਕਿ ਉਸ ਨੂੰ ਕਿੰਨਾ ਨੁਕਸਾਨ ਹੋਇਆ ਹੈ।

## ਏਸ਼ੀਆ ਵਿਚ ਤੰਬਾਕੂ ਦੀ ਖ਼ਤਰਨਾਕ ਹੱਦ ਤੱਕ ਵਰਤੋਂ

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਸਥਾ ਅਨੁਸਾਰ ਦੱਖਣ-ਪੂਰਬੀ ਏਸ਼ੀਆ ਦੇ ਖੇਤਰ ਵਿਚ ਭਾਰਤ ਤੇ 10 ਹੋਰ ਦੇਸ਼ਾਂ ਵਿਚ 25 ਕਰੋੜ ਲੋਕ ਤੰਬਾਕੂ ਦੀ ਵਰਤੋਂ ਕਰਦੇ ਹਨ। ਸਿਹਤ ਸੰਸਥਾ ਅਨੁਸਾਰ ਇਸ ਖੇਤਰ ਵਿਚ ਇਹ ਗਿਣਤੀ ਕੌਮਾਂਤਰੀ ਪੱਧਰ ਦੀ 90 ਫੀਸਦੀ ਬਣਦੀ ਹੈ। ਵਿਸ਼ਵ ਸਿਹਤ ਸੰਸਥਾ ਨੇ ਕਿਹਾ ਕਿ ਇਸ ਖੇਤਰ ਵਿਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 250 ਕਰੋੜ ਹੋ ਗਈ ਹੈ।

ਤੰਬਾਕੂ ਵਰਤਣ ਵਾਲਿਆਂ ਦੀ ਵੱਡੀ ਗਿਣਤੀ ਦਿੰਦੇ ਹੋਏ ਤੇ ਤੰਬਾਕੂ ਵਰਤਣ ਨਾਲ ਸਿਹਤ ਨੂੰ ਹੁੰਦੇ ਗੰਭੀਰ ਨੁਕਸਾਨ ਕਾਰਨ ਇਨ੍ਹਾਂ ਦੇਸ਼ਾਂ ਨੇ ਮੌਜੂਦਾ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 30 ਪ੍ਰਤੀਸ਼ਤ ਤੱਕ ਘਟਾਉਣ ਦਾ ਟੀਚਾ ਮਿਥਿਆ ਹੈ। ਵਿਸ਼ਵ ਸਿਹਤ ਸੰਸਥਾ ਨੇ ਦੱਸਿਆ ਕਿ ਤੰਬਾਕੂ ਦੀ ਵਰਤੋਂ ਨਾਲ ਮੂੰਹ ਦੇ ਕੈਂਸਰ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਦੱਖਣੀ-ਪੂਰਬੀ ਏਸ਼ੀਆ ਵਿਚ ਸੰਸਾਰ ਵਿਚ ਸਭ ਤੋਂ ਵੱਧ 95000 ਤੋਂ ਜ਼ਿਆਦਾ ਕੇਸ ਹਰ ਸਾਲ ਮੂੰਹ ਦੇ ਕੈਂਸਰ ਦੇ ਪਾਏ ਜਾਂਦੇ ਹਨ। ਅਧਿਐਨ ਵਿਚ ਪਤਾ ਲੱਗਾ ਹੈ ਕਿ ਭਾਰਤ, ਇੰਡੋਨੇਸ਼ੀਆ, ਸ੍ਰੀਲੰਕਾ ਤੇ ਥਾਈਲੈਂਡ ਵਿਚ ਸਿਗਰਟਨੋਸ਼ੀ ਤੇ ਤੰਬਾਕੂ ਦੀ ਵਰਤੋਂ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਤੇ ਅਨਪੜ੍ਹ ਲੋਕਾਂ ਵਿਚ ਜ਼ਿਆਦਾ ਪ੍ਰਚਲਿਤ ਹੈ।

## ਮਾਨ ਵੱਲੋਂ ਲੋਕ ਸਭਾ ਚੋਣ ਨਾ ਲੜਨ ਦਾ ਐਲਾਨ

**ਮਾਨਸਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਲੋਕ ਸਭਾ ਚੋਣਾਂ ਲੜਨ ਤੋਂ ਪਾਸਾ ਵੱਟਣ ਦਾ ਫ਼ੈਸਲਾ ਕੀਤਾ ਹੈ।

ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚੋਣਾਂ ਲੜਨ ਤੋਂ ਅਸਮਰਥਾ ਪ੍ਰਗਟ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਦੇ ਜਥੇਦਾਰ ਹੀ ਚੋਣ ਲੜਨ ਤੋਂ ਕਿਨਾਰਾ ਕਰ ਰਹੇ ਹਨ ਤਾਂ ਉਹ ਕਿਸ ਤਰ੍ਹਾਂ ਚੋਣ ਲੜਨ ਦੀ ਗੱਲ ਕਰ ਸਕਦੇ ਹਨ।

ਸ. ਮਾਨ ਨੇ ਕਿਹਾ ਕਿ ਉਹ ਸੱਚੀ ਗੱਲ ਕਹਿਣ ਦੇ ਆਦੀ ਹਨ। ਉਨ੍ਹਾਂ ਮੰਨਿਆ ਕਿ ਉਨ੍ਹਾਂ ਦੀ ਪਾਰਟੀ ਇਸ ਸਮੇਂ ਕਮਜ਼ੋਰ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਾਰਟੀ ਚੋਣ ਨਹੀਂ ਲੜੇਗੀ ਪਰ ਉਹ ਅਣਖ ਦਾ ਪੱਲਾ ਨਹੀਂ ਛੱਡਣਗੇ।

## ਗਦਰੀ ਬਾਬਿਆਂ ਦੇ ਵਾਰਸਾਂ ਦੀ ਖੱਜਲ ਖੁਆਰੀ ਜਾਰੀ

**ਚੰਡੀਗੜ੍ਹ:** ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਤੋਂ ਬਾਅਦ ਪੰਜਾਬ ਨਾਲ ਸਬੰਧਤ ਤਿੰਨ ਹੋਰ ਦੇਸ਼ ਭਗਤਾਂ ਦੇ ਕਾਨੂੰਨੀ ਵਾਰਸਾਂ ਨੂੰ ਬਰਤਾਨਵੀ ਸਾਮਰਾਜ ਵੇਲੇ ਕੁਰਕ ਹੋਈਆਂ ਜ਼ਮੀਨਾਂ ਤੇ ਮੁਆਵਜ਼ੇ ਮਿਲ ਗਏ ਹਨ ਪਰ ਪੰਜਾਬ ਸਰਕਾਰ ਦੀ ਇਸ ਅਹਿਮ ਮੁੱਦੇ ਪ੍ਰਤੀ ਬੇਰੁਖ਼ੀ ਅਜੇ ਵੀ ਬਰਕਰਾਰ ਹੈ ਕਿਉਂਕਿ ਹੁਣ ਵੀ ਸਰਕਾਰ ਦੋ ਹੋਰ ਦੇਸ਼ ਭਗਤਾਂ ਬਾਰੇ ਕੋਈ ਠੋਸ ਰਿਕਾਰਡ ਨਾ ਪ੍ਰਾਪਤ ਹੋਣ ਦਾ ਹਵਾਲਾ ਦੇ ਕੇ ਉਨ੍ਹਾਂ ਦੀਆਂ ਅੰਗਰੇਜ਼ਾਂ ਵੱਲੋਂ ਜ਼ਬਤ ਕੀਤੀਆਂ ਜ਼ਮੀਨਾਂ ਮੋੜਨ ਤੋਂ ਕੰਨੀ ਕਤਰਾ ਰਹੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਬਾਰੇ ਵਕੀਲ ਮਲਵਿੰਦਰਜੀਤ ਸਿੰਘ ਵੜੈਚ ਵੱਲੋਂ ਪਾਈਆਂ 2010 ਤੇ 2011 ਦੀਆਂ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਬਾਰੇ ਹੋਰ ਖੋਜ ਕਰਨ ਵਾਸਤੇ 16 ਦਸੰਬਰ ਤੱਕ ਦਾ ਸਮਾ ਦਿੱਤਾ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਨੂੰ ਜਾਣੂ ਕਰਵਾਇਆ ਗਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਗਤਪੁਰੇ ਦੇ ਸ਼ਹੀਦ ਕਾਲਾ ਸਿੰਘ ਉਰਫ਼ ਪ੍ਰੀਤਮ ਸਿੰਘ, ਅੰਮ੍ਰਿਤਸਰ ਦੇ ਹੀ ਸ਼ਹੀਦ ਖ਼ੁਸ਼ਹਾਲ ਸਿੰਘ (ਚੱਬਾ



ਡਕੈਤੀ ਕੇਸ) ਪੁੱਤਰ ਸੁਚੇਤ ਸਿੰਘ ਤੇ ਇਸ ਵੇਲੇ ਫਤਹਿਗੜ੍ਹ ਸਾਹਿਬ ਇਲਾਕੇ ਨਾਲ ਸਬੰਧਤ ਦੇਸ਼ ਭਗਤ ਚੂਹੜ ਸਿੰਘ ਦੇ ਕਾਨੂੰਨੀ ਵਾਰਸਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਜਾਂ ਇਨ੍ਹਾਂ ਦੇ ਇਵਜ਼ ਵਿਚ ਅੱਜ ਦੇ ਭਾਅ 'ਤੇ ਮੁਆਵਜ਼ਾ ਰਕਮ ਦਿੱਤੀ ਜਾ ਚੁੱਕੀ ਹੈ ਪਰ ਦੋ ਹੋਰ ਦੇਸ਼ ਭਗਤਾਂ ਪੰਜਾਬ ਸਿੰਘ ਤੇ ਵਜ਼ੀਰ ਸਿੰਘ ਦੇ ਕੇਸ ਵਿਚ ਸੰਗਰੂਰ ਦੇ ਡੀ.ਸੀ ਤੇ ਸਬੰਧਤ ਮਹਿਕਮੇ ਦੇ ਸਟਾਫ਼ ਵੱਲੋਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਇਹ ਨਹੀਂ ਪਤਾ ਲਾਇਆ ਜਾ ਸਕਿਆ ਕਿ ਇਨ੍ਹਾਂ ਦੀਆਂ ਜ਼ਮੀਨਾਂ ਅੰਗਰੇਜ਼ ਸਰਕਾਰ ਵੱਲੋਂ ਕਿਵੇਂ ਤੇ ਕਿਉਂ ਕੁਰਕ ਕੀਤੀਆਂ ਗਈਆਂ ਸਨ। ਸੀਨੀਅਰ ਵਕੀਲ ਮਲਵਿੰਦਰਜੀਤ ਸਿੰਘ ਵੜੈਚ ਨੇ ਦੋ ਦੇਸ਼ ਭਗਤਾਂ ਦੀਆਂ ਜ਼ਮੀਨਾਂ ਮੋੜੇ ਜਾਣ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਅਪਣਾਏ ਨਾਂਹ ਪੱਖੀ ਰਵੱਈਏ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਕਿਹਾ ਜਿਨ੍ਹਾਂ ਪੰਜਾਬ ਸਿੰਘ ਤੇ ਵਜ਼ੀਰ ਸਿੰਘ ਬਾਰੇ ਪੰਜਾਬ ਸਰਕਾਰ ਇਹ ਕਹਿ ਕੇ ਪੱਲਾ ਝਾੜ ਰਹੀ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਕਿਵੇਂ ਤੇ ਕਿਉਂ ਕੁਰਕ ਕੀਤੀਆਂ ਗਈਆਂ, ਉਨ੍ਹਾਂ ਖ਼ਿਲਾਫ਼ ਬਰਤਾਨਵੀ ਪੁਲਿਸ ਵੱਲੋਂ ਕੀਤੀਆਂ ਕਾਰਵਾਈਆਂ ਦਾ ਪੂਰਾ ਰਿਕਾਰਡ ਜੀਂਦ ਰਿਆਸਤ ਦੇ ਬਖ਼ਸ਼ੀਖਾਨੇ ਦੀ ਮਾਰਫ਼ਤ ਉਨ੍ਹਾਂ ਕੋਲ ਹੈ।

# ਮਿਸਰ ਦਾ ਰਾਜ ਪਲਟਾ: ਕੁਝ ਸਵਾਲ

ਮਿਸਰ 'ਚ ਹੋਏ ਰਾਜ ਪਲਟੇ ਅਤੇ ਫੌਜ ਵੱਲੋਂ ਕੀਤੇ ਕਤਲੇਆਮ ਨੂੰ ਦੇਖ ਕੇ ਦੁਨੀਆਂ ਭਰ ਦੇ ਲੋਕ ਦੰਗ ਰਹਿ ਗਏ ਹਨ। ਅਜੇ ਦੋ ਸਾਲ ਪਹਿਲਾਂ ਹੀ ਇਕ ਤੋਂ ਬਾਅਦ ਦੂਜੇ ਮੁਲਕ 'ਚ ਉਠੀ ਲੋਕ ਹਨੇਰੀ ਨੇ ਨਾ ਸਿਰਫ ਪਿਛਾਖੜੀ ਅਰਬ ਸਰਕਾਰਾਂ ਨੂੰ ਵਖਤ ਪਾਇਆ ਸੀ, ਸਗੋਂ ਬਿਹਤਰ ਜ਼ਿੰਦਗੀ ਲਈ ਜੂਝ ਰਹੇ ਸੰਸਾਰ ਭਰ ਦੇ ਲੋਕਾਂ ਨੂੰ ਵੀ ਉਤਸ਼ਾਹ ਅਤੇ ਬਲ ਬਖਸ਼ਿਆ ਸੀ। ਮਿਸਰੀ ਲੋਕਾਂ ਦੀ ਏਕਤਾ ਅਤੇ ਜਬਤ ਵਾਲੇ ਘੋਲ ਨੇ 35 ਸਾਲ ਤੋਂ ਗੱਦੀ 'ਤੇ ਬਿਰਾਜਮਾਨ ਬਹੁਤ



**ਪਰਮਜੀਤ ਰੋਡੇ**
ਫੋਨ: 510-258-5878

ਸ਼ਕਤੀਸ਼ਾਲੀ ਤੇ ਜਾਬਰ ਹਾਕਮ ਹੋਸਨੀ ਮੁਬਾਰਕ ਨੂੰ ਤਾਂ ਗੱਦੀਉਂ ਲਾਹਿਆ ਹੀ ਸੀ, ਨਾਲ ਹੀ ਹੋਰ ਜਾਲਮ ਹਾਕਮਾਂ ਨੂੰ ਵੀ ਫਿਕਰ ਪਾ ਦਿੱਤਾ ਸੀ ਕਿ ਕਿਧਰੇ ਇਹ ਸ਼ਾਨੋਮੱਤੀ ਲਹਿਰ ਕਿਸੇ ਬਕਾਇਦਾ ਰੁਝਾਨ ਦੀ ਝੰਡਾ ਬਰਦਾਰ ਨਾ ਬਣ ਜਾਵੇ!

ਮਿਸਰੀ ਲੋਕਾਂ ਦੀ ਇਸ ਵਿਸ਼ਾਲ ਲਹਿਰ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਸੀ ਕਿ ਉਹ ਹਕੂਮਤ ਅਤੇ ਰਾਜ ਦਾ ਜਮਾਤੀ ਖਾਸਾ ਸਮਝਣ 'ਚ ਨਾਕਾਮ ਰਹੀ। ਲੋਕਾਂ 'ਚ ਆਜ਼ਾਦੀ ਲਈ ਤਾਂਘ ਅਤੇ ਤੀਬਰ ਇੱਛਾ ਦੇ ਬਾਵਜੂਦ ਲਹਿਰ ਕੋਲ ਇਸ ਇੱਛਾ ਤੇ ਤਾਂਘ ਨੂੰ ਸਾਕਾਰ ਕਰਨ ਵਾਲਾ, ਲਹਿਰ ਦੇ ਹਾਣ ਦਾ ਕੋਈ ਸਾਵਾਂ ਤੇ ਸੁਚੱਜਾ ਪ੍ਰੋਗਰਾਮ ਨਹੀਂ ਸੀ। ਸਿਰਫ ਹੋਸਨੀ ਮੁਬਾਰਕ ਤੋਂ ਛੁਟਕਾਰੇ ਅਤੇ ਚੋਣਾਂ ਨੂੰ ਹੀ ਸਭ ਕੁਝ ਸਮਝ ਲਿਆ ਗਿਆ।

ਚੋਣਾਂ ਹੋਈਆਂ ਤਾਂ ਮੁਸਲਿਮ ਬ੍ਰਦਰਹੁੱਡ ਦੇ ਨੁਮਾਇੰਦੇ ਵੱਡੀ ਬਹੁਗਿਣਤੀ 'ਚ ਚੋਣਾਂ ਜਿੱਤ ਕੇ ਸਰਕਾਰ 'ਤੇ ਕਾਬਜ਼ ਹੋ ਗਏ। ਇਹ ਠੀਕ ਹੈ ਕਿ ਮੁਸਲਿਮ ਬ੍ਰਦਰਹੁੱਡ ਦਾ ਮਿਸਰ ਦੀ ਗਰੀਬ ਜਨਤਾ 'ਚ ਆਧਾਰ ਹੈ ਪਰ ਇਤਿਹਾਸਕ ਤੌਰ 'ਤੇ ਵੇਲਾ ਵਿਹਾ ਚੁੱਕੀ ਫਿਰਕਾਪ੍ਰਸਤ ਵਿਚਾਰਧਾਰਾ ਦੀ ਧਾਰਨੀ ਹੋਣ ਕਰ ਕੇ ਇਸ ਤੋਂ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਦੀ ਆਸ ਨਹੀਂ ਸੀ ਰੱਖੀ ਜਾ ਸਕਦੀ। ਸੋ, ਮੁਰਸੀ ਸਰਕਾਰ ਨੇ ਲੋਕਾਂ ਦੇ ਬੁਨਿਆਦੀ ਹਿੱਤਾਂ, ਲੋੜਾਂ ਅਤੇ ਆਜ਼ਾਦੀ ਦੀ ਮੰਗ ਨੂੰ ਸੰਬੋਧਤ ਹੋਣ ਦੀ ਬਜਾਏ ਆਪਣੀ ਫਿਤਰਤ ਮੁਤਾਬਕ ਇਸਲਾਮਿਕ ਏਜੰਡਾ ਸਾਹਮਣੇ ਲੈ ਆਂਦਾ। ਸਿੱਟਾ ਕੀ ਨਿਕਲਿਆ, ਲੋਕਾਂ ਦਾ ਖਾਸ ਕਰ ਕੇ ਗੈਰ-ਇਸਲਾਮੀ ਲੋਕਾਂ ਦਾ ਮੁਰਸੀ ਸਰਕਾਰ ਤੋਂ ਮੋਹ-ਭੰਗ ਹੋ ਗਿਆ।

ਅਮਰੀਕੀ ਹਕੂਮਤ, ਮਿਸਰ ਦੀ ਫੌਜ ਅਤੇ ਇਸਰਾਈਲ, ਇਨ੍ਹਾਂ ਤਿੰਨਾਂ ਦਾ ਗੱਠਜੋੜ ਮੁਰਸੀ ਸਰਕਾਰ ਤੋਂ ਪਹਿਲਾਂ ਹੀ ਨਾ-ਖੁਸ਼ ਸੀ; ਖਾਸ ਕਰ ਕੇ ਇਰਾਨ ਨਾਲ ਵਧ ਰਹੀ ਨੇੜਤਾ ਅਤੇ ਇਸਰਾਈਲ ਨਾਲ ਰਿਸ਼ਤੇ 'ਚ ਵਰਤੀ ਠੰਢ ਉਨ੍ਹਾਂ ਤੋਂ ਸਹਿਣ ਨਹੀਂ ਸੀ ਹੋ ਰਹੀ। ਲੋਕਾਂ ਦੀ ਵਿਸ਼ੇਸ਼ ਤੌਰ 'ਤੇ ਗੈਰ-ਇਸਲਾਮੀ ਜਨਤਾ ਦੀ, ਮੁਰਸੀ ਸਰਕਾਰ ਪ੍ਰਤੀ ਬਦਜਨੀ ਉਨ੍ਹਾਂ ਲਈ ਨਿਆਮਤ ਬਣ ਕੇ ਬਹੁੜੀ। ਢੁਕਵਾਂ ਮੌਕਾ ਦੇਖ, ਫੌਜ ਨੇ ਰਾਜ ਪਲਟਾ ਕਰ ਕੇ ਹਕੂਮਤ ਖੁਦ ਸਾਂਭ ਲਈ। ਬਾਹਰਲੇ ਸੰਸਾਰ ਨੂੰ ਇਹ ਦੱਸਿਆ ਗਿਆ ਕਿ ਮਿਸਰੀ ਸੁਸਾਇਟੀ ਦੇ ਦੋ ਧੜੇ ਇਸਲਾਮਿਕ ਅਤੇ ਗੈਰ-ਇਸਲਾਮਿਕ, ਇਕ-ਦੂਜੇ ਦੇ ਖੂਨ ਦੇ ਪਿਆਸੇ ਹੋ ਚੁੱਕੇ ਸਨ। ਜੇ ਫੌਜ ਦਖਲ ਨਾ ਦਿੰਦੀ ਤਾਂ ਲੋਕਾਂ ਨੇ ਆਪਸ 'ਚ ਵੱਢ ਮਰਨਾ ਸੀ; ਫੌਜ ਨੇ ਤਾਂ ਮੌਕੇ ਸਿਰ ਦਖਲ ਦੇ ਕੇ ਹਾਲਾਤ ਨੂੰ ਵਿਗੜਨ ਤੋਂ ਬਚਾ ਲਿਆ। ਉਸ ਤੋਂ ਬਾਅਦ 1000 ਤੋਂ ਵੱਧ ਨਿਹੱਥੇ ਅਤੇ ਬੇਕਸੂਰ ਲੋਕਾਂ ਦੇ ਕਤਲੇਆਮ ਨੂੰ ਬੜੀ ਹੀ ਢੀਠਤਾਈ ਨਾਲ 'ਲਾਅ ਐਂਡ ਆਰਡਰ' ਦਾ ਮਸਲਾ ਬਣਾ ਕੇ ਪੇਸ਼ ਕੀਤਾ ਗਿਆ ਪਰ ਸੱਚਾਈ ਇਹ ਹੈ ਕਿ ਰਾਜ ਪਲਟਾ ਅਤੇ ਕਤਲੇਆਮ ਸਾਜ਼ਿਸ਼ ਦਾ ਹਿੱਸਾ ਸੀ; ਲੋਕ ਤਾਂ ਸਿਰਫ ਵਰਤੇ ਗਏ ਹਨ।

ਮਸ਼ਹੂਰ ਅਖਬਾਰ 'ਵਾਲ ਸਟਰੀਟ ਜੌਰਨਲ' ਨੇ ਭੇਤ ਖੋਲ੍ਹਿਆ ਕਿ ਮੁਹੰਮਦ ਮੁਰਸੀ ਨੂੰ ਗੱਦੀਉਂ ਲਾਂਭੇ ਕਰਨ ਤੋਂ ਪਹਿਲਾਂ, ਪਿਛਲੇ ਕਈ ਮਹੀਨਿਆਂ ਤੋਂ ਫੌਜ ਦੇ ਚੋਟੀ ਦੇ ਜਰਨੈਲ, ਮੁਰਸੀ ਵਿਰੋਧੀ ਧਿਰ ਨਾਲ ਮੀਟਿੰਗਾਂ ਕਰ ਰਹੇ ਸਨ। ਨੀਲ ਦੇ ਕੰਢੇ ਆਫੀਸਰ ਕਲੱਬ ਬੰਗਲਿਆਂ 'ਚ ਹੋਈਆਂ ਮੀਟਿੰਗਾਂ ਦਾ ਸੁਨੇਹਾ ਸਾਫ ਸੀ ਕਿ ਜੇ (ਮੁਰਸੀ) ਵਿਰੋਧੀ ਧਿਰ ਵੱਡੀ ਗਿਣਤੀ 'ਚ ਲੋਕਾਂ ਨੂੰ ਸੜਕਾਂ 'ਤੇ ਲੈ ਆਵੇ ਤਾਂ ਫੌਜ ਮੁਰਸੀ ਨੂੰ ਗੱਦੀਉਂ ਲਾਂਭੇ ਕਰ ਦੇਵੇਗੀ। ਇਸੇ ਤਰ੍ਹਾਂ ਹੀ ਹੋਇਆ। 30 ਜੂਨ ਨੂੰ ਲੱਖਾਂ ਲੋਕ ਸੜਕਾਂ 'ਤੇ ਆ ਨਿਕਲੇ ਅਤੇ ਤਿੰਨ ਦਿਨ ਬਾਅਦ 3 ਜੁਲਾਈ ਨੂੰ ਰਾਜ ਪਲਟਾ ਕਰ ਦਿੱਤਾ ਗਿਆ।

ਇਕ ਹੋਰ ਭੇਤ: 'ਨਿਊ ਯਾਰਕ ਟਾਈਮਜ਼' ਅਖਬਾਰ ਨੇ ਆਪਣੇ ਲੇਖੇ-ਜੋਖੇ 'ਚ ਦੱਸਿਆ ਕਿ ਅਮਰੀਕਾ ਨੇ ਆਪਣੇ ਇਕ ਏਲਚੀ ਅਰਬੀ ਵਿਦੇਸ਼ ਮੰਤਰੀ ਰਾਹੀਂ ਮੁਹੰਮਦ ਮੁਰਸੀ ਨੂੰ ਪੇਸ਼ਕਸ਼ ਕੀਤੀ ਕਿ ਉਹ ਰਾਜਸੱਤਾ ਨਵੇਂ ਪ੍ਰਧਾਨ ਮੰਤਰੀ ਅਤੇ ਕੈਬਿਨਟ ਨੂੰ ਸੌਂਪ ਕੇ ਆਪ ਗੱਦੀਉਂ ਲਾਂਭੇ ਹੋ ਜਾਵੇ ਪਰ ਮੁਰਸੀ ਨੇ ਇਨਕਾਰ ਕਰ ਦਿੱਤਾ ਅਤੇ ਇਸ ਦੀ ਇਤਲਾਹ ਆਪਣੇ ਵਿਦੇਸ਼ ਪਾਲਿਸੀ ਅਡਵਾਈਜ਼ਰ ਇਸਾਮ-ਇਲ-ਹਦਾਦ ਰਾਹੀਂ ਅਮਰੀਕੀ ਰਾਜਦੂਤ ਐਨੀ ਪੀਟਰਸਨ ਅਤੇ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਸੂਜ਼ਨ ਰਾਈਸ ਤੱਕ ਪਹੁੰਚਾ ਦਿੱਤੀ। ਫੋਨ ਕਾਲ ਤੋਂ ਬਾਅਦ ਇਲ-ਹਦਾਦ ਨੇ ਕਿਹਾ ਕਿ ਮਾਂ (ਅਮਰੀਕਾ) ਨੇ ਸਾਨੂੰ ਕਿਹਾ ਕਿ ਅਸੀਂ ਆਪਣੀ ਖੇਡ ਇਕ ਘੰਟੇ ਦੇ ਵਿਚ ਵਿਚ ਬੰਦ ਕਰ ਦੇਈਏ। ਸਪੱਸ਼ਟ ਹੈ ਕਿ ਰਾਜ ਪਲਟੇ ਨਾਲ ਜੁੜੇ ਘਟਨਾਕ੍ਰਮ 'ਚ ਅਮਰੀਕਾ ਪੂਰੀ ਤਰ੍ਹਾਂ ਸ਼ਾਮਲ ਸੀ। ਇਹ ਜ਼ਰੂਰੀ ਨਹੀਂ ਕਿ ਮਿਸਰ ਦੀ ਫੌਜੀ ਜੁੰਡਲੀ ਨੇ ਹਰ ਕੰਮ ਅਮਰੀਕਾ ਤੋਂ ਪੁੱਛ-ਪੁੱਛ ਕੇ ਕੀਤਾ ਹੋਵੇ ਪਰ ਜੇ ਰਾਜ ਪਲਟੇ ਅਤੇ ਕਤਲੇਆਮ ਨਾਲ ਜੁੜੇ ਤੱਥਾਂ ਨੂੰ ਵਾਚਣਾ ਹੋਵੇ ਤਾਂ ਅਮਰੀਕਾ ਦੀਆਂ ਉਂਗਲਾਂ ਦੇ ਨਿਸ਼ਾਨ ਸਾਫ ਦਿਖਾਈ ਦੇਣਗੇ।

ਮਿਸਰ 'ਚ ਮਾਤਮ ਛਾਇਆ ਹੋਇਆ ਹੈ। ਮੁਸਲਿਮ ਬ੍ਰਦਰਹੁੱਡ ਦੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਅਤੇ ਉਨ੍ਹਾਂ ਉਤੇ ਤਸ਼ੱਦਦ ਜਾਰੀ ਹੈ। ਫੌਜ ਅਤੇ ਸੂਹੀਆ ਪੁਲਿਸ ਨੇ ਸਹਿਮ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਨਿੱਜੀ ਆਜ਼ਾਦੀਆਂ ਦਾ ਨਾਮ ਨਿਸ਼ਾਨ ਨਹੀਂ, ਹਰ ਕੰਮ ਬੰਦੂਕ ਦੀ ਨੋਕ 'ਤੇ ਹੋ ਰਿਹਾ ਹੈ। ਪੁਰਾਣਾ ਜਾਬਰ ਹਾਕਮ ਮੁਬਾਰਕ ਜੇਲ੍ਹ 'ਚੋਂ ਬਾਹਰ ਆ ਚੁੱਕਾ ਹੈ। ਹਾਲਾਤ 2011 ਦੇ ਹਾਲਾਤ ਤੋਂ ਵੀ ਬਦਤਰ ਹਨ। ਉਲਟਾ ਕਿਹਾ ਜਾ ਰਿਹਾ ਹੈ ਕਿ ਮਿਸਰ ਦੇ ਲੋਕ ਫੌਜ ਦੇ ਨਾਲ ਹਨ ਜਿਵੇਂ ਮੁਰਸੀ ਦੀ ਬਹਾਲੀ ਲਈ ਗੋਲੀਆਂ ਸਾਹਮਣੇ ਛਾਤੀਆਂ ਤਾਨਣ ਵਾਲੇ ਲੋਕ ਮਿਸਰੀ ਨਾ ਹੋ ਕੇ ਬਾਹਰਲੇ ਬਾਸ਼ਿੰਦੇ ਹੋਣ!

ਮਿਸਰ ਨੌਂ ਕਰੋੜ ਦੀ ਅਬਾਦੀ ਅਤੇ ਸ਼ਕਤੀਸ਼ਾਲੀ ਫੌਜ ਵਾਲਾ ਵੱਡਾ ਮੁਲਕ ਹੈ। ਮਿਸਰ 'ਚ ਜੋ ਕੁਝ ਵਾਪਰਿਆ ਅਤੇ ਵਾਪਰ ਰਿਹਾ ਹੈ, ਉਸ ਨੂੰ ਹਰ ਵੰਨਗੀ ਦੀਆਂ ਸਿਆਸੀ ਤਾਕਤਾਂ ਬਹੁਤ ਨੇੜਿਉਂ ਵਾਚ ਰਹੀਆਂ ਹਨ ਕਿਉਂਕਿ ਇਸ ਨੇ ਵੱਧ ਜਾਂ ਘੱਟ ਰੂਪ 'ਚ, ਚੰਗੇ ਜਾਂ ਮਾੜੇ ਰੁਖ ਹਰ ਇਕ ਨੂੰ ਪ੍ਰਭਾਵਤ ਕਰਨਾ ਹੈ। ਫਲਸਤੀਨੀਆਂ ਦੇ ਥੋਕ ਉਜਾੜੇ ਰਾਹੀਂ ਹੋਂਦ 'ਚ ਆਇਆ ਰਾਜ ਇਸਰਾਈਲ, ਮਿਸਰ ਦੇ ਗੁਆਂਢ 'ਚ ਵਸਿਆ ਹੋਇਆ ਹੈ। ਗੁਆਂਢੀ ਸਾਊਦੀ ਅਰਬ ਅਤੇ ਹੋਰ ਛੋਟੇ ਪਰ ਤੇਲ ਭਰਪੂਰ ਦੇਸ਼ਾਂ ਦਾ ਮਿਸਰ 'ਚ ਬਹੁਤ ਕੁਝ ਦਾਅ 'ਤੇ ਲੱਗਾ ਹੋਇਆ ਹੈ। ਮਿਸਰ-ਇਰਾਨ ਰਿਸ਼ਤੇ ਦਾ ਮੁੱਦਾ ਬਹੁਤ ਅਹਿਮ ਹੈ। ਦੋ ਸਮੁੰਦਰਾਂ-ਲਾਲ ਸਾਗਰ ਅਤੇ ਮੈਡੀਟੇਰੀਅਨ ਨੂੰ ਮਿਲਾਉਣ ਵਾਲੀ ਸਵੇਜ਼ ਨਹਿਰ ਮਿਸਰ ਵਿਚੋਂ ਗੁਜ਼ਰਦੀ ਹੈ ਜਿਸ ਰਾਹੀਂ ਮੱਧ ਪੂਰਬ ਦਾ 4 ਬਿਲੀਅਨ ਗੈਲਨ ਤੇਲ ਹਰ ਰੋਜ਼ ਗੁਜ਼ਰਦਾ ਹੈ। ਅਮਰੀਕਾ ਦੇ ਨੇਵੀ ਜਹਾਜ਼ਾਂ ਦਾ ਇਹ ਅਹਿਮ ਲਾਂਘਾ ਹੈ। ਤੁਰਕੀ ਅਤੇ ਸੀਰੀਆ ਤੋਂ ਟਿਊਨੀਸ਼ੀਆ ਅਤੇ ਯਮਨ ਤੱਕ ਸਭ ਨਜ਼ਰਾਂ ਮਿਸਰ 'ਤੇ ਟਿਕੀਆਂ ਹੋਈਆਂ ਹਨ। ਮਿਸਰ 'ਚ ਹੋਈ ਕੋਈ ਵੱਡੀ ਉਥਲ-ਪੁਥਲ ਤਾਕਤਾਂ ਦੇ ਸਮੀਕਰਨ ਵੀ ਬਦਲ ਸਕਦੀ ਹੈ।



ਮੁਹੰਮਦ ਮੁਰਸੀ

ਪਹਿਲਾਂ 2011 'ਚ ਹੋਸਨੀ ਮੁਬਾਰਕ ਨੂੰ ਗੱਦੀਉਂ ਲਾਹੁਣ ਮੌਕੇ ਇਸ ਨੂੰ ਇਨਕਲਾਬ ਦਾ ਨਾਮ ਦਿੱਤਾ ਗਿਆ ਅਤੇ ਹੁਣ ਮੁਰਸੀ ਵਿਰੋਧੀ ਧਿਰ ਫੌਜੀ ਰਾਜ ਪਲਟੇ ਨੂੰ ਇਨਕਲਾਬ ਕਹਿਣ ਤੱਕ ਚੱਲੀ ਗਈ ਹੈ। ਸੰਸਾਰ ਦੇ ਬਾਕੀ ਲੋਕਾਂ ਵਾਂਗ ਮਿਸਰ ਦੇ ਲੋਕਾਂ ਨੂੰ ਵੀ ਇਨਕਲਾਬ ਦਾ ਸ਼ਬਦ ਧੂਹ ਤਾਂ ਪਾਉਂਦਾ ਹੈ ਪਰ ਉਹ ਇਸ ਪ੍ਰਤੀ ਚੇਤੰਨ ਨਹੀਂ ਹਨ। ਕਿਸੇ ਵੀ ਸਮੇਂ ਰਾਜਸੀ, ਆਰਥਿਕ ਤੇ ਸਮਾਜਕ ਰਿਸ਼ਤਿਆਂ 'ਚ ਸਿਫਤੀ ਤਬਦੀਲੀ ਲਿਆਉਣ ਲਈ ਕੀਤੇ ਗਏ ਰਾਜਸੀ ਤਾਕਤ 'ਤੇ ਕਬਜ਼ੇ ਨੂੰ ਇਨਕਲਾਬ ਕਿਹਾ ਜਾਂਦਾ ਹੈ, ਨਾ ਕਿ ਹਕੂਮਤ 'ਚ ਚੰਦ ਬੰਦਿਆਂ ਦੀ ਤਬਦੀਲੀ ਨੂੰ।

ਮਿਸਰ ਦੀ ਆਰਥਿਕਤਾ ਨੂੰ ਵਿਦੇਸ਼ੀ ਸਰਮਾਏ ਅਤੇ ਕਰਜ਼ਿਆਂ ਨੇ ਘੜਿਆ-ਤਰਾਸ਼ਿਆ ਹੋਣ ਕਰ ਕੇ ਸੰਸਾਰ ਮੰਡੀ 'ਚ ਇਸ ਦੀ ਪੁਜ਼ੀਸ਼ਨ ਅਧੀਨਗੀ ਵਾਲੀ ਹੈ। ਵਿਦੇਸ਼ੀ ਅਤੇ ਦੇਸੀ ਸਰਮਾਇਆ ਮੁੱਖ ਤੌਰ 'ਤੇ ਰੁਜ਼ਗਾਰ ਮੁਖੀ ਸੈਕਟਰ ਦੀ ਥਾਂ ਮੁਨਾਫਾ ਮੁਖੀ ਸੈਕਟਰ 'ਚ ਲੱਗਿਆ ਹੋਣ ਕਰ ਕੇ ਬੇਰੁਜ਼ਗਾਰੀ ਦੀ ਦਰ ਉਚੀ ਹੈ। 75 ਪ੍ਰਤੀਸ਼ਤ ਨੌਜਵਾਨ ਬੇਰੁਜ਼ਗਾਰ ਹਨ ਅਤੇ 30 ਪ੍ਰਤੀਸ਼ਤ ਯੂਨੀਵਰਸਿਟੀ ਗਰੈਜੂਏਟਾਂ ਲਈ ਕੋਈ ਕੰਮ ਨਹੀਂ। ਖੇਤੀਬਾੜੀ ਸੈਕਟਰ ਤਬਾਹੀ ਦੇ ਕੰਢੇ 'ਤੇ ਹੈ। ਖਾਧ-ਖੁਰਾਕ ਦੀ ਪੈਦਾਵਾਰ ਲਈ ਮਾਫਕ ਹਾਲਾਤ ਅਤੇ ਸਾਧਨ ਹੋਣ ਦੇ ਬਾਵਜੂਦ ਵੱਡੀ ਪੱਧਰ 'ਤੇ ਬਾਹਰੋਂ ਕਣਕ ਮੰਗਾਉਣ ਵਾਲੇ ਦੇਸ਼ਾਂ ਵਿਚੋਂ ਮਿਸਰ ਇਕ ਹੈ। ਦੇਸ਼ ਦੀ 40 ਪ੍ਰਤੀਸ਼ਤ ਜਾਇਦਾਦ 'ਤੇ ਫੌਜ ਦਾ ਕਬਜ਼ਾ ਹੈ। ਲੋਕ ਗਰੀਬੀ ਅਤੇ ਜਹਾਲਤ ਭਰੀ ਜ਼ਿੰਦਗੀ ਜੀਅ ਰਹੇ ਹਨ।

ਜੇ ਮਿਸਰ ਦੇ ਲੋਕਾਂ ਨੇ ਆਜ਼ਾਦੀ ਤੇ ਖੁਸ਼ਹਾਲੀ ਦੇ ਰਾਹ ਪੈਣਾ ਹੈ ਤਾਂ ਜ਼ਰੂਰੀ ਹੈ ਕਿ ਸਾਮਰਾਜ ਦੀ ਚੁੰਗਲ 'ਚੋਂ ਨਿਕਲ ਕੇ ਦੇਸ਼ ਦੀ ਆਰਥਿਕਤਾ ਦਾ ਕੌਮੀ ਲੀਹਾਂ 'ਤੇ ਵਿਕਾਸ ਕੀਤਾ ਜਾਵੇ। ਸਾਮਰਾਜੀ ਸਰਮਾਏ ਅਤੇ ਫੌਜੀ ਜਾਇਦਾਦ ਨੂੰ ਪਬਲਿਕ ਕੰਟਰੋਲ 'ਚ ਲਿਆਂਦਾ ਜਾਵੇ। ਸਰਕਾਰੀ ਅਤੇ ਪ੍ਰਾਈਵੇਟ ਸਰਮਾਏ ਦੀ ਮੁੱਖ ਤੌਰ 'ਤੇ ਰੋਜ਼ਗਾਰ ਮੁਖੀ ਸੈਕਟਰ 'ਚ ਲਾਗਤ ਕੀਤੀ ਜਾਵੇ। ਖੇਤੀ, ਐਗਰੋ-ਇੰਡਸਟਰੀ ਅਤੇ ਆਮ ਉਦਯੋਗ ਦਾ ਸੰਤੁਲਤ ਵਿਕਾਸ ਕੀਤਾ ਜਾਵੇ। ਰਾਜਸੀ ਅਤੇ ਪ੍ਰਬੰਧਕੀ ਅਦਾਰਿਆਂ 'ਚ ਲੋਕਾਂ ਦੀ ਸਰਗਰਮ ਸ਼ਮੂਲੀਅਤ ਅਤੇ ਪੁੱਗਤ ਯਕੀਨੀ ਬਣਾਈ ਜਾਵੇ ਆਦਿ। ਮਿਸਰ ਆਰਥਿਕ ਸਮਾਜਕ ਵਿਕਾਸ ਦੇ ਜਿਸ ਪੜਾਅ 'ਤੇ ਹੁਣ ਖੜ੍ਹਾ ਹੈ, ਅੱਗੇ ਵਧਣ ਲਈ ਇਨਕਲਾਬੀ ਲਹਿਰ ਦਾ ਟੀਚਾ ਉਪਰੋਕਤ ਤੋਂ ਵੱਖਰਾ ਨਹੀਂ ਹੋ ਸਕਦਾ।

ਸਮੇਂ ਨੇ ਇਕ ਸਵਾਲ ਕੀਤਾ ਹੈ ਕਿ ਮੁਰਸੀ ਸਰਕਾਰ ਵੱਲੋਂ ਮਿਸਰ ਦੀ ਹਾਕਮ ਜਮਾਤ (ਵੱਡੀ ਸਰਮਾਏਦਾਰੀ) ਦੇ ਬੁਨਿਆਦੀ ਹਿੱਤਾਂ ਨੂੰ ਭੋਰਾ ਵੀ ਠੇਸ ਨਾ ਪਹੁੰਚਾਉਣ ਦੇ ਬਾਵਜੂਦ ਸਿਰਫ ਦੋਇਮ ਦਰਜੇ ਦੇ ਵਿਰੋਧਾਂ ਦੇ ਮੱਦੇਨਜ਼ਰ ਹੀ ਲਾਡਲੀ ਫੌਜ ਨੇ ਚੋਣ 'ਚ ਵੱਡੀ ਬਹੁਗਿਣਤੀ ਨਾਲ ਚੁਣੀ ਹਕੂਮਤ ਨੂੰ ਰਾਜ ਪਲਟੇ ਰਾਹੀਂ ਉਲਟਾ ਦਿੱਤਾ ਅਤੇ ਫਿਰ ਇਹ ਬੇਕਸੂਰ ਤੇ ਨਿਹੱਥੇ ਲੋਕਾਂ ਦਾ ਕਤਲੇਆਮ ਕਰਨ ਤੱਕ ਚਲੀ ਗਈ। ਜੇ ਕਿਤੇ ਚੋਣਾਂ ਰਾਹੀਂ ਸੱਚਮੁੱਚ ਇਨਕਲਾਬੀ ਹਕੂਮਤ ਹੋਂਦ 'ਚ ਆਈ ਹੁੰਦੀ ਅਤੇ ਹਾਕਮ ਜਮਾਤ ਦੇ ਬੁਨਿਆਦੀ ਹਿੱਤਾਂ ਨੂੰ ਖਤਰਾ ਖੜ੍ਹਾ ਕਰ ਦਿੰਦੀ ਤਾਂ ਵੱਡੀ ਸਰਮਾਏਦਾਰੀ ਨਾਲ ਘਿਉ-ਖਿਚੜੀ ਇਹ ਫੌਜ ਕੀ ਗੁਲ ਖਿਲਾਉਂਦੀ? ਇਹ ਸਵਾਲ ਸਿਰਫ ਮਿਸਰ ਦੇ ਲੋਕਾਂ ਸਾਹਵੇਂ ਹੀ ਨਹੀਂ, ਦੁਨੀਆਂ ਭਰ ਦੇ ਲੋਕਾਂ ਸਾਹਵੇਂ ਹੈ। ਜਵਾਬ ਵੀ ਸਭ ਲਈ ਸਾਂਝਾ ਹੀ ਹੈ ਕਿ ਕੋਈ ਵੀ ਇਨਕਲਾਬੀ ਲੜਾਈ, ਪੋਲੇ ਪੈਰੀਂ ਅਤੇ ਖਾਲੀ ਹੱਥੀਂ ਲੜੀ, ਜਿੱਤੀ ਤੇ ਸਮੇਟੀ ਨਹੀਂ ਜਾ ਸਕਦੀ।

# ਬਾਦਲ ਪਰਿਵਾਰ ਸਿਰਫ ਆਪਣੇ ਹਲਕਿਆਂ 'ਤੇ ਮਿਹਰਬਾਨ

**ਚੰਡੀਗੜ੍ਹ:** ਮਾਲੀ ਸੰਕਟ ਕਾਰਨ ਪੰਜਾਬ ਸਰਕਾਰ ਦਾ ਹੱਥ ਇਨ੍ਹੀਂ ਦਿਨੀਂ ਭਾਵੇਂ ਤੰਗ ਹੈ ਪਰ ਬਾਦਲ ਪਰਿਵਾਰ ਦੀ ਨੂੰਹ ਬੀਬੀ ਹਰਸਿਮਰਤ ਦੇ ਹਲਕੇ ਬਠਿੰਡਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਦੇ ਲੋਕਾਂ ਦੀਆਂ ਮੌਜਾਂ ਬਰਕਰਾਰ ਹਨ। ਪੂਰੇ ਸੂਬੇ ਵਿਚੋਂ ਸਿਰਫ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਦੇ ਲੋਕਾਂ ਨੂੰ ਜੂਨ ਮਹੀਨੇ ਦੀਆਂ ਬੁਢਾਪਾ ਪੈਨਸ਼ਨਾਂ ਨਸੀਬ ਹੋਈਆਂ ਹਨ ਤੇ ਹੋਰ ਗ੍ਰਾਂਟਾਂ ਦੇ ਗੱਫੇ ਮਿਲ ਰਹੇ ਹਨ।

ਸੂਤਰਾਂ ਮੁਤਾਬਕ ਮੁਕਤਸਰ, ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ ਦੋ ਲੱਖ 63 ਹਜ਼ਾਰ 116 ਲਾਭਪਾਤਰੀਆਂ ਨੂੰ ਜੂਨ ਮਹੀਨੇ ਦੀਆਂ ਪੈਨਸ਼ਨਾਂ ਦਿੱਤੀਆਂ ਜਾਣਗੀਆਂ। ਵਿੱਤ ਵਿਭਾਗ ਨੇ ਇਨ੍ਹਾਂ ਜ਼ਿਲ੍ਹਿਆਂ ਲਈ ਤਕਰੀਬਨ 65 ਲੱਖ 78 ਹਜ਼ਾਰ ਦੀ ਰਕਮ ਜਾਰੀ ਕਰ ਦਿੱਤੀ ਹੈ। ਪੰਜਾਬ ਦੇ ਬਾਕੀ ਹਿੱਸਿਆਂ ਵਿਚ ਸਰਕਾਰ ਨੇ ਹਾਲੇ ਤਾਈਂ ਮਈ ਮਹੀਨੇ ਦੀਆਂ ਪੈਨਸ਼ਨਾਂ ਹੀ ਜਾਰੀ ਕੀਤੀਆਂ ਹਨ। ਮੁਕਤਸਰ ਜ਼ਿਲ੍ਹੇ ਵਿਚ ਤਾਂ ਹੜ੍ਹ ਆਉਣ ਨੂੰ ਆਧਾਰ ਬਣਾ ਕੇ ਜੂਨ ਮਹੀਨੇ ਦੀਆਂ ਪੈਨਸ਼ਨਾਂ ਜਾਰੀ ਕੀਤੀਆਂ ਹਨ ਜਦੋਂਕਿ ਮਾਨਸਾ ਤੇ ਬਠਿੰਡਾ ਜ਼ਿਲ੍ਹਿਆਂ ਵਿਚ ਹਰਸਿਮਰਤ ਕੌਰ ਬਾਦਲ ਨੂੰ ਬੁਢਾਪਾ ਪੈਨਸ਼ਨਾਂ ਦੇ ਲਾਭਪਾਤਰੀਆਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਕਰਕੇ ਇਸ ਸੰਸਦੀ ਹਲਕੇ ਦੇ ਲੋਕਾਂ ਨੂੰ ਜੂਨ ਮਹੀਨੇ ਦੀਆਂ ਪੈਨਸ਼ਨਾਂ ਵਿਸ਼ੇਸ਼ ਤੌਰ 'ਤੇ ਦਿੱਤੀਆਂ ਜਾ ਰਹੀਆਂ ਹਨ।

ਸਮਾਜਿਕ ਸੁਰੱਖਿਆ ਵਿਭਾਗ ਨੇ ਵਿੱਤ ਵਿਭਾਗ ਨੂੰ ਮਈ, ਜੂਨ ਤੇ ਜੁਲਾਈ ਮਹੀਨੇ ਦੀਆਂ ਪੈਨਸ਼ਨਾਂ ਜਾਰੀ ਕਰਨ ਲਈ ਪ੍ਰਸਤਾਵ ਭੇਜਿਆ ਸੀ। ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਸੀ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਮੁਤਾਬਕ ਬੁਢਾਪਾ ਪੈਨਸ਼ਨਾਂ ਦੇ ਲਾਭਪਾਤਰੀਆਂ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੈਨਸ਼ਨਾਂ ਦੇਣੀਆਂ ਜ਼ਰੂਰੀ ਹਨ ਪਰ ਸਰਕਾਰ ਨੇ ਮਈ ਮਹੀਨੇ ਤੋਂ ਪੈਨਸ਼ਨਾਂ ਨਹੀਂ ਦਿੱਤੀਆਂ। ਵਿੱਤ ਵਿਭਾਗ ਨੇ ਸਾਰੇ ਪੰਜਾਬ ਦੇ ਤਕਰੀਬਨ 20 ਲੱਖ ਲਾਭਪਾਤਰੀਆਂ ਨੂੰ ਮਈ ਮਹੀਨੇ ਦੀਆਂ ਪੈਨਸ਼ਨਾਂ ਦੇਣ ਲਈ 50 ਕਰੋੜ ਰੁਪਏ ਦੀ ਰਕਮ ਤਾਂ ਜਾਰੀ ਕਰ ਦਿੱਤੀ ਪਰ ਜੂਨ ਮਹੀਨੇ ਦੀ ਰਕਮ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਹੈ।

ਸੂਤਰਾਂ ਮੁਤਾਬਕ ਅਚਨਚੇਤ ਹੀ ਵਿੱਤ ਵਿਭਾਗ ਨੇ ਬਠਿੰਡਾ, ਮਾਨਸਾ ਤੇ ਮੁਕਤਸਰ ਜ਼ਿਲ੍ਹੇ ਦੀਆਂ ਪੈਨਸ਼ਨਾਂ ਲਈ ਰਕਮ ਜਾਰੀ ਕਰ ਦਿੱਤੀ। ਮੁਕਤਸਰ ਜ਼ਿਲ੍ਹੇ ਵਿਚ 76550, ਬਠਿੰਡਾ ਵਿਚ 102160, ਤੇ ਮਾਨਸਾ ਵਿਚ 84406 ਬੁਢਾਪਾ, ਵਿਧਵਾ, ਅੰਗਹੀਣਤਾ ਤੇ ਬੇਸਹਾਰਾ ਪੈਨਸ਼ਨਾਂ ਦੇ ਲਾਭਪਾਤਰੀ ਹਨ।

ਪੰਜਾਬ ਦੇ ਬਾਕੀ ਜ਼ਿਲ੍ਹਿਆਂ ਲਈ ਪੈਨਸ਼ਨਾਂ ਜਾਰੀ ਹੋਣ 'ਤੇ ਫਿਲਹਾਲ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ ਕਿਉਂਕਿ ਸਰਕਾਰ ਗੰਭੀਰ ਮਾਲੀ ਸੰਕਟ ਵਿਚੋਂ ਲੰਘ ਰਹੀ ਹੈ। ਮੁਕਤਸਰ ਜ਼ਿਲ੍ਹੇ ਵਿਚ ਹੜ੍ਹਾਂ ਕਾਰਨ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ ਪਰ ਹੜ੍ਹਾਂ ਦੀ ਮਾਰ ਹੇਠ ਤਾਂ ਫਾਜ਼ਿਲਕਾ, ਕਪੂਰਥਲਾ, ਤਰਨਤਾਰਨ, ਫਰੀਦਕੋਟ, ਫਿਰੋਜ਼ਪੁਰ, ਅੰਮ੍ਰਿਤਸਰ ਆਦਿ ਜ਼ਿਲ੍ਹੇ ਵੀ ਆਏ ਹਨ। ਸਰਕਾਰ ਵੱਲੋਂ ਇਸ ਤੋਂ ਪਹਿਲਾਂ ਵੀ ਵਿਸ਼ੇਸ਼ ਖੇਤਰਾਂ ਵਿਚ ਪੈਨਸ਼ਨਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਮੋਗਾ ਜ਼ਿਮਨੀ ਚੋਣ ਸਮੇਂ ਸਿਰਫ ਮੋਗਾ ਜ਼ਿਲ੍ਹੇ ਲਈ ਹੀ ਪੈਨਸ਼ਨਾਂ ਜਾਰੀ ਕਰ ਦਿੱਤੀਆਂ ਸਨ।

## ਪੰਜਾਬ ਸਰਕਾਰ ਨੂੰ ਉਧਾਰ ਮਿਲਣਾ ਬੰਦ

**ਚੰਡੀਗੜ੍ਹ (ਬਿਊਰੋ):** ਦੇਣਦਾਰੀਆਂ ਦੇਣ ਵਿਚ ਦੇਰੀ ਕਾਰਨ ਪੰਜਾਬ ਸਰਕਾਰ ਨੂੰ ਕਈ ਅਦਾਰਿਆਂ ਨੇ ਉਧਾਰ ਦੇਣਾ ਬੰਦ ਕਰ ਦਿੱਤਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਵਿੱਤ ਕਮਿਸ਼ਨਰ (ਮਾਲ) ਦੇ ਪੂਲ ਦੀਆਂ ਕਾਰਾਂ ਨੂੰ ਸਿਟਕੋ ਨੇ ਤੇਲ ਦੇਣਾ ਬੰਦ ਕਰ ਦਿੱਤਾ ਹੈ। ਯੂ.ਟੀ ਪ੍ਰਸ਼ਾਸਨ ਦੇ ਇਸ ਅਦਾਰੇ ਨੂੰ ਵਿੱਤ ਵਿਭਾਗ ਨੇ ਪਿਛਲੀਆਂ ਅਦਾਇਗੀਆਂ ਨਹੀਂ ਕੀਤੀਆਂ ਜਿਸ ਕਾਰਨ ਸਿਟਕੋ ਨੇ ਪੈਟਰੋਲ ਤੇ ਡੀਜ਼ਲ ਦੇਣਾ ਬੰਦ ਕਰ ਦਿੱਤਾ ਹੈ।

ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਮਾਮਲਾ ਵਿੱਤ ਵਿਭਾਗ ਕੋਲ ਉਠਾਇਆ ਜਾ ਰਿਹਾ ਹੈ ਤਾਂ ਜੋ ਕਾਰਾਂ ਨੂੰ ਚੱਲਦੀਆਂ ਰੱਖਿਆ ਜਾਵੇ। ਵਿੱਤੀ ਕਮਿਸ਼ਨਰ (ਮਾਲ) ਦੇ ਪੂਲ ਦੀਆਂ ਕੋਈ 10 ਕਾਰਾਂ ਹਨ ਜੋ ਸਿਟਕੋ ਤੋਂ ਤੇਲ ਪਵਾਉਂਦੀਆਂ ਹਨ।

# ਸਿੱਖ ਕਿਸਾਨਾਂ ਨੂੰ ਨਹੀਂ ਉਜਾੜੇਗੀ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਉਜਾੜੇ ਦਾ ਸਾਹਮਣਾ ਕਰ ਰਹੇ ਸੂਬੇ ਦੇ ਪੰਜਾਬੀ ਤੇ ਸਿੱਖ ਕਿਸਾਨਾਂ ਨੂੰ 99 ਸਾਲਾਂ ਲਈ ਪਟੇ 'ਤੇ ਜ਼ਮੀਨਾਂ ਦੇਣ ਦਾ ਫੈਸਲਾ ਕੀਤਾ ਹੈ। ਇਸ ਬਿਲ ਦੇ ਪਾਸ

## 99 ਸਾਲਾਂ ਲਈ ਪਟੇ 'ਤੇ ਜ਼ਮੀਨਾਂ ਦੇਣ ਦਾ ਫੈਸਲਾ

ਹੋਣ ਨਾਲ ਹਰਿਆਣਾ ਦੇ ਕੁਰੂਕਸ਼ੇਤਰ ਤੇ ਕੈਥਲ ਜ਼ਿਲ੍ਹਿਆਂ ਦੇ 40 ਪਿੰਡਾਂ ਦੇ ਤਕਰੀਬਨ 3500 ਕਿਸਾਨ ਪਰਿਵਾਰਾਂ ਦੇ ਸਿਰ 'ਤੇ ਉਜਾੜੇ ਦੀ ਲਟਕਦੀ ਤਲਵਾਰ ਹਟ ਗਈ ਹੈ। ਪਿਹੋਵਾ ਵਿਧਾਨ ਸਭਾ ਹਲਕੇ ਦੇ 24 ਪਿੰਡਾਂ ਤੇ ਗੂਹਲਾ ਵਿਧਾਨ ਸਭਾ ਹਲਕੇ ਦੇ 14 ਪਿੰਡਾਂ ਦੇ ਪਟੇਦਾਰਾਂ ਨੂੰ 1952 ਵਿਚ ਜ਼ਮੀਨਾਂ ਪਟੇ 'ਤੇ ਦਿੱਤੀਆਂ ਗਈਆਂ ਸਨ।

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 'ਦਿ ਪੰਜਾਬ ਵਿਲੇਜ ਕਾਮਨ ਲੈਂਡਜ਼ ਰੈਗੂਲੇਸ਼ਨ ਹਰਿਆਣਾ ਸੋਧ ਬਿੱਲ 2013' ਦੇ ਹੱਕ ਵਿਚ ਚਰਚਾ ਕਰਦਿਆਂ ਕਿਹਾ ਕਿ ਉਹ ਖ਼ੁਦ ਕਿਸਾਨ ਹਨ ਤੇ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਕਿਸੇ ਵੀ ਕਿਸਾਨ ਨੂੰ ਉਜਾੜਿਆ ਨਹੀਂ ਜਾਵੇਗਾ ਤੇ ਮਾਲਕਾਨਾਂ ਹੱਕ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬੀ ਕਿਸਾਨਾਂ ਨੂੰ ਮਰਹੂਮ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਵਸਾਇਆ ਸੀ ਤੇ ਕਿਸਾਨਾਂ ਨੇ ਬਹੁਤ ਸਖ਼ਤ ਮਿਹਨਤ ਕਰਕੇ ਜ਼ਮੀਨਾਂ ਆਬਾਦ ਕੀਤੀਆਂ ਸਨ।

ਇਨ੍ਹਾਂ ਜ਼ਮੀਨਾਂ 'ਤੇ ਕਿਸਾਨਾਂ ਦੇ ਵਾਰਸ ਪੀੜ੍ਹੀ ਦਰ ਪੀੜ੍ਹੀ ਬੈਠੇ ਹਨ। ਸਰਕਾਰ ਨੇ ਭੂਮੀਹੀਣ ਅਸਲ ਪੱਟੇਦਾਰ ਜਾਂ ਕਾਨੂੰਨੀ ਵਾਰਸਾਂ ਜੋ 24 ਸਤੰਬਰ, 1986 ਤੱਕ ਤੇ ਹੁਣ ਵੀ ਉਸੇ ਜ਼ਮੀਨ 'ਤੇ ਖੇਤੀਬਾੜੀ ਕਰ ਰਹੇ ਹਨ, ਦਾ ਮੁੜ ਵਸੇਬਾ ਕਰਨ ਲਈ ਪੰਜਾਬ ਪੇਂਡੂ ਸ਼ਾਮਲਾਤ ਜ਼ਮੀਨ ਐਕਟ, 1961 ਵਿਚ ਸੋਧ ਕਰਕੇ ਬਿਲ ਪੇਸ਼ ਕੀਤਾ ਹੈ ਤਾਂ ਕਿ ਅਸਲ ਅਲਾਟੀਆਂ ਨੂੰ ਮੁੜ ਜ਼ਮੀਨਾਂ 99 ਸਾਲ ਦੇ ਪੱਟੇ 'ਤੇ ਦਿੱਤੀਆਂ ਜਾ ਸਕਣ।

ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੇ ਬਿਲ ਪੇਸ਼ ਕਰਦਿਆਂ ਕਿਹਾ ਕਿ ਪੰਜਾਬੀ ਕਿਸਾਨਾਂ ਨੇ ਬਹੁਤ ਸਖ਼ਤ ਮਿਹਨਤ ਕਰਕੇ ਜੰਗਲਾਂ ਨੂੰ ਪੁੱਟ ਕੇ ਜ਼ਮੀਨਾਂ ਆਬਾਦ ਕੀਤੀਆਂ ਸਨ। ਆਬਾਦਕਾਰ ਪੱਟੇਦਾਰ ਕਿਸਾਨ ਜੁਆਇੰਟ ਐਕਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਲ ਪਾਸ ਕਰਕੇ ਇਤਿਹਾਸਕ ਕਦਮ ਚੁੱਕਿਆ ਹੈ ਤੇ ਪੱਟੇਦਾਰ ਇਸ ਬਦਲੇ ਮੁੱਖ ਮੰਤਰੀ ਦੇ ਰਿਣੀ ਹਨ। ਪਿਹੋਵਾ ਵਿਚ 26 ਤੇ ਗੂਹਲਾ ਦੇ 14 ਪਿੰਡਾਂ ਵਿਚ ਪੱਟੇਦਾਰ ਕਿਸਾਨਾਂ ਨੂੰ 1952 ਵਿਚ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਕੈਰੋਂ ਨੇ ਕੇਂਦਰ ਸਰਕਾਰ ਦੀ 'ਗਰੋਅ ਮੋਰ ਫੂਡ' ਨੀਤੀ ਦੇ ਤਹਿਤ ਜ਼ਮੀਨਾਂ ਦਿੱਤੀਆਂ ਸਨ ਜਿਨ੍ਹਾਂ ਦੇ ਪੱਟੇ 1972 ਵਿਚ ਖਤਮ ਹੋ ਗਏ ਸਨ ਤੇ ਉਸ ਤੋਂ ਕੁਝ ਸਾਲ ਤਾਂ ਠੀਕ ਠਾਕ ਰਿਹਾ ਤੇ 1986 ਵਿਚ ਪੱਟੇਦਾਰ ਸੁਪਰੀਮ ਕੋਰਟ ਵਿਚ ਕੇਸ ਹਾਰ ਗਏ ਤੇ ਉਸ ਪਿੱਛੋਂ ਮੁਸ਼ਕਲਾਂ ਦਾ ਦੌਰ ਸ਼ੁਰੂ ਹੋ ਗਿਆ।

# ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ



ਡਾ. ਗੁਰਨਾਮ ਕੌਰ, ਕੈਨੇਡਾ

'ਪੰਜਾਬ ਟਾਈਮਜ਼' ਦੇ 7 ਸਤੰਬਰ ਦੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲੇਖ 'ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ' ਛਪਿਆ ਸੀ ਅਤੇ ਉਸ ਦੇ ਪ੍ਰਤੀਕਰਮ ਵਜੋਂ ਇੰਦਰ ਸਿੰਘ ਕੈਲੀਫੋਰਨੀਆ ਦੀ ਚਿੱਠੀ 14 ਸਤੰਬਰ ਦੇ ਅੰਕ ਵਿਚ ਛਪੀ ਹੈ। ਜੇ 'ਅੰਮ੍ਰਿਤ' ਦੀਆਂ ਬਾਣੀਆਂ ਨੂੰ ਨਕਾਰਨਾ ਸਿੱਖ ਧਰਮ ਵਿਚ ਭੁਲੇਖੇ ਪੈਦਾ ਕਰਨ ਵਰਗਾ ਤੱਥ ਹੈ ਤਾਂ 'ਦਸਮ ਗ੍ਰੰਥ' ਵਿਚ ਸ਼ਾਮਲ ਤਮਾਮ ਰਚਨਾਵਾਂ ਨੂੰ 'ਬਾਣੀ' ਕਹਿਣਾ ਅਤੇ 'ਚਰਿਤ੍ਰੋਪਾਖਿਆਨ', 'ਚੌਬੀਸ ਅਵਤਾਰ', 'ਕ੍ਰਿਸ਼ਨ ਅਵਤਾਰ' ਅਤੇ ਅਜਿਹੀਆਂ ਦੂਸਰੀਆਂ ਰਚਨਾਵਾਂ ਨੂੰ ਦਸਮ ਪਾਤਿਸ਼ਾਹ ਹਜ਼ੂਰ ਦੇ ਨਾਮ ਨਾਲ ਮੜ੍ਹਨਾ ਉਸ ਤੋਂ ਵੀ ਵੱਡੀ ਗਲਤੀ ਹੈ। ਇਥੇ ਇਨ੍ਹਾਂ ਨੁਕਤਿਆਂ ਨੂੰ ਦੁਬਾਰਾ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ ਕਿ ਇਹ ਰਚਨਾਵਾਂ ਸਿੱਖੀ ਸਿਧਾਂਤਾਂ ਦੇ ਅਨੁਕੂਲ ਕਿਉਂ ਨਹੀਂ ਹਨ ਅਤੇ ਇਨ੍ਹਾਂ ਰਚਨਾਵਾਂ ਦੇ ਕਰਤਿਆਂ 'ਰਾਮ' ਅਤੇ 'ਸ਼ਾਮ' ਕਵੀਆਂ ਦੇ ਨਾਮ ਸਪੱਸ਼ਟ ਦਿੱਤੇ ਹੋਏ ਹਨ। ਪੰਜਾਬ ਟਾਈਮਜ਼ ਵਿਚ ਇਸ ਵਿਸ਼ੇ 'ਤੇ ਪਹਿਲਾਂ ਹੀ ਲੇਖ ਛਪ ਚੁੱਕੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਵਤਾਰਵਾਦ ਨੂੰ ਨਕਾਰਿਆ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸਤਰੀ ਨੂੰ ਬਹੁਤ ਹੀ ਸਤਿਕਾਰਯੋਗ ਅਤੇ ਪੁਰਸ਼ ਦੇ ਬਰਾਬਰ ਦਾ ਸਥਾਨ ਦਿੱਤਾ ਗਿਆ ਹੈ।

ਦਸਮ ਪਾਤਿਸ਼ਾਹ ਹਜ਼ੂਰ ਨੇ ਖ਼ਾਲਸਾ ਹੋਣ ਦਾ ਅਧਿਕਾਰ ਸਿਰਫ਼ ਪੁਰਸ਼ ਨੂੰ ਹੀ ਨਹੀਂ ਦਿੱਤਾ, ਇਸਤਰੀ ਨੂੰ ਵੀ ਉਹੀ ਅਧਿਕਾਰ ਦਿੱਤਾ ਗਿਆ ਹੈ। ਇਸ ਲਈ ਰਹਿਤ ਮਰਿਆਦਾ ਦੋਵਾਂ ਲਈ ਬਰਾਬਰ ਹੈ। 'ਚਰਿਤ੍ਰੋਪਾਖਿਆਨ' ਵਰਗੀਆਂ ਬੇਹੂਦਾ ਕਹਾਣੀਆਂ ਕਿਸੇ ਕੋਕ-ਸ਼ਾਸਤਰੀ ਦੀ ਰਚਨਾ ਹੋ ਸਕਦੀਆਂ ਹਨ, ਜਗਤ-ਗੁਰੂ ਦੀਆਂ ਨਹੀਂ। ਇਹ ਗੱਲ ਮਨ ਵਿਚੋਂ ਉਕਾ ਹੀ ਕੱਢ ਦੇਣੀ ਚਾਹੀਦੀ ਹੈ ਕਿ 'ਚਰਿਤ੍ਰੋਪਾਖਿਆਨ' ਦੇ ਖਿਲਾਫ਼ ਬੋਲਣ ਵਾਲਿਆਂ ਨੇ ਉਸ ਰਚਨਾ ਨੂੰ ਪੜ੍ਹਿਆ ਹੀ ਨਹੀਂ ਹੈ? ਕਿਸੇ ਰਚਨਾ ਨੂੰ ਪੜ੍ਹਨ ਤੋਂ ਬਿਨਾਂ ਕਿਵੇਂ ਜਾਣਿਆ ਜਾ ਸਕਦਾ ਹੈ ਕਿ ਉਸ ਵਿਚ ਕੀ ਹੈ? ਜਦੋਂ ਕੋਈ ਦਲੀਲ ਨਾ ਸੁਝੇ ਉਦੋਂ ਹੀ ਕਹਿ ਦਿੱਤਾ ਜਾਂਦਾ ਹੈ ਕਿ ਦਸਮ ਗ੍ਰੰਥ ਨੂੰ ਪੜ੍ਹਿਆ ਹੀ ਨਹੀਂ ਗਿਆ। ਇਹ ਭੁਲੇਖਾ ਮਨ ਵਿਚੋਂ ਦੂਰ ਕਰ ਦੇਣਾ ਚਾਹੀਦਾ ਹੈ। ਦੂਸਰੀ ਜ਼ਰੂਰੀ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਇਹ ਹੈ ਕਿ ਸਿੱਖ ਧਰਮ ਸੰਗਤੀ ਧਰਮ ਹੈ। ਇਸ ਵਿਚ ਬਾਣੀ ਨੂੰ ਗਾਉਣ ਅਤੇ ਸੁਣਨ ਦਾ ਆਦੇਸ਼ ਗੁਰੂ ਸਾਹਿਬਾਨ ਨੇ ਖੁਦ ਕੀਤਾ ਹੈ। ਜੋ ਕੁੱਝ ਸੰਗਤਿ ਵਿਚ ਗਾਇਆ ਤੇ ਉਚਾਰਿਆ ਨਹੀਂ ਜਾ ਸਕਦਾ ਉਹ ਗੁਰੂ ਸਾਹਿਬਾਨ ਵੱਲੋਂ ਦਿੱਤਾ ਹੋਇਆ ਮਾਡਲ ਨਹੀਂ ਹੋ ਸਕਦਾ।

ਤੀਸਰੀ ਗੱਲ ਦਸਮ ਗ੍ਰੰਥ 'ਤੇ ਨਿਠ ਕੇ ਖੋਜ ਕਰਨ ਵਾਲਿਆਂ ਨੇ ਇਹ ਸਾਹਮਣੇ ਲੈ ਆਂਦਾ ਹੈ ਕਿ ਸਭ ਤੋਂ ਪੁਰਾਣਾ ਸੰਕਲਨ ਭਾਈ ਮਨੀ ਸਿੰਘ ਵਾਲੀ ਬੀੜ ਨੂੰ ਮੰਨਿਆ ਜਾਂਦਾ ਹੈ ਅਤੇ ਇਸ ਦਾ ਸੰਕਲਨ ਦਸਮ ਪਾਤਿਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਤਕਰੀਬਨ ਤੀਹ ਸਾਲ ਬਾਅਦ ਦਾ ਮੰਨਿਆ ਗਿਆ ਹੈ। ਇਸ ਲਈ ਦਸਮ ਪਾਤਿਸ਼ਾਹ ਨੇ ਇਸ 'ਤੇ ਕੋਈ 'ਮੁੰਦਾਵਣੀ' ਨਹੀਂ ਲਿਖੀ। ਜੇ ਗ੍ਰੰਥ ਉਨ੍ਹਾਂ ਨੇ ਤਿਆਰ ਕੀਤਾ ਹੁੰਦਾ ਤਾਂ ਕੋਈ ਮੋਹਰ-ਛਾਪ ਜ਼ਰੂਰ ਹੋਣੀ ਸੀ।

ਖ਼ੈਰ! ਇਹ ਸਭ ਨੁਕਤੇ ਕਈ ਵਾਰ ਉਠ ਚੁੱਕੇ ਹਨ। ਇਥੇ ਮੈਂ ਡਾ. ਅਵਤਾਰ ਸਿੰਘ ਦੀ ਪੁਸਤਕ 'ਐਥਿਕਸ ਆਫ ਦਾ ਸਿਖਸ' ਦੀ 'ਇੰਟਰੋਡਕਸ਼ਨ' ਵਿਚੋਂ ਕੁੱਝ ਨੁਕਤੇ ਸਾਂਝੇ ਕਰਨਾ ਚਾਹਾਂਗੀ, ਜਿਸ ਵਿਚ ਸਿੱਖ ਧਰਮ ਨਾਲ ਸਬੰਧਤ ਬਾਕੀ ਸਾਹਿਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੈਮਾਨਾ ਬਣਾ ਕੇ ਮੁਲਾਂਕਣ ਦੀ ਗੱਲ ਕੀਤੀ ਗਈ ਹੈ। ਇਸ ਤੱਥ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਸਿੱਖ ਸਿਧਾਂਤਾਂ ਨੂੰ ਢਾਹ ਲਾਉਣ ਅਤੇ ਮਿਲਾਵਟ ਕਰਨ ਦੀ ਕੋਸ਼ਿਸ਼ ਇਸ ਦੇ ਪ੍ਰਕਾਸ਼ਨ ਵੇਲੇ ਤੋਂ ਹੀ ਗੁਰੂ ਘਰ ਵਿਚ ਪੈਦਾ ਹੋਏ ਸ਼ਖਸੀਅਤਾਂ ਰਾਹੀਂ ਹੀ 'ਬਿਪਰਨ' ਵਜੋਂ ਸ਼ੁਰੂ ਹੋ ਚੁੱਕੀ ਸੀ ਜਿਸ ਦੀ ਪਹਿਲੀ ਮਿਸਾਲ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਉਲਟ ਬਾਬਾ ਸ੍ਰੀ ਚੰਦ ਵੱਲੋਂ ਸੰਨਿਆਸ ਧਾਰਨ ਕਰਨਾ ਹੈ। ਇਸੇ ਕੋਸ਼ਿਸ਼ ਨੂੰ ਅੱਗੇ ਧੀਰ ਮੱਲੀਏ, ਪ੍ਰਿਥੀਚੰਦੀਏ ਅਤੇ ਰਾਮਰਾਇ ਵਰਗਿਆਂ ਨੇ ਅੱਗੇ ਤੋਰਿਆ। ਬਾਹਰੋਂ ਢਾਹ ਲਾਉਣੀ ਮੁਸ਼ਕਿਲ ਹੁੰਦੀ ਹੈ ਪਰ ਅੰਦਰਲੇ ਪਰਿਵਾਰਕ ਬੰਦਿਆਂ ਰਾਹੀਂ ਸੌਖੀ। ਵਰਤਮਾਨ ਸਮੇਂ ਵਿਚ ਇਹ ਕੰਮ ਸਿੱਖੀ ਦੇ ਨਾਮ 'ਤੇ ਚੱਲ ਰਹੇ ਡੇਰਿਆਂ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸ਼ਾਖਾ 'ਰਾਸ਼ਟਰੀ ਸਿੱਖ ਸੰਗਤਿ' ਰਾਹੀਂ ਬਹੁਤ ਆਸਾਨ ਹੋ ਗਿਆ ਹੈ।

ਸਿੱਖ ਨੈਤਿਕਤਾ ਦੀ ਪਰਿਭਾਸ਼ਾ ਅਤੇ ਕਾਰਜ ਖੇਤਰ ਬਾਰੇ ਲਿਖਦਿਆਂ ਡਾ. ਅਵਤਾਰ ਸਿੰਘ ਨੇ ਕਿਹਾ ਹੈ ਕਿ ਸਿੱਖ ਨੈਤਿਕਤਾ ਨੂੰ ਸਮਝਦਿਆਂ ਮੰਨਿਆ ਜਾ ਸਕਦਾ ਹੈ ਕਿ ਇਸ ਵਿਚ ਅਛਾਈ ਅਤੇ ਬੁਰਾਈ, ਠੀਕ ਅਤੇ ਗਲਤ ਦਾ ਸਿਧਾਂਤ ਦਿੱਤਾ ਗਿਆ ਹੈ ਜੋ ਕਿ ਸਿੱਖ ਗੁਰੂਆਂ (ਸਿੱਖ ਧਰਮ ਦੇ ਬਾਨੀਆਂ) ਦੀਆਂ ਸਿੱਖਿਆਵਾਂ ਵਿਚ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੱਗੇ ਤੱਕ, ਮਿਲਦਾ ਹੈ ਅਤੇ ਜੋ ਹੁਣ 'ਆਦਿ ਗ੍ਰੰਥ' ਵਿਚ ਸੰਚਿਤ ਹੈ। ਕੁੱਝ ਵੀ ਹੋਵੇ, ਪਰ ਇਸ ਪਰਿਭਾਸ਼ਾ ਵਿਚ 'ਰਹਿਤਨਾਮਿਆਂ' ਅਤੇ 'ਸਿੱਖ ਰਹਿਤ ਮਰਿਆਦਾ' (ਜੀਵਨ ਨਿਯਮਾਂ) ਨੂੰ ਵੀ ਸ਼ਾਮਲ ਕਰਨ ਦੀ ਜ਼ਰੂਰਤ ਹੈ ਜੋ ਕਿ ਸਿੱਖ ਵਿਹਾਰ 'ਤੇ ਬਹੁਤ ਜ਼ਿਆਦਾ ਅਸਰ-ਅੰਦਾਜ਼ ਰਹੇ ਹਨ।

ਇਹ ਆਮ ਮੰਨਿਆ ਜਾਂਦਾ ਹੈ ਕਿ ਰਹਿਤਨਾਮਿਆਂ ਜਾਂ ਰਹਿਤ-ਮਰਿਆਦਾ ਦੀਆਂ ਕੋਈ ਸਿੱਖਿਆਵਾਂ ਜੇ 'ਆਦਿ ਗ੍ਰੰਥ' ਦੇ ਟਕਰਾਉ ਵਿਚ ਹਨ ਜਾਂ ਮੇਲ ਨਹੀਂ ਖਾਂਦੀਆਂ ਤਾਂ 'ਆਦਿ ਗ੍ਰੰਥ' ਦੀਆਂ ਸਿੱਖਿਆਵਾਂ ਨੂੰ ਹੀ ਅੰਤਿਮ ਪ੍ਰਮਾਣ ਮੰਨਿਆ ਜਾਵੇਗਾ (ਕਹਿਣ ਤੋਂ ਭਾਵ ਹੈ ਕਿ ਅੰਤਮ ਫ਼ੈਸਲੇ ਦਾ ਹੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੈ)। ਇਨ੍ਹਾਂ ਰਹਿਤਨਾਮਿਆਂ ਵਿਚ ਡੂੰਘੀ ਨੈਤਿਕ ਸਮੱਗਰੀ ਦੇ ਨਾਲ ਨਾਲ ਪ੍ਰਬੰਧਕੀ ਫਰਜ਼ ਅਤੇ ਆਦੇਸ਼ ਦਿੱਤੇ ਹੋਏ ਹਨ। ਪ੍ਰਬੰਧਕੀ ਆਦੇਸ਼ 'ਆਦਿ ਗ੍ਰੰਥ' ਦਾ ਹਿੱਸਾ ਨਹੀਂ ਹਨ ਪਰ ਇਹ ਦਸਮ ਗੁਰੂ ਦੇ ਸਮੇਂ ਅਤੇ ਉਨ੍ਹਾਂ ਵੱਲੋਂ ਸਿੱਖ ਧਰਮ ਨੂੰ ਹੁਣ ਵਾਲਾ ਆਖ਼ਰੀ ਸੰਸਥਾਗਤ ਰੂਪ ਦੇਣ ਤੋਂ ਬਾਅਦ ਦੇ ਸਮੇਂ ਦਾ ਵਿਕਾਸ ਹਨ।

ਇਨ੍ਹਾਂ ਰਹਿਤਨਾਮਿਆਂ ਵਿਚ ਆਦਿ ਗ੍ਰੰਥ ਦੀਆਂ ਸਿੱਖਿਆਵਾਂ ਨੂੰ ਮੰਨਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਲਈ, ਸਿੱਖ ਨੈਤਿਕਤਾ ਨੂੰ, ਵਿਸਤ੍ਰਿਤ ਸ਼ਬਦਾਂ ਵਿਚ ਮਨੁੱਖੀ ਵਿਹਾਰ ਦੇ ਉਸ ਮੁੱਲ ਵਿਧਾਨ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜੋ ਵਿਧਾਨ 'ਆਦਿ ਗ੍ਰੰਥ' ਵਿਚ ਅਤੇ ਉਨ੍ਹਾਂ ਰਹਿਤਨਾਮਿਆਂ ਵਿਚ ਪ੍ਰਾਪਤ ਹਨ ਜੋ 'ਆਦਿ ਗ੍ਰੰਥ' ਦੀ ਵਿਚਾਰਧਾਰਾ ਦੇ ਵਿਰੋਧ ਵਿਚ ਨਹੀਂ ਹਨ।

ਆਪਣੇ ਕੰਮ ਬਾਰੇ ਲਿਖਦਿਆਂ ਡਾ. ਅਵਤਾਰ ਸਿੰਘ ਨੇ ਖ਼ੁਲਾਸਾ ਕੀਤਾ ਹੈ ਕਿ ਹਥਲੇ ਕੰਮ ਨੂੰ ਉਪਰ ਦਿੱਤੇ ਸੰਦਰਭ ਵਿਚ ਹੀ ਸਿੱਖ ਧਰਮ ਵਿਚ ਪ੍ਰਮਾਣਕ ਨੈਤਿਕ ਚਿੰਤਨ ਦੇ ਨਿਯਮਿਤ ਅਧਿਐਨ ਵਜੋਂ ਦੇਖਿਆ ਜਾਵੇ। ਇਸ ਲਈ ਇਹ ਸਿੱਖਾਂ ਰਾਹੀਂ ਪਾਲੇ ਜਾਂਦੇ ਨੈਤਿਕ ਨਿਯਮਾਂ ਦਾ ਅਧਿਐਨ ਨਹੀਂ ਹੈ ਸਗੋਂ ਉਨ੍ਹਾਂ ਨੈਤਿਕ ਨਿਯਮਾਂ ਦਾ ਅਧਿਐਨ ਹੈ ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਹੋਣੇ ਚਾਹੀਦੇ ਹਨ (ਨੈਤਿਕ ਸ਼ਾਸਤਰ ਦਾ ਅਰਥ ਹੀ 'ਜੋ ਹੋਣਾ ਚਾਹੀਦਾ ਹੈ' ਹੁੰਦਾ ਹੈ)।

ਇਸ ਅਧਿਐਨ ਦੀ ਜ਼ਰੂਰਤ ਦੀ ਗੱਲ ਦੇ ਨੁਕਤਿਆਂ ਵਿਚੋਂ ਇਥੇ ਸਿਰਫ਼ ਦੋ ਦੀ ਗੱਲਾਂ ਕਰਨੀਆਂ ਜ਼ਰੂਰੀ ਹਨ ਕਿਉਂਕਿ ਉਨ੍ਹਾਂ ਦਾ ਸਬੰਧ ਵੀ ਸਿੱਖ ਧਰਮ ਦੇ ਸਹੀ ਸੰਦਰਭ ਨੂੰ ਨਾ ਸਮਝਣ ਨਾਲ ਹੈ। ਇਨ੍ਹਾਂ ਵਿਚੋਂ ਇੱਕ ਕਾਰਨ ਹੈ ਅਰਨੈਸਟ ਟਰੰਪ ਦਾ ਲੁਕਵਾਂ ਵਿਅੰਗ, ਜੋ ਉਸ ਨੇ 'ਆਦਿ ਗ੍ਰੰਥ' ਦੇ ਅੰਗਰੇਜ਼ੀ ਅਨੁਵਾਦ ਦੀ ਜਾਣ ਪਛਾਣ (ਭੂਮਿਕਾ) ਵਿਚ ਕੀਤਾ ਹੈ। ਉਸ ਨੇ 'ਨੈਤਿਕ ਪ੍ਰਬੰਧ' ਦੀ ਕਮੀ ਵੱਲ ਸੰਕੇਤ ਕੀਤਾ ਹੈ ਜੋ ਸਿੱਖਾਂ ਦੀ ਅਗਵਾਈ ਕਰ ਸਕਦਾ ਹੈ। ਉਸ ਨੇ ਲਿਖਿਆ ਹੈ ਕਿ ਉਹ (ਸਿੱਖ) ਪੁਰਾਣੇ ਕਮਜ਼ੋਰ ਪ੍ਰਬੰਧ ਨੂੰ ਸਹਿਜ ਨਾਲ ਹੀ ਤਬਾਹ ਕਰ ਸਕਦੇ ਸਨ ਪਰ ਉਹ ਉਸ ਦੇ ਪੁਰਾਣੇ ਮਲਬੇ 'ਤੇ ਨਵਾਂ ਮਜ਼ਬੂਤ ਢਾਂਚਾ ਉਸਾਰਨ ਦੇ ਯੋਗ ਨਹੀਂ ਸਨ ਕਿਉਂਕਿ ਉਨ੍ਹਾਂ ਵਿਚ ਲੋੜੀਂਦੀ ਨੈਤਿਕ ਅਤੇ ਬੌਧਿਕ ਯੋਗਤਾ ਨਹੀਂ ਸੀ। ਇਸ ਲਈ ਹਥਲਾ ਖੋਜ ਕਾਰਜ ਇਹ ਲੱਭਣ ਦੀ ਕੋਸ਼ਿਸ਼ ਹੈ ਕਿ ਕੀ ਸਿੱਖਾਂ ਵਿਚ ਉਨ੍ਹਾਂ ਨੂੰ ਸਹਾਰਾ ਦੇਣ ਲਈ ਨੈਤਿਕ ਪ੍ਰਬੰਧ ਦੀ ਘਾਟ ਹੈ ਜਾਂ ਨਹੀਂ। ਜੇ ਇਹ ਖੋਜ ਕਾਰਜ ਨੈਤਿਕ ਪ੍ਰਬੰਧ ਨੂੰ ਲੱਭਣ ਵਿਚ ਸਫਲ ਹੋ ਜਾਂਦਾ ਹੈ ਤਾਂ ਅਰਨੈਸਟ ਟਰੰਪ ਦੇ ਦੋਸ਼ ਲਾਉਣ ਨੂੰ ਉਸ ਦੀ ਕਿਸੇ ਖਾਸ ਇਤਿਹਾਸਕ ਸਮੇਂ ਵਿਚ ਕੁੱਝ ਸਿੱਖਾਂ ਬਾਰੇ ਦਿੱਤੀ ਨਿਜੀ ਰਾਏ ਮੰਨ ਲਿਆ ਜਾਵੇਗਾ।

ਮੈਕਸ ਆਰਥਰ ਮੈਕਾਲਫ ਨੇ ਸਿੱਖ ਧਰਮ ਦੇ ਅਧਿਐਨ ਦਾ ਕਾਰਜ ਆਪਣੇ ਹੱਥ ਵਿਚ ਲਿਆ, ਸਿੱਖ ਨੈਤਿਕਤਾ ਬਾਰੇ ਬਹੁਤ ਉਦਾਰ ਦਾਅਵਾ ਕੀਤਾ, ਜਿਸ ਨੇ ਅਰਨੈਸਟ ਟਰੰਪ ਦੇ ਦਾਅਵੇ ਨੂੰ ਰੱਦਣ ਤੋਂ ਵੀ ਵੱਧ ਕੰਮ ਕੀਤਾ। ਪਰ ਮੈਕਾਲਫ ਵੀ ਸਿੱਖ ਧਰਮ ਦੇ ਅਧਿਐਨ ਵਿਚ ਏਨਾ ਰੁੱਝਿਆ ਹੋਇਆ ਸੀ ਕਿ ਉਹ ਸਿੱਖ ਨੈਤਿਕਤਾ ਦਾ ਨਿਯਮਿਤ ਪ੍ਰਸਤੁਤੀਕਰਨ ਨਹੀਂ ਕਰ ਸਕਿਆ।

ਦੁਬਾਰਾ ਫਿਰ ਬਹੁਤ ਨੇੜੇ ਦੇ ਸਮੇਂ ਵਿਚ ਜਾਹਨ ਕਲਾਰਕ ਆਰਚਰ, ਜਿਸ ਨੇ ਆਮ ਤੌਰ 'ਤੇ ਸਿੱਖ ਧਰਮ ਦਾ ਆਪਣਾ ਅਧਿਐਨ ਠੀਕ ਅਤੇ ਨਿਰਪੱਖ ਕੀਤਾ ਹੈ, ਨੇ ਵੀ ਇਸੇ ਕਿਸਮ ਦਾ ਸੰਕੇਤ ਕੀਤਾ ਹੈ ਕਿ ਨਾਨਕ ਨੇ ਆਪ ਮਨੁੱਖੀ ਵਿਹਾਰ 'ਤੇ ਬਹੁਤ ਘੱਟ ਜ਼ੋਰ ਦਿੱਤਾ ਹੈ ਅਤੇ ਸਿੱਖਾਂ ਨੇ ਹਾਲੇ ਆਪਣੀ ਸੱਚੀ ਅਗਵਾਈ ਵਾਸਤੇ ਰਹਿਤ ਬਣਾਉਣੀ ਹੈ। ਆਰਚਰ ਦੀ ਗੁਰੂ ਨਾਨਕ ਬਾਰੇ ਇਸ ਟਿੱਪਣੀ ਨੂੰ ਗੰਭੀਰਤਾ ਨਾਲ ਇਨਕਾਰ ਕਰਨਾ ਨਹੀਂ ਮੰਨਣਾ ਚਾਹੀਦਾ ਕਿ ਉਨ੍ਹਾਂ ਨੇ ਨੈਤਿਕ ਵਿਹਾਰ ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਕਿਉਂਕਿ ਉਹ ਅਜਿਹੇ ਪ੍ਰਗਟਾਵਿਆਂ ਤੋਂ ਜ਼ਰੂਰ ਵਾਕਫ ਹੋਵੇਗਾ, "ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥" (ਪੰਨਾ 141) ਮੁਸਲਮਾਨ ਨੂੰ ਗੁਰੂ ਨਾਨਕ ਵਾਰ ਵਾਰ ਚੇਤਾ ਕਰਾਉਂਦੇ ਹਨ ਕਿ ਸੱਚਾ, ਈਮਾਨਦਾਰ ਜੀਵਨ, ਦੂਸਰਿਆਂ ਦਾ ਭਲਾ ਕਰਨਾ ਅਸਲੀ ਨਮਾਜ ਹੈ, ਇਸ ਤੋਂ ਬਿਨਾਂ ਹੋਰ ਸਭ ਨਮਾਜਾਂ ਝੂਠੀਆਂ ਹਨ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰ
ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ
ਨਾਨਕ ਰਖੈ ਲਾਜ॥1॥ (ਪੰਨਾ 141)

ਗੁਰੂ ਨਾਨਕ ਸਾਹਿਬ ਦੇ ਇੱਕ ਹੋਰ ਐਲਾਨਨਾਮੇ ਦਾ ਵਿਸ਼ਾ ਦੂਸਰੇ ਪ੍ਰਾਣੀਆਂ ਨਾਲ ਪ੍ਰੇਮ ਅਤੇ ਦਇਆ ਦੀ ਜ਼ਰੂਰਤ ਬਾਰੇ ਹੈ। ਇੱਕ ਹੋਰ ਉਪਦੇਸ਼ ਵਿਚ ਉਹ ਇਸਲਾਮ ਦੇ ਪੈਰੋਕਾਰਾਂ ਨੂੰ ਧਾਰਮਿਕ ਰਸਮਾਂ ਦੀ ਥਾਂ ਨੈਤਿਕ ਕੀਮਤਾਂ ਅਤੇ ਗੁਣਾਂ ਨੂੰ ਅਪਨਾਉਣ ਲਈ ਕਹਿੰਦੇ ਹਨ। ਜਿਵੇਂ ਉਪਰਲੀਆਂ ਤੁਕਾਂ ਵਿਚ ਦੱਸਿਆ ਹੈ-ਦਇਆ, ਸਿਦਕ, ਹੱਕ ਦੀ ਕਮਾਈ, ਹਲੀਮੀ, ਚੰਗਾ ਵਰਤਾਅ, ਪਵਿੱਤਰ ਕਰਮ ਅਤੇ ਨੈਤਿਕ ਕਾਰਜ ਕਰਨ ਦਾ ਉਪਦੇਸ਼ ਕੀਤਾ ਹੈ, ਇਸੇ ਤਰ੍ਹਾ ਹਿੰਦੂ ਨੂੰ ਗ੍ਰਿਹਸਥ ਜੀਵਨ ਅਪਨਾਉਣ, ਦੂਸਰਿਆਂ ਦੀ ਚੀਜ਼ ਲੈਣ ਤੋਂ ਗੁਰੇਜ਼ ਕਰਨ ਅਤੇ ਸ਼ੁਧੀ ਵਿਚ ਰੁੱਝੇ ਰਹਿਣ ਨਾਲੋਂ ਮਨ ਵਿਚੋਂ ਬੁਰਾਈ ਨੂੰ ਕੱਢਣ ਦਾ ਉਪਦੇਸ਼ ਕੀਤਾ ਹੈ,

ਇਕ ਕੰਦ ਮੂਲੁ ਚੁਣਿ ਖਾਹਿ
ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ
ਜੋਗੀ ਸੰਨਿਆਸਾ॥
ਜਮਕਾਲੁ ਸਿਰਹੁ ਨ ਉਤਰੈ
ਤ੍ਰਿਬਿਧਿ ਮਨਸਾ॥
ਗੁਰਮਤੀ ਕਾਲੁ ਨ ਆਵੈ ਨੇੜੈ
ਜਾ ਹੋਵੈ ਦਾਸਨਿਦਾਸਾ॥
ਸਚਾ ਸਬਦੁ ਸਚੁ ਮਨਿ
ਘਰ ਹੀ ਮਾਹਿ ਉਦਾਸਾ॥
ਨਾਨਕ ਸਤਿਗੁਰੁ ਸੇਵਨਿ ਆਪਣਾ
ਸੋ ਆਸਾ ਤੇ ਨਿਰਾਸਾ॥5॥ (ਪੰਨਾ 140)

ਗੁਰੂ ਨਾਨਕ ਸਾਹਿਬ ਨੇ ਹਿੰਦੂਆਂ ਦੀਆਂ ਧਾਰਮਿਕ ਰੀਤਾਂ ਜਿਵੇਂ ਜਨੇਊ ਆਦਿ ਪਹਿਨਣ ਨੂੰ ਨੈਤਿਕ ਵਿਹਾਰ ਅਤੇ ਗੁਣਾਂ ਜਿਵੇਂ ਦਇਆ, ਸੰਤੋਖ ਅਤੇ ਸੱਚ ਵਿਚ ਵਟਾਉਣ ਲਈ ਕਿਹਾ ਹੈ। ਇਨ੍ਹਾਂ ਪ੍ਰਤੱਖ ਪ੍ਰਮਾਣਾਂ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਜਾਹਨ ਕਲਾਰਕ ਆਰਚਰ ਨੇ ਗੁਰੂ ਨਾਨਕ ਸਾਹਿਬ ਵੱਲੋਂ ਨੈਤਿਕ ਅਮਲ ਜਾਂ ਵਿਹਾਰ ਉਤੇ ਜ਼ੋਰ ਨਾ ਦੇਣ ਬਾਰੇ ਜੋ ਕਿਹਾ ਹੈ, ਉਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਉਹ ਕੁੱਝ ਸਮੇਂ ਲਈ ਭਾਰਤ ਵਿਚ ਸੀ ਅਤੇ ਵੱਖ ਵੱਖ ਸਿੱਖ ਵਿਦਵਾਨਾਂ ਨਾਲ ਉਸ ਦੇ ਸਿੱਧੇ ਰਾਬਤੇ ਵਿਚ ਉਹ ਇਨ੍ਹਾਂ ਤੱਥਾਂ ਤੋਂ ਅਣਜਾਣ ਨਹੀਂ ਰਿਹਾ ਹੋਵੇਗਾ। ਫਿਰ ਹੋ ਸਕਦਾ ਹੈ ਕਿ ਉਸ ਨੇ ਸਿੱਖ ਵਿਦਵਾਨਾਂ ਵੱਲੋਂ ਗੁਰੂ ਸਾਹਿਬਾਨ ਵੱਲੋਂ ਸਿੱਖ ਧਰਮ ਵਿਚ ਦਿੱਤੇ ਨੈਤਿਕ ਸਿਧਾਂਤਾਂ ਦਾ ਨਿਯਮਤ ਰੂਪ ਵਿਚ ਅਧਿਐਨ ਨਾ ਕਰਨ ਵੱਲ ਸੰਕੇਤ ਕੀਤਾ ਹੋਵੇ।

ਸਿੱਖ ਨੈਤਿਕਤਾ ਦੇ ਸੋਮਿਆਂ ਅਤੇ ਸਾਹਿਤ ਦੀ ਗੱਲ ਕਰਦਿਆਂ ਡਾ. ਅਵਤਾਰ ਸਿੰਘ ਨੇ 'ਆਦਿ ਗ੍ਰੰਥ' ਨੂੰ ਸਿੱਖ ਨੈਤਿਕਤਾ ਦਾ ਮੁਢਲਾ ਅਤੇ ਕੇਂਦਰੀ ਸਰੋਤ ਮੰਨਿਆ ਹੈ ਜੋ ਗੁਰੂ ਸਾਹਿਬਾਨ ਵੱਲੋਂ ਦਿੱਤੇ ਨੈਤਿਕ ਸਿਧਾਂਤਾਂ ਵੱਡਾ ਭੰਡਾਰ ਹੈ। ਅਵਤਾਰ ਸਿੰਘ ਅਨੁਸਾਰ ਗੁਰੂ ਸਾਹਿਬਾਨ ਵੱਲੋਂ ਦਿੱਤੀਆਂ ਨੈਤਿਕ ਸਿੱਖਿਆਵਾਂ ਵਿਆਪਕ ਨੈਤਿਕਤਾ ਵੱਲ ਸੰਕੇਤ ਕਰਦੀਆਂ ਹਨ। ਮੋਟੇ ਤੌਰ 'ਤੇ ਗੁਰੂ ਸਾਹਿਬਾਨ ਵੱਲੋਂ ਦਿੱਤੇ ਅਧਿਆਤਮਕ ਅਤੇ ਨੈਤਿਕ ਸਿਧਾਂਤਾਂ

## ਗੁਰਮਤਿ ਵਿਚਾਰ

ਨੂੰ ਤਿੰਨ ਮੁਖ ਸਿਰਲੇਖਾਂ ਹੇਠ ਵਿਚਾਰਿਆ ਜਾ ਸਕਦਾ ਹੈ-ਪਹਿਲਾ, ਮਨੁੱਖ ਦੇ ਸੁਧਾਰ ਦੀ ਜ਼ਰੂਰਤ, ਦੂਸਰਾ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਦਾ ਸੁਭਾ, ਕਿਵੇਂ ਦਾ ਇਹ ਹੋਣਾ ਚਾਹੀਦਾ ਹੈ, ਤੀਸਰਾ ਮਨੁੱਖ ਦਾ ਪਰਮਸਤਿ ਨਾਲ ਮਿਲਾਪ, ਜਿਸ ਨੂੰ ਕਿਹਾ ਗਿਆ ਹੈ ਕਿ ਉਹ ਸਾਥੋਂ ਦੂਰ ਨਹੀਂ ਹੈ। ਇਸ ਮਿਲਾਪ ਨੂੰ ਸੰਜੋਗ ਕਿਹਾ ਗਿਆ ਹੈ, ਜੋ ਕਿ ਸਭ ਤੋਂ ਉਚਾ ਉਦੇਸ਼ ਹੈ ਜਿਸ ਨੂੰ ਮਨੁੱਖ ਨੂੰ ਆਪਣੀ ਮੰਜ਼ਿਲ ਬਣਾਉਣਾ ਚਾਹੀਦਾ ਹੈ। 'ਆਦਿ ਗ੍ਰੰਥ' ਦੇ ਤਿੰਨ ਮੁੱਖ ਵਿਸ਼ੇ ਹਨ-ਮਨੁੱਖ, ਮਨੁੱਖ ਦਾ ਸਮਾਜ ਅਤੇ ਪਰਮਸਤਿ ਦੇ ਸੰਜੋਗ ਵਿਚ ਮਨੁੱਖ। ਇਹ ਵਿਸ਼ੇ ਵਾਰ ਵਾਰ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਆਉਂਦੇ ਹਨ ਅਤੇ ਮਨੁੱਖ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਉਭਾਰਿਆ ਗਿਆ ਹੈ। ਗੁਰੂ ਸਾਹਿਬ ਵਾਰ ਵਾਰ ਮਨੁੱਖ ਦੇ ਸਨਮੁਖ ਹੁੰਦੇ ਹਨ ਅਤੇ ਉਸ ਨੂੰ ਆਪਣੇ ਜੀਵਨ ਦੀਆਂ ਸਮੱਸਿਆਵਾਂ ਵਿਚੋਂ ਬਾਹਰ ਆਉਣ ਦਾ ਰਸਤਾ ਦੱਸਦੇ ਹਨ। ਨੈਤਿਕ ਵਿਹਾਰ ਜਾਂ ਦਸਤੂਰ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। 'ਆਦਿ ਗ੍ਰੰਥ' ਵਿਚ ਦੂਸਰਾ ਏਨਾ ਹੀ ਪਸੰਦੀਦਾ ਵਿਸ਼ਾ ਅਧਿਆਤਮਕ ਏਕਤਾ ਦੇ ਰੂਪ ਵਿਚ ਹੋਂਦ ਦੀ ਨਿਰੰਤਰਤਾ ਦਾ ਤੱਥ ਹੈ। ਗੁਰੂ ਸਾਹਿਬਾਨ ਇਹ ਗੱਲ ਵਾਰ ਵਾਰ ਕਹਿੰਦੇ ਹਨ ਕਿ ਸਾਰੀ ਸ੍ਰਿਸ਼ਟੀ ਵਿਚ ਇੱਕ ਅੰਦਰੂਨੀ ਏਕਤਾ ਹੈ ਅਤੇ ਇਸ ਲਈ ਹਰ ਇੱਕ ਦੂਸਰੇ ਨਾਲ ਸਬੰਧਤ ਹੈ। ਗੁਰੂ ਸਾਹਿਬ ਜਗਿਆਸੂ ਨੂੰ ਇਹ ਯਾਦ ਕਰਾਉਂਦੇ ਹਨ ਕਿ ਉਸ ਨੂੰ ਹੋਂਦ ਦੀ ਇਸ ਅੰਦਰੂਨੀ ਏਕਤਾ ਦਾ ਅਨੁਭਵ ਕਰਨਾ ਚਾਹੀਦਾ ਹੈ।

*(ਚਲਦਾ)*

## ਗੁਰਬਾਣੀ ਗਿਆਨ

# ਜਾ ਕੈ ਹਿਰਦੈ ਵਸਿਆ ਤੂ ਕਰਤੇ

**ਸੋਰਠਿ ਮਹਲਾ ੫**
ਜਾ ਕੈ ਹਿਰਦੈ ਵਸਿਆ ਤੂ ਕਰਤੇ
ਤਾ ਕੀ ਤੈਂ ਆਸ ਪੁਜਾਈ॥
ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ
ਚਰਣ ਧੂਰਿ ਮਨਿ ਭਾਈ॥੧॥
ਤੇਰੀ ਅਕਥ ਕਥਾ ਕਥਨੁ ਨ ਜਾਈ॥
ਗੁਣ ਨਿਧਾਨ ਸੁਖਦਾਤੇ ਸੁਆਮੀ
ਸਭ ਤੇ ਊਚ ਬਡਾਈ॥ਰਹਾਉ॥
ਸੋ ਸੋ ਕਰਮ ਕਰਤ ਹੈ ਪ੍ਰਾਣੀ
ਜੈਸੀ ਤੁਮ ਲਿਖਿ ਪਾਈ॥
ਸੇਵਕ ਕਉ ਤੁਮ ਸੇਵਾ ਦੀਨੀ
ਦਰਸਨੁ ਦੇਖਿ ਅਘਾਈ॥੨॥
ਸਰਬ ਨਿਰੰਤਰਿ ਤੁਮਹਿ ਸਮਾਨੇ
ਜਾ ਕਉ ਤੁਧੁ ਆਪਿ ਬੁਝਾਈ॥
ਗੁਰ ਪਰਸਾਦਿ ਮਿਟਿਓ ਅਗਿਆਨਾ
ਪ੍ਰਗਟ ਭਏ ਸਭ ਠਾਈ॥੩॥
ਸੋਈ ਗਿਆਨੀ ਸੋਈ ਧਿਆਨੀ
ਸੋਈ ਪੁਰਖੁ ਸੁਭਾਈ॥
ਕਹੁ ਨਾਨਕ ਜਿਸੁ ਭਏ ਦਇਆਲਾ
ਤਾ ਕਉ ਮਨ ਤੇ ਬਿਸਰਿ ਨ ਜਾਈ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪ੍ਰਭ ਜੀ ਦੀ ਸਿਫਤ-ਸਲਾਹ ਵਿਚ ਜੁੜ ਰਹੇ ਹਨ-ਜਾ ਕੈ ਹਿਰਦੈ ਵਸਿਆ ਤੂ ਕਰਤੇ, ਭਾਵ ਹੇ ਮੇਰੇ ਪ੍ਰਭੂ ਜੀਉ! ਮੇਰੇ ਕਰਤਾਰ ਜੀਉ!! ਜਿਸ ਜੀਵ ਦੇ ਹਿਰਦੇ ਵਿਚ ਵੀ ਤੂੰ ਵਸ ਜਾਂਦਾ ਹੈ; ਤਾ ਕੀ ਤੈਂ ਆਸ ਪੁਜਾਈ, ਭਾਵ ਉਸ ਦੀ ਤੂੰ ਹਰ ਇਕ ਆਸ ਪੂਰੀ ਕਰ ਦਿੰਦਾ ਹੈਂ। ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ, ਭਾਵ ਹੇ ਮਿਹਰਬਾਨ ਪ੍ਰਭੂ! ਤੂੰ ਆਪਣੇ ਸੇਵਕ ਨੂੰ ਕਦੀ ਨਹੀਂ ਵਿਸਰਦਾ। ਉਹ ਤੈਨੂੰ ਕਦੀ ਵਿਸਾਰ ਹੀ ਨਹੀਂ ਸਕਦਾ ਅਤੇ ਤੇਰੇ ਸੇਵਕ ਦੇ ਮਨ ਨੂੰ ਤੇਰੀ ਚਰਣ ਧੂੜੀ ਪਿਆਰੀ ਲਗਦੀ ਹੈ।

ਤੇਰੀ ਅਕਥ ਕਥਾ ਕਥਨੁ ਨ ਜਾਈ॥
ਗੁਣ ਨਿਧਾਨ ਸੁਖਦਾਤੇ ਸੁਆਮੀ
ਸਭ ਤੇ ਊਚ ਬਡਾਈ॥ਰਹਾਉ॥

ਗੁਰਦੇਵ ਪਿਤਾ ਉਸ ਮਿਹਰਬਾਨ ਪਿਤਾ ਦੇ ਗੁਣਾਂ ਬਾਬਤ ਆਖਦੇ ਹਨ-ਤੇਰੀ ਅਕਥ ਕਥਾ ਕਥਨੁ ਨ ਜਾਈ, ਭਾਵ ਹੇ ਪ੍ਰਭੂ ਜੀਉ! ਤੇਰੀ ਕਥਾ ਅਕਥ ਹੈ, ਉਸ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਤੂੰ ਕਹਿਣ ਤੋਂ ਪਰੇ ਹੈਂ, ਦੂਰ ਹੈਂ। ਗੁਣ ਨਿਧਾਨ ਸੁਖਦਾਤੇ ਸੁਆਮੀ, ਭਾਵ ਹੇ ਸਾਰੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਜੀਉ! ਹੇ ਸੰਸਾਰ ਨੂੰ ਸੁਖ ਦੇਣ ਵਾਲੇ ਮਾਲਕ ਜੀਉ!! ਸਭ ਤੇ ਊਚ ਬਡਾਈ, ਭਾਵ ਪ੍ਰਭੂ ਜੀਉ! ਤੂੰ ਸਭ ਤੋਂ ਵੱਡਾ ਹੈਂ, ਤੇਰੀ ਵਡਿਆਈ ਸਭ ਤੋਂ ਉਪਰ ਹੈ, ਤੂੰ ਕਿਡਾ ਵੱਡਾ ਹੈਂ, ਇਹ ਦੱਸਿਆ ਨਹੀਂ ਜਾ ਸਕਦਾ।

ਸੋ ਸੋ ਕਰਮ ਕਰਤ ਹੈ ਪ੍ਰਾਣੀ
ਜੈਸੀ ਤੁਮ ਲਿਖਿ ਪਾਈ॥
ਸੇਵਕ ਕਉ ਤੁਮ ਸੇਵਾ ਦੀਨੀ
ਦਰਸਨੁ ਦੇਖਿ ਅਘਾਈ॥੨॥

ਸੋ ਸੋ ਕਰਮ ਕਰਤ ਹੈ ਪ੍ਰਾਣੀ, ਭਾਵ ਹੇ ਸੰਸਾਰ ਦੇ ਮਾਲਕ ਪ੍ਰਭੂ ਜੀਉ! ਜੀਵ ਤਾਂ ਉਹੀ ਕਰਮ ਕਰਦਾ ਹੈ; ਜੈਸੀ ਤੁਮ ਲਿਖਿ ਪਾਈ, ਭਾਵ ਜਗਤ ਪਿਤਾ ਜੀਉ! ਜਿਹੋ ਜਿਹੀ ਆਗਿਆ ਤੂੰ ਉਸ ਪ੍ਰਾਣੀ ਦੇ ਮੱਥੇ 'ਤੇ ਲਿਖ ਕੇ ਰੱਖ ਦਿੱਤੀ ਹੈ; ਸੇਵਕ ਕਉ ਤੁਮ ਸੇਵਾ ਦੀਨੀ, ਭਾਵ ਹੇ ਜਗਤ ਦੇ ਸੁਆਮੀ ਪ੍ਰਭੂ ਜੀਉ! ਜਿਸ ਵਡਭਾਗੇ ਸੇਵਕ ਨੂੰ ਤੂੰ ਭਗਤੀ ਅਤੇ ਸੇਵਾ ਦੀ ਦਾਤ ਬਖ਼ਸ਼ ਦਿੰਦਾ ਹੈਂ; ਦਰਸਨੁ ਦੇਖਿ ਅਘਾਈ, ਭਾਵ ਉਹ ਸੇਵਕ ਤਾਂ ਆਪ ਦੇ ਦਰਸ਼ਨ ਕਰ ਕੇ ਹੀ ਆਪਣੀ ਭੁੱਖ ਦੂਰ ਕਰ ਲੈਂਦਾ ਹੈ, ਰੱਜ ਜਾਂਦਾ ਹੈ।

ਸਰਬ ਨਿਰੰਤਰਿ ਤੁਮਹਿ ਸਮਾਨੇ
ਜਾ ਕਉ ਤੁਧੁ ਆਪਿ ਬੁਝਾਈ॥
ਗੁਰ ਪਰਸਾਦਿ ਮਿਟਿਓ ਅਗਿਆਨਾ
ਪ੍ਰਗਟ ਭਏ ਸਭ ਠਾਈ॥੩॥

ਸਰਬ ਨਿਰੰਤਰਿ ਤੁਮਹਿ ਸਮਾਨੇ, ਭਾਵ ਜਿਸ ਜੀਵ 'ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਕੇ ਤੂੰ ਉਸ ਨੂੰ ਸੋਝੀ ਬਖ਼ਸ਼ ਦਿੰਦਾ ਹੈਂ; ਜਾ ਕਉ ਤੁਧੁ ਆਪਿ ਬੁਝਾਈ, ਭਾਵ ਫਿਰ ਉਸ ਨੂੰ ਸਾਰੇ ਹੀ ਜੀਵਾਂ ਵਿਚ ਤੂੰ ਇਕ ਰਸ ਸਮਾਇਆ ਦਿਸਣ ਲਗ ਜਾਂਦਾ ਹੈਂ; ਗੁਰ ਪਰਸਾਦਿ ਮਿਟਿਓ ਅਗਿਆਨਾ, ਭਾਵ ਹੇ ਭਾਈ! ਗੁਰੂ ਦੀ ਬਖ਼ਸ਼ਿਸ਼ ਸਦਕਾ ਜਦ ਜੀਵ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ; ਪ੍ਰਗਟ ਭਏ ਸਭ ਠਾਈ, ਤਾਂ ਪ੍ਰਭੂ ਕਿਰਪਾ ਸਦਕਾ ਉਸ ਦੀ ਸੋਭਾ ਸਭ ਥਾਂਵਾਂ 'ਤੇ ਫੈਲ ਜਾਂਦੀ ਹੈ।

ਸੋਈ ਗਿਆਨੀ ਸੋਈ ਧਿਆਨੀ
ਸੋਈ ਪੁਰਖੁ ਸੁਭਾਈ॥
ਕਹੁ ਨਾਨਕ ਜਿਸੁ ਭਏ ਦਇਆਲਾ
ਤਾ ਕਉ ਮਨ ਤੇ ਬਿਸਰਿ ਨ ਜਾਈ॥੪॥

ਸੋਈ ਗਿਆਨੀ ਸੋਈ ਧਿਆਨੀ, ਭਾਵ ਹੁਣ ਗੁਰਦੇਵ ਪ੍ਰਭੂ ਕ੍ਰਿਪਾ ਵਲ ਦੇਖਦੇ ਆਖਦੇ ਹਨ, ਜਿਸ ਜੀਵ 'ਤੇ ਪ੍ਰਭੂ ਮਿਹਰਬਾਨ ਹੋ ਜਾਵੇ, ਅਸਲ ਵਿਚ ਉਹੀ ਜੀਵ ਗਿਆਨਵਾਨ ਹੈ ਅਤੇ ਉਹ ਜੀਵ ਸੁਰਤ ਕਰ ਕੇ ਪ੍ਰਭੂ ਨਾਲ ਜੁੜ ਸਕਿਆ ਹੈ। ਸੋਈ ਪੁਰਖੁ ਸੁਭਾਈ, ਭਾਵ ਉਹੀ ਜੀਵ ਸ੍ਰੇਸ਼ਟ ਪ੍ਰੇਮ ਦੇ ਸੁਭਾਉ ਵਾਲਾ ਹੈ ਜਿਸ 'ਤੇ ਪ੍ਰਭੂ ਆਪਣੀ ਕ੍ਰਿਪਾ ਕਰਦਾ ਹੈ। ਕਹੁ ਨਾਨਕ ਜਿਸੁ ਭਏ ਦਇਆਲਾ, ਇਹ ਨਾਨਕ ਆਖਦਾ ਹੈ-ਜਿਸ 'ਤੇ ਪ੍ਰਭੂ ਦਇਆਵਾਨ ਹੋ ਜਾਵੇ, ਉਸ ਦੇ ਮਨ ਨੂੰ ਪ੍ਰਭੂ ਕਦੀ ਵੀ ਵਿਸਰ ਨਹੀਂ ਸਕਦਾ।

ਆਓ ਗੁਰੂ ਪਿਆਰਿਓ! ਸ਼ਬਦ ਗੁਰੂ ਨਾਲ ਜੁੜੀਏ ਜੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਢਾਡੀ ਸਿੰਘਾਂ ਵੱਲ ਲਿਖੇ ਮੁਹੱਬਤ ਦੇ ਸਿਰਨਾਵੇਂ

**ਪੰਜਾਬੀ ਗਾਇਕੀ ਦੇ ਅੰਦਰ-ਬਾਹਰ**



**ਐਸ. ਅਸ਼ੋਕ ਭੌਰਾ**

ਕਈ ਵਾਰ ਅਜਿਹਾ ਵਾਪਰਦਾ ਹੈ ਕਿ ਬੰਦਾ ਦੂਜਿਆਂ ਨਾਲ ਤਾਂ ਹੁੰਦਾ ਹੈ ਪਰ ਆਪਣੇ-ਆਪ ਨਾਲ ਨਹੀਂ। ਬਹੁਤਿਆਂ ਦੀ ਜ਼ਿੰਦਗੀ ਵਿਚ ਹਾਲਤ ਇੱਦਾਂ ਦੀ ਬਣਦੀ ਰਹੀ ਹੈ ਕਿ ਟਿੰਡਾਂ ਵੀ ਸਾਬਤ-ਸਬੂਤ ਹੁੰਦੀਆਂ ਹਨ, ਹਲਟ ਵੀ ਠੀਕ ਦਿਸ਼ਾ ਵਿਚ ਚੱਲ ਰਿਹਾ ਹੁੰਦਾ ਹੈ ਪਰ ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਅੱਧੀਆਂ ਕੁ ਟਿੰਡਾਂ ਖਾਲੀ ਹੀ ਮੁੜ ਆਉਂਦੀਆਂ ਹਨ। ਜਿਵੇਂ ਕਿਸੇ ਘਰ ਦਾ ਦਰਵਾਜ਼ਾ ਹੁੰਦਾ ਤਾਂ ਦੱਖਣ ਵੱਲ ਹੈ ਪਰ ਬੁੱਲੇ ਪੱਛੋਂ ਦੇ ਆਉਣ ਲੱਗ ਪੈਂਦੇ ਹਨ।

ਮੇਰੀ ਜ਼ਿੰਦਗੀ ਵਿਚ ਕਲਾਤਮਕ ਪੱਖ ਤਾਂ ਸੀ ਪਰ ਧਰਮ ਦੀ ਬਹੁਤੀ ਘਰੇਲੂ ਦਖ਼ਲ-ਅੰਦਾਜ਼ੀ ਨਹੀਂ ਸੀ। ਮੇਰੀ ਦਾਦੀ ਦਾ ਨਾਂ ਤਾਂ ਅੱਛਰ ਕੌਰ ਸੀ, ਫੋਟੋ ਵੀ ਦਲਾਨ ਵਿਚ ਬਾਬੇ ਨਾਨਕ ਦੀ ਲਾਈ ਹੁੰਦੀ ਸੀ; ਖੌਰੇ ਕਿਉਂ ਸਭ ਤੋਂ ਵੱਡੇ ਭਰਾ ਤੇ ਮੇਰੇ ਸਿਰ ਦੇ ਵਾਲ ਜਿਨ੍ਹਾਂ ਨੂੰ ਸ਼ਰਧਾਮਈ ਭਾਸ਼ਾ ਵਿਚ ਉਹ 'ਝੰਡ' ਕਹਿੰਦੀ ਹੁੰਦੀ ਸੀ, ਪਹਿਲਾਂ ਸਵਾ ਪੰਜ ਤੇ ਫਿਰ ਇਕਵੰਜਾ ਰੁਪਏ ਪੰਡਿਤਾਂ ਨੂੰ ਦੇ ਕੇ ਮਾਤਾ ਜਵਾਲਾਜੀ ਦੇ ਲੁਹਾ ਕੇ ਆਈ ਸੀ। ਉਂਜ ਮੇਰੇ ਉਡਾਰ ਹੋਣ ਨਾਲ ਘਰ ਦਾ ਸਾਰਾ ਮਾਹੌਲ ਸਿੱਖੀ ਵਾਲਾ ਬਣ ਗਿਆ ਸੀ। ਇਕ ਸਮਾਂ ਇੱਦਾਂ ਦਾ ਵੀ ਸੀ ਕਿ ਸਾਇਕਲਾਂ, ਸਕੂਟਰਾਂ ਤੇ ਕਾਰਾਂ 'ਚ ਅੰਮ੍ਰਿਤਧਾਰੀ ਸਿੰਘਾਂ ਦੇ ਘਰੇ ਆਉਣ ਨਾਲ ਮੇਰੀ ਮਾਂ ਤੇ ਭਰਾਵਾਂ ਨੂੰ ਇਹ ਪੱਕ ਹੋ ਗਿਆ ਸੀ ਕਿ ਇਹ ਰਾਹ ਸਹੀ ਚੁਣ ਲਵੇਗਾ ਪਰ ਮੈਂ ਦੋ ਵਾਰ ਇਸ ਪਾਸੇ ਵੱਲ ਮੁੜਨ ਤੋਂ ਉਖੜਿਆ ਹੀ ਨਹੀਂ, ਸਗੋਂ ਉਖੜ ਕੇ ਡਿੱਗ ਗਿਆ ਸਾਂ।

ਸਕੂਲੀ ਜੀਵਨ ਵਿਚ ਹੀ ਜਦੋਂ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਵਲ 'ਜੰਗ ਜਾਂ ਅਮਨ' ਦਸਵੀਂ ਜਮਾਤ ਵਿਚ ਪੜ੍ਹਿਆ ਤਾਂ ਨਾਵਲ ਦੀ ਆਖ਼ਰੀ ਸਤਰ 'ਪਾਲੋ ਹੁਣ ਕਿਹਦੀ ਬਣੇਗੀ?' ਨਾਲ ਸਾਹਿਤ ਅੰਦਰ ਦਾਖ਼ਲ ਹੋਣ ਦੀ ਚਿਣਗ ਲੱਗੀ ਪਰ ਜਦੋਂ ਇਹ ਪਤਾ ਲੱਗਾ ਕਿ ਇਹ ਨਾਵਲ ਜਿਹੜਾ ਰੁਮਾਂਟਿਕ ਵੀ ਸੀ, ਢਾਡੀ ਨੇ ਲਿਖਿਆ ਹੈ ਤਾਂ ਆਏਂ ਲੱਗਾ ਕਿ ਧਰਮ, ਸਾਹਿਤਕ ਕਾਰਜਾਂ ਵਿਚ ਕਦੇ ਅੜਿੱਕਾ ਨਹੀਂ ਬਣ ਸਕਦਾ। ਫਿਰ ਜਦੋਂ 'ਮੇਰੇ ਇਤਿਹਾਸਕ ਲੈਕਚਰ' ਅਤੇ ਸੀਤਲ ਦਾ ਹੀ ਦੂਜਾ ਨਾਵਲ 'ਤੂਤਾਂ ਵਾਲਾ ਖੂਹ' ਪੜ੍ਹੇ ਤਾਂ ਸੀਤਲ ਤੋਂ ਹੀ ਲਿਖਣ ਤੇ ਬੋਲਣ ਦੀ ਸ਼ੈਲੀ ਦਾ ਅਸਰ ਮੱਲੋ-ਮੱਲੀ ਕਬੂਲ ਕਰ ਲਿਆ।

ਸਾਡੇ ਪਿੰਡ ਭੌਰੇ ਵਿਚ ਹਰ ਪਿੰਡ ਵਾਸੀ ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਦਾ ਸੀ, ਲਈ ਇਹ ਸਤਿਕਾਰ ਵਾਲੀ ਗੱਲ ਸੀ ਕਿ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਸਾਧੂ ਸਿੰਘ ਭੌਰਾ ਇਸੇ ਮਿੱਟੀ ਦੇ ਜੰਮਪਲ ਸਨ। ਫਿਰ ਮੈਂ ਗਿਆਨੀ ਸੋਹਣ ਸਿੰਘ ਸੀਤਲ ਨੂੰ ਨਿੱਕੀ ਉਮਰੇ ਘੋਨ-ਮੋਨ ਹੁੰਦਿਆਂ ਵੀ ਉਸ ਦੇ ਲੁਧਿਆਣਾ ਸਥਿਤ ਮਾਡਲ ਗ੍ਰਾਮ 'ਚ ਮਿਲਣ ਜਾਂਦਾ ਰਿਹਾ। ਮੈਂ ਹਾਲਾਂਕਿ ਬਹੁਤ ਦੂਰੋਂ ਚੱਲ ਕੇ ਉਹਦੇ ਘਰ ਜਾਂਦਾ ਸੀ ਪਰ ਉਸ ਦੀਆਂ ਨਜ਼ਰਾਂ ਵਿਚ ਆਮ ਜੁਆਕ ਜਿਹਾ ਹੀ ਸਾਂ। ਗਾਉਣ ਵਾਲਿਆਂ ਬਾਰੇ ਲਿਖਣ ਦਾ ਸੀਤਲ ਹੋਰਾਂ ਨੂੰ ਮੇਰੇ ਬਾਰੇ ਗਿਆਨ ਸੀ, ਇਸ ਲਈ ਮੈਨੂੰ ਬੂਰ ਪੈਣ ਦੀ ਆਸ ਸੀ।

ਇਹਦੇ ਨਾਲ ਲਗਦੀ ਇਕ ਹੋਰ ਘਟਨਾ ਨੇ ਮੈਨੂੰ ਢਾਡੀਆਂ ਤੇ ਪੰਥਕ ਹਲਕਿਆਂ ਦੇ ਬਹੁਤ ਨੇੜੇ ਖਿੱਚ ਲਿਆਂਦਾ। ਹੋਇਆ ਇਉਂ ਕਿ ਮੈਂ ਚੰਡੀਗੜ੍ਹ ਤੋਂ ਬੰਗਾ ਜਾਣ ਵਾਸਤੇ ਲਾਰੀ ਵਿਚ ਬੈਠਾ। ਜੂਨ ਮਹੀਨਾ। ਅਤਿ ਦੀ ਗਰਮੀ। ਬੱਸ ਵੀ ਤੂੜੀ ਆਲੇ ਕੋਠੇ ਵਾਂਗ ਸਵਾਰੀਆਂ ਨਾਲ ਭਰੀ ਪਈ। ਮਾੜੇ ਹਾਲਾਤ ਕਾਰਨ ਇਹ ਚੰਡੀਗੜ੍ਹੋਂ ਜਲੰਧਰ ਜਾਣ ਵਾਲੀ ਆਖ਼ਰੀ ਬੱਸ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਕਾਰਨ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲੱਗੀਆਂ ਹੋਈਆਂ ਸਨ। ਬੱਸ ਜਦੋਂ ਨਵਾਂ ਸ਼ਹਿਰ ਤੋਂ ਤਿੰਨ ਕੁ ਕਿਲੋਮੀਟਰ ਉਰਾਂ ਪਿੰਡ ਬਰਨਾਲਾ ਕਲਾਂ (ਇਹ ਪਿੰਡ ਪ੍ਰੋ. ਸਰੂਪ ਸਿੰਘ ਸਰੂਪ ਦਾ ਹੈ ਜਿਸ ਨੇ 'ਗੁਰੂ ਨਾਨਕ ਸਭ ਦਾ ਪਿਆਰਾ ਤੇਰਾ ਤੇਰਾ ਤੋਲਦਾ' ਅਤੇ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ' ਵਰਗੇ ਧਾਰਮਿਕ ਗੀਤ ਗਾਏ) ਦੇ ਚੌਕ ਵਿਚ ਸੂਰਜ ਮਿਟਣਸਾਰ ਵੀ ਜਲ ਛਕਾਉਣ ਲਈ ਰੁਕੀ, ਤਦ ਅੱਧਖੜ ਉਮਰ ਦਾ ਇਕ ਅੰਮ੍ਰਿਤਧਾਰੀ ਸਿੰਘ ਛਾਲ ਮਾਰ ਕੇ ਹੇਠਾਂ ਉਤਰਿਆ ਤੇ ਉਸ ਨੇ ਪੈਰੋਂ ਗੁਰਗਾਬੀ ਲਾਹ ਕੇ ਜ਼ਮੀਨ ਨੂੰ ਝੁਕ ਕੇ ਮੱਥਾ ਟੇਕਿਆ। ਸਾਹਮਣੇ ਗੁੱਗਾਮਾੜੀ ਦੀ ਜਗ੍ਹਾ ਸੀ ਜੋ ਹਾਲੇ ਵੀ ਹੈ। ਬੇਸਮਝੀ 'ਚ ਮੈਨੂੰ ਆਏਂ ਲੱਗਾ ਕਿ ਗੁਰੂ ਦਾ ਸਿੰਘ ਹੋ ਕੇ ਇਹਨੇ ਗੁੱਗੇ ਪੀਰ ਨੂੰ ਮੱਥਾ ਟੇਕਿਆ ਹੈ। ਮੈਂ ਝਿਜਕਦੇ ਤੇ ਡਰਦੇ ਨੇ ਉਹਨੂੰ ਪੁੱਛ ਹੀ ਲਿਆ, "ਖਾਲਸਾ ਜੀ, ਕਮਾਲ ਕਰ'ਤੀ... ਸਿੰਘ ਹੋ ਕੇ ਗੁੱਗੇ ਨੂੰ ਮੱਥਾ ਟੇਕ'ਤਾ?"

ਉਹਨੇ ਬੜੀ ਗਰਮ ਸੁਰ ਵਿਚ ਜੁਆਬ ਦਿੱਤਾ, "ਕਿਹੜੇ ਗੁੱਗੇ ਦੀ ਗੱਲ ਕਰਦੈਂ?"

"ਅਹੁ ਸਾਹਮਣੇ ਤਾਂ ਹੈ ਗੁੱਗੇ ਦੀ ਮਾੜੀ।"

"ਤੇਰਾ ਪਿੰਡ ਕਿਹੜੈ?"

"ਨੇੜੇ ਈ ਆ 5-7 ਕਿਲੋਮੀਟਰ 'ਤੇ ਭੌਰਾ।"

ਉਹਦੇ ਜਵਾਬ ਵਿਚ ਤਲਖੀ ਹੋਰ ਵਧ ਗਈ ਸੀ, "ਮੈਂ ਗੁਰਦਾਸਪੁਰੋਂ ਆਂ ਤੇ ਤੁਹਾਨੂੰ ਲੋਕਾਂ ਨੂੰ ਕੋਲ ਰਹਿੰਦਿਆਂ ਵੀ ਨਹੀਂ ਪਤਾ? ਅਹੁ ਸਾਹਮਣੇ ਪਿੰਡ ਸਲੋਹ ਐ ਪੰਥ ਦੇ ਸਿਰਮੌਰ ਢਾਡੀ ਦਇਆ ਸਿੰਘ ਦਿਲਬਰ ਦਾ, ਤੇ ਐਧਰ ਆ ਸਰੂਪ ਸਿੰਘ ਸਰੂਪ ਦਾ। ਮੈਂ ਇਸ ਧਰਤੀ ਨੂੰ ਮੱਥਾ ਟੇਕਿਐ, ਕਿਸੇ ਗੁੱਗੇ-ਗਾਗੇ ਨੂੰ ਨਹੀਂ।"

ਮੈਨੂੰ ਐਂ ਲੱਗਾ ਜਿਵੇਂ ਕਿਸੇ ਨਾਲਾਇਕ ਵਿਦਿਆਰਥੀ ਦੇ ਥੱਪੜ ਮਾਰ ਕੇ ਅਧਿਆਪਕ ਕੰਨਾਂ ਥਾਣੀਂ ਦਿਮਾਗ ਨੂੰ ਜਾਣ ਵਾਲੇ ਦਰ ਖੋਲ੍ਹ ਦਿੰਦੈ।

ਇਸ ਖੇਤਰ ਦਾ ਅਗਲਾ ਨਾਗਵਲ ਮੇਰੇ ਇਹ ਪਿਆ ਕਿ ਸਾਡੇ ਗੁਆਂਢੀ ਪਿੰਡ ਸੁੱਜੋਂ ਵਿਚ ਖੇਡ ਮੇਲਾ ਚੱਲ ਰਿਹਾ ਸੀ। ਮੈਨੂੰ ਖ਼ਬਰ ਮਿਲੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਇਨਾਮ ਤਕਸੀਮ ਕਰਨ ਆ ਰਹੇ ਹਨ। ਕਾਲਜੋਂ ਪੜ੍ਹ ਕੇ ਆਉਂਦਾ ਮੈਂ ਸਿੱਧਾ ਖੇਡ ਮੇਲੇ 'ਤੇ ਪਹੁੰਚ ਗਿਆ। ਆਪਣੇ ਭਾਸ਼ਣ ਵਿਚ ਟੌਹੜਾ ਸਾਹਿਬ ਨੇ ਜਥੇਦਾਰ ਸਾਧੂ ਸਿੰਘ ਭੌਰਾ ਦਾ ਜ਼ਿਕਰ ਵੀ ਕੀਤਾ। ਗਿਆਨੀ ਦਇਆ ਸਿੰਘ ਦਿਲਬਰ ਵੀ ਨਾਲ ਸਨ। ਮੈਂ ਉਸ ਨੂੰ ਬੁਲਾਉਣ ਗਿਆ ਤਾਂ ਦਿਲਬਰ ਕਹਿਣ ਲੱਗਾ, "ਪ੍ਰਧਾਨ ਸਾਹਿਬ ਫਲਾਣੇ ਸਿੰਘ ਦੇ ਘਰ ਚਾਹ ਦਾ ਲੰਗਰ ਛਕਣਗੇ, ਤੂੰ ਵੀ ਉਥੇ ਆ ਜਾਵੀਂ।"

ਬਿਨਾਂ ਚੇਨ-ਕਵਰ ਵਾਲਾ ਸਾਇਕਲ ਖਿੱਚਦਾ ਮੈਂ ਵੀ ਉਨ੍ਹਾਂ ਘਰੇ ਚਲੇ ਗਿਆ ਪਰ ਨੀਲੀਆਂ ਪੱਗਾਂ ਤੇ ਖੁੱਲ੍ਹੀਆਂ ਦਾੜ੍ਹੀਆਂ ਵਾਲਿਆਂ ਵਿਚਕਾਰ ਮੇਰੇ ਹਾਲਾਤ ਉਹੀ ਸਨ ਜਿਵੇਂ ਕੋਈ ਭੁਲੇਖੇ ਨਾਲ ਨੰਗੇ ਸਿਰ ਗੁਰੂ ਘਰ ਆ ਗਿਆ ਹੋਵੇ। ਮੈਨੂੰ ਮੇਰੇ ਨਾਲ ਦਿਲਬਰ ਸਾਹਿਬ ਦੀ ਮੁਹੱਬਤ ਦਾ ਇਲਮ ਬਿਲਕੁਲ ਨਹੀਂ ਸੀ। ਉਸ ਨੇ ਮੈਨੂੰ ਆਪਣੇ ਪੁੱਤਾਂ ਵਾਂਗ ਟੌਹੜਾ ਸਾਹਿਬ ਨਾਲ ਤੁਆਰਫ਼ ਕਰਵਾਇਆ, "ਇਹ ਮੁੰਡਾ ਵੀ ਜਥੇਦਾਰ ਸਾਹਿਬ ਸਾਧੂ ਸਿੰਘ ਭੌਰਾ ਦੇ ਪਿੰਡ ਤੋਂ ਹੈ, ਲਿਖਦਾ ਬਹੁਤ ਵਧੀਐ। ਹੁਣੇ ਜਿਹੇ ਅਮਰ ਸਿੰਘ ਸ਼ੌਂਕੀ ਬਾਰੇ 'ਅਜੀਤ' ਵਿਚ ਲਿਖਿਆ ਸੀ ਇਹਨੇ।"

ਜਿਵੇਂ ਕੋਈ ਘੂਰੀ ਵੱਟ ਕੇ ਵੇਖਣ ਲੱਗ ਪਿਆ ਹੋਵੇ। ਟੌਹੜਾ ਸਾਹਿਬ ਦਾ ਪ੍ਰਤੀਕਰਮ ਵੇਖਿਓ ਹਾਲਾਂਕਿ ਮੈਂ ਬਾਅਦ 'ਚ ਸ਼ੌਂਕੀ ਦੇ ਨਾਂ 'ਤੇ 8 ਸਾਲ ਮੇਲਾ ਵੀ ਲਾਉਂਦਾ ਰਿਹਾਂ, "ਸ਼ੌਂਕੀ-ਸ਼ੂੰਕੀ ਨੂੰ ਛੱਡ! ਉਹ ਤਾਂ ਹੀਰਾਂ-ਸਾਹਿਬਾਂ ਗਾਉਂਦਾ ਫਿਰਦਾ ਸੀ। ਪੰਥਕ ਢਾਡੀਆਂ ਬਾਰੇ ਲਿਖ। ਸ਼ਮਸ਼ੇਰ ਸਿੰਘ ਅਸ਼ੋਕ ਜਾਂ ਹਰਨਾਮ ਦਾਸ ਸਹਿਰਾਈ ਬਣ।"

ਜਿਵੇਂ ਜ਼ਮੀਨ ਦੀ ਰਜਿਸਟਰੀ ਹੋਣ ਦੇ ਨਾਲ ਇੰਤਕਾਲ ਵੀ ਨਾਲ ਹੀ ਚੜ੍ਹ ਗਿਆ ਹੋਵੇ! ਮੇਰੇ ਹੌਸਲੇ ਵਿਚ ਸੋਨੇ ਦਾ ਕਿੱਲ ਲੱਗ ਗਿਆ ਸੀ। ਦਿਲਬਰ ਸਾਹਿਬ ਨੂੰ ਬਾਅਦ ਵਿਚ ਜਦੋਂ ਮੈਂ ਦਿਲਬਰ ਭਵਨ ਨਵਾਂ ਸ਼ਹਿਰ ਮਿਲਣ ਗਿਆ ਤਾਂ ਉਸ ਨੇ ਹੱਲਾਸ਼ੇਰੀ ਦਾ ਬੁੱਕ ਭਰ ਕੇ ਮੇਰੀ ਝੋਲੀ ਪਾ ਦਿੱਤਾ, "ਮਨ ਵਿਚੋਂ ਵਹਿਮ ਕੱਢ ਕਿ ਤੂੰ ਮੋਨਾ ਏ... ਢਾਡੀਆਂ ਬਾਰੇ ਲਿਖਣ ਦਾ ਕੰਮ ਕਿਸੇ ਸਿੱਖ ਲਿਖਾਰੀ ਨੇ ਨ੍ਹੀਂ ਕਰਨਾ।"

ਫਿਰ ਮੈਂ ਇਕਦਮ ਕੂਹਣੀ ਮੋੜ ਕੱਟ ਲਿਆ। ਮੇਰੇ ਮਨ 'ਚ ਇਕ ਖਿਆਲ ਮਿਲਖਾ ਸਿੰਘ ਵਾਂਗ ਦੌੜਨ ਲੱਗਾ ਕਿ ਬਦਾਮ ਜੇ ਦੇਸੀ ਘਿਉ 'ਚ ਭੁੰਨ ਕੇ ਖਾਧੇ ਜਾਣ ਤਾਂ ਹੋਰ ਵੀ ਤਾਕਤਵਰ ਤੇ ਸੁਆਦੀ ਹੋ ਜਾਣਗੇ। ਮਨ 'ਚ ਸਕਰਿਪਟ ਲੈ ਕੇ ਭਾਅ ਜੀ ਬਰਜਿੰਦਰ ਸਿੰਘ ਹਮਦਰਦ ਕੋਲ 'ਅਜੀਤ' ਦੇ ਦਫਤਰ ਚਲੇ ਗਿਆ। 'ਸੁਰ ਸੱਜਣਾਂ ਦੀ' ਕਲਮ ਲਿਖਣ ਦੀ ਤਜਵੀਜ਼ ਰੱਖੀ ਕਿ ਗੱਲ ਤਾਂ ਮੈਂ ਢਾਡੀਆਂ, ਕਵੀਸ਼ਰਾਂ ਦੀ ਕਰਾਂਗਾ ਪਰ ਗੱਲਾਂ ਸਾਰੀਆਂ ਇਨ੍ਹਾਂ ਦੀਆਂ ਘਰਵਾਲੀਆਂ ਤੋਂ ਕਹਾਵਾਂਗਾ। ਨਾਲੇ ਪਰਿਵਾਰ ਬਾਰੇ ਜਾਣਕਾਰੀ ਮਿਲ'ਜੂ ਪਾਠਕਾਂ ਨੂੰ, ਨਾਲੇ ਢਾਡੀ ਕਲਾ ਦੀ ਗੱਲ ਤੁਰ ਪਊ। ਨਵਾਂ ਆਈਡੀਆ ਪ੍ਰਵਾਨ ਚੜ੍ਹ ਗਿਆ ਤੇ ਬੁੱਧਵਾਰ ਦੇ 'ਜਨ ਜੀਵਨ' ਪੰਨੇ ਉਤੇ ਇਹ ਕਾਲਮ ਸ਼ੁਰੂ ਹੋ ਗਿਆ ਦਿਲਬਰ ਸਾਹਿਬ ਦੀ ਪਤਨੀ ਸੰਤ ਕੌਰ ਤੋਂ।

ਇਹ ਕਿੱਸਾ ਮੈਂ ਉਨ੍ਹਾਂ ਦਿਨਾਂ ਦਾ ਸੁਣਾ ਰਿਹਾ ਹਾਂ ਜਦੋਂ ਢਾਡੀਆਂ ਬਾਰੇ ਕੋਈ ਅਖ਼ਬਾਰ ਗੱਲ ਨਹੀਂ ਕਰ ਰਹੀ ਸੀ। ਆਲ ਇੰਡੀਆ ਰੇਡੀਓ ਅਤੇ ਜਲੰਧਰ ਦੂਰਦਰਸ਼ਨ ਦੇ ਕੰਨ ਬੰਦ ਸਨ। ਰਿਕਾਰਡਿੰਗ ਕੰਪਨੀ ਐਚ.ਐਮ.ਵੀ. ਇਨ੍ਹਾਂ ਨੂੰ ਹਾਸ਼ੀਏ 'ਤੇ ਰੱਖਦੀ ਸੀ।

'ਸੁਰ ਸੱਜਣਾਂ ਦੀ' ਕਾਲਮ ਨੂੰ ਅਖ਼ਬਾਰੀ ਪੱਧਰ 'ਤੇ ਅਤੇ ਪਾਠਕਾਂ ਦੀ ਰੌਚਕਤਾ ਲਈ ਤਬਦੀਲੀ ਇਹ ਕਰ ਲਈ ਗਈ ਸੀ ਕਿ ਇਕ ਹਫ਼ਤੇ ਕਿਸੇ ਗਾਇਕ ਦੀ ਪਤਨੀ ਤੇ ਇਕ ਹਫ਼ਤੇ ਕਿਸੇ ਢਾਡੀ ਦੀ ਪਤਨੀ ਹਾਜ਼ਰ ਹੋਵੇਗੀ। ਹਾਲਾਂਕਿ ਦੋ ਸਾਲ ਤੋਂ ਵੱਧ ਚੱਲੇ ਇਸ ਲੜੀਵਾਰ ਕਾਲਮ ਵਿਚ ਮੈਂ ਮੁਹੰਮਦ ਸਦੀਕ ਦੀ ਪਤਨੀ ਅਤੇ ਕਵੀਸ਼ਰ ਜੋਗਾ ਦੀ ਪਤਨੀ ਨਾਲ ਗੱਲਬਾਤ ਕਰਵਾਉਣ ਵਿਚ ਸਫ਼ਲ ਨਹੀਂ ਹੋ ਸਕਿਆ ਤੇ ਹਾਕਮ ਸੂਫ਼ੀ ਦੀ ਗੱਲ ਇਸ ਕਰ ਕੇ ਰਹਿ ਗਈ ਸੀ ਕਿ ਉਹ ਵਿਆਹ ਨਾ ਕਰਵਾਉਣ ਕਰ ਕੇ 'ਕੱਲਾ-'ਕਹਿਰਾ ਸੀ। ਅੰਦਰ ਛਪਦੇ ਇਸ ਕਾਲਮ ਦੀ ਵਡਿਆਈ ਇਸ ਕਰ ਕੇ ਵਧ ਗਈ ਸੀ ਕਿ ਇਕ ਤਾਂ ਇਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਤੋਂ ਲੋਕ ਬੇਖ਼ਬਰ ਸਨ ਤੇ ਇਕ ਅਖ਼ਬਾਰ 'ਚ ਪੰਨੇ ਅੰਦਰ ਹੋਣ ਕਰ ਕੇ 'ਅਜੀਤ' ਦੇ ਪਹਿਲੇ ਸਫ਼ੇ 'ਤੇ ਵੱਡੇ ਗਾਇਕਾਂ, ਢਾਡੀਆਂ ਦੀਆਂ ਇਕ ਦੋ ਰੰਗਦਾਰ ਤਸਵੀਰਾਂ ਛਾਪ ਕੇ ਸੰਖੇਪ ਭੂਮਿਕਾ ਦੇ ਨਾਲ ਲਿਖਿਆ ਜਾਂਦਾ ਸੀ, "ਅੰਦਰ ਪੜ੍ਹੋ ਐਸ. ਅਸ਼ੋਕ ਭੌਰਾ ਦਾ ਰੌਚਕ ਕਾਲਮ 'ਸੁਰ ਸੱਜਣਾਂ ਦੀ'।"

ਹਦਵਾਣਾ ਤੇ ਖ਼ਰਬੂਜਾ ਜਿਵੇਂ ਰਿਸ਼ਤੇਦਾਰ ਬਣ ਗਏ ਹੋਣ! ਸਤਿਕਾਰ 'ਚ ਗਾਇਕਾਂ ਤੇ ਢਾਡੀਆਂ ਨੇ ਜਿਵੇਂ ਮੇਰੇ ਨਹਿਰੂ ਕੋਟ ਪੁਆ ਕੇ ਗੁਲਾਬ ਟੰਗ ਦਿੱਤਾ ਹੋਵੇ ਤੇ ਸੰਪਾਦਕ ਦੀ ਡਾਕ 'ਚ ਵਧਦੀਆਂ ਅਣਗਿਣਤ ਪਾਠਕਾਂ ਦੀਆਂ ਚਿੱਠੀਆਂ ਨੇ ਜਿਵੇਂ ਗੁਲਮੋਹਰ ਤੇ ਕਸ਼ਮੀਰ ਮੇਰੇ ਨਾਂ ਕਰ ਦਿੱਤੇ ਹੋਣ! ਸਵੈਟਰ ਵਾਂਗ ਸ਼ਬਦਾਂ ਦੀ ਬੁਣਤੀ ਮੈਨੂੰ ਪਹਿਲੀ ਵਾਰ ਉਨ੍ਹਾਂ ਦਿਨਾਂ ਵਿਚ ਹੀ ਪਾਉਣੀ ਆਈ ਸੀ।

ਇਹ ਗੱਲ ਜੇ ਮੇਰੀ ਬੁਰੀ ਲੱਗੇ ਤਾਂ ਮੈਂ ਅਗਾਊਂ ਮੁਆਫ਼ੀ ਚਾਹਾਂਗਾ ਪਰ ਕਹਿਣੀ ਜ਼ਰੂਰੀ ਸਮਝਦਾ ਹਾਂ। ਹਾਲਾਂਕਿ ਯਕੀਨ ਤੁਹਾਨੂੰ ਭਾਵੇਂ ਨਾ ਵੀ ਆਵੇ...ਮੇਰੇ ਵਿਸ਼ਵਾਸ ਵਿਚ ਇੰਦਰਾਜ ਵੀ ਬੜਾ ਔਖਾ ਹੋਇਆ ਸੀ ਕਿ ਢੱਡ ਤੇ ਸਾਰੰਗੀ ਨਾਲ ਇਤਿਹਾਸ ਤੇ ਵਾਰਾਂ ਗਾਉਣ ਵਾਲੇ ਤੇਰਵੇਂ ਰਤਨ ਦੇ ਸ਼ੌਕੀਨ ਵੀ ਹੈਗੇ ਆ।

ਇਕ ਦਿਲਚਸਪ ਵਾਰਤਾ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਇਹ ਗੱਲ ਉਦੋਂ ਦੀ ਹੈ ਜਦੋਂ ਪੰਜਾਬ ਦੇ ਪਿੰਡੇ 'ਤੇ ਮਾਰ-ਧਾੜ ਦੀਆਂ ਗਰਮ ਹਵਾਵਾਂ ਦਾ ਸੇਕ ਝੱਲਿਆ ਨਹੀਂ ਜਾਂਦਾ ਸੀ ਤੇ ਜੋਸ਼ੀਲਾ ਭਾਸ਼ਣ ਕਰਨ ਵਾਲਿਆਂ ਨੂੰ ਵਿਸ਼ੇਸ਼ ਸੁਰੱਖਿਆ ਐਕਟ ਅਧੀਨ ਅਣਮਿਥੇ ਸਮੇਂ ਤੱਕ ਜੇਲ੍ਹ 'ਚ ਡੱਕਿਆ ਜਾ ਸਕਦਾ ਸੀ। ਹੋਇਆ ਇੱਦਾਂ ਕਿ ਮੈਂ ਸਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ ਦੇ ਘਰ ਸਾਂ। ਉਹ ਕਹਿਣ ਲੱਗਾ, "ਹਰ ਹਫ਼ਤੇ ਰਿਕਸ਼ੇ, ਬੱਸਾਂ 'ਚ ਢਾਡੀਆਂ, ਗਾਇਕਾਂ ਬਾਰੇ ਲਿਖਣ ਲਈ ਧੱਕੇ ਖਾਂਦਾਂ, ਚੱਲ ਬੈਠ ਅੱਜ ਗੱਡੀ 'ਚ। ਅੱਜ ਮਹੀਨੇ ਕੁ ਦਾ ਮੈਟਰ ਇਕੱਠਾ ਕਰਾ ਕੇ ਦਿੰਨਾਂ।" ਪਹਿਲਾਂ ਅਸੀ ਸਿਧਵਾਂ ਕਾਲਜ ਗਏ ਕਵੀਸ਼ਰ ਰਣਜੀਤ ਸਿੰਘ ਦੇ ਘਰ। ਉਦਣ ਸੌ ਰੁਪਿਆ ਮੱਲੋ-ਮੱਲੀ ਸਤਿੰਦਰ ਪਾਲ ਨੇ ਮੇਰੇ ਲਿਖਣ ਦੇ ਸ਼ੁਕਰਾਨੇ ਵਜੋਂ ਜੇਬ ਵਿਚ ਪਾ ਦਿੱਤਾ। ਰੋਡਿਆਂ ਵਾਲੇ ਕਵੀਸ਼ਰ ('ਅਸੀਂ ਪੱਟ'ਤੇ ਟੈਲੀਵਿਜ਼ਨ ਨੇ, ਜਿੰਦਣ ਦਾ ਭੋਲਾ ਵਿਆਹਿਆ' ਫੇਮ) ਰਾਮ ਜੀ ਦਾਸ ਤੇ ਸੋਮ ਨਾਥ ਨੇ ਘਰ ਦਾ ਬੁਣਿਆ ਖੇਸ ਤੇ ਦਰੀ ਭੇਂਟ ਕੀਤੀ। ਫਿਰ ਚਲੇ ਗਏ ਇਕ ਢਾਡੀ ਦੇ ਘਰ। ਫ਼ੋਨ ਤਾਂ ਉਦੋਂ ਹੈ ਈ ਘੱਟ ਸਨ। ਉਹ ਨਵਾਂ-ਨਵਾਂ ਜੋਸ਼ ਵਾਲੇ ਭਾਸ਼ਣ ਕਰਨ ਕਰ ਕੇ ਜੇਲ੍ਹ ਵਿਚੋਂ ਆਇਆ ਸੀ। ਉਹ ਤਾਂ ਘਰ ਹੈ ਨਹੀਂ ਸੀ, ਅੱਗਿਉਂ ਉਹਦੀ ਅਨਪੜ੍ਹ ਤੇ ਭਰੀ-ਪੀਤੀ ਘਰਵਾਲੀ ਮਿਲ ਗਈ। ਸਾਨੂੰ ਇਹ ਪੁੱਛਣ ਦੀ ਥਾਂ ਕਿ 'ਤੁਸੀਂ ਕੌਣ ਹੋ ਤੇ ਕਿਵੇਂ ਆਏ ਹੋ?', ਇਹ ਕਹਿਣ ਲੱਗ ਪਈ, "ਤੁਸੀਂ ਅੱਗ ਲੱਗਣੇ ਤੋਂ ਲੈਣਾ ਕੀ ਐ?"

ਮੈਂ ਪੁੱਛਿਆ, "ਉਹ ਆਪ ਕਿਥੇ ਨੇ?"

"ਹੈਥੇ ਕਿਤੇ ਹੋਊ ਬਿਮਾਰੀ ਪੈਣਾ... ਆ'ਜੂ ਡੱਫ ਕੇ।"

"ਪੈਗ ਲਾਉਂਦੈ?"

"ਕਿਤੇ ਇਕ! ਪਹਿਲਾਂ ਬਾਹਰੋਂ ਪੀ ਕੇ ਆਊ। ਅਧੀਆ ਡੱਬ ਵਿਚ ਹੋਊ। ਨਖੁੱਤੀ ਸਰਕਾਰ ਇਹਤੋਂ ਡਰਦੀ... ਅਖੇ, ਲੈਕਚਰ ਨਾਲ ਕੰਧਾਂ ਵੀ ਕੰਬਣ ਲਾ ਦਿੰਦਾ...ਇਹਤੋਂ ਡਰਦੀ ਆ ਸਰਕਾਰ ਜਿਹਨੂੰ ਕੱਲ੍ਹ ਮੁੰਡੇ ਨੇ ਪਸ਼ੂਆਂ ਵਾਲੀ ਖੁਰਲੀ 'ਚ ਢਾਅ ਕੇ ਖੜਕਾਇਆ।"

"ਕਾਹਤੋਂ?"

"ਪੀ ਕੇ ਸੁਧ-ਬੁਧ ਨਹੀਂ ਰਹਿੰਦੀ। ਕੱਲ੍ਹ ਆਉਂਦਾ ਧਾੜ ਦੇਣੀ ਡਿਗ ਪਿਆ, ਚਾਦਰ ਖੁੱਲ੍ਹ ਗਈ ... ਬਹੂ ਤਾਂ ਵਿਚਾਰੀ ਸ਼ਰਮ ਦੀ ਮਾਰੀ ਅੰਦਰ ਜਾ ਵੜੀ, ਮੈਂ ਹੀ ਕਿਹਾ ਫੇ' ਮੁੰਡੇ ਨੂੰ, 'ਭੰਨ੍ਹ ਇਹਦੇ ਹੱਡ!'...ਸਾਰੀ ਉਮਰ ਮੇਰੇ ਭੰਨ੍ਹਦਾ ਰਿਹੈ...ਰੋਜ਼ ਅੰਨ੍ਹਾ ਹੋ ਕੇ ਆਉਂਦਾ ਦਾਰੂ ਨਾਲ।"

ਉਦਣ ਮੈਨੂੰ ਅਹਿਸਾਸ ਹੋ ਗਿਆ ਸੀ, ਤਾਜ ਮਹਿਲ ਦੀ ਛੱਤ ਕਾਹਤੋਂ ਚੋਂਦੀ ਐ।

ਜਦੋਂ ਉਸ ਮਾਤਾ ਨੂੰ ਪਤਾ ਲੱਗਾ ਕਿ ਮੈਂ ਅਖ਼ਬਾਰ ਵਿਚ ਲਿਖਦਾਂ, ਤਾਂ ਡਰ ਗਈ, "ਵੇ ਪੁੱਤ! ਸਾਰਾ ਇੱਦਾਂ ਨਾ ਲਿਖ ਦਈਂ, ਇਹ ਬੜਾ ਕੱਬਾ ਐ, ਖੜ੍ਹੀ ਨੂੰ ਅੱਗ ਲਾ ਦਊ ਮੈਨੂੰ।"

ਖੈਰ! ਮੈਂ ਇਸ ਭੱਜ-ਨੱਸ ਨਾਲ ਮੈਂ ਆਪਣੀ ਪਹਿਲੀ ਪੁਸਤਕ 'ਪੰਜਾਬ ਦੇ ਢਾਡੀ' ਲਿਖਣ ਵਿਚ ਕਾਮਯਾਬ ਹੋ ਗਿਆ ਸਾਂ।

ਮਹਾਨ ਕਾਰਜ ਜਿਵੇਂ ਆਨੰਦ ਕਾਰਜ ਤੋਂ ਵੀ ਪਹਿਲਾਂ ਹੋ ਗਿਆ ਹੋਵੇ!



Giani Daya Singh Dilwar
Mohalla Gobind Garh,
Nawanshahr Doaba.
Distt. Jalandhar (Pb.)

ਗਿ: ਦਇਆ ਸਿੰਘ ਦਿਲਬਰ

Ref. No.
Dated 29-12-88

***ਉਸ ਵੇਲੇ ਸੁਣਨ ਦਾ ਯਤਨ ਕਰੋ ਜਦੋਂ ਕੋਈ ਵੀ ਬੋਲ ਨਾ ਰਿਹਾ ਹੋਵੇ!...ਫਿਰ ਕੁਦਰਤ ਤੁਹਾਡੇ ਹੱਕ ਵਿਚ ਜੇਤੂ ਮਤਦਾਨ ਕਰੇਗੀ ਹੀ!! ਹੁਣ ਭਾਵੇਂ ਬਹੁਤਿਆਂ ਨੇ ਲਿਖਿਆ ਹੋਵੇ ਪਰ ਉਦੋਂ ਸਿਰਫ ਮੈਂ ਲਿਖਣ ਵਿਚ ਸਫ਼ਲ ਹੋਇਆ ਸਾਂ ਜਦੋਂ ਕਲਮ ਦੀ ਨਿੱਭ ਤਾਂ ਸੀ ਪਰ ਸਿਆਹੀ ਖ਼ੁਸ਼ਕ ਹੋ ਗਈ ਸੀ। ਮਰਹੂਮ ਪੰਥਕ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਦਾ ਮੁਹੱਬਤ ਦੇ ਮੋਤੀਆਂ ਵਾਲਾ ਇਹ ਖਤ ਮੇਰਾ ਹੁਣ ਤਕ ਦਾ ਮਾਣ ਹੈ ਪਰ ਇਹ ਗੱਲ ਵੀ ਹੈ ਕਿ ਮੈਂ ਹੁਣ ਤਕ ਢਾਡੀਆਂ ਦੇ ਸਤਿਕਾਰ 'ਚੋਂ ਮਾਸਾ ਵੀ ਖਿਸਕਿਆ ਨਹੀਂ ਹਾਂ।***

## ਢਾਡੀ ਦਇਆ ਸਿੰਘ ਦਿਲਬਰ ਦੇ ਖਤ ਦੀ ਇਬਾਰਤ

ਆਦਰਨੀਯ ਸਨਮਾਨਿਯਵੱਰ ਦਰਦਮੰਦ ਅਤੇ ਦਿਆਲੂ ਮਿੱਤਰ ਮਹਾਨ ਲਿਖਾਰੀ ਤੇ ਪੱਤਰਕਾਰ ਸ਼ਖਸੀਅਤਿ-ਮੌਸੂਫ਼ ਸ੍ਰੀਮਾਨ ਸ੍ਰੀ ਅਸ਼ੋਕ ਭੌਰਾ ਸਾਹਿਬ ਪਿੰਡ ਭੌਰਾ (ਜਲੰਧਰ) ਸਤ ਸ੍ਰੀ ਅਕਾਲ ਬਾ ਅਦਬੋ-ਅਕੀਦਤ ਅਰਜ਼ ਹੈ। ਆਪ ਜੀ ਦਾ ਟੈਲੀਫ਼ੋਨ ਆਇਆ ਸੀ ਪਰ ਮੈਂ ਘਰ ਨਹੀਂ ਸਾਂ। ਤੁਹਾਡਾ ਸੁਨੇਹਾ ਮਿਲਿਆ। ਆਪ ਇਸ ਨਾਚੀਜ਼ ਨੂੰ ਐਵਾਰਡ ਦੇ ਕੇ ਸਨਮਾਨਤ ਕਰ ਰਹੇ ਹੋ, ਬਹੁਤ-ਬਹੁਤ ਧੰਨਵਾਦ। ਵਿਦਵਾਨ ਮਿੱਤਰਾਂ ਦੀ ਜ਼ੱਰਾ-ਨਵਾਜ਼ੀ ਹੈ। ਕ੍ਰਿਪਾ ਕਰ ਕੇ ਵਾਪਸੀ ਡਾਕ ਰਾਹੀਂ ਪਤਾ ਦਿਉ ਕਿ ਕਿਸ ਤਰੀਕ ਕਿਸ ਜਗ੍ਹਾ ਫ਼ੰਕਸ਼ਨ ਕਰ ਰਹੇ ਹੋ? ਦਾਸ ਕਦੋਂ, ਕਿਥੇ ਪੁੱਜੇ? ਆਪ ਜੀ ਦਾ ਹਰ ਹੁਕਮ ਖ਼ੁਸ਼ੀ ਸਹਿਤ ਪ੍ਰਵਾਨ ਹੋਵੇਗਾ। ਨਾਲੇ ਆਪ ਜੀ ਨੇ ਗੜ੍ਹਸ਼ੰਕਰ-ਨੂਰਪੁਰ ਰੋਡ ਉਤੇ ਬੱਸ ਵਿਚ ਇਕਰਾਰ ਕੀਤਾ ਸੀ ਕਿ ਮੈਂ ਆਵਾਂਗਾ ਪਰ ਆਪ ਆਏ ਨਹੀਂ। ਕਿਤੇ ਟਾਇਮ ਕੱਢ ਕੇ ਦਰਸ਼ਨ ਦਿਉ। ਜਿਵੇਂ ਆਪ ਜੀ ਨੇ ਢਾਡੀ ਕਲਾਕਾਰਾਂ ਦਾ ਕਾਲਮ 'ਸੁਰ ਸੱਜਣਾਂ ਦਾ' ਸ਼ੁਰੂ ਕੀਤਾ ਹੈ, ਸ਼ਲਾਘਾਯੋਗ ਹੈ। ਅਸੀਂ ਸਭ ਤੁਹਾਡੇ ਧੰਨਵਾਦੀ ਹਾਂ। ਮੇਰੇ ਲੜਕੇ ਕੁਲਜੀਤ ਸਿੰਘ ਦਿਲਬਰ ਐਮ.ਏ. ਨਾਲ ਟਾਪ ਦਾ ਢਾਡੀ ਜੱਥਾ ਹੈ-ਕ੍ਰਿਸ਼ਨ ਸਿੰਘ ਮਹਿੰਦਪੁਰੀ, ਸਵਰਨ ਸਿੰਘ ਨਾਜ਼ਕ ਰਟੈਂਡਾ, ਹਰਦੀਪ ਸਿੰਘ ਅਕਾਲਗੜ੍ਹ। ਇਸ ਲਈ ਕੁਲਜੀਤ ਸਿੰਘ ਬਾਰੇ ਵੀ 'ਸੁਰ ਸੱਜਣਾਂ ਦੀ' ਵਿਚ ਲਿਖੋ। ਬਾਕੀ ਮਿਲ ਕੇ।

**-ਤੁਹਾਡਾ ਆਪਣਾ,**
**ਦਇਆ ਸਿੰਘ ਦਿਲਬਰ।**
**20-12-88**
**ਨਵਾਂ ਸ਼ਹਿਰ।**

---

## ਗਦਰੀ ਬਾਬੇ ਕੌਣ ਸਨ?

*(ਪਿਛਲੇ ਸਫੇ ਤੋਂ ਜਾਰੀ)*

ਗੌਰਮਿੰਟ ਜੋ ਜ਼ੁਲਮ ਕਮਾ ਰਹੀ ਏ,
ਸਾਰੇ ਵੀਰਾਂ ਨੂੰ ਦੇਈਏ ਸੁਣਾ ਵੀਰੋ।
ਕਰ ਜਾਣ ਤਫ਼ਾਕ ਜਿਉਂ ਵੀਰ ਸਾਰੇ,
ਬਣਤ ਸੋਈ ਜੀ ਲਈਏ ਬਣਾ ਵੀਰੋ।
ਜ਼ੋਰ ਲਾ ਦਈਏ ਵੀਰ ਰਲ ਸਾਰੇ,
ਗੌਰਮਿੰਟ ਨੂੰ ਦੇਈਏ ਧਕਾ ਵੀਰੋ।
ਭਾਰਤ-ਵਰਸ਼ ਨੂੰ ਰੱਲ ਓਠਾਲ ਦੇਈਏ,
ਮਜ਼ਾ ਜ਼ੁਲਮ ਦਾ ਦੇਈਏ ਚਖਾ ਵੀਰੋ।

ਗੁਰਪੁਰਬ ਵਾਲੇ ਦਿਨ 'ਵਾਹ ਲਗਦੀ ਅਮਰੀਕਾ ਅਤੇ ਕੈਨੇਡਾ ਦੇ ਸਾਰੇ ਦੇ ਸਾਰੇ ਹਿੰਦੁਸਤਾਨੀ ਭਾਈ ਸਿੱਖ, ਹਿੰਦੂ, ਮੁਸਲਮਾਨ ਪੁੱਜੇ। ਇਸ ਦੀਵਾਨ ਵਿਚ ਅਦੁੱਤੀ ਰੌਣਕ ਹੋਈ ਅਤੇ ਪਹਿਲੇ ਦਿਨ ਅਖੰਡ ਪਾਠ ਦੇ ਭੋਗ ਪਿਛੋਂ ਖੁੱਲ੍ਹਾ ਦੀਵਾਨ ਕੀਤਾ ਗਿਆ ਜਿਸ ਵਿਚ ਗੁਰਦੁਆਰਾ ਸਟਾਕਟਨ ਬਣਾਉਣ ਲਈ ਅਪੀਲ ਕੀਤੀ ਗਈ। ਇਸ ਦੀਵਾਨ ਵਿਚ ਬੋਲਣ ਵਾਲੇ ਸੱਜਣਾਂ ਵਿਚ ਇਕ ਭਾਈ ਸੰਤੋਖ ਸਿੰਘ ਜੀ ਭੀ ਸਨ। ਉਸ ਵੇਲੇ ਦਾ ਕੌਮੀ ਜੋਸ਼ ਇਸ ਗੱਲ ਤੋਂ ਸਾਫ਼ ਪ੍ਰਗਟ ਹੈ ਕਿ ਦੀਵਾਨ ਵਿਚ ਬੈਠਿਆਂ ਹੀ ਗੁਰਦੁਆਰੇ ਵਾਸਤੇ ਚੌਦਾਂ ਸੌ ਡਾਲਰ ਦੀ ਉਗਰਾਹੀ ਹੋ ਗਈ। ਗੁਰਦੁਆਰੇ ਸਬੰਧੀ ਉਸ ਦੀਵਾਨ ਦਾ ਕੰਮ ਖਤਮ ਕਰ ਕੇ ਦੂਜੇ ਦਿਨ ਅਮਰੀਕਾ ਅਤੇ ਕੈਨੇਡਾ ਨਿਵਾਸੀ ਹਿੰਦੁਸਤਾਨੀਆਂ ਦੇ ਸਭ ਉਘੇ ਲੀਡਰਾਂ ਦੀ ਇਕੱਤਰਤਾ ਹੋਈ ਜਿਸ ਵਿਚ ਹਿੰਦੁਸਤਾਨ ਲਈ ਰਾਜਸੀ ਕੰਮ ਕਰਨ ਪਰ ਵਿਚਾਰ ਹੋਣੀ ਸੀ। ਇਸ ਇਕੱਤਰਤਾ ਵਿਚ ਬਹੁਤ ਸਾਰੇ ਹਿੰਦੂ ਸਿੱਖ ਅਤੇ ਮੁਸਲਮਾਨ ਲੀਡਰ ਸ਼ਾਮਲ ਸਨ। ਇਕੱਲੇ ਮੁਸਲਮਾਨਾਂ ਦੀ ਗਿਣਤੀ ਹੀ ਲਗਭਗ 40 ਦੇ ਕਰੀਬ ਸੀ।

*(ਚਲਦਾ)*

## ਛਾਤੀ ਅੰਦਰਲੇ ਥੇਹ (2)

# ਮੌਤ ਨਾਲ ਮੁਲਾਕਾਤ

**ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ**

ਮੇਰਾ ਨਾਨਕਾ ਪਿੰਡ ਸੇਮ ਦਾ ਮਾਰਿਆ ਹੋਇਆ ਸੱਠ ਕੁ ਘਰਾਂ ਦਾ ਗਰੀਬ ਪਿੰਡ ਸੀ। ਉਂਝ ਤਾਂ ਸਾਰੇ ਲੋਕ ਹੀ ਗਰੀਬ ਸਨ, ਪਰ ਜਿਹੜਾ ਘਰ ਸਭ ਤੋਂ ਘੱਟ ਗਰੀਬ ਸੀ, ਉਹ ਆਪਣੇ ਆਪ ਨੂੰ ਸਭ ਤੋਂ ਅਮੀਰ ਸਮਝਦਾ ਸੀ। ਸਕੂਲ ਪੜ੍ਹਨ ਜਾਣ ਵਾਲੇ ਸਾਰੇ ਮੁੰਡੇ ਨੰਗੇ ਪੈਰੀਂ ਹੁੰਦੇ। ਜੇਠ ਹਾੜ੍ਹ ਦੇ ਮਹੀਨੇ ਤਪਦੀ ਰੇਤ ਉਤੋਂ ਲੰਘਣ ਵੇਲੇ ਬਰੋਟੇ ਦੇ ਪੱਤਿਆਂ ਦੇ ਸਲੀਪਰ ਪਾ ਲੈਂਦੇ। ਇਕ ਵਾਰੀ ਪਿੰਡ ਵਿਚ



**ਗੁਰਦਿਆਲ ਦਲਾਲ**
ਫੋਨ: 91-98141-85363

ਵਿਹੜੇ ਵਾਲੇ ਦਲਿਤਾਂ ਦੇ ਘਰ ਕੋਈ ਬਰਾਤ ਆਈ। ਉਹ ਬਰਾਤ ਉਪਰੋਂ ਚਾਂਦੀ ਦੇ ਰੁਪਏ, ਮੁੰਦੀਆਂ ਅਤੇ ਕੰਗਣ ਸੁੱਟਣ ਲੱਗੇ ਤਾਂ ਪਿੰਡ ਦੇ ਪਤਵੰਤੇ ਅਤੇ ਕਹਿੰਦੇ ਕਹਾਉਂਦੇ ਲੋਕ ਵੀ ਪੈਸੇ ਚੁਗਣ ਲਈ ਮਿੱਟੀ ਘੱਟੇ ਵਿਚ ਲੱਥ-ਪੱਥ ਅਤੇ ਖਿੱਚ-ਧੂਹ ਵਿਚ ਲਹੂ-ਲੁਹਾਨ ਹੋ ਗਏ। ਜ਼ਮੀਨਾਂ ਵਾਲਿਆਂ ਦਾ ਹਾਲ ਐਨਾ ਮਾੜਾ ਸੀ, ਸਾਡਾ ਬੇਜ਼ਮੀਨਿਆਂ ਦਾ ਤਾਂ ਹੋਣਾ ਹੀ ਸੀ। ਪਿਉ ਮਰਨ ਕਰ ਕੇ ਅਸੀਂ ਮਾਮੇ ਕੋਲ ਸ਼ਰਨ ਲਈ ਹੋਈ ਸੀ। ਸਾਡੀ ਮਾਂ ਮਿਹਨਤ ਮਜ਼ਦੂਰੀ ਕਰ ਕੇ ਸਾਡਾ ਪੇਟ ਪਾਲਦੀ ਸੀ। ਪਿੰਡ ਦੇ ਕਿਸੇ ਵੀ ਘਰ ਵਿਚ ਟੱਟੀ ਜਾਂ ਗੁਸਲਖਾਨਾ ਨਹੀਂ ਸੀ ਹੁੰਦਾ। ਸਾਰਾ ਪਿੰਡ ਬੁੰਬ ਉਤੇ ਜਾਂ ਨਹਿਰ ਉਤੇ ਨਹਾਉਣ ਅਤੇ ਕੱਪੜੇ ਧੋਣ ਜਾਇਆ ਕਰਦਾ ਸੀ। ਬੁੰਬ ਉਸ ਥਾਂ ਨੂੰ ਕਹਿੰਦੇ ਸਨ ਜਿਥੇ ਧਰਤੀ ਵਿਚੋਂ ਫੁਹਾਰੇ ਵਾਂਗ ਪਾਣੀ ਫੁੱਟਦਾ ਸੀ। ਉਸ ਵਿਚੋਂ ਬਹੁਤ ਠੰਢਾ ਪਾਣੀ ਨਿਕਲਦਾ ਅਤੇ ਦੂਜੇ ਪਾਸਿਉਂ ਤਿੰਨ ਚਾਰ ਫੁੱਟ ਚੌੜੀ ਨਾਲੀ ਦਾ ਤੱਤਾ ਪਾਣੀ ਇਸ ਵਿਚ ਆ ਮਿਲਦਾ। ਇਹ ਵਹਿੰਦਾ ਪਾਣੀ ਅੱਗੇ ਜਾ ਕੇ ਡੂੰਘੇ ਸੂਏ ਦੀ ਸ਼ਕਲ ਅਖਤਿਆਰ ਕਰ ਲੈਂਦਾ। ਬੁੰਬ ਵਿਚ ਕਾਫੀ ਵੱਡੇ-ਵੱਡੇ ਪੱਥਰ ਪਏ ਹੁੰਦੇ ਜਿਨ੍ਹਾਂ ਉਤੇ ਪਿੰਡ ਦੀਆਂ ਔਰਤਾਂ ਰੇਹੀ ਵਿਚ ਡੁਬੋ ਕੇ ਕੱਪੜੇ ਧੋਂਦੀਆਂ ਅਤੇ ਮੁੰਡੇ-ਖੁੰਡੇ ਸੁਬ੍ਹਾ ਸ਼ਾਮ ਉਥੇ ਨਹਾਉਣ ਲਈ ਆਉਂਦੇ।

1960 ਦੀ ਗੱਲ ਹੈ। ਮੈਂ ਅੱਠਵੀਂ ਜਮਾਤ ਦੇ ਪੇਪਰ ਦਿੱਤੇ ਹੋਏ ਸਨ। ਲੋਕਾਂ ਦੇ ਖੇਤਾਂ ਵਿਚ ਕੰਮ ਕਰਨਾ, ਖੋਤ ਕੇ ਵੱਢ ਕੇ ਕੱਖ ਲਿਆਉਣੇ, ਬਾਲਣ ਲਈ ਖੰਜੂਰਾਂ ਦੇ ਖੋਗੇ ਤੋੜ ਕੇ ਲਿਆਉਣੇ ਅਤੇ ਡੰਗਰ ਵੱਛੇ ਸਾਂਭਣੇ, ਮੁੱਖ ਕੰਮ ਸਨ। ਇਕ ਦਿਨ ਸ਼ਾਮ ਨੂੰ ਵਿਹਲਾ ਹੋ ਕੇ ਮੈਂ ਬੁੰਬ 'ਤੇ ਨਹਾਉਣ ਚਲਾ ਗਿਆ। ਵੱਡੇ ਪੱਥਰ ਉਤੇ ਬੈਠ ਅਜੇ ਜਾਮਣ (ਬੇਹੀ ਲੱਸੀ) ਸਿਰ ਵਿਚ ਪਾਇਆ ਹੀ ਸੀ ਕਿ ਪੱਥਰ ਦੀਆਂ ਜੜ੍ਹਾਂ ਵਿਚ ਸੱਪ ਦੀ ਪੂਛ ਹਿਲਦੀ ਨਜ਼ਰ ਆਈ। ਮੈਂ ਤੁਰੰਤ ਉਠ ਖੜ੍ਹਾ ਹੋਇਆ। ਪਹਿਲਾਂ ਸੋਚਿਆ, ਹੌਲੀ ਦੇ ਕੇ ਪੂਛ ਫੜ ਕੇ ਬਾਹਰ ਖਿੱਚ ਲਵਾਂ, ਪਰ ਇਸ ਵਿਚ ਖਤਰਾ ਨਜ਼ਰ ਆਇਆ। ਮੈਂ ਛੋਟਾ ਜਿਹਾ ਪੱਥਰ ਚੁੱਕਿਆ ਅਤੇ ਸੱਪ ਦੀ ਪੂਛ ਉਤੇ ਦੇ ਮਾਰਿਆ। ਸੱਪ ਬੜਾ ਫੁਰਤੀਲਾ ਸੀ, ਉਹ ਪੱਥਰ ਹੇਠੋਂ ਨਿਕਲ ਪਾਣੀ ਵਿਚ ਦੌੜ ਲਿਆ। ਮੈਂ ਹੈਰਾਨ ਪ੍ਰੇਸ਼ਾਨ। ਪੱਥਰ ਹੇਠ ਐਡਾ ਵੱਡਾ ਸੱਪ ਕਿਵੇਂ ਲੁਕਿਆ ਬੈਠਾ ਸੀ। ਪੰਜ ਛੇ ਸੇਰ ਦਾ ਪੱਥਰ ਦੋਹਾਂ ਹੱਥਾਂ ਵਿਚ ਚੁੱਕ, ਬਾਹਾਂ ਉਤੇ ਵੱਲ ਖੜ੍ਹੀਆਂ ਕਰ ਕੇ ਮੈਂ ਉਸ ਦੇ ਮਗਰ ਦੌੜ ਲਿਆ। ਗੋਡੇ-ਗੋਡੇ ਡੂੰਘੇ ਪਾਣੀ ਵਿਚ ਲਗਭਗ ਸੌ ਗਜ਼ ਅਸੀਂ ਦੋਨੋਂ ਦੌੜਦੇ ਚਲੇ ਗਏ। ਅੱਗੇ ਸੂਏ ਦਾ ਪਾਣੀ ਗੋਡਿਆਂ ਤੋਂ ਉਤੇ ਤੱਕ ਆ ਗਿਆ। ਸੱਪ ਪਹਿਲਾਂ ਰੁਕਿਆ ਅਤੇ ਫੇਰ ਦਿਸ਼ਾ ਬਦਲ ਕੇ ਮੇਰੇ ਵੱਲ ਮੁੜਨ ਲੱਗਾ। ਪੱਥਰ ਚੁੱਕੀ ਮੈਂ ਰੁਕ ਗਿਆ ਅਤੇ ਉਵੇਂ ਡਟਿਆ ਰਿਹਾ, ਜਦੋਂ ਉਹ ਲਹਿਰੀਏ ਪਾਉਂਦਾ ਬਿਲਕੁਲ ਮੇਰੇ ਨੇੜੇ ਆ ਗਿਆ ਤਾਂ ਮੈਂ ਵਾਰ ਕਰ ਦਿੱਤਾ। ਉਸ ਦੀ ਸਿਰੀ ਫੇਹੀ ਗਈ ਅਤੇ ਉਹ ਉਲਟ ਗਿਆ। ਸੋਟੀ ਦੀ ਮਦਦ ਨਾਲ ਮੈਂ ਉਸ ਨੂੰ ਬਾਹਰ ਕੱਢ ਲਿਆ ਅਤੇ ਸੜਕ ਉਤੇ ਲਿਆ ਵਿਛਾਇਆ। ਅੱਠ ਫੁੱਟ ਲੰਮਾ ਸੱਪ ਮਾਰ ਕੇ ਮੈਂ ਬਹਾਦਰੀ ਦਿਖਾਈ ਸੀ, ਪਰ ਜਦੋਂ ਮੈਂ ਲੰਘਣ ਵਾਲੇ ਬੰਦਿਆਂ ਨੂੰ ਆਪਣੀ ਇਹ ਬਹਾਦਰੀ ਦੱਸਦਾ ਤਾਂ ਕੋਈ ਧਿਆਨ ਹੀ ਨਾ ਦਿੰਦਾ। ਇਕ ਜਣਾ ਤਾਂ ਕਹਿਣ ਲੱਗਾ, "ਓਏ ਸੱਪ ਮਾਰ ਦੇਣਾ ਕਿਹੜੀ ਬਹਾਦਰੀ ਏ, ਇਹੋ ਜਿਹੇ ਤਾਂ ਮੈਂ ਵੀਹ ਮਾਰੇ ਹੋਣਗੇ।" ਮੈਂ ਘਰ ਆ ਕੇ ਬੜਾ ਗਿੱਬ ਕੇ ਇਹ ਕਾਰਨਾਮਾ ਆਪਣੀ ਬੇਬੇ ਨੂੰ ਦੱਸਿਆ ਤਾਂ ਉਸ ਨੇ 'ਸ਼ਾਬਾਸ਼' ਦੇਣ ਦੀ ਬਜਾਏ ਮਾਮੇ ਤੋਂ ਛਿੱਤਰ ਪਵਾ ਦਿੱਤੇ।

ਬੁੰਬ ਤੋਂ ਬਿਨਾਂ ਕਈ ਵਾਰੀ ਮੈਂ ਮੁੰਡਿਆਂ ਨਾਲ ਰਲ ਕੇ ਸਰਹਿੰਦ ਨਹਿਰ ਵਿਚ ਵੀ ਨਹਾਉਣ ਚਲਾ ਜਾਂਦਾ, ਪਰ ਮਾਮਾ ਅਕਸਰ ਟਿੱਬੇ ਉਤੇ ਸਹਿ ਲਾ ਕੇ ਬੈਠ ਜਾਂਦਾ ਅਤੇ ਜੇ ਮੈਂ ਫੜਿਆ ਜਾਂਦਾ ਤਾਂ ਚੰਗੀ ਮਾਰ-ਕੁਟਾਈ ਕਰਦਾ ਅਤੇ ਅੱਗੇ ਲਈ ਤਾੜਨਾ ਕਰਦਾ ਕਹਿੰਦਾ, "ਜੇ ਤੂੰ ਮੁੜ ਮੈਂ ਨਹਿਰ 'ਚ ਨਹਾਉਂਦਾ ਦੇਖ ਲਿਆ ਤੇ ਤੂੰ ਆਪ ਨਾ ਡੁੱਬਿਆ ਤਾਂ ਮੈਂ ਡੁਬੋ ਕੇ ਮਾਰੂੰ।" ਸੋ ਉਸ ਦੀ ਦਹਿਸ਼ਤ ਕਰ ਕੇ ਮੈਨੂੰ ਤੈਰਨਾ ਨਹੀਂ ਸੀ ਆਇਆ। ਇਕ ਦਿਨ ਕੁਝ ਮੁੰਡੇ ਕੇਲੇ ਦਾ ਤਣਾ ਵੱਢ ਲਿਆਏ ਤੇ ਉਸ ਨੂੰ ਨਹਿਰ ਵਿਚ ਠਿੱਲ੍ਹ ਦਿੱਤਾ। ਇਹ ਨਹਿਰ ਚੋਦਾਂ ਫੁੱਟ ਡੂੰਘੀ ਤੇ ਸੌ ਗਜ਼ ਤੋਂ ਵੀ ਵੱਧ ਚੌੜੀ ਸੀ। ਮੈਂ ਵੀ ਉਨ੍ਹਾਂ ਵਿਚ ਸ਼ਾਮਿਲ ਹੋ ਗਿਆ। ਅਸੀਂ ਸਾਰੇ ਜਣੇ ਉਸ ਨੂੰ ਫੜ ਕੇ ਤੈਰਨ ਲੱਗੇ। ਮੈਨੂੰ ਇੰਜ ਤੈਰਨਾ ਬੜਾ ਆਸਾਨ ਲੱਗਾ। ਮੈਂ ਸਮਝਿਆ, ਮੈਂ ਤੈਰਨਾ ਸਿੱਖ ਗਿਆ ਹਾਂ। ਇੰਜ ਅਸੀਂ ਸਾਰੇ ਪੈਰ ਮਾਰਦੇ ਨਹਿਰ ਦੇ ਗੱਭ ਤੀਕ ਪੁੱਜ ਗਏ। ਬਾਕੀ ਮੁੰਡਿਆਂ ਨੇ ਇਕ-ਇਕ ਕਰ ਕੇ ਤਣਾ ਛੱਡ ਦਿੱਤਾ ਅਤੇ ਤੈਰਦੇ ਹੋਏ ਕੰਢੇ ਵਲ ਮੁੜ ਗਏ। ਉਹ ਹਾਕਾਂ ਵੀ ਮਾਰਨ ਲੱਗੇ, "ਓਇ ਮੁੜ ਆ ਮਰਜੇਂਗਾ।" ਮੈਂ ਜ਼ਰਾ ਕੁ ਹੱਥ ਛੱਡਾਂ ਤਾਂ ਡੁੱਬਾਂ, ਫੇਰ ਫੜ ਲਵਾਂ। ਮੈਂ ਬਚਾਉ ਲਈ ਰੋਣਾ ਚੀਕਣਾ ਸ਼ੁਰੂ ਕਰ ਦਿੱਤਾ। ਮੈਂ ਕੇਲੇ ਦੇ ਤਣੇ ਨੂੰ ਘੁੱਟੀ ਉਵੇਂ ਪੈਰ ਵੀ ਮਾਰਦਾ ਰਿਹਾ। ਮੇਰੀ ਹਾਲ ਦੁਹਾਈ ਕਿਸੇ ਨਾ ਸੁਣੀ। ਤਣਾ ਮੇਰੇ ਇਕੱਲੇ ਦੇ ਕਾਬੂ



ਸਰਹੰਦ ਨਹਿਰ ਦੀ ਇਕ ਝਲਕ।

ਨਹੀਂ ਸੀ ਆ ਰਿਹਾ ਤੇ ਵਾਰ-ਵਾਰ ਪਲਸੇਟੇ ਮਾਰ ਰਿਹਾ ਸੀ। ਮੇਰੀਆਂ ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲੱਗੇ। ਫਿਰ ਵੀ ਜਿਵੇਂ ਕਿਵੇਂ ਮੈਂ ਹਿੰਮਤ ਕਰ ਕੇ ਡੇਢ ਦੋ ਮੀਲ ਦੂਰ ਜਾ ਕੇ ਦੂਜੇ ਕੰਢੇ ਜਾ ਲੱਗਾ। ਮੈਂ ਬਿਲਕੁਲ ਨੰਗਾ ਸਾਂ। ਮੇਰੇ ਕੱਪੜੇ ਪਿੰਡ ਦੇ ਘਾਟ ਕੋਲ ਪਏ ਰਹਿ ਗਏ ਸਨ। ਮੈਂ ਦੂਜੇ ਪਾਸੇ ਨੂੰ ਦੌੜ ਲਾ ਦਿੱਤੀ। ਜਦੋਂ ਕੋਈ ਬੰਦਾ ਮਿਲਦਾ, ਮੈਂ ਝਾੜੀਆਂ ਵਿਚ ਲੁਕ ਜਾਂਦਾ। ਧੌਲਰਾਂ ਦਾ ਪੁਲ ਟੱਪ ਕੇ ਆਪਣੇ ਪਿੰਡ ਵੱਲ ਵਾਪਸ ਚੱਲ ਪਿਆ। ਫਿਰ ਮੈਨੂੰ ਕੋਈ ਨਾ ਮਿਲਿਆ। ਕੁਝ ਬਾਂਦਰ ਟਾਹਲੀਆਂ ਉਤੇ ਟਪੂਸੀਆਂ ਮਾਰ ਰਹੇ ਸਨ, ਪਰ ਉਨ੍ਹਾਂ ਨੇ ਮੈਨੂੰ ਕੁਝ ਨਾ ਕਿਹਾ। ਹੋ ਸਕਦਾ ਏ, ਉਨ੍ਹਾਂ ਮੈਨੂੰ ਨੰਗਾ ਦੇਖ ਕੇ ਬਾਂਦਰ ਹੀ ਸਮਝ ਲਿਆ ਹੋਵੇ। ਥੱਕ ਹਾਰ ਕੇ ਮੈਂ ਪਿੰਡ ਦੇ ਘਾਟ ਉਤੇ ਪੁੱਜਾ, ਉਥੇ ਨਾ ਕੋਈ ਮੁੰਡਾ ਸੀ ਤੇ ਨਾ ਹੀ ਮੇਰੇ ਕੱਪੜੇ। ਨੰਗਾ ਸਾਂ, ਘਰ ਕਿਵੇਂ ਜਾਂਦਾ? ਮੈਂ ਫਲਾਹੀਆਂ ਹੇਠ ਲੁਕ ਕੇ ਬੈਠ ਗਿਆ ਤੇ ਨ੍ਹੇਰਾ ਹੋਣ ਦੀ ਉਡੀਕ ਕਰਨ ਲੱਗਾ। ਨ੍ਹੇਰਾ ਹੁੰਦੇ ਹੀ ਕੇਲੇ ਦਾ ਪੱਤਾ ਤੋੜ ਦੁਆਲੇ ਲਪੇਟ ਮੈਂ ਘਰ ਪੁੱਜ ਗਿਆ। ਅੱਗੇ ਪਿੱਟ-ਪਿਟਊਆ ਪਿਆ ਹੋਇਆ। ਕੱਪੜੇ ਘਰ ਪੁੱਜ ਗਏ ਸਨ। ਇਸ ਦਾ ਮਤਲਬ, ਮੈਂ ਡੁੱਬ ਕੇ ਮਰ ਗਿਆ ਸਾਂ। ਬੇਬੇ ਉਚੀ-ਉਚੀ ਵੈਣ ਪਾ ਰਹੀ ਸੀ, "ਮੁੜ ਆ ਵੇ ਮੇਰੇ ਬਚੜਿਆ, ਤੂੰ ਤਾਂ ਕਦੀ ਆਪਣਾ ਪਿਉ ਵੀ ਨਹੀਂ ਦੇਖਿਆ ਵੇ। ਤੂੰ ਗਿਆ ਵੇ, ਮੇਰੇ ਤਾਂ ਤਿੰਨ ਹੀ ਰਹਿ ਗਏ। ਤੂੰ ਆਪਣੇ ਪਿਉ ਨੂੰ ਮਿਲਣ ਚਲਾ ਗਿਆ ਵੇ।" ਪਿੰਡ ਦੇ ਕਾਫੀ ਲੋਕ ਮੇਰਾ ਮਾਤਮ ਮਨਾਉਣ ਲਈ ਸਾਡੇ ਘਰ ਜਮ੍ਹਾਂ ਹੋਏ ਹੋਏ ਸਨ।

ਮੈਂ ਘਰ ਪੁੱਜਾ ਤਾਂ ਸ਼ੋਰ ਮਚ ਗਿਆ, "ਆ ਗਿਆ ਓਇ, ਛੋਟੂ ਆ ਗਿਆ। ਬੰਦ ਕਰੋ ਰੋਣਾ, ਛੋਟੂ ਆ ਗਿਆ।" ਬੇਬੇ ਨੇ ਅੱਖਾਂ ਖੋਲ੍ਹ ਕੇ ਮੇਰੇ ਵੱਲ ਦੇਖਿਆ। ਫਿਰ ਖੜ੍ਹੀ ਹੋਈ ਅਤੇ ਮੇਰੇ ਵੱਲ ਵਧੀ। ਮੈਂ ਸੋਚਦਾ ਸਾਂ ਪਿਆਰ ਕਰੇਗੀ, ਉਸ ਦਾ ਚੌਥਾ ਪੁੱਤ ਜੋ ਮਿਲ ਗਿਆ ਸੀ, ਪਰ ਉਸ ਨੇ ਮੈਨੂੰ ਜਟੂਰੀਆਂ ਤੋਂ ਫੜ ਲਿਆ ਤੇ ਸੁਹਾਗੇ ਵਾਂਗ ਗੇੜਾ ਦੇਣ ਲੱਗੀ। ਮੇਰਾ ਕੇਲੇ ਦਾ ਪੱਤਾ ਲੱਕ ਦੁਆਲਿਉਂ ਡਿੱਗ ਪਿਆ। ਕੋਲ ਖੜੀ ਮੁੰਡੀਹਰ ਖਿੜ-ਖਿੜ ਹੱਸਣ ਲੱਗ ਪਈ ਅਤੇ ਤਾੜੀਆਂ ਮਾਰਨ ਲੱਗ ਪਈ। ਬੇਬੇ ਨੇ ਛੱਡਿਆ ਤਾਂ ਮੈਨੂੰ ਲੱਭਣ ਗਿਆ ਮਾਮਾ ਪਰਤ ਆਇਆ। ਜੂੜਾ ਤਾਂ ਖੁੱਲ੍ਹਾ ਹੀ ਸੀ, ਉਹਨੇ ਫੜ ਲਿਆ। ਬੇ-ਤਹਾਸ਼ਾ ਕੁੱਟ ਖਾ ਕੇ ਮੈਂ ਪ੍ਰਣ ਕੀਤਾ ਕਿ ਨਹਿਰ ਵੱਲ ਕਦੀ ਮੂੰਹ ਨਹੀਂ ਕਰਾਂਗਾ। ਇੰਜ ਤੈਰਨਾ ਸਿੱਖਣ ਦੀ ਮੇਰੀ ਸੱਧਰ ਮਨ ਵਿਚ ਹੀ ਦੱਬ ਕੇ ਰਹਿ ਗਈ।

—

2003 ਵਿਚ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੋਰਾਹਾ ਵਿਚ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਿਹਾ ਸਾਂ। ਮੇਰਾ ਵੱਡਾ ਭਰਾ ਕੈਪਟਨ ਜਸਵੰਤ ਸਿੰਘ ਰਿਟਾਇਰ ਹੋ ਕੇ ਘਰ ਆ ਗਿਆ ਸੀ। ਇਕ ਦਿਨ ਮੈਂ ਡਿਊਟੀ ਮਗਰੋਂ ਘਰ ਪੁੱਜਾ, ਉਹ ਗਲੀ ਵਿਚ ਸੱਪ ਦੀ ਪੂਛ ਫੜੀ ਬੈਠਾ ਸੀ। ਗੰਦੇ ਪਾਣੀ ਵਾਲੇ ਪਾਈਪ ਵਿਚ ਵੜਿਆ ਸੱਪ ਅੰਦਰ ਨੂੰ ਖਿੱਚ ਰਿਹਾ ਸੀ ਅਤੇ ਭਰਾ ਬਾਹਰ ਨੂੰ। ਉਹ ਮੈਨੂੰ ਹਾਕਾਂ ਵੀ ਮਾਰੀ ਜਾ ਰਿਹਾ ਸੀ। ਹੌਲੀ-ਹੌਲੀ ਅਸੀਂ ਦੋਹਾਂ ਨੇ ਹੱਥਾਂ ਨਾਲ ਹੀ ਸੱਪ ਬਾਹਰ ਖਿੱਚ ਲਿਆ ਅਤੇ ਸਿਰੀ ਤੋਂ ਦਬੋਚ ਲਿਆ। ਫਿਰ ਬੋਰੀ ਵਿਚ ਬੰਦ ਕਰ ਲਿਆ। ਸਾਡੇ ਕੋਲ ਖੜ੍ਹੀ ਭੀੜ ਘੁਸਰ-ਮੁਸਰ ਕਰੀ ਰਹੀ ਸੀ, "ਇਹ ਬੰਦੇ ਬੰਗਾਲੇ ਲਗਦੇ ਨੇ। ਹੁਣ ਸੱਪ ਨੂੰ ਰਿੰਨ੍ਹ ਕੇ ਖਾਣਗੇ।"

ਇਕ ਦਿਨ ਸਾਡੇ ਸਕੂਲ ਦੇ ਪੀ.ਟੀ. ਮਾਸਟਰ ਦਪਿੰਦਰ ਸਿੰਘ ਸਕੂਲੋਂ ਦੌੜੇ ਪੰਜ-ਸੱਤ ਮੁੰਡਿਆਂ ਨੂੰ ਮੇਰੇ ਕੋਲ ਫੜ ਲਿਆਏ ਜਿਹੜੇ ਸਕੂਲੋਂ ਦੌੜ ਕੇ ਸਰਹੰਦ ਨਹਿਰ ਵਿਚ ਨਹਾ ਰਹੇ ਸਨ। ਉਹ ਕਹਿਣ ਲੱਗੇ, "ਮਾਪਿਆਂ ਨੂੰ ਬੁਲਾ ਕੇ ਕਾਰਵਾਈ ਕਰੋ। ਜੇ ਕੋਈ ਡੁੱਬ ਕੇ ਮਰ ਗਿਆ, ਆਪਾਂ ਵੀ ਬੰਨ੍ਹੇ ਜਾਵਾਂਗੇ।"

ਮੈਂ ਮੁੰਡਿਆਂ ਨੂੰ ਲਾਈਨ ਵਿਚ ਖੜ੍ਹੇ ਕਰ ਕੇ ਪੁੱਛਿਆ, "ਤੁਹਾਡੇ ਵਿਚੋਂ ਕੋਈ ਅਜਿਹਾ ਵੀ ਹੈ ਜਿਸ ਨੂੰ ਤੈਰਨਾ ਨਹੀਂ ਆਉਂਦਾ?" ਉਹ ਬੋਲੇ, "ਜੀ ਸਾਰੇ ਤੈਰ ਕੇ ਨਹਿਰ ਦੇ ਪਾਰ ਲੰਘ ਜਾਂਦੇ ਨੇ।"

"ਮੈਨੂੰ ਸਹੁਰੀ ਦਾ ਤੈਰਨਾ ਹੀ ਨਹੀਂ ਆਇਆ।" ਮੇਰੇ ਮੂੰਹੋਂ ਨਿਕਲ ਗਿਆ। ਫਿਰ ਮੈਂ ਜ਼ਰਾ ਸਖਤੀ ਨਾਲ ਕਿਹਾ, "ਚਲੋ ਓਇ ਭੱਜੋ ਇਥੋਂ। ਜੇ ਅੱਗੇ ਤੋਂ ਸਕੂਲ ਟਾਇਮ ਵਿਚ ਨਹਾਉਣ ਗਏ ਤਾਂ ਚਮੜੀ 'ਦੇਊਂ' 'ਕੱਲੇ-ਕੱਲੇ ਦੀ।"

# ਬਾਕੀ ਬਚੇ ਹੋਏ ਦੋ ਹਰੇ ਪੱਤੇ!

ਕਿਸੇ ਵੇਲ-ਬੂਟੇ ਦਾ ਇਕ ਪੱਤਾ ਵੀ ਜਿੰਨਾ ਚਿਰ ਹਰਾ ਰਹਿ ਜਾਵੇ, ਉਸ ਦੇ ਮੁੜ ਟਹਿਕ ਪੈਣ ਦੀ ਆਸ ਬਣੀ ਰਹਿੰਦੀ ਹੈ। ਓ. ਹੈਨਰੀ ਦੀ ਇਕ ਸੰਸਾਰ-ਪ੍ਰਸਿੱਧ ਕਹਾਣੀ ਹੈ, 'ਆਖ਼ਰੀ ਪੱਤਾ'। ਮੰਜੇ ਉਤੇ ਪਈ ਮਰੀਜ਼ ਦੇ ਕਮਰੇ ਦੀ ਖਿੜਕੀ ਦੇ ਬਾਹਰਲੀ ਵੇਲ ਦੇ ਪੱਤੇ ਪੱਤਝੜ ਦੀ ਰੁੱਤ ਕਾਰਨ ਇਕ ਇਕ ਕਰ ਕੇ ਝੜ ਰਹੇ ਹਨ। ਮਰੀਜ਼ ਸੋਚਦੀ-ਕਹਿੰਦੀ ਹੈ, ਇਸ ਵੇਲ ਦੇ ਆਖ਼ਰੀ ਪੱਤੇ ਦੇ ਸੁੱਕ ਜਾਣ ਦੇ ਨਾਲ ਹੀ ਮੇਰਾ ਆਖ਼ਰੀ ਸਾਹ ਵੀ ਟੁੱਟ ਜਾਵੇਗਾ! ਉਹਦਾ ਕੋਈ ਹਿਤੈਸ਼ੀ ਵੇਲ ਨਾਲ ਇਕ ਬਣਾਉਟੀ ਹਰਾ ਪੱਤਾ ਜੋੜ ਦਿੰਦਾ ਹੈ। ਇਕ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਇਕ ਕਰ ਕੇ ਸਭ ਪੱਤੇ ਝੜ ਜਾਂਦੇ ਹਨ ਪਰ ਉਹ ਹਰਾ 'ਪੱਤਾ' ਟਹਿਕਦਾ ਰਹਿੰਦਾ ਹੈ। ਮਰੀਜ਼ ਸੋਚਦੀ ਹੈ, ਇਸ ਪੱਤੇ ਦਾ ਝੜਨ ਤੋਂ ਇਨਕਾਰ ਮੇਰੇ ਠੀਕ ਹੋ ਜਾਣ ਦਾ ਸੰਕੇਤ ਹੈ ਤੇ ਉਹ ਆਪਣੇ ਭਰੋਸੇ ਅਤੇ ਆਤਮ-ਬਲ ਦੇ ਸਹਾਰੇ ਬਚ ਰਹਿੰਦੀ ਹੈ।

ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੀ ਵਰਤਮਾਨ ਸਰਕਾਰ ਸੱਤਾ ਵਿਚ ਆਉਂਦਿਆਂ ਹੀ ਛੋਟੇ-ਮੋਟੇ ਮੁਸਲਮਾਨ-ਵਿਰੋਧੀ ਦੰਗੇ ਸ਼ੁਰੂ ਹੋ ਗਏ। ਇਨ੍ਹਾਂ ਦੀ ਗਿਣਤੀ ਦੋ ਦਰਜਨ ਨੂੰ ਪੁੱਜਣ ਵਾਲੀ ਹੋ ਗਈ ਪਰ ਸਰਕਾਰ ਇਹਨੂੰ ਸਾਧਾਰਨ ਗੱਲ ਸਮਝਦੀ ਰਹੀ। ਵਿਰੋਧੀ ਕਹਿੰਦੇ ਸਨ, ਇਹ ਮੁਲਾਇਮ ਸਿੰਘ ਦਾ ਮੁਸਲਮਾਨਾਂ ਨੂੰ ਡਰਾ ਕੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਪਣੇ ਨਾਲ ਜੋੜੀ ਰੱਖਣ ਦਾ ਤਰੀਕਾ ਹੈ। ਭਾਰਤੀ ਜਨਤਾ ਪਾਰਟੀ ਵਲੋਂ ਬਹੁਤ ਸੋਚ-ਸਮਝ ਕੇ ਜ਼ਮਾਨਤ ਨਾਲ ਬਾਹਰ ਆਏ ਹੋਏ ਮੋਦੀ ਦੇ ਖਾਸੋ-ਖਾਸ ਬੇਲੀ ਤੇ ਮੁਸਲਮਾਨਾਂ ਦੇ ਝੂਠੇ ਮੁਕਾਬਲਿਆਂ ਦੇ ਕਥਿਤ ਦੋਸ਼ੀ ਅਮਿਤ ਸ਼ਾਹ ਨੂੰ ਉਤਰ ਪ੍ਰਦੇਸ਼ ਦਾ ਚੋਣ-ਇੰਚਾਰਜ ਬਣਾ ਦਿੱਤਾ ਗਿਆ। ਲੋਕਾਂ ਦਾ ਮੱਥਾ ਠਣਕਿਆ ਕਿ ਇਹ ਭਾਜਪਾ ਦਾ ਬਾਕੀ ਭਾਰਤ 'ਚ ਗੁਜਰਾਤ-ਮਾਡਲ ਲਾਗੂ ਕਰਨ ਦਾ ਮਨਸੂਬਾ ਹੈ ਪਰ ਸਪਾ ਸ਼ਾਂਤ ਰਹੀ। ਚੁਰਾਸੀ-ਕੋਹੀ ਪਰਿਕਰਮਾ ਵਾਲੀ ਘਟਨਾ ਅਤੇ ਮੁਜ਼ੱਫ਼ਰਨਗਰ ਦੇ ਦੰਗਿਆਂ ਤੋਂ ਮਗਰੋਂ ਤਾਂ ਇਹ ਦੋਸ਼ ਖੁੱਲ੍ਹੇਆਮ ਲਾਇਆ ਜਾ ਰਿਹਾ ਹੈ ਕਿ ਸਪਾ ਤੇ ਭਾਜਪਾ ਵਿਚਾਲੇ ਦੰਗਿਆਂ ਦਾ ਤਣਾਉ ਬਣਾਈ ਰੱਖਣ ਦੀ ਸੰਢ-ਗੰਢ ਹੈ ਤਾਂ ਜੋ ਵੱਧ ਤੋਂ ਵੱਧ ਹਿੰਦੂ ਭਾਜਪਾ ਨਾਲ ਅਤੇ ਮੁਸਲਮਾਨ ਸਪਾ ਨਾਲ ਜੁੜੇ ਰਹਿਣ।

ਅੰਦਰਲਾ ਸੱਚ ਕੁਛ ਵੀ ਹੋਵੇ, ਇਹ ਬਾਹਰਲਾ ਸੱਚ ਤਾਂ ਜੱਗ ਜ਼ਾਹਿਰ ਹੈ ਕਿ ਗੁਜਰਾਤ ਤੋਂ ਮਗਰੋਂ ਇਹ ਪਹਿਲੇ ਏਨੇ ਭਿਆਨਕ ਮੁਸਲਮਾਨ-ਵਿਰੋਧੀ ਦੰਗੇ ਹਨ। ਦੋ ਧਰਮਾਂ ਨਾਲ ਸਬੰਧਤ ਮੁੰਡਿਆਂ ਦੇ ਨਿੱਜੀ ਝਗੜੇ ਨੂੰ ਵਧਾ ਕੇ ਮੁਜ਼ੱਫ਼ਰਨਗਰ ਦੇ ਇਕ ਪਿੰਡ ਤੋਂ ਸ਼ੁਰੂ ਕੀਤੇ ਗਏ ਦੰਗੇ ਪੂਰੀ ਵਿਉਂਤ ਨਾਲ ਜੰਗਲ ਦੀ ਅੱਗ ਵਾਂਗ ਫੈਲਾ ਦਿੱਤੇ ਗਏ। ਘਰਾਂ ਵਿਚ ਘੇਰ-ਘੇਰ ਮਾਰੇ ਜਾ ਰਹੇ ਮੁਸਲਮਾਨ ਜਦੋਂ ਸੁਰਖਿਅਤ ਪਿੰਡਾਂ ਵੱਲ ਭੱਜਣ ਲੱਗੇ, ਉਨ੍ਹਾਂ ਨੂੰ ਰਾਹਾਂ ਅਤੇ ਖੇਤਾਂ ਵਿਚ ਮਾਰਿਆ ਜਾਣ ਲੱਗਾ। ਕੁਦਰਤੀ ਸੀ ਕਿ ਮਜ਼ਲੂਮਾਂ ਲਈ ਚਾਰ-ਚੁਫ਼ੇਰੇ ਹਨੇਰਾ ਹੀ ਹਨੇਰਾ ਦਿਸਦਾ। ਆਖ਼ਰ ਦੰਗਿਆਂ ਦੇ ਇਸ ਹਨੇਰੇ ਨੂੰ ਚਾਨਣ ਦੀਆਂ ਦੋ ਕਿਰਨਾਂ ਨੇ ਚੀਰਿਆ! ਜਿਹੜੀ ਕਥਾ ਮੈਂ ਸੁਣਾਉਣ ਲੱਗਿਆ ਹਾਂ, ਉਸ ਵਿਚ ਇਕ ਨਹੀਂ, ਦੋ ਹਰੇ ਪੱਤੇ ਬਚੇ ਰਹੇ।

ਜਦੋਂ ਡੋਂਗਰ ਪਿੰਡ ਦੇ ਮੁਸਲਮਾਨ ਘਰ-ਘਾਟ ਛੱਡ ਕੇ ਭੱਜਣ ਲੱਗੇ, ਸਰਪੰਚ ਰਾਮ ਚੰਦਰ ਬਾਂਹਾਂ ਫੈਲਾ ਕੇ ਉਨ੍ਹਾਂ ਦੇ ਅੱਗੇ ਹੋ ਗਿਆ, "ਇਉਂ ਭੱਜ ਕੇ ਆਪਣੇ ਪਿੰਡ ਦੀ ਇੱਜ਼ਤ ਨੂੰ ਦਾਗ ਨਾ ਲਾਉ। ਆਪਾਂ ਹਮੇਸ਼ਾ ਤੋਂ ਇਕੱਠੇ ਰਹੇ ਹਾਂ। ਆਪਣਾ ਰਿਸ਼ਤਾ ਨਹੁੰ-ਮਾਸ ਦਾ ਹੈ।" ਉਹਨੇ ਪਿੰਡ ਦੇ ਮੁਸਲਮਾਨ ਭਰਾਵਾਂ ਨੂੰ ਹੀ ਜਾਣ ਤੋਂ ਨਹੀਂ ਰੋਕਿਆ ਸਗੋਂ ਇਹ ਵੀ ਕਿਹਾ ਕਿ ਹੋਰਾਂ ਪਿੰਡਾਂ ਤੋਂ ਜੇ ਤੁਹਾਡੇ ਸਕੇ-ਸਬੰਧੀ ਵੀ ਆਉਣਾ ਚਾਹੁਣ, ਉਨ੍ਹਾਂ ਨੂੰ ਵੀ ਫੋਨਾਂ-ਸੁਨੇਹਿਆਂ ਨਾਲ ਬੁਲਾ ਲਉ। "ਦੰਗਈ ਆਪਣੇ ਪਿੰਡ ਦੇ ਨਹੀਂ, ਸਭ ਬਾਹਰਲੇ ਹਨ। ਅਸੀਂ ਤੁਹਾਡੇ ਦੁਆਲੇ ਕੰਧ ਬਣਾਂਗੇ। ਪਹਿਲਾਂ ਕੋਈ ਸਾਨੂੰ ਮਾਰੂ, ਫੇਰ ਤੁਹਾਡੇ ਤੱਕ ਪਹੁੰਚੂ!" ਪੁਲਿਸ ਨੂੰ ਪਤਾ ਲੱਗਿਆ ਤਾਂ ਉਹ ਵੀ ਹਿੰਦੀ ਫ਼ਿਲਮਾਂ ਵਾਂਗ ਆਖ਼ਰ ਮਦਦ ਵਾਸਤੇ ਪਹੁੰਚ ਗਈ।

ਅਜਿਹੀ ਹੀ ਦਿਲ ਵਿਚ ਠੰਢ ਪਾਉਣ ਵਾਲੀ ਗੱਲ ਨੇੜਲੇ ਪਿੰਡ ਖਰਦ ਵਿਚ ਹੋਈ। ਪਿੰਡ ਦੇ ਹਿੰਦੂ ਬਜ਼ੁਰਗ ਭਜਦੇ ਮੁਸਲਮਾਨਾਂ ਦੇ ਅੱਗੇ ਹੋ ਗਏ, "ਇਉਂ ਨਾ ਜਾਉ! ਮੁੱਦਤਾਂ ਤੋਂ ਭਾਈ-ਭਾਈ ਬਣ ਕੇ ਰਹਿ ਰਹੇ ਹਾਂ, ਇਸ ਭਾਈਚਾਰੇ ਨੂੰ ਦਾਗ਼ ਨਾ ਲੱਗਣ ਦੇਈਏ।" ਸਰਪੰਚ ਬਿਜੇਂਦਰ ਸਿੰਘ ਨੇ ਉਹ ਡੇਢ ਸੌ ਦੇ ਕਰੀਬ ਮੁਸਲਮਾਨ ਆਪਣੇ ਦਿਲ ਵਾਂਗ ਹੀ ਖੁੱਲ੍ਹੇ-ਡੁੱਲ੍ਹੇ ਘਰ ਵਿਚ ਬੁਲਾ ਲਏ। ਘਰ ਦੀਆਂ ਔਰਤਾਂ ਨੇ ਲੰਗਰ ਲਾ ਦਿੱਤਾ। ਬਾਹਰੋਂ ਲਲਕਾਰੇ ਸੁਣਦੇ, "ਸਰਪੰਚ ਦੇ ਐਸ ਘਰ ਵਿਚ ਨੇ ਸਭ ਮੁਸਲਮਾਨ। ਆਉ ਹਮਲਾ ਕਰੀਏ, ਕੰਧਾਂ ਟੱਪੀਏ ਤੇ ਉਨ੍ਹਾਂ ਨੂੰ ਬਾਹਰ ਧੂਹ ਲਿਆਈਏ।" ਸਰਪੰਚ ਤਸੱਲੀ ਦਿੰਦਾ, "ਡਰੋ ਨਾ, ਅਸੀਂ ਜੋ ਹਾਂ! ਅੱਵਲ ਤਾਂ ਅੰਦਰ ਆਉਂਦੇ ਨਹੀਂ, ਜੇ ਜੁਰੱਅਤ ਕਰਨਗੇ, ਨਿੱਬੜ ਲਵਾਂਗੇ।"

ਇਥੇ ਹਾਲਤ ਨੇ ਵੱਖਰਾ ਹੀ ਮੋੜ ਕੱਟਿਆ। ਪਿੰਡ ਦਾ ਇਕ ਮੁਸਲਮਾਨ ਜਵਾਨ ਉਤਰ-ਪੂਰਬ ਵਿਚ ਆਸਾਮ ਰਾਈਫ਼ਲਜ਼ ਵਿਚ ਸਿਪਾਹੀ ਹੈ। ਉਹਨੇ ਆਪਣੇ ਪਿੰਡਾਂ ਵਿਚ ਦੰਗਿਆਂ ਦੀਆਂ ਖ਼ਬਰਾਂ ਪੜ੍ਹ-ਸੁਣ ਕੇ ਇਲਾਕੇ ਵਿਚ ਤਾਇਨਾਤ ਕੀਤੀ ਗਈ ਫ਼ੌਜ ਨੂੰ ਆਪਣੇ ਪਰਿਵਾਰ ਦੀ ਰਾਖੀ ਦੀ ਬੇਨਤੀ ਭੇਜੀ। ਫ਼ੌਜੀ ਦਸਤਾ ਪਿੰਡ ਪਹੁੰਚਿਆ ਅਤੇ ਜਾਣਕਾਰੀ ਲੈਣ ਲਈ ਸਰਪੰਚ ਦਾ ਬੂਹਾ ਜਾ ਖੜਕਾਇਆ। ਬੂਹਾ ਖੁੱਲ੍ਹਿਆ ਤਾਂ ਫ਼ੌਜੀ ਦੰਗ ਰਹਿ ਗਏ, ਘਰ ਮੁਸਲਮਾਨਾਂ ਨਾਲ ਭਰਿਆ ਪਿਆ ਸੀ। ਸਿਪਾਹੀ ਦੇ ਪਰਿਵਾਰ ਬਾਰੇ ਪੁੱਛਿਆ ਤਾਂ ਉਹ ਅੱਗੇ ਆ ਕੇ ਬੋਲੇ, "ਅਸੀਂ ਤਾਂ ਸਾਰੇ ਠੀਕ ਹਾਂ, ਸਾਡੇ ਵੱਡੇ ਅੱਬਾ ਘਰੇ ਹੀ ਬੈਠੇ ਨੇ। ਕਹਿੰਦੇ, ਤੁਸੀਂ ਜਾਣਾ ਹੈ ਤਾਂ ਜਾਉ, ਆਪਣਾ ਪਿੰਡ ਹੈ, ਕੁਛ ਨਹੀਂ ਹੁੰਦਾ ਮੈਨੂੰ।" ਘਰ ਦੋ ਸੌ ਮੀਟਰ ਦੂਰ ਹੀ ਸੀ। ਵੱਡੇ ਅੱਬਾ, ਭਾਵ ਸਿਪਾਹੀ ਦੇ ਦਾਦਾ ਜੀ ਨੂੰ ਲੈਣ ਗਏ ਤਾਂ ਉਹ ਵਿਹੜੇ ਵਿਚ ਮਾਰਿਆ ਪਿਆ ਸੀ! ਦੰਗਈ ਪਿੰਡ ਵਿਚ ਇਹ ਇਕੋ-ਇਕ ਜਾਨ ਲੈਣ ਵਿਚ ਸਫਲ ਹੋ ਸਕੇ ਸਨ। ਜਦੋਂ ਫ਼ੌਜ ਸਾਰਿਆਂ ਨੂੰ ਕੈਂਪ ਵਿਚ ਲਿਜਾਣ ਲੱਗੀ, ਸਰਪੰਚਣੀ ਰੋ ਪਈ, "ਛੇਤੀ ਘਰੀਂ ਮੁੜ ਆਇਉ, ਆਪਾਂ ਸਭ ਭੈਣ-ਭਰਾ ਹਾਂ!"

ਡੋਂਗਰ ਪਿੰਡ ਦੇ ਸਰਪੰਚ ਰਾਮ ਚੰਦਰ ਅਤੇ ਖਰਦ ਪਿੰਡ ਦੇ ਸਰਪੰਚ ਬਿਜੇਂਦਰ ਸਿੰਘ ਨੂੰ ਅਣਗਿਣਤ ਵਾਰ ਨਮਸਕਾਰ, ਜਿਨ੍ਹਾਂ ਨੇ ਮਾਨਵਤਾ ਤੋਂ ਸਾਡਾ ਭਰੋਸਾ ਟੁੱਟਣ ਨਹੀਂ ਦਿੱਤਾ! ਜਿੰਨਾ ਚਿਰ ਸਾਡੇ ਨਿੱਘਰੇ ਅਤੇ ਗ਼ਰਕੇ ਹੋਏ ਸਮਾਜ ਵਿਚ, ਸੁੱਕੀ ਵੇਲ ਦੇ ਹਰੇ ਪੱਤੇ ਵਾਂਗ, ਅਜਿਹੇ ਭਲੇ ਪੁਰਸ਼ ਬਚੇ ਹੋਏ ਹਨ, ਮਨੁੱਖਤਾ ਵੀ ਬਚੀ ਰਹੇਗੀ!

# ਇਉਂ ਥੰਮ੍ਹਦੇ ਗਮਾਂ ਦੇ ਹੜ੍ਹ ਲੋਕੋ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਹਿਰ ਦੀ ਮੌਤ ਨੇ ਸਾਰੇ ਪਿੰਡ ਵਿਚ ਸੋਗ ਪਾ ਦਿੱਤਾ ਸੀ। ਐਕਸੀਡੈਂਟ ਦੀ ਖ਼ਬਰ ਨਾਲ ਸਾਰਾ ਪਿੰਡ ਮਾਨ ਸਿੰਘ ਫੌਜੀ ਦੇ ਘਰ ਵੱਲ ਭੱਜਿਆ ਜਾ ਰਿਹਾ ਸੀ। ਫੌਜੀ ਦਾ ਇਕਲੌਤਾ ਪੁੱਤ ਅਮਨ ਮੌਤ ਦੀ ਗੋਦ ਵਿਚ ਸਦਾ ਲਈ ਸੌਂ ਗਿਆ ਸੀ ਤੇ ਪਿੱਛੇ ਆਪਣੀ ਮਾਤਾ ਤੇ ਪਿਤਾ, ਸੱਜ ਵਿਆਹੀ ਵਹੁਟੀ ਨੂੰ ਸਾਰੀ ਉਮਰ ਲਈ ਦੁੱਖਾਂ ਭਰੀ ਕੰਡਿਆਂ ਦੀ ਸੇਜ ਵਿਛਾ ਗਿਆ ਸੀ। ਐਕਸੀਡੈਂਟ ਵੀ ਪਿੰਡ ਦੇ ਲਾਗੇ ਦੀ ਲੰਘਦੀ ਜਰਨੈਲੀ ਸੜਕ 'ਤੇ ਹੋਇਆ ਸੀ। ਪਿੰਡ ਦੇ ਨੌਜਵਾਨ ਮੁੰਡੇ ਤੇ ਸਿਆਣੇ ਆਪੋ-ਆਪਣੇ ਸਾਧਨਾਂ ਰਾਹੀਂ ਉਸ ਥਾਂ ਪਹੁੰਚ ਰਹੇ ਸਨ ਜਿੱਥੇ ਭਾਣਾ ਵਰਤਿਆ ਸੀ। ਛੇ ਫੁੱਟ ਲੰਮਾ ਅਮਨ ਸੜਕ ਦੇ ਕੰਢੇ ਚਿੱਟੀ ਚਾਦਰ ਵਿਚ ਲਪੇਟਿਆ ਪਿਆ ਸੀ। ਪੁਲਿਸ ਦੇ ਚਾਰ ਜਵਾਨ ਭੀੜ ਨੂੰ ਪਿੱਛੇ ਧੱਕ ਰਹੇ ਸਨ। ਹਰ ਕੋਈ ਲਾਸ਼ ਦੇਖਣੀ ਚਾਹੁੰਦਾ ਸੀ। ਅਮਨ ਦੀ ਮਾਂ ਤਾਂ ਖ਼ਬਰ ਸੁਣ ਕੇ ਬੇਹੋਸ਼ ਹੋ ਗਈ। ਉਸ ਨੂੰ ਲੁਧਿਆਣੇ ਡਾਕਟਰ ਕੋਲ ਲਿਜਾਇਆ ਗਿਆ। ਪਿਤਾ ਫੌਜੀ, ਦਿਲ ਵਿਚ ਤਾਂ ਧਾਹੀਂ ਰੋ ਰਿਹਾ ਸੀ ਪਰ ਅੰਦਰਲੇ ਅੱਥਰੂ ਬਾਹਰ ਨਹੀਂ ਡੁੱਲ੍ਹਣ ਦੇ ਰਿਹਾ ਸੀ। ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਹੋਇਆ ਆਖ ਕੇ ਆਪਣੇ ਬੁੱਲ੍ਹਾਂ ਨੂੰ ਘੁੱਟ ਕੇ ਦਰਦ ਛੁਪਾ ਰਿਹਾ ਸੀ।

ਮਾਨ ਸਿੰਘ ਨੇ ਅਜੇ ਛੇ ਮਹੀਨੇ ਪਹਿਲਾਂ ਹੀ ਬੜੇ ਚਾਵਾਂ ਨਾਲ ਆਪਣੇ ਪੁੱਤ ਦਾ ਵਿਆਹ ਕੀਤਾ ਸੀ। ਜੋ ਕੁਝ ਅਮਨ ਨੇ ਕਿਹਾ, ਜਵਾਬ ਨਹੀਂ ਦਿੱਤਾ। ਅਮਨ ਅਜੇ ਬੀ.ਏ. ਦੇ ਪਹਿਲੇ ਸਾਲ ਵਿਚ ਹੀ ਸੀ ਕਿ ਰਿਸ਼ਤੇ ਆਉਣੇ ਸ਼ੁਰੂ ਹੋ ਗਏ। ਕੋਈ ਆਖਦੀ-ਮੈਂ ਆਪਣੀ ਭਤੀਜੀ ਦਾ ਰਿਸ਼ਤਾ ਕਰਵਾਉਣਾ ਹੈ। ਕੋਈ ਆਪਣੀ ਭੈਣ ਦਾ ਤੇ ਕੋਈ ਕਹਿੰਦੀ- ਮੇਰੀ ਭਾਣਜੀ ਬੜੀ ਸੋਹਣੀ ਹੈ। ਆਂਢਣਾਂ-ਗੁਆਂਢਣਾਂ, ਤਾਈਆਂ-ਚਾਚੀਆਂ ਅਮਨ ਨੂੰ ਬਹੁਤ ਪਸੰਦ ਕਰਦੀਆਂ ਸਨ। ਪਿਉ ਦਾ ਸਾਊ ਪੁੱਤ ਸੀ। ਝੋਟੇ ਦੇ ਸਿਰ ਵਰਗੀ ਅੱਠ ਕਿਲੇ ਜ਼ਮੀਨ ਸੀ। ਨਿਆਈਂ ਵਿਚ ਪਲਾਟ ਵੱਖਰਾ ਸੀ। ਪਿੰਡ ਦੇ ਕਈ ਕਿਸਾਨ ਜਿਥੇ ਕਰਜ਼ੇ ਥੱਲੇ ਦੱਬੇ ਹੋਏ ਹੋਣ ਕਰ ਕੇ ਖੁਦਕੁਸ਼ੀ ਕਰ ਰਹੇ ਸਨ, ਉਥੇ ਮਾਨ ਸਿੰਘ ਸਾਰਿਆਂ ਪਾਸਿਆਂ ਤੋਂ ਸੁਖਾਲਾ ਸੀ। ਪੈਨਸ਼ਨ ਨਾਲ ਗੁਜ਼ਾਰਾ ਚਲਾਈ ਜਾਂਦਾ ਸੀ। ਪਹਿਲਾਂ ਵੀ ਪਿਉ-ਦਾਦੇ ਨੇ ਕਬੀਲਦਾਰੀ ਦੀ ਨੀਂਹ ਮਜ਼ਬੂਤ ਹੀ ਰੱਖੀ ਹੋਈ ਸੀ। ਇਸ ਕਰ ਕੇ ਸਮੇਂ ਦੇ ਝੱਖੜਾਂ ਨਾਲ ਉਹ ਡੋਲਿਆ ਨਹੀਂ ਸੀ। ਉਹਨੇ ਮਿਹਨਤ ਦੀ ਲੜੀ ਅਗਾਂਹ ਤੋਰੀ ਸੀ। ਨਿਕੰਮਪੁਣਾ ਤਾਂ ਨੇੜੇ ਵੀ ਨਹੀਂ ਸੀ ਆਉਣ ਦਿੱਤਾ। ਰਹਿਣ ਲਈ ਵਧੀਆ ਮਕਾਨ ਸੀ। ਪਿੰਡ ਵਿਚ ਉਸ ਦਾ ਨਾਂ ਸਤਿਕਾਰ ਨਾਲ ਲਿਆ ਜਾਂਦਾ; ਯਾਨਿ ਰੱਬ ਹਰ ਪੱਖ ਤੋਂ ਮਾਨ ਸਿੰਘ ਦੇ ਨਾਲ ਬੈਠਾ ਸੀ।

ਅਮਨ ਦਾ ਇਕ ਮਿੱਤਰ ਅਵਤਾਰ ਸੀ। ਘਰੋਂ ਤਾਂ ਗਰੀਬ ਹੀ ਸੀ ਪਰ ਸਾਊ ਤੇ ਇਮਾਨਦਾਰ ਪੂਰਾ ਸੀ। ਬੀ.ਏ. ਤੱਕ ਉਸ ਨੂੰ ਅਮਨ ਨੇ ਆਪਣੇ ਨਾਲ ਹੀ ਰੱਖਿਆ ਸੀ। ਕੱਪੜੇ ਅਤੇ ਫੀਸਾਂ ਦੀ ਉਸ ਨੂੰ ਕਦੇ ਤੋਟ ਨਹੀਂ ਆਉਣ ਦਿੱਤੀ ਸੀ। ਅਵਤਾਰ ਤਾਂ ਅਮਨ ਦੀ ਜਾਨ ਸੀ ਤੇ ਅਵਤਾਰ ਵੀ ਅਮਨ ਤੋਂ ਬਗੈਰ ਨਹੀਂ ਸੀ ਰਹਿੰਦਾ। ਦੋਵਾਂ ਦਾ ਆਲ੍ਹਣਾ ਅਮਨ ਦਾ ਚੁਬਾਰਾ ਸੀ। ਮਾਨ ਸਿੰਘ ਨੂੰ ਵੀ ਅਵਤਾਰ ਤੋਂ ਕੋਈ ਸ਼ਿਕਾਇਤ ਨਹੀਂ ਸੀ। ਦੋਵੇਂ ਜਦੋਂ ਵਿਆਹ ਦੀ ਗੱਲ ਕਰਦੇ ਤਾਂ ਇਕ-ਦੂਜੇ ਨੂੰ ਕਹਿੰਦੇ, ਮੈਂ ਤੇਰਾ ਸਰਬਾਲਾ ਬਣੂੰਗਾ; ਤੇ ਦੂਜਾ ਕਹਿੰਦਾ, ਮੈਂ ਤੇਰਾ। ਅਮਨ ਦਾ ਵਿਆਹ ਹੋਇਆ ਤਾਂ ਅਵਤਾਰ ਸਰਬਾਲਾ ਬਣਿਆ। ਰਿਸ਼ਤੇਦਾਰਾਂ ਨੇ ਕਿਹਾ, ਭੂਆ ਤੇ ਮਾਮੇ ਦੇ ਪੁੱਤਾਂ ਦਾ ਹੱਕ ਹੁੰਦਾ ਹੈ ਸਰਬਾਲਾ ਬਣਨ ਦਾ ਪਰ ਅਮਨ ਤਾਂ ਅਵਤਾਰ ਨਾਲ ਹੀ ਬੋਲ ਪੁਗਾ ਗਿਆ ਸੀ। ਅਮਨ ਦੀ ਵਹੁਟੀ ਚੰਨੋ ਵੀ ਚੰਨ ਦਾ ਟੁਕੜਾ ਸੀ। ਰੱਬ ਨੇ ਜਿਵੇਂ ਵਿਹਲੇ ਸਮੇਂ ਉਸ ਨੂੰ ਤਰਾਸ਼ਿਆ ਸੀ, ਜਿਵੇਂ ਅਮਨ ਲਈ ਹੀ ਰੱਬ ਨੇ ਚੰਨੋ ਨੂੰ ਸੋਹਣੀ ਬਣਾਇਆ ਸੀ।

ਅਮਨ ਦਾ ਵਿਆਹ ਬੜੀ ਸ਼ਾਨ ਨਾਲ ਹੋਇਆ। ਵਿਆਹ ਤੋਂ ਬਾਅਦ ਅਮਨ ਤਾਂ ਬੀ.ਏ. ਵਿਚੇ ਛੱਡ ਗਿਆ ਸੀ ਪਰ ਉਸ ਨੇ ਅਵਤਾਰ ਨੂੰ ਪੜ੍ਹਨੋਂ ਨਾ ਹਟਣ ਦਿੱਤਾ। ਫਿਰ ਦੋਵਾਂ ਦੀਆਂ ਉਡਾਰੀਆਂ ਵਿਚ ਫਰਕ ਆਉਣ ਲੱਗਿਆ। ਅਮਨ ਦੇ ਆਲ੍ਹਣੇ ਵਿਚ ਚੰਨੋ ਆ ਗਈ ਸੀ। ਅਵਤਾਰ ਵੀ ਅਮਨ ਦੇ ਘਰ ਕੰਮ ਮਤਲਬ ਨੂੰ ਹੀ ਆਉਂਦਾ ਸੀ। ਉਂਜ ਦੋਵਾਂ ਦੀ ਮਿੱਤਰਤਾ ਵਿਚ ਸੂਈ ਜਿੰਨਾ ਵੀ ਫਰਕ ਨਹੀਂ ਸੀ ਆਇਆ। ਅਵਤਾਰ ਦੇ ਵੱਡੇ ਭਰਾ ਦਾ ਵਿਆਹ ਹੋਇਆ ਤਾਂ ਸ਼ਗਨਾਂ ਦੇ ਗੀਤਾਂ ਦੀ ਵਾਰੀ ਅਵਤਾਰ ਦੀ ਸੀ ਪਰ ਅਵਤਾਰ ਅਜੇ ਵਿਆਹ ਕਰਵਾਉਣ ਲਈ ਤਿਆਰ ਨਹੀਂ ਸੀ। ਉਸ ਨੂੰ ਪਤਾ ਸੀ ਕਿ ਨਾ ਤਾਂ ਜ਼ਮੀਨ ਹੀ ਵਾਹੀ ਜੋਗੀ ਹੈ, ਨਾ ਹੀ ਕੋਈ ਹੋਰ ਨੌਕਰੀ-ਪੇਸ਼ਾ।

ਫਿਰ ਇਕ ਦਿਨ ਅਵਤਾਰ ਨੇ ਅਮਨ ਨਾਲ ਰਾਇ ਕੀਤੀ ਕਿ ਬਾਹਰਲੇ ਦੇਸ਼ ਚੱਲੀਏ। ਅਮਨ ਹੱਸਦਾ ਹੋਇਆ ਬੋਲਿਆ, "ਅੰਬਰਾਂ ਦਿਆ ਤਾਰਿਆ! ਹੁਸਨਾਂ ਦੇ ਬਾਗ ਵਿਚ ਪਿਆਰ ਦਾ ਬੂਰ ਪਏ ਤੋਂ ਇਕ ਕਦਮ ਵੀ ਅਗਾਂਹ ਨਹੀਂ ਪੁੱਟੀਦਾ। ਤੁਸੀਂ ਛੜੇ ਬੰਦੇ, ਤੁਸੀਂ ਜਾਉ! ਜੇ ਪੈਸਾ ਹੈ ਨਹੀਂ ਤਾਂ ਆਪਾਂ ਦੇਸ਼ ਦੇ ਸਾਬਕਾ ਜਵਾਨ ਯਾਨਿ ਪਿਤਾ ਜੀ ਤੋਂ ਲੈ ਕੇ ਦੇ ਦੇਵਾਂਗੇ।"

"ਸੱਚੀਂ ਅਮਨ! ਜੇ ਮੈਨੂੰ ਪੈਸੇ ਮਿਲ ਜਾਣ ਤਾਂ ਮੈਂ ਬਾਹਰ ਨਿਕਲ ਜਾਵਾਂ। ਤੂੰ ਆਪ ਤਾਂ ਭਾਬੀ ਨਾਲ ਚੁਬਾਰੇ ਵਿਚ ਹਾਸਾ-ਠੱਠਾ ਕਰ ਕੇ ਸਮਾਂ ਲੰਘਾ ਲੈਂਦਾ ਏਂ, ਮੇਰੀ ਜ਼ਿੰਦਗੀ ਕਸ਼ਮੀਰ ਦਾ ਮਸਲਾ ਬਣੀ ਪਈ ਹੈ।" ਦੋਵਾਂ ਦੀਆਂ ਮਜ਼ਾਕ ਵਾਲੀਆਂ ਗੱਲਾਂ ਵਿਚੋਂ ਹੀ ਅਵਤਾਰ ਦਾ ਵੀਜ਼ਾ ਲੱਗਣਾ ਸ਼ੁਰੂ ਹੋ ਗਿਆ। ਦੋਵਾਂ ਪਰਿਵਾਰਾਂ ਨੇ ਰਾਇ ਲਾ ਲਈ। ਮਾਨ ਸਿੰਘ ਨੇ ਮਾਮਲੇ ਨਾਲ ਇੱਕਠੀ ਕੀਤੀ ਰਕਮ ਅਮਨ ਨੂੰ ਫੜਾ ਦਿੱਤੀ। ਅਮਨ ਹੋਰਾਂ ਹੀ ਏਜੰਟ ਲੱਭ ਕੇ ਅਵਤਾਰ ਨੂੰ ਇਟਲੀ ਭੇਜ ਦਿੱਤਾ। ਅਵਤਾਰ ਅਜੇ ਉਥੇ ਪਹੁੰਚਿਆ ਹੀ ਸੀ ਕਿ ਅਮਨ ਸਦਾ ਲਈ ਉਸ ਦਾ ਸਾਥ ਛੱਡ ਗਿਆ। ਹਰ ਗੱਲ 'ਤੇ ਨਾਲ ਖੜ੍ਹਨ ਵਾਲਾ ਅੱਜ ਉਸ ਨੂੰ ਬੇਗਾਨੇ ਮੁਲਕ ਭੇਜ ਕੇ ਆਪਣਾ ਦੇਸ਼ ਹੀ ਛੱਡ ਗਿਆ ਅਤੇ ਉਥੇ ਚਲਿਆ ਗਿਆ ਜਿਥੋਂ ਕਦੇ ਕੋਈ ਵਾਪਸ ਨਹੀਂ ਮੁੜਿਆ। ਅਵਤਾਰ ਲਈ ਜਿਗਰੀ ਯਾਰ ਦੀ ਮੌਤ ਦਾ ਦਰਦ ਭੁਲਾਉਣਾ ਔਖਾ ਹੋ ਗਿਆ। ਸਾਰਾ ਦਿਨ ਕਮਲਿਆਂ ਵਾਂਗ ਤੁਰਿਆ-ਫਿਰਦਾ ਰਹਿੰਦਾ ਸੀ। ਭਟਕਣਾਂ ਦੇ ਰਾਹ ਵਿਚੋਂ ਇਕ ਦਿਨ ਉਸ ਨੂੰ ਮੰਜ਼ਿਲ ਦਿਖਾਈ ਦੇਣ ਲੱਗੀ। ਇਕ ਗੁਰਸਿੱਖ ਪਰਿਵਾਰ ਨੇ ਉਸ ਦਾ ਦਰਦ ਦਿਲ ਨਾਲ ਸੁਣਿਆ ਤੇ ਆਪਣੇ ਨਾਲ ਘਰ ਲੈ ਗਏ। ਹੌਲੀ-ਹੌਲੀ ਬੋਲੀ ਸਿਖਾਉਂਦਿਆਂ ਉਸ ਨੂੰ ਆਪਣੇ ਗਰੌਸਰੀ ਸਟੋਰ 'ਤੇ ਹੀ ਕੰਮ ਦੇ ਦਿੱਤਾ। ਬਚਪਨ ਤੋਂ ਇਮਾਨਦਾਰੀ ਦਾ ਫੜਿਆ ਪੱਲਾ ਅੱਜ ਪੂਰੇ ਨਾਲ ਭਰਨ ਲੱਗਿਆ।

ਅਮਨ ਦੀ ਮੌਤ ਦੇ ਵਕਤ ਚੰਨੋ ਤਿੰਨ ਮਹੀਨੇ ਦੀ ਗਰਭਵਤੀ ਸੀ। ਮਾਨ ਸਿੰਘ ਨੇ ਚੰਨੋ ਦੇ ਮਾਪਿਆਂ ਅੱਗੇ ਬੇਨਤੀ ਕੀਤੀ ਕਿ ਮੇਰੇ ਅਮਨ ਦੀ ਜੜ੍ਹ ਲੱਗ ਲੈਣ ਦਿਓ, ਫਿਰ ਮੈਂ ਆਪੇ ਚੰਨੋ ਨੂੰ ਵਿਆਹ ਦੇਵਾਂਗਾ। ਚੰਨੋ ਦੇ ਮਾਪੇ ਚੰਨੋ ਦੇ ਨਾਲ ਹੀ ਸਾਮਾਨ ਚੁੱਕਣਾ ਚਾਹੁੰਦੇ ਸਨ ਪਰ ਚੰਨੋ ਆਖਦੀ ਸੀ ਕਿ ਮੈਂ ਬੱਚੇ ਦੇ ਸਿਰ 'ਤੇ ਇਥੇ ਹੀ ਦਿਨ ਕੱਟ ਲਊਂਗੀ। ਅਖ਼ੀਰ ਬੱਚੇ ਦੇ ਜਨਮ ਤੱਕ ਗੱਲ ਬੰਦ ਹੋ ਗਈ। ਅਮਨ ਦੀ ਮਾਂ ਮੰਜੇ ਨਾਲ ਜੁੜਦੀ ਗਈ। ਪੁੱਤ ਤੁਰ ਗਿਆ ਸੀ ਤੇ ਨੂੰਹ ਨੇ ਵੀ ਚਲੀ ਜਾਣਾ ਸੀ। ਜਿਵੇਂ ਰੁੱਖਾਂ ਤੋਂ ਬਿਨਾਂ ਬੰਜਰ ਧਰਤੀ ਵੱਲ ਕੋਈ ਮੂੰਹ ਨਹੀਂ ਕਰਦਾ, ਇਸੇ ਤਰ੍ਹਾਂ ਪੁੱਤਾਂ ਨਾਲੋਂ ਖਾਲੀ ਵਿਹੜਿਆਂ ਵੱਲ ਵੀ ਕੋਈ ਤੱਕਦਾ ਨਹੀਂ।

ਸਮੇਂ ਨਾਲ ਚੰਨੋ ਦੇ ਜ਼ਖ਼ਮਾਂ ਉਤੇ ਮਲ੍ਹਮ ਲੱਗ ਗਈ, ਉਸ ਨੇ ਅਮਨ ਦੇ ਮੁਹਾਂਦਰੇ ਵਰਗਾ ਪੁੱਤ ਜੰਮਿਆ। ਜਿਸ ਵਿਹੜੇ ਵਿਚ ਛੇ ਮਹੀਨੇ ਪਹਿਲਾਂ ਵੈਣ ਪੈ ਰਹੇ ਸੀ, ਉਥੇ ਵਧਾਈਆਂ ਦੇ ਵਟਾਂਦਰੇ ਹੋ ਰਹੇ ਸਨ। ਨਵਜੰਮੇ ਬੱਚੇ ਨਾਲ ਨਾਨਕੇ-ਦਾਦਕੇ ਨੇੜੇ ਹੋਣ ਲੱਗ ਪਏ। ਚੰਨੋ ਨੇ ਹੋਰ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਪੁੱਤ ਦੇ ਸਿਰ 'ਤੇ ਰੰਡੇਪਾ ਕੱਟਣਾ ਮਨਜ਼ੂਰ ਕਰ ਲਿਆ। ਚੰਨੋ ਦੇ ਮਾਪੇ ਵੀ ਜ਼ੋਰ ਲਾ ਕੇ ਘਰ ਬੈਠ ਗਏ। ਚੰਨੋ ਤੇ ਪੋਤੇ ਦੇ ਸਹਾਰੇ ਮਾਨ ਸਿੰਘ ਹੁਰੀਂ ਵੀ ਜ਼ਿੰਦਗੀ ਅਗਾਂਹ ਤੋਰਨ ਲੱਗ ਪਏ।

ਗੁਰਸਿੱਖ ਪਰਿਵਾਰ ਦੇ ਸਾਥ ਨੇ ਅਵਤਾਰ ਨੂੰ ਹੋਰ ਵੀ ਤਰਾਸ਼ ਦਿੱਤਾ। ਉਸ ਨੂੰ ਸਿੱਖੀ ਨਾਲ ਹੋਰ ਗੂੜ੍ਹਾ ਪਿਆਰ ਹੋ ਗਿਆ। ਕੰਮ-ਕਾਰ ਦੇ ਨਾਲ-ਨਾਲ ਉਹ ਗੁਰਬਾਣੀ ਪੜ੍ਹਨੀ ਨਾ ਭੁੱਲਦਾ। ਸਮੇਂ ਦੇ ਗੇੜ ਨੇ ਤਿੰਨ ਸਾਲ ਲੰਘਾ ਦਿੱਤੇ। ਉਹ ਅਮਨ ਦੇ ਘਰ ਹਰ ਹਫ਼ਤੇ ਫੋਨ ਕਰਦਾ। ਉਨ੍ਹਾਂ ਨੂੰ ਦਿਲਾਸੇ ਦਿੰਦਾ ਰਹਿੰਦਾ। ਹਰ ਲੋੜ ਸਮੇਂ ਨਾਲ ਖੜ੍ਹਨ ਦਾ ਵਾਅਦਾ ਕਰਦਾ। ਮਾਨ ਸਿੰਘ ਨੂੰ ਵੀ ਅਵਤਾਰ 'ਤੇ ਪੂਰਾ ਭਰੋਸਾ ਸੀ। ਅਵਤਾਰ ਦੇ ਬਾਹਰ ਹੋਣ ਕਰ ਕੇ ਉਸ ਦੇ ਘਰਦਿਆਂ ਦਾ ਹਾਲ ਵੀ ਵਧੀਆ ਹੋ ਗਿਆ। ਉਨ੍ਹਾਂ ਨੇ ਵੀ ਵਧੀਆ ਘਰ ਬਣਾ ਲਿਆ। ਉਹ ਹੁਣ ਅਵਤਾਰ ਦੇ ਆਉਣ ਦੀ ਉਡੀਕ ਕਰਨ ਲੱਗੇ ਕਿ ਉਹ ਆਵੇ, ਤਾਂ ਉਸ ਦਾ ਵਿਆਹ ਕਰੀਏ।

ਫਿਰ ਉਹ ਸਮਾਂ ਆ ਗਿਆ ਜਦੋਂ ਪੰਛੀ ਆਪਣੇ ਆਲ੍ਹਣੇ ਨੂੰ ਪਰਤਿਆ। ਅਵਤਾਰ ਸਿੱਧਾ ਹੀ ਅਮਨ ਦੇ ਘਰ ਗਿਆ। ਮਾਨ ਸਿੰਘ ਦੇ ਗੱਲ ਲੱਗ ਕੇ ਧਾਹੀਂ ਰੋਇਆ। ਅਵਤਾਰ ਆਇਆ ਸੁਣ ਕੇ ਸਾਰਾ ਪਾਸਾ ਅਮਨ ਦੇ ਘਰ ਫਿਰ ਇਕੱਠਾ ਹੋ ਗਿਆ। ਮਾਨ ਸਿੰਘ ਲਈ ਜਿਵੇਂ ਅਮਨ ਵਾਪਸ ਆ ਗਿਆ ਹੋਵੇ। ਅਮਨ ਦਾ ਚੁਬਾਰਾ ਵੀ ਧਾਹੀਂ ਰੋਂਦਾ ਸੀ ਜਿਥੇ ਹਮੇਸ਼ਾ ਹਾਸੇ ਦੇ ਸੰਖ ਵੱਜਦੇ ਰਹੇ ਸਨ। ਅਮਨ ਬਿਨਾਂ ਅਵਤਾਰ ਦਾ ਦਿਲ ਨਹੀਂ ਸੀ ਲੱਗਦਾ। ਘਰਦੇ ਰਿਸ਼ਤੇ ਬਾਰੇ ਜ਼ੋਰ ਪਾ ਰਹੇ ਸਨ। ਥੋੜ੍ਹੇ ਦਿਨਾਂ ਬਾਅਦ ਇਕ ਦਿਨ ਅਵਤਾਰ ਨੇ ਮਾਨ ਸਿੰਘ ਨੂੰ ਪੁੱਛਿਆ, "ਚਾਚਾ ਜੀ! ਤੁਸੀਂ ਮੈਨੂੰ ਅਮਨ ਜਿੰਨਾ ਪਿਆਰ ਕਰਦੇ ਹੋ ਕਿ ਨਹੀਂ?"

"ਪੁੱਤਰਾ! ਇਹ ਤੂੰ ਕੀ ਕਹਿੰਨਾ ਏਂ? ਮੈਂ ਤਾਂ ਹਮੇਸ਼ਾ ਆਪਣੇ ਦੋ ਪੁੱਤਰ ਸਮਝੇ ਆ। ਪਿਉ ਲਈ ਸਭ ਬਰਾਬਰ ਹੁੰਦੇ ਆ।" ਮਾਨ ਸਿੰਘ ਨੇ ਅਵਤਾਰ ਨੂੰ ਮੋਢੇ ਨਾਲ ਲਾਉਂਦਿਆਂ ਕਿਹਾ।

"ਮੈਂ ਅੱਜ ਤੁਹਾਡੇ ਕੋਲੋਂ ਕੁੱਝ ਮੰਗਣਾ ਚਾਹੁੰਦਾ ਹਾਂ। ਪੁੱਤ ਦੀ ਖਾਲੀ ਝੋਲੀ ਭਰ ਦੇਵੋ। ਜੇ ਮੈਂ ਗਲਤ ਨਾ ਹੋਵਾਂ ਤਾਂ ਭਾਬੀ ਚੰਨੋ ਦਾ ਹੱਥ ਮੰਗਦਾ ਹਾਂ।" ਅਵਤਾਰ ਨੇ ਗਿੱਲੀਆਂ ਅੱਖਾਂ ਨਾਲ ਕਿਹਾ।

"ਓਏ ਤਾਰਿਆ ਪੁੱਤਰਾ! ਤੂੰ ਤਾਂ ਮੇਰੇ ਦਿਲ ਦੀ ਕਹਿ ਦਿੱਤੀ। ਮੈਂ ਤਾਂ ਆਪ ਤੇਰੇ ਨਾਲ ਇਹ ਗੱਲ ਕਰਨਾ ਚਾਹੁੰਦਾ ਸੀ।" ਮਾਨ ਸਿੰਘ ਨੇ ਭਰੀਆਂ ਅੱਖਾਂ ਨਾਲ ਖੁਸ਼ੀ ਪ੍ਰਗਟਾਈ।

ਫਿਰ ਮਾਨ ਸਿੰਘ ਨੇ ਚੰਨੋ ਨਾਲ ਗੱਲ ਕੀਤੀ। ਪਹਿਲਾਂ ਤਾਂ ਉਹ ਨਾਂਹ ਕਰਦੀ ਰਹੀ, ਫਿਰ ਜਦੋਂ ਹਾਂ ਕੀਤੀ ਤਾਂ ਉਹਦੇ ਮਾਪਿਆਂ ਨਾਲ ਗੱਲ ਤੋਰੀ ਗਈ। ਉਹ ਕਹਿੰਦੇ, ਸਭ ਕੁਝ ਠੀਕ ਹੈ ਪਰ ਤੁਹਾਡੀ ਜੱਦੀ ਜ਼ਮੀਨ ਜਾਇਦਾਦ ਦਾ ਵਾਰਿਸ ਸਾਡਾ ਦੋਹਤਾ ਹੋਵੇਗਾ।

ਸਭ ਪਾਸਿਓਂ ਹਾਂ ਹੋਣ ਤੋਂ ਬਾਅਦ ਚੰਨੋ ਦਾ ਅਨੰਦ ਕਾਰਜ ਅਵਤਾਰ ਨਾਲ ਕਰ ਦਿੱਤਾ ਗਿਆ। ਵਿਆਹ ਵੀ ਕਾਹਦਾ ਸੀ, ਬੱਸ ਦੁਖੇ ਦਿਲਾਂ ਦਾ ਸੁਮੇਲ ਹੀ ਹੋਇਆ ਸੀ। ਅਵਤਾਰ ਦੋ ਮਹੀਨੇ ਅਮਨ ਦੇ ਘਰ ਹੀ ਰਿਹਾ। ਉਹ ਹਰ ਥਾਂ, ਹਰ ਚੀਜ਼ ਵਿਚੋਂ ਅਮਨ ਨੂੰ ਲੱਭਦਾ ਰਹਿੰਦਾ। ਜਦੋਂ ਵਾਪਸ ਮੁੜਨ ਲੱਗਿਆ ਤਾਂ ਫਿਰ ਦੋਵਾਂ ਪਾਸਿਓਂ ਹੰਝੂਆਂ ਦੇ ਹੜ੍ਹ ਵਗਣ ਲੱਗੇ। ਅਵਤਾਰ ਨੇ ਇਟਲੀ ਜਾ ਕੇ ਚੰਨੋ ਅਤੇ ਬੱਚੇ ਦੇ ਪੇਪਰ ਭਰ ਦਿੱਤੇ। ਸਾਲ ਵਿਚ ਉਹ ਵੀ ਉਥੇ ਪੁੱਜ ਗਏ। ਅਵਤਾਰ ਅਮਨ ਦੇ ਪੁੱਤਰ ਵਿਚੋਂ ਅਮਨ ਨੂੰ ਦੇਖਦਾ, ਉਸ ਨਾਲ ਬਚਪਨ ਦੀਆਂ ਉਹੀ ਗੱਲਾਂ ਕਰਦਾ। ਰੱਬ ਦੀ ਰਜ਼ਾ! ਬੱਚਾ ਵੀ ਹਰ ਗੱਲ 'ਤੇ ਅਵਤਾਰ ਨੂੰ ਯਾਰ ਆਖ ਕੇ ਬੁਲਾਉਂਦਾ। ਗੁਰਸਿੱਖ ਪਰਿਵਾਰ ਨੇ ਘਰ ਦਾ ਸਾਰਾ ਸਮਾਨ ਅਵਤਾਰ ਨੂੰ ਲੈ ਦਿੱਤਾ। ਅਵਤਾਰ ਦੇ ਘਰ ਨਾਲ ਚੰਨੋ ਦਾ ਘਰ ਵੀ ਦੁਬਾਰਾ ਵਸ ਗਿਆ। ਰੰਡੇਪੇ ਦਾ ਪੰਧ ਬਹੁਤ ਲੰਮਾ ਸੀ ਤੇ ਸੁਖਾਲਾ ਵੀ ਨਹੀਂ ਸੀ। ਪਿੰਡ ਮਾਨ ਸਿੰਘ ਤੇ ਉਸ ਦੀ ਘਰਵਾਲੀ ਇਸ ਕਰ ਕੇ ਖੁਸ਼ ਸਨ ਕਿ ਅਮਨ ਦੀ ਆਖਰੀ ਨਿਸ਼ਾਨੀ ਸਾਡੇ ਦੂਜੇ ਪੁੱਤਰ ਅਵਤਾਰ ਕੋਲ ਸਲਾਮਤ ਹੈ ਤੇ ਇਕ ਦਿਨ ਸਾਡੀ ਝੋਲੀ ਆ ਪਵੇਗੀ। ਮਾਨ ਸਿੰਘ ਸੋਚਦਾ ਕਿ ਅਵਤਾਰ ਨੇ ਸਰਬਾਲੇ ਵਾਲੇ ਫਰਜ਼ ਨਿਭਾਉਣ ਨਾਲ ਆਪਣੀ ਮਿੱਤਰਤਾ ਦੀ ਗੰਢ ਹੋਰ ਮਜ਼ਬੂਤ ਕਰ ਲਈ ਹੈ।

ਸਾਰੇ ਘਰ ਵਿਚ ਹਾਸਾ ਖਿੰਡ ਜਾਂਦਾ ਹੈ ਜਦੋਂ ਅਮਨ ਦਾ ਪੁੱਤਰ ਫੋਨ ਰਾਹੀਂ ਕਹਿੰਦਾ ਹੈ, "ਦਾਦਾ ਜੀ! ਤੁਸੀਂ ਫਿਕਰ ਨਹੀਂ ਕਰਨਾ, ਮੈਂ ਜਲਦੀ ਵਾਪਸ ਆਵਾਗਾਂ; ਤੇ ਤੁਹਾਨੂੰ ਵੀ ਨਾਲ ਲੈ ਕੇ ਆਵਾਂਗਾ।" ਇਹ ਆਪਣੀ ਹੱਡਬੀਤੀ ਅਵਤਾਰ ਸਿੰਘ ਨੇ ਆਪਣੇ ਮੂੰਹੋਂ ਸੁਣਾਈ ਤੇ ਮੈਂ ਲਿਖ ਦਿੱਤੀ। ਰੱਬ ਰਾਖਾ!

# ਸ਼ੁਭ ਅਮਲਾਂ ਬਾਝੋਂ ਦੋਨੋ ਰੋਈ!

'ਪੰਜਾਬ ਟਾਈਮਜ਼' ਦੇ 7 ਸਤੰਬਰ ਦੇ ਅੰਕ ਵਿਚ ਦਸਮ ਗ੍ਰੰਥ ਵਿਵਾਦ ਬਾਰੇ ਸ. ਮਝੈਲ ਸਿੰਘ ਸਰਾਂ ਦੇ ਲੇਖ ਬਾਰੇ ਕੁਝ ਟਿੱਪਣੀਆਂ ਕਰਨੀਆਂ ਚਾਹੁੰਦਾ ਹਾਂ। ਅਸਲ ਵਿਚ ਦਸਮ ਗ੍ਰੰਥ ਦੇ ਵਿਰੋਧੀਆਂ ਅਤੇ ਹਮਾਇਤੀਆਂ ਦੇ ਲੇਖ ਜਾਂ ਲੈਕਚਰ ਸੁਣ ਕੇ ਕਿਸੇ ਨੀਤੀਵੇਤਾ ਦਾ ਕਥਨ ਚੇਤੇ ਆ ਜਾਂਦਾ ਹੈ, 'ਇਕ ਧਰਮ ਨੂੰ ਮੰਨਣ ਵਾਲੇ ਦੋ ਬੰਦੇ ਆਪਸ ਵਿਚ ਲੜ ਰਹੇ ਹੋਣ ਤਾਂ ਸਮਝੋ ਧਰਮ ਉਨ੍ਹਾਂ ਦੋਹਾਂ ਦੇ ਨੇੜਿਓਂ ਵੀ ਨਹੀਂ ਲੰਘਿਆ।' ਇਸ ਵਿਚ ਕੋਈ ਸ਼ੱਕ ਨਹੀਂ ਕਿ ਸ. ਸਰਾਂ ਨੇ ਇਤਿਹਾਸ ਅਤੇ ਗੁਰਬਾਣੀ ਦੇ ਪ੍ਰਮਾਣੀਕ ਹਵਾਲਿਆ ਨਾਲ ਸਿੱਧ ਕੀਤਾ ਹੈ ਕਿ ਸਮੁੱਚਾ ਦਸਮ ਗ੍ਰੰਥ ਗੁਰੂ-ਕ੍ਰਿਤ ਨਹੀਂ ਹੈ ਪਰ ਮੇਰੀ ਤੁੱਛ ਰਾਏ ਹੈ ਕਿ ਇਹ ਵਿਵਾਦ, ਹਮਾਇਤ ਜਾਂ ਵਿਰੋਧ ਵਿਚ ਲਿਖੇ ਜਾ ਰਹੇ ਲੇਖਾਂ ਜਾਂ ਕਰੇ-ਕਰਵਾਏ ਜਾ ਰਹੇ ਸੈਮੀਨਾਰਾਂ ਨੇ ਹੱਲ ਨਹੀਂ ਕਰਨਾ। ਇਹ ਤਾਂ ਸਗੋਂ ਚੁੰਝ-ਚਰਚਾ ਹੀ ਵਧਾਉਂਦੇ ਹਨ।

ਜਿਸ ਕੌਮ ਵਿਚ ਅਜਿਹੇ ਆਗੂ ਹੋਣ ਜੋ ਸ਼ਰ੍ਹੇਆਮ ਇਹ ਕਹਿਣ ਕਿ ਜੇ ਫਲਾਣਾ ਸਿੰਘ ਦਾ ਧੜਾ ਦਸਮ ਗ੍ਰੰਥ ਦੀ ਹਮਾਇਤ ਕਰੇ, ਤਦ ਅਸੀਂ ਵਿਰੋਧ ਕਰਨਾ ਹੈ; ਇਸੇ ਤਰ੍ਹਾਂ ਜੇ ਉਹ ਵਿਰੋਧੀਆਂ ਨਾਲ ਖੜ੍ਹੇ, ਫਿਰ ਅਸੀਂ ਦਸਮ ਗ੍ਰੰਥ ਨੂੰ 'ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ' ਵੀ ਕਹਾਂਗੇ ਅਤੇ ਗੱਜ-ਵੱਜ ਕੇ ਸੈਮੀਨਾਰ ਵੀ ਕਰਾਵਾਂਗੇ; ਤਾਂ ਉਸ ਕੌਮ ਵਿਚ ਭਲਾ ਵਿਦਵਾਨਾਂ ਦੀਆਂ ਲਿਖਤਾਂ ਦੀ ਕੀ ਵੁੱਕਅਤ ਹੈ? ਇਥੇ ਤਾਂ ਭਗਤ ਕਬੀਰ ਦੇ ਕਹਿਣ ਵਾਂਗੂੰ 'ਮਾਤਾ ਭੈਂਸਾ ਅਮੁਹਾ ਜਾਇ॥' ਧੜਿਆਂ ਅਤੇ ਚੌਧਰਾਂ ਦੀ ਹੂੜ੍ਹ-ਮਾਰ ਵਿਚ ਅੰਨ੍ਹੇ ਹੋਇਆਂ ਦੀ ਭਰਮਾਰ ਰਹਿੰਦੀ ਹੈ।

ਦਰਅਸਲ ਇਸ ਵਿਵਾਦ ਦਾ ਹੱਲ ਸ੍ਰੀ ਅਕਾਲ ਤਖਤ ਨੇ ਕੀਤਾ ਹੋਇਆ ਹੈ ਪਰ ਮਸਲਾ ਹੁਣ ਇਹ ਬਣਿਆ ਹੋਇਆ ਹੈ ਕਿ ਸਿਆਸੀ ਗੁਲਾਮੀ ਕਬੂਲੀ ਬੈਠੇ ਜਥੇਦਾਰ ਅਕਾਲ ਤਖਤ, ਇਕ ਧਿਰ ਦੇ ਸਮਾਗਮਾਂ/ਸੈਮੀਨਾਰਾਂ ਵਿਚ ਸ਼ਾਮਲ ਹੋ ਕੇ, ਖੁਦ ਹੀ ਅਕਾਲ ਤਖਤ ਨੂੰ ਅਣਗੌਲਿਆਂ ਕਰ ਰਹੇ ਹਨ। ਦੋਗਲੀ ਖੇਡ ਖੇਡਦਿਆਂ ਉਹ ਸਿੱਖ ਜਗਤ ਵਿਚ ਵੰਡੀਆਂ ਨੂੰ ਹੋਰ ਵਧਾ ਰਹੇ ਹਨ। ਉਹ ਅਜਿਹਾ ਕਿਉਂ ਕਰ ਰਹੇ ਹਨ? ਇਸ ਸਵਾਲ ਦਾ ਜਵਾਬ ਲਗਭਗ ਹੁਣ ਹਰ ਸਿੱਖ ਜਾਣਦਾ ਹੈ ਕਿ ਸਿੱਖ ਫਲਸਫੇ ਨੂੰ ਮਲੀਆਮੇਟ ਕਰਨ ਤੁਰੀਆਂ ਸ਼ਕਤੀਆਂ ਨੇ ਸਿੱਖ ਸਿਆਸਤ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲਿਆ ਹੋਇਆ ਹੈ। ਸਿੱਖ ਸਿਆਸਤ ਨੇ ਧਾਰਮਿਕ ਪਦਵੀਆਂ ਨੂੰ ਨਕੇਲਾਂ ਪਾਈਆਂ ਹੋਈਆਂ ਨੇ। ਇਸ ਹਾਲਤ ਵਿਚ ਹੋਣਾ ਉਹੀ ਹੁੰਦਾ ਹੈ ਜੋ ਉਪਰਲਿਆਂ ਨੂੰ ਭਾਉਂਦਾ ਹੋਵੇ। ਮਿਸਾਲ ਵਜੋਂ ਜਿਵੇਂ ਚੰਗੇ ਭਲੇ ਚਲਦੇ ਆ ਰਹੇ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾਉਣ ਤੋਂ ਆਨਾ-ਕਾਨੀ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਅਗਜੈਕਟਿਵ ਮੈਂਬਰਾਂ ਨੂੰ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਹ ਕਹਿ ਕੇ 'ਸਿੱਧੇ ਕਰ ਲਿਆ' ਸੀ... "ਦੇਖ ਲਉ, ਪ੍ਰਧਾਨ ਸਾਹਿਬ ਦਾ ਹੁਕਮ ਹੈ!"

ਸਿੱਧੀ ਗੱਲ ਹੈ ਕਿ ਹੁਣ 'ਪ੍ਰਧਾਨ ਸਾਹਿਬ' ਅਤੇ ਉਨ੍ਹਾਂ ਦੇ 'ਮਾਲਕ' ਚਾਹੁੰਦੇ ਨੇ ਕਿ ਸਿੱਖ ਮਨਾਂ ਵਿਚ ਲਰਜ਼ਦੇ ਗੁਰੂ ਵਿਸ਼ਵਾਸ ਨੂੰ ਤਹਿਸ-ਨਹਿਸ ਕੀਤਾ ਜਾਵੇ। ਸਿੱਖਾਂ ਦਾ ਗੁਰੂ 'ਇਕ' ਨਾ ਰਹੇ। ਸਿੱਖ ਦੁਬਿਧਾ ਦਾ ਸ਼ਿਕਾਰ ਹੋਣ। ਸੋ, ਇਹ ਸਾਰਾ ਲੁੰਗ-ਲਾਣਾ 'ਗੱਲ ਮੁਕਾਉਣ' ਦੀ ਥਾਂ ਸਿੱਖਾਂ ਨੂੰ ਖਾਨਾਜੰਗੀ ਵੱਲ ਧੱਕ ਰਿਹਾ ਹੈ।

ਜਿਵੇਂ ਜਨ ਸਧਾਰਨ ਸਿੱਖਾਂ ਦੀ ਸਹੂਲਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਣਵੀਆਂ ਬਾਣੀਆਂ ਦੇ ਗੁਟਕੇ-ਪੋਥੀਆਂ ਛਪੀਆਂ ਹੋਈਆਂ ਹਨ, ਇਸੇ ਪੈਟਰਨ 'ਤੇ ਜੇ ਦਸਮ ਗ੍ਰੰਥ ਵਿਚੋਂ ਜਾਪੁ ਸਾਹਿਬ, ਸਵੱਈਏ ਅਤੇ ਕੁਝ ਹੋਰ ਬਾਣੀਆਂ ਇਕੱਤਰ ਕਰ ਕੇ ਵੱਖਰੀ ਪੋਥੀ ਬਣਾ ਲਈ ਜਾਵੇ, ਬਾਕੀ ਦਾ ਗ੍ਰੰਥ ਸਾਹਿਤ ਵਜੋਂ ਲਾਇਬਰੇਰੀਆਂ 'ਚ ਸੰਭਾਲਿਆ ਪਿਆ ਰਹੇ ਤਾਂ ਕਿਸੇ ਨੂੰ ਕੀ ਢਿੱਡ ਪੀੜ ਹੁੰਦੀ ਹੈ? ਇਕ ਧਿਰ ਇਸ ਗ੍ਰੰਥ ਨੂੰ ਸਾਹਿਤ ਮੰਨਣੋਂ ਵੀ ਇਨਕਾਰੀ ਹੈ ਤੇ ਅੰਨ੍ਹੇਵਾਹ ਇਹਦੇ ਮਗਰ ਡਾਂਗ ਲੈ ਕੇ ਪਈ ਹੋਈ ਹੈ। ਦੂਜੀ ਧਿਰ ਹੱਦ ਦਰਜੇ ਦੀਆਂ ਅਸ਼ਲੀਲ ਤੇ ਭੱਦੀਆਂ ਕਿਰਤਾਂ ਨੂੰ ਵੀ ਅੱਡੀ ਚੋਟੀ ਦਾ ਜ਼ੋਰ ਲਾ ਕੇ ਦਸਮੇਸ਼ ਗੁਰੂ ਨਾਲ ਜੋੜਨ ਦਾ ਪਾਪ ਕਮਾ ਰਹੀ ਹੈ। ਇਹ ਦੋਵੇਂ ਧਿਰਾਂ ਪੰਥ ਨੂੰ ਔਝੜੇ ਪਾ ਰਹੀਆਂ ਹਨ।

*-ਸਿਮਰਨ ਸਿੰਘ ਸਹਿੰਬੀ*
*ਟਰਲਕ, ਕੈਲੀਫੋਰਨੀਆ।*

---

## ਦਸਮ ਗ੍ਰੰਥ ਬਾਰੇ ਵਿਵਾਦ

ਮਝੈਲ ਸਿੰਘ ਸਰਾਂ ਦੀ ਗੱਲ ਬਿਲਕੁੱਲ ਮੰਨਣਯੋਗ ਹੈ ਕਿ "ਮੈਂ ਤਾਂ ਉਨ੍ਹਾਂ ਗੁਰਸਿੱਖਾਂ ਨੂੰ ਵੀ ਇਹ ਅਰਜ਼ ਕਰਦਾਂ ਕਿ ਜਦ ਤੱਕ ਸਮੂਹ ਸਿੱਖ ਜਗਤ ਕੋਈ ਅਗਲਾ ਫੈਸਲਾ ਨਹੀਂ ਕਰਦਾ, ਉਨੀ ਦੇਰ ਪਹਿਲਾਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਮੁਤਾਬਿਕ ਨਿਤਨੇਮ ਤੇ ਅੰਮ੍ਰਿਤ ਦੀਆਂ ਬਾਣੀਆਂ 'ਤੇ ਕਿੰਤੂ ਜਾਂ ਉਜ਼ਰ ਕਰਨਾ ਵੀ ਉਨਾ ਹੀ ਗੁਨਾਹ ਹੋਵੇਗਾ ਜਿੰਨਾ ਦਸਮ ਗ੍ਰੰਥ ਨੂੰ ਸਿਰ 'ਤੇ ਚੜ੍ਹਾਉਣਾ।"

7 ਸਤੰਬਰ ਦੇ ਪੰਜਾਬ ਟਾਈਮਜ਼ ਦੇ ਪਰਚੇ ਵਿਚ ਬੇਸ਼ੱਕ ਮਝੈਲ ਸਿੰਘ ਸਰਾਂ ਨੇ ਗੁਰਮਤਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰਾਂ ਅਤੇ ਕਬਿੱਤ ਸਵੈਯੇ ਭਾਈ ਗੁਰਦਾਸ ਜੀ, ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਦੀ ਰਚਨਾਵਲੀ) ਅਤੇ ਸਿੱਖ ਇਤਿਹਾਸ ਅਤੇ ਸਿੱਖ ਫਿਲਾਸਫੀ ਘੋਖੇ ਬਿਨਾਂ ਆਪਣਾ ਇਕ ਪਾਸੜ ਨਿਰਣਾ ਦਸਮ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਨੂੰ ਟੀਰੀ ਅੱਖ ਨਾਲ ਦੇਖ ਕੇ ਲਿਖ ਹੀ ਦਿੱਤਾ ਹੈ, ਪਰ ਫਿਰ ਵੀ ਮਝੈਲ ਸਿੰਘ ਸਰਾਂ ਨੂੰ ਨਿਮਰਤਾ ਸਾਹਿਤ ਪਹਿਲੀ ਗੱਲ ਪੁੱਛਦੇ ਹਾਂ ਕਿ ਸਮੂਹ ਸਿੱਖ ਜਗਤ ਦਾ ਕੀਤਾ ਹੋਇਆ ਫੈਸਲਾ ਜੋ ਕਿ 'ਸਿੱਖ ਰਹਿਤ ਮਰਿਆਦਾ' ਦੇ ਰੂਪ ਵਿਚ ਉਪਲਬਧ ਹੈ, ਤਾਂ ਹੁਣ ਕਿਸ ਸਿੱਖ ਜਗਤ ਨੇ ਕੀ ਫੈਸਲਾ ਕਰਨਾ ਹੈ?

ਦੂਜੀ ਗੱਲ ਗੁਰੂ ਦਾ ਫੈਸਲਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹਨ ਤੇ ਸਮੂਹ ਸਿੱਖ ਜਗਤ ਨੂੰ ਪਤਾ ਹੈ। ਤੀਜੀ ਗੱਲ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ/ਤੁੱਲ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ। ਚੌਥੀ ਗੱਲ, ਗੁਰੂ ਪੰਥ ਨੇ ਹੀ ਫੈਸਲਾ ਕੀਤਾ ਹੋਇਆ ਹੈ ਕਿ ਨਿੱਤਨੇਮ ਦੀਆਂ ਕਿਹੜੀਆਂ ਬਾਣੀਆਂ ਹਨ, ਦਸਮ-ਗ੍ਰੰਥ ਸਾਹਿਬ ਦਾ ਕੀ ਸਥਾਨ ਹੈ, ਕਿੱਥੇ, ਕਦੋਂ ਤੇ ਕਿਤਨਾ ਪੜ੍ਹਨਾ ਹੈ, ਸਭ ਨਿਸ਼ਚਿਤ ਹੈ। ਅਖੀਰਲੀ ਗੱਲ ਇਹ ਜ਼ਰੂਰ ਦੱਸੋ ਕਿ ਦਸਮ ਗ੍ਰੰਥ ਨੂੰ ਸਿਰ 'ਤੇ ਕੌਣ ਚੜ੍ਹਾ ਰਿਹਾ ਹੈ? ਕਿਸੇ ਇਕ ਡੂਰਲੀ ਜਥੇ ਦੀ ਗਲਤੀ ਦੇ ਇਵਜ਼ਾਨੇ ਨੂੰ ਸਾਰੇ ਸਿੱਖ ਜਗਤ,

## ਪ੍ਰਤੀਕਰਮ

ਸਿੱਖ ਫਿਲਾਸਫੀ, ਸਿੱਖੀ ਸਰੋਤ, ਸਿੱਖੀ ਸੋਚ 'ਤੇ ਲਾਦੂ ਕਰਕੇ ਇਕਪਾਸੜ ਵਢਾਂਗਾ ਕਰਨਾ ਸ਼ੋਭਦਾ ਨਹੀਂ। ਇਹ ਸਾਡੀ ਤੁਹਾਡੀ ਕੁੱਕੜ ਖੇਹ ਉਡਾਉਣੀ ਵੀ ਸਿੱਖੀ ਨੂੰ ਟੋਟੇ ਕਰਨ ਦੀ ਨੀਤੀ ਦਾ ਹੀ ਪੱਖ ਪੂਰਦੀ ਹੈ। ਗੁਰੂ ਦਾ ਵਾਸਤਾ ਹੈ, ਬਚੋ ਇਸ ਤੋਂ!

*-ਅਮਰਜੀਤ ਸਿੰਘ ਖੋਸਾ, ਕੈਨੇਡਾ*

---

## ਸਿੱਖੀ ਦੇ ਘਾਣ ਦਾ ਖਤਰਾ ਅੰਦਰੋਂ ਵੱਧ

ਪੰਜਾਬ ਟਾਈਮਜ਼ ਦੇ 7 ਸਤੰਬਰ ਦੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲਿਖਿਆ ਲੇਖ 'ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ!' ਪੜ੍ਹਿਆ। ਸਿੱਖ ਜਗਤ ਨੂੰ ਜਾਗਣ ਦਾ ਹੋਕਾ ਦੇਣ ਅਤੇ ਸਵੈ-ਪੜਚੋਲ ਵਾਲੇ ਇਸ ਲੇਖ ਲਈ ਸ. ਸਰਾਂ ਅਤੇ ਪੰਜਾਬ ਟਾਈਮਜ਼ ਵਧਾਈ ਦੇ ਪਾਤਰ ਹਨ। ਅੱਜ ਸਿੱਖੀ ਦੇ ਘਾਣ ਦਾ ਖਤਰਾ ਬਾਹਰੋਂ ਘੱਟ ਤੇ ਅੰਦਰੋਂ ਜਿਆਦਾ ਹੈ। ਇਹ ਲੇਖ ਉਨ੍ਹਾਂ ਕਥਿਤ ਵਿਦਵਾਨਾਂ ਜਿਹੜੇ ਸਮੁੱਚੇ ਦੇ ਸਮੁੱਚੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਆਖਦੇ ਹਨ, ਨੂੰ ਵੀ ਇਹ ਸੁਨੇਹਾ ਦੇ ਗਿਆ ਕਿ ਉਹ ਦਸਮ ਪਾਤਸ਼ਾਹ ਦੇ ਹੁਕਮ 'ਗੁਰੂ ਮਾਨਿਓ ਗ੍ਰੰਥ' ਦੀ ਜਾਣੇ-ਅਣਜਾਣੇ ਅਦੂਲੀ ਕਰ ਰਹੇ ਹਨ। ਅੱਜ ਲੋੜ ਆਪਣੇ ਆਪ ਨੂੰ ਇਸ ਲੇਖ ਦੇ ਆਇਨੇ ਵਿਚੋਂ ਝਾਕਣ ਦੀ ਹੈ ਕਿ ਕੀ ਗੁਰੂ ਸਾਹਿਬਾਨ ਦੇ ਸਿੱਖ ਦੀ ਪਰਿਭਾਸ਼ਾ ਅਤੇ ਚਰਿਤਰ ਇਨ੍ਹਾਂ ਕਥਿਤ ਵਿਦਵਾਨਾਂ ਵਲੋਂ ਦਰਸਾਏ ਗਏ ਕਿਰਦਾਰਾਂ ਨਾਲ ਮੇਲ ਖਾਂਦੇ ਹਨ।

*-ਮਨਜਿੰਦਰ ਪਾਲ ਸਿੰਘ*
*ਕੈਨਸਸ ਸਿਟੀ।*

## ਕਹਾਣੀ

# ਡਿਪੋਰਟੇਸ਼ਨ

***ਪਰਦੇਸੀ ਹੋਣਾ ਆਪਣੇ ਆਪ ਵਿਚ ਹੀ ਇਕ ਸੰਤਾਪ ਹੈ ਅਤੇ ਜੇ ਬੰਦਾ ਅਮਰੀਕਾ ਜਿਹੇ ਮੁਲਕ ਵਿਚ ਬਿਨਾ ਕਾਗਜ਼ਾਂ ਤੋਂ ਰਹਿ ਰਿਹਾ ਹੋਵੇ ਤਾਂ ਹੋਰ ਵੀ ਵੱਡਾ ਸੰਤਾਪ ਹੈ। ਇਹ ਗੱਲ ਉਨ੍ਹਾਂ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੈ ਜਿਨ੍ਹਾਂ ਗੈਰ ਕਾਨੂੰਨੀ ਹੋਣ ਦਾ ਸੰਤਾਪ ਆਪਣੇ ਹੱਡੀਂ ਹੰਢਾਇਆ ਹੈ। 2001 ਵਿਚ ਅਮਰੀਕਾ 'ਤੇ ਹੋਏ 9/11 ਹਮਲੇ ਨੇ ਹਜ਼ਾਰਾਂ ਅਜਿਹੇ ਲੋਕਾਂ ਦੀ ਜ਼ਿੰਦਗੀ ਇਕ ਤਰ੍ਹਾਂ ਤਬਾਹ ਕਰ ਦਿੱਤੀ ਜਿਨ੍ਹਾਂ ਪਾਸ ਕਾਗਜ਼ ਨਹੀਂ ਸਨ। ਡਿਪੋਰਟੇਸ਼ਨ ਵੀ ਅਜਿਹੇ ਹੀ ਇਕ ਸੰਤਾਪ ਦੀ ਕਥਾ ਹੈ। -ਸੰਪਾਦਕ***



**ਨੀਲਮ ਸੈਣੀ**
**ਫੋਨ:510-502-0551**

ਸਟੈਨਫੋਰਡ ਹਸਪਤਾਲ ਦੇ ਇਕ ਕਮਰੇ ਵਿਚ ਪਈ ਨੇ ਅੱਖਾਂ ਖੋਲ੍ਹੀਆਂ ਹਨ ਤਾਂ ਕੋਈ ਨਜ਼ਰ ਹੀ ਨਹੀਂ ਆ ਰਿਹਾ। ਸਹਾਇਤਾ ਲਈ ਬੈਡ ਦੇ ਇਕ ਪਾਸੇ ਲੱਗਿਆ ਬਟਨ ਦਬਾਇਆ ਹੈ ਤਾਂ ਬੱਤਖ਼ ਵਾਂਗ ਸਿਰ ਹਿਲਾਉਂਦੀ ਨਰਸ ਅਗਲੇ ਹੀ ਪਲ ਆ ਕੇ ਮੈਨੂੰ ਪੁੱਛਦੀ ਹੈ, "ਡੂ ਯੂ ਨੀਡ ਸਮਥਿੰਗ ਕੀਰਤੀ?"

"ਵਾਟਰ!"

"ਸ਼ੋਅਰ ਯੂ ਕੈਨ ਹੈਵ ਹਾਫ਼ ਏ ਕੱਪ।"

ਉਹ ਮੈਨੂੰ ਉਠਾ ਕੇ ਪਾਣੀ ਪਿਲਾ ਕੇ ਚਲੀ ਗਈ ਹੈ ਅਤੇ ਮੈਂ ਬੈਡ ਉਤੇ ਪਈ ਸੋਚ ਰਹੀ ਹਾਂ, "ਕੀ ਹੋਇਆ ਮੇਰਾ ਜਿਗਰ ਬਦਲ ਦਿੱਤਾ ਗਿਆ, ਮੇਰੀ ਜਾਨ ਤਾਂ ਬਚ ਗਈ। ਘੱਟੋ-ਘੱਟ ਗੁਰਵੀਰ ਵਾਸਤੇ ਇੱਕ ਹੋਰ ਅਰਜ਼ੀ ਤਾਂ ਭੇਜ ਸਕਾਂਗੀ।" ਸਾਹਮਣੇ ਦੀਵਾਰ ਉਤੇ ਲੱਗਿਆ ਕਲਾਕ ਮੇਰੀ ਸੁਰਤੀ ਉਖਾੜਦਾ ਹੈ।

"ਅਜੇ ਹੋਰ ਕਿੰਨੇ ਦਿਨ ਏਥੇ ਰਹਾਂਗੀ?" ਮੈਂ ਆਪਣੇ-ਆਪ ਨੂੰ ਪੁੱਛਦੀ ਹਾਂ।

ਯਕੀਨ ਹੀ ਨਹੀਂ ਆ ਰਿਹਾ ਕਿ ਮੈਨੂੰ ਬੇਹੋਸ਼ੀ ਦੀ ਹਾਲਤ ਵਿਚ ਏਅਰ ਰਾਈਡ ਰਾਹੀਂ ਇਥੇ ਲਿਆ ਕੇ ਮੇਰਾ ਜਿਗਰ ਬਦਲਿਆ ਦਿੱਤਾ ਗਿਆ ਹੈ। ਜਿਗਰ ਬਾਰੇ ਸੋਚਦੇ ਹੀ ਮੈਂ ਫਿਰ ਡਰ ਗਈ ਹਾਂ, "ਖ਼ਬਰੇ ਕਿਸ ਦਾ ਹੋਵੇਗਾ? ਮੈਂ ਤਾਂ ਆਪਣਾ ਅੰਗ ਹੀ ਗਵਾ ਬੈਠੀ। ਕਿਸ ਜ਼ੁਰਮ ਦੀ ਸਜ਼ਾ ਮਿਲੀ?"

ਸੋਚਦੇ-ਸੋਚਦੇ ਹੀ ਮੇਰੀ ਨਿਗਾਹ ਸਾਹਮਣੇ ਟੇਬਲ ਉਤੇ ਪਏ 'ਗੈਟ ਵੈਲ ਸੂਨ' ਦੇ ਕਾਰਡ ਅਤੇ ਫ਼ੁੱਲਾਂ ਦੇ ਗ਼ੁਲਦਸਤੇ ਉਤੇ ਜਾ ਪਈ ਹੈ। ਕਾਰਡ ਉਪਰ 'ਗੁਰਵੀਰ' ਮੋਟੇ ਸ਼ਬਦਾਂ ਵਿਚ ਲਿਖਿਆ ਹੋਇਐ। ਗੁਰਵੀਰ ਸ਼ਬਦ ਦੂਰੋਂ ਪੜ੍ਹਦੇ ਹੀ ਮੈਂ ਛੇ ਸਾਲ ਪਿੱਛੇ ਪਹੁੰਚ ਗਈ ਆਂ ਅਤੇ ਕਈ ਮਿੱਠੀਆਂ-ਕੌੜੀਆਂ ਯਾਦਾਂ ਇਕ ਛਿਣ ਭਰ ਵਿਚ ਮੇਰੀਆਂ ਅੱਖਾਂ ਵਿਚ ਦੀ ਗੁਜ਼ਰ ਗਈਆਂ ਹਨ। ਇਹ ਯਾਦਾਂ ਹੀ ਤਾਂ ਹੁਣ ਤੱਕ ਮੇਰੇ ਜੀਊਣ ਦਾ ਬਹਾਨਾ ਬਣੀਆਂ ਹੋਈਆਂ ਹਨ ਅਤੇ ਇਨ੍ਹਾਂ ਦੇ ਸਹਾਰੇ ਹੀ ਮੈਂ ਏਨਾਂ ਸਮਾਂ ਕੱਢ ਗਈ ਆਂ।

ਅੱਖਾਂ ਵਿਚ ਇੱਕ ਨਹੀਂ ਅਨੇਕਾਂ ਸੁਪਨੇ ਸਜਾ ਕੇ ਮੈਂ ਪਰੀਆਂ ਵਾਂਗ ਅਮਰੀਕਾ ਦੀ ਧਰਤੀ 'ਤੇ ਉਤਰੀ ਸਾਂ। ਵੀਰ ਅਤੇ ਭਾਬੀ ਫ਼ੁੱਲਾਂ ਦੇ ਗ਼ੁਲਦਸਤੇ ਅਤੇ ਕੈਮਰਿਆਂ ਸੰਗ ਸਾਨੂੰ ਏਅਰ-ਪੋਰਟ ਤੋਂ ਲੈਣ ਆਏ ਸਨ। ਮੈਂ ਮੰਮੀ-ਡੈਡੀ ਸੰਗ ਵੀਰ ਦੀ ਪਟੀਸ਼ਨ ਉਤੇ ਪੱਕੇ ਤੌਰ 'ਤੇ ਅਮਰੀਕਾ ਪਹੁੰਚੀ ਸਾਂ। ਵੀਰ ਅਤੇ ਭਾਬੀ ਦਾ ਆਪਣਾ ਕੋਈ ਬੱਚਾ ਨਾ ਹੋਣ ਕਰਕੇ ਉਨ੍ਹਾਂ ਦੀ ਚਹੇਤੀ ਤਾਂ ਮੈਂ ਪਹਿਲਾਂ ਹੀ ਸੀ ਪਰ ਹੁਣ ਵੱਡੀ ਹੋਣ ਕਰਕੇ ਭਾਬੀ ਦਾ ਵਿਹਾਰ ਸਖ਼ੀਆਂ ਵਰਗਾ ਹੋ ਗਿਆ ਸੀ। ਵੀਰ ਦਾ ਆਪਣਾ ਰੀਅਲ ਐਸਟੇਟ ਦਾ ਬਿਜ਼ਨੈਸ ਸੀ ਪਰ ਸਾਡੇ ਆਉਣ ਦੀ ਖ਼ੁਸ਼ੀ ਵਿਚ ਬਹੁਤ ਸਮਾਂ ਸਾਡੇ ਨਾਲ ਹੀ ਰਹਿਣ ਦੀ ਕੋਸ਼ਿਸ਼ ਕਰਦੇ। ਮਹੀਨੇ ਦੇ ਅੰਦਰ-ਅੰਦਰ ਹੀ ਸਾਡੇ ਗਰੀਨ ਕਾਰਡ ਆ ਗਏ। ਦੋ ਮਹੀਨਿਆਂ ਵਿਚ ਹੀ ਮੈਂ ਕਾਰ ਦਾ ਲਾਇਸੈਂਸ ਲੈ ਲਿਆ ਅਤੇ ਨਾਲ ਹੀ ਕਾਲਜ ਵਿਚ ਇੰਗਲਿਸ਼ ਅਤੇ ਕੰਪਿਊਟਰ ਦੀਆਂ ਕਲਾਸਾਂ। ਹਰ ਹਫ਼ਤੇ ਭਾਬੀ ਨਾਲ ਸਟੋਰਾਂ ਦੀ ਸ਼ਾਪਿੰਗ, ਜ਼ਿੰਦਗੀ ਮੌਜ-ਮਸਤੀ ਜਿਹੀ ਬਣ ਗਈ।

ਪੜ੍ਹਾਈ ਖ਼ਤਮ ਕੀਤੀ ਤਾਂ ਰਿਸ਼ਤੇ ਦੀ ਗੱਲ ਤੁਰੀ। ਮੰਮੀ-ਡੈਡੀ ਤਾਂ ਇੰਡੀਆ ਹੀ ਕਰਨਾ ਚਾਹੁੰਦੇ ਸਨ ਪਰ ਵੀਰ-ਭਾਬੀ ਲੰਮੇ ਚੱਕਰਾਂ 'ਚ ਪੈਣ ਨਾਲੋਂ ਇਥੇ ਹੀ ਮੁੰਡਾ ਲੱਭਣ ਲਈ ਕਾਹਲੇ ਸਨ ਤੇ ਮੈਨੂੰ ਵੀ ਉਨ੍ਹਾਂ ਦਾ ਸੁਝਾਅ ਵਧੀਆ ਲੱਗਾ।

ਮੁੰਡਾ ਲੱਭਣ ਵਿਚ ਵੀ ਕਿਹੜਾ ਦੇਰ ਲੱਗੀ? ਵੀਰ ਨੇ ਆਪਣੇ ਦਫ਼ਤਰ ਵਿਚ ਗੱਲ ਕੀਤੀ ਤਾਂ ਉਸ ਦੀ ਸੈਕਟਰੀ ਰਮਨ ਨੇ ਨਿਊ ਯਾਰਕ ਰਹਿੰਦੇ ਗੁਰਵੀਰ ਦੀ ਦੱਸ ਪਾਈ। ਪੁੱਛ-ਪੜਤਾਲ ਕੀਤੀ ਤਾਂ ਉਹ ਨਿਕਲਿਆ ਵੀ ਬਿਲਕੁਲ ਸਾਡੇ ਪਿੰਡਾਂ ਲਾਗਲਾ, ਸਾਡਾ ਪਿੰਡ ਕੁਰਾਲਾ ਅਤੇ ਉਸ ਦਾ ਰਸੂਲਪੁਰ-ਮਸਾਂ ਦਸ ਕੁ ਮੀਲ ਦਾ ਫ਼ਾਸਲਾ। ਗੁਰਵੀਰ ਦੋ ਭੈਣਾਂ ਦਾ ਇਕ ਭਰਾ, ਚੰਗੀ ਜ਼ਮੀਨ ਅਤੇ ਪੋਸਟ ਗਰੈਜੂਏਟ! ਹੋਰ ਭਲਾ ਕੀ ਚਾਹੀਦਾ ਸੀ? ਉਹ ਨਿਊ ਯਾਰਕ ਵਿਚ ਟੈਕਸੀ ਚਲਾਉਂਦਾ ਸੀ ਅਤੇ ਸਿਆਸੀ ਪਨਾਹ ਲਈ ਅਪਲਾਈ ਕੀਤਾ ਹੋਇਆ ਸੀ ਪਰੰਤੂ ਉਸ ਦੀ ਸ਼ਖਸੀਅਤ ਸਾਹਮਣੇ ਉਸ ਦਾ 'ਪੱਕਾ ਨਾ ਹੋਣਾ' ਕੋਈ ਰੁਕਾਵਟ ਨਾ ਬਣ ਸਕਿਆ। ਮੈਂ ਤਾਂ ਉਸ ਨੂੰ ਦੇਖਦੀ ਹੀ ਰਹਿ ਗਈ। ਗੁਲਾਨਾਰੀ ਪੱਗ ਕਿੰਨੀ ਜਚ ਰਹੀ ਸੀ! ਤਿੱਖੇ ਨਕਸ਼ ਅਤੇ ਸਰੂ ਵਰਗਾ ਕੱਦ, ਉਹ ਮੇਰੇ ਦਿਲ ਦਿਮਾਗ ਤੇ ਛਾ ਗਿਆ। ਇਕ ਵਾਰੀ ਵੀ ਓਪਰਾ ਨਹੀਂ ਸੀ ਲੱਗਿਆ।

ਮੈਂ ਪਾਸਾ ਪਰਤਦੀ ਹਾਂ ਤਾਂ ਸੱਜੀ ਬਾਂਹ 'ਚ ਦਰਦ ਮਹਿਸੂਸ ਹੋ ਰਿਹੈ। 'ਹਾਏ!' ਆਖ ਮੈਂ ਫਿਰ ਅੱਖਾਂ ਬੰਦ ਕਰ ਲਈਆਂ ਨੇ ਅਤੇ ਆਪਣੀਆਂ ਯਾਦਾਂ ਦੀ ਪਟਾਰੀ ਨੂੰ ਮੁੜ ਖੋਲ੍ਹ ਲਿਆ ਹੈ।

ਸਾਡਾ ਵਿਆਹ ਇੱਕ ਮਹੀਨੇ ਦੇ ਅੰਦਰ ਹੀ ਹੋ ਗਿਆ। ਪਹਿਲਾਂ ਗੁਰਦੁਆਰੇ ਅਨੰਦ-ਕਾਰਜ, ਫਿਰ ਰਿਸੈਪਸ਼ਨ ਅਤੇ ਘਰ ਆਉਂਦੇ ਹੀ ਭਾਬੀ ਨੇ 'ਸਰਪਰਾਈਜ਼' ਆਖ ਰੀਨੋ ਦੇ ਇਕ ਮੋਟਲ ਦੀ ਬੁਕਿੰਗ ਦੀਆਂ ਟਿਕਟਾਂ ਸਾਡੇ ਹੱਥ ਫੜਾ ਦਿੱਤੀਆਂ।

ਰੀਨੋ ਪਹੁੰਚੇ ਤਾਂ ਰਾਤਾਂ ਨੂੰ ਜ਼ਿੰਦਗੀ ਸ਼ੁਰੂ ਹੁੰਦੀ ਦੇਖੀ। ਦੁਲਹਨ ਦੀ ਤਰ੍ਹਾਂ ਸ਼ਿੰਗਾਰੇ ਅਤੇ ਦੀਵਾਲੀ ਦੀ ਰਾਤ ਦੀ ਤਰ੍ਹਾਂ ਜਗਮਗਾਉਂਦੇ ਰੀਨੋ ਦੇ ਬਜ਼ਾਰ ਅੱਖਾਂ ਨੂੰ ਚੁੰਧਿਆ ਗਏ। ਕਾਨੂੰਨੀ ਜੂਏ ਦੀਆਂ ਮਸ਼ੀਨਾਂ ਦੇਖੀਆਂ ਅਤੇ ਗੁਰਵੀਰ ਨੇ ਜੂਆ ਖੇਡਣਾ ਸ਼ੁਰੂ ਕੀਤਾ ਤਾਂ ਇਕ ਅੱਧ-ਕੱਜੇ ਬਦਨ ਵਾਲੀ ਸੁੰਦਰੀ ਗੁਰਵੀਰ ਨੂੰ ਡਰਿੰਕ ਪਕੜਾ ਮੇਰੇ ਵਲ ਝਾਕਦੀ ਮੈਨੂੰ ਸਾਫਟ ਡਰਿੰਕ ਪਕੜਾਉਂਦੇ ਕਹਿੰਦੀ ਆ, "ਯੂਅਰ ਡਰੈਸ ਇਜ਼ ਵੈਰੀ ਪਰੈਟੀ।

"ਥੈਂਕਯੂ" ਮੈਂ ਮੁਸਕਰਾ ਕੇ ਕਿਹਾ ਅਤੇ ਸੋਚਿਆ ਕਿ ਤੂੰ ਤਾਂ ਸਿਰ ਤੋਂ ਪੈਰਾਂ ਤੱਕ ਕੱਜੀ ਹੋਈ ਹੈਂ।

ਅਸੀਂ ਤਿੰਨ ਦਿਨ ਰੀਨੋ ਦੀਆਂ ਰੰਗੀਨੀਆਂ ਮਾਣ ਲੇਕ ਟਾਹੋ ਚਲੇ ਗਏ। ਇਹ ਕੁਦਰਤੀ ਨਜ਼ਾਰਾ ਮੇਰੀਆਂ ਅੱਖਾਂ ਨੂੰ ਭਰਮਾਉਂਦਾ। ਮੈਂ ਹਰ ਰੋਜ਼ ਗੁਰਵੀਰ ਦੀ ਪੱਗ ਨਾਲ ਮੈਚ ਕਰਦਾ ਸੂਟ ਪਾਉਂਦੀ। ਅਸੀਂ ਇਕ ਦੂਜੇ ਦਾ ਹੱਥ ਫੜੀ ਝੀਲ ਦੇ ਕਿਨਾਰੇ ਨੀਲੇ ਰੰਗ ਦੇ ਸਾਫ਼ ਪਾਣੀ ਵਿਚੋਂ ਇਕ ਦੂਜੇ ਨੂੰ ਨਿਹਾਰਦੇ, ਬੋਟਿੰਗ ਕਰਦੇ ਅਤੇ ਕਦੀ ਕਿਨਾਰਿਆਂ 'ਤੇ ਘੁੰਮਦੇ। ਇਕ ਹਫ਼ਤੇ ਬਾਅਦ ਵਾਪਸ ਆ ਗਏ ਤਾਂ ਵੀਰ-ਭਾਬੀ ਨੇ ਕੁਝ ਦਿਨ ਰਹਿਣ ਲਈ ਮਜਬੂਰ ਕੀਤਾ।

ਨਿਊ ਯਾਰਕ ਜਾਣ ਤੋਂ ਦੋ ਦਿਨ ਪਹਿਲਾਂ ਪਟੀਸ਼ਨ ਕਰਕੇ ਘਰ ਆਏ ਤਾਂ ਗੁਰਵੀਰ ਨੇ ਕਿਹਾ, "ਝੀਲ ਦੇ ਨਜ਼ਾਰੇ ਮਾਣਨ ਤੋਂ ਬਾਅਦ ਸਮੁੰਦਰ ਦੇ ਕਿਨਾਰੇ ਜਾਣ ਨੂੰ ਦਿਲ ਕਰਦਾ ਹੈ" ਤਾਂ ਅਸੀਂ ਉਸੇ ਸ਼ਾਮ ਸੈਂਟਾ ਕਰੂਜ਼ ਪਹੁੰਚ ਗਏ।

"ਗੁਰਵੀਰ..." ਮੇਰੇ ਬੁੱਲ੍ਹ ਫ਼ਰਕੇ।

ਮੈਂ ਤ੍ਰਬਕ ਕੇ ਅੱਖਾਂ ਖੋਲ੍ਹੀਆਂ ਤਾਂ ਆਸੇ-ਪਾਸੇ ਕੋਈ ਨਹੀਂ। ਸਾਹਮਣੇ ਦੀਵਾਰ 'ਤੇ ਬਿਨ੍ਹਾਂ ਆਵਾਜ਼ ਤੋਂ ਟੀ.ਵੀ. ਚੱਲ ਰਿਹਾ ਹੈ। ਮੇਰੀ ਰੂਹ ਤਾਂ ਗੁਰਵੀਰ ਦੇ ਰੰਗ ਵਿਚ ਹੀ ਰੰਗਣਾ ਚਾਹੁੰਦੀ ਏ। ਮੈਂ ਅੱਖਾਂ ਬੰਦ ਕਰਦੀ ਹਾਂ ਤਾਂ ਮੈਨੂੰ ਯਾਦ ਆਉਂਦਾ ਹੈ; ਕਿਵੇਂ ਚਾਂਦਨੀ ਰਾਤ ਵਿਚ ਮੈਂ ਚਿੱਟੇ ਰੰਗ ਦਾ ਸੂਟ ਪਾ ਚਾਂਦਨੀ ਬਣੀ, ਚਾਂਦੀ ਦੀਆਂ ਪੰਜੇਬਾਂ ਪਾ ਸਮੁੰਦਰ ਦੇ ਕੰਢੇ ਛਣਕਾ ਰਹੀ ਸੀ ਤਾਂ ਗੁਰਵੀਰ ਨੇ ਇਸ ਛਣਕਾਟੇ ਨੂੰ ਸੁਣਨ ਲਈ ਆਪਣੀਆਂ ਅੱਖਾਂ ਬੰਦ ਕਰ ਲਈਆਂ। ਸਵੇਰੇ ਸਮੁੰਦਰ ਦੇ ਕਿਨਾਰੇ ਘੁੰਮਦੇ-ਘੁੰਮਦੇ ਕਿਸ਼ਤੀ ਵਿਚ ਬੈਠ ਸਮੁੰਦਰ ਦੀ ਵਿਸ਼ਾਲਤਾ ਨੂੰ ਮਾਪਣ ਦਾ ਯਤਨ ਕਰਦੇ ਰਹੇ। ਅਚਾਨਕ ਮੈਂ ਗੁਰਵੀਰ ਨੂੰ ਪੁੱਛਿਆ, "ਸਮੁੰਦਰ ਇੰਨਾ ਵਿਸ਼ਾਲ ਕਿਉਂ ਹੈ?"

"ਕੀਰਤੀ ਤੇਰਾ ਦਿਲ ਏਨਾ ਵਿਸ਼ਾਲ ਕਿਉਂ ਹੈ?" ਉਸ ਮੈਨੂੰ ਉਲਟਾ ਸਵਾਲ ਕੀਤਾ।

"ਕੀ ਮਤਲਬ? ਗੁਰਵੀਰ!"

"ਮਤਲਬ ਇਹ ਬਈ ਤੂੰ ਮੇਰੇ ਵਰਗੇ ਟੈਕਸੀ ਡਰਾਈਵਰ, ਜੋ ਗ਼ੈਰ-ਕਾਨੂੰਨੀ ਢੰਗ ਨਾਲ ਆਇਆ ਸੀ, ਨਾਲ ਹੀ ਵਿਆਹ ਕਿਉਂ ਕਰਵਾਇਆ? ਤੈਨੂੰ ਤਾਂ ਮੇਰੇ ਤੋਂ ਵਧੀਆ ਹੋਰ ਕਈ ਮਿਲ ਸਕਦੇ ਸਨ।"

"ਸੰਗ ਨਹੀਂ ਆਉਂਦੀ! ਜੀਵਨ ਸਾਥੀ ਤਾਂ ਜ਼ਿੰਦਗੀ 'ਚ ਇਕ ਹੀ ਚਾਹੀਦਾ ਹੁੰਦਾ ਹੈ, ਨਾਲੇ ਹੁਣ ਤੁਸੀਂ ਕਾਹਦੇ ਗ਼ੈਰ-ਕਾਨੂੰਨੀ? ਇਕ ਚੰਗੇ ਜੀਵਨ ਸਾਥੀ ਵਾਲੇ ਸਾਰੇ ਗੁਣ ਤੁਹਾਡੇ ਵਿਚ ਹਨ। ਹੋਰ ਭਲਾ ਮੈਨੂੰ ਕੀ ਚਾਹੀਦਾ? ਮੁੜ ਕੇ ਅਜਿਹੀ ਘਟੀਆ ਗੱਲ ਨਾ ਕਰਿਓ ਮੇਰੇ ਨਾਲ।" ਮੈਂ ਪੂਰੇ ਗੁੱਸੇ 'ਚ ਕਿਹਾ।

"ਸੌਰੀ," ਗੁਰਵੀਰ ਨੇ ਆਪਣੇ ਕੰਨਾਂ ਨੂੰ ਹੱਥ ਲਾਏ।

ਮੈਂ ਆਪਣਾ ਹਾਸਾ ਨਾ ਰੋਕ ਸਕੀ। ਗੁਰਵੀਰ ਨੇ ਮੁੜ ਮੋਹ ਭਰੀਆਂ ਨਜ਼ਰਾਂ ਨਾਲ ਤੱਕਿਆ। ਮੈਂ ਉਸ ਦੀਆਂ ਅੱਖਾਂ ਵਿਚ ਪਿਆਰ ਦੀ ਇਬਾਰਤ ਪੜ੍ਹ ਆਪਣੀਆਂ ਅੱਖਾਂ ਨੀਵੀਆਂ ਪਾ ਲਈਆਂ।

ਮੈਨੂੰ ਲੱਗਦੈ ਗੁਰਵੀਰ ਦੀਆਂ ਉਂਗਲਾਂ ਮੇਰੇ ਵਾਲਾਂ ਵਿਚ ਕੰਘੀ ਕਰ ਰਹੀਆਂ ਨੇ, ਮੈਂ ਆਪਣੇ ਸੱਜੇ ਹੱਥ ਨਾਲ ਉਸ ਦਾ ਹੱਥ ਫੜ੍ਹਨ ਦੀ ਕੋਸ਼ਿਸ਼ ਕਰਦੀ ਹਾਂ। 'ਉਫ਼!' ਮੇਰੀ ਬਾਂਹ ਵਿਚ ਅਜੇ ਤੱਕ ਮੱਠਾ-ਮੱਠਾ ਦਰਦ ਹੋ ਰਿਹੈ। ਮੈਂ ਇਸ ਦਰਦ ਨੂੰ ਭੁਲਾ ਕੇ ਨਿਊ ਯਾਰਕ ਪਹੁੰਚ ਗਈ ਹਾਂ।

ਕੈਲੀਫੋਰਨੀਆ ਵਿਚ ਵਿਆਹ ਤੋਂ ਬਾਅਦ ਹੱਸਦੇ-ਖੇਡਦੇ ਕੁਝ ਦਿਨ ਗੁਜ਼ਾਰ ਮੈਂ ਗੁਰਵੀਰ ਨਾਲ ਨਿਊ ਯਾਰਕ ਚਲੀ ਗਈ। ਗੁਰਵੀਰ ਮੈਨੂੰ ਬਾਹਰ ਖੜ੍ਹਾ ਕਰ ਅੰਦਰ ਚਲਾ ਗਿਆ ਅਤੇ ਅਗਲੇ ਹੀ ਪਲ ਇਕ ਹੱਥ ਵਿਚ ਸਰੋਂ ਦੇ ਤੇਲ ਦੀ ਬੋਤਲ ਲੈ ਬਾਹਰ ਆਇਆ। ਬੂਹੇ ਦੀ ਸਰਦਲ 'ਤੇ ਤੇਲ ਚੁਆ ਬੋਲਿਆ, "ਕੀਰਤੀ! ਤੁਹਾਡਾ, ਤੁਹਾਡੇ ਘਰ ਅਤੇ ਆਪਣੇ ਦਿਲ ਵਿਚ ਸਵਾਗਤ ਕਰ ਰਿਹਾਂ।"

ਸਾਡੀ ਜ਼ਿੰਦਗੀ ਸ਼ੁਰੂ ਹੋ ਗਈ। ਨਵੇਂ ਘਰ ਵਿਚ ਸੂਰਜ ਦੀ ਪਹਿਲੀ ਕਿਰਨ ਪਰਵੇਸ਼ ਕੀਤੀ ਤਾਂ ਗੁਰਵੀਰ ਨੇ ਗੀਤ ਲਾ ਦਿੱਤਾ, "ਗੱਲ ਮੁੱਕੀ ਨਾ ਸੱਜਣ ਨਾਲੋਂ ਮੇਰੀ ਰੱਬਾ ਵੇ ਤੇਰੀ ਰਾਤ ਮੁੱਕ ਗਈ।"

ਮੈਂ ਉਠਣ ਦੀ ਕੋਸ਼ਿਸ਼ ਕੀਤੀ ਤਾਂ ਮੇਰੀ ਬਾਂਹ ਫੜ੍ਹ ਬੋਲਿਆ, "ਕਿੱਥੇ ਜਾ ਰਹੇ ਹੋ?"

"ਚਾਹ ਬਣਾਉਣ?" ਮੈਂ ਮੁਸਕਰਾ ਕੇ ਕਿਹਾ।

"ਸਾਡੀ ਚਾਹ ਤਾਂ ਇਸ ਵੇਲ਼ੇ ਤੁਹਾਡੀਆਂ ਪਲਕਾਂ ਦੀ ਛਾਂਵੇਂ ਬਹਿਣ ਦੀ ਏ!" ਖਿੱਚ ਕੇ ਕੋਲ ਬਿਠਾ ਲਿਆ।

ਅਗਲੇ ਦਿਨ ਮੈਂ ਰੈਜ਼ਮੇ ਬਣਾਉਣ ਦੀ ਗੱਲ ਕੀਤੀ ਤਾਂ ਨਰਾਜ਼ ਹੋ ਗਿਆ, "ਸਾਰੀ ਉਮਰ ਕੰਮ ਹੀ ਕਰਨਾ, ਮੈਂ ਚਾਹੁੰਦਾ ਹਾਂ ਘੱਟੋ-ਘੱਟ ਛੇ ਮਹੀਨੇ ਤੂੰ ਘਰ ਹੀ ਰਹਿ ਕੀਰਤੀ!"

"ਮੈਂ ਸਾਰਾ ਦਿਨ ਘਰ ਰਹਿ ਕੇ ਕੀ ਕਰਾਂਗੀ?"

"ਮੇਰਾ ਇੰਤਜ਼ਾਰ!"

ਮੈਂ ਕੰਮ ਕਰਨ ਦੀ ਜ਼ਿਦ ਨਾ ਕੀਤੀ। ਗੁਰਵੀਰ ਹਰ ਰੋਜ਼ ਟੈਕਸੀ ਲੈ ਕੇ ਚਲਾ ਜਾਂਦਾ। ਲੰਚ ਕਰਨ ਘਰ ਜ਼ਰੂਰ ਆਉਂਦਾ। ਮੈਂ ਕਦੀ ਘਰ ਨੂੰ ਸਜਾਉਂਦੀ, ਕਦੀ ਆਪਣਾ-ਆਪ ਸ਼ਿੰਗਾਰਦੀ, ਕਦੀ ਟੀ.ਵੀ. ਦੇਖ ਲੈਂਦੀ ਅਤੇ ਗੁਰਵੀਰ ਦੇ ਆਉਂਦੇ ਹੀ ਸਾਰਾ ਘਰ ਮਹਿਕ ਉਠਦਾ।

"ਕੀਰਤੀ! ਹਾਓ ਆਰ ਯੂ ਫੀਲਿੰਗ? ਆਈ ਨੀਡ ਟੂ ਚੇਂਜ ਯੂਅਰ ਆਈ.ਵੀ.।" ਨਰਸ ਮੈਨੂੰ ਸਹਿਲਾਉਂਦੀ ਆ। 'ਆਈ ਵੀ' ਬਦਲਦੇ ਹੀ ਮੈਨੂੰ ਸੱਜੇ ਹੱਥ ਵਿਚ ਪੀੜ ਮਹਿਸੂਸ ਹੁੰਦੀ ਆ ਪਰ ਇਹ ਪੀੜ ਉਸ ਪੀੜ ਦੇ ਸਾਹਮਣੇ ਕੁਝ ਵੀ ਨਹੀਂ ਜੋ ਗਿਆਰਾਂ ਸਤੰਬਰ 2001 ਨੂੰ ਮੈਂ ਪਹਿਲੀ ਵਾਰੀ ਆਪਣੇ ਦਿਲ 'ਤੇ ਮਹਿਸੂਸ ਕੀਤੀ ਸੀ।

"ਕੇਹੀ ਮਨਹੂਸ ਘੜੀ ਸੀ ਉਹ!"

ਮੈਂ ਸਾਫ਼-ਸਫ਼ਾਈ ਕਰਕੇ ਵਿਹਲੀ ਹੋ, ਟੀ.ਵੀ. ਲਾਇਆ ਹੀ ਸੀ ਕਿ ਮੇਰਾ ਦਿਲ ਬਹਿ ਗਿਆ; ਅਸਮਾਨ 'ਚ ਕਾਲਾ ਧੂੰਆਂ ਅਤੇ ਵਰਲਡ ਟਰੇਡ ਸੈਂਟਰ ਢਹਿ-ਢੇਰੀ ਹੋ ਰਿਹਾ ਸੀ। ਸਭ ਪਾਸੇ ਰੈਡ-ਅਲਰਟ ਦੀ ਖ਼ਬਰ ਨੇ ਮੈਨੂੰ ਪਤਾ ਨਹੀਂ ਕੀ ਕਰ ਦਿੱਤਾ, ਮੇਰਾ ਦਿਲ ਉਛਲ ਕੇ ਬਾਹਰ ਆ ਗਿਆ ਤੇ ਮੈਂ ਉਲਟੀ ਕਰਨ ਲਈ ਬਾਥਰੂਮ ਵੱਲ ਦੌੜੀ। ਉਲਟੀਆਂ ਕਰਕੇ ਮੇਰੀਆਂ ਅੱਖਾਂ ਵਿਚ ਪਾਣੀ ਝਰਨਾ ਬਣ ਕੇ ਫੁੱਟ ਪਿਆ। ਮੈਂ ਵਾਪਸ ਡਰਾਇੰਗ ਰੂਮ ਵਿਚ ਆ ਕੇ ਗੁਰਵੀਰ ਨੂੰ ਫੋਨ ਕੀਤਾ, ਉਸ ਦਾ ਫੋਨ ਬੰਦ ਸੀ। ਮੈਂ ਹੋਰ ਘਬਰਾ ਕੇ ਉਸ ਨੂੰ ਵਾਰ-ਵਾਰ ਫੋਨ ਮਿਲਾਉਂਦੀ ਸੋਫ਼ੇ 'ਤੇ ਹੀ ਢੇਰੀ ਹੋ ਗਈ। ਘੰਟੇ ਬਾਅਦ ਗੁਰਵੀਰ ਘਰ ਆਇਆ। ਮੈਂ ਉਸ ਦੀ ਹਾਲਤ ਅਤੇ ਉਹ ਮੇਰੀ ਹਾਲਤ ਦੇਖ ਕੇ ਘਬਰਾ ਗਿਆ।

"ਕੀਰਤੀ!" ਉਹ ਮੇਰਾ ਹੱਥ ਫੜ ਕੇ ਬੈਠ ਗਿਆ, "ਪਤਾ ਨਹੀਂ ਫੋਨ ਵੀ ਕਿੱਥੇ ਡਿਗ ਪਿਆ? ਮੈਨੂੰ ਪਤਾ ਸੀ ਤੂੰ ਕਿੰਨੀ ਪ੍ਰੇਸ਼ਾਨ ਹੋਵੇਂਗੀ! ਮੈਂ ਜ਼ਹਾਜ ਟਾਵਰਾਂ 'ਚ ਵੱਜਦੇ ਦੇਖੇ, ਉਸੇ ਪਲ ਫੋਨ ਲੱਭਣਾ ਸ਼ੁਰੂ ਕੀਤਾ, ਯੂ ਟਰਨ ਮਾਰ ਕੇ ਮਸਾਂ ਜਾਨ ਬਚਾ ਕੇ ਆਇਆ ਹਾਂ। ਮੈਂ ਉਸ ਦੇ ਗਲ ਲੱਗ ਰੋਣਾ ਸ਼ੁਰੂ ਕਰ ਦਿੱਤਾ। ਮੇਰਾ ਦਿਲ ਬਾਹਰ ਨੂੰ ਆਉਣ ਲੱਗਾ। ਮੈਂ ਮੂੰਹ 'ਤੇ ਹੱਥ ਰੱਖ ਬਾਥਰੂਮ ਵੱਲ ਇਸ਼ਾਰਾ ਕੀਤਾ ਤਾਂ ਗੁਰਵੀਰ ਨੇ ਟਰੈਸ਼ ਕੈਨ ਜਲਦੀ ਨਾਲ ਮੇਰੇ ਲਾਗੇ ਕਰ ਦਿੱਤਾ। ਇਸ ਉਲਟੀ ਨਾਲ ਤਾਂ ਜਿਵੇਂ ਮੇਰਾ ਅੰਦਰ ਹੀ ਧੋ ਹੋ ਗਿਆ। ਮੇਰੇ ਹੰਝੂ ਆਪ ਮੁਹਾਰੇ ਵਗਣ ਲੱਗੇ।



"ਕੀਰਤੀ ਰੋਣਾ ਤੇਰੀ ਸਿਹਤ ਲਈ ਠੀਕ ਨਹੀਂ। ਇਸ ਦਾ ਸਾਡੇ ਬੱਚੇ 'ਤੇ ਬੁਰਾ ਪ੍ਰਭਾਵ ਪਵੇਗਾ। ਆਪਣਾ ਧਿਆਨ ਰੱਖ, ਹਾਂ ਸੱਚ ਭਾਬੀ ਨੂੰ ਖ਼ੁਸ਼ਖਬਰੀ ਸੁਣਾਈ?"

ਮੈਂ ਨਾਂਹ ਵਿਚ ਸਿਰ ਹਿਲਾਇਆ। ਉਹ ਭਾਬੀ ਨੂੰ ਫੋਨ ਮਿਲਾਉਣ ਲੱਗਾ ਤਾਂ ਫੋਨ ਸਿਸਟਮ ਹੀ ਡਿਸਕੁਨੈਕਟ ਸੀ। ਪੂਰੇ ਹਫ਼ਤੇ ਬਾਅਦ ਫੋਨ ਮਿਲਿਆ ਤਾਂ ਭਾਬੀ ਖ਼ੁਸੀ ਵਿਚ 'ਮੁਬਾਰਕ!' ਕਹਿੰਦੇ ਫ਼ਿਕਰਮੰਦ ਹੋ ਕੇ ਬੋਲੀ, "ਗੁਰਵੀਰ ਤੂੰ ਕੀਰਤੀ ਨੂੰ ਲੈ ਕੇ ਏਥੇ ਹੀ ਆ ਜਾ।"

ਗੁਰਵੀਰ ਨੇ ਪਤਾ ਨਹੀ ਕੀ ਸੋਚ ਕੇ ਹਾਂ ਕਹਿ ਦਿੱਤੀ।

ਫਿਰ ਮੈਨੂੰ ਵੀ ਮੁਬਾਰਕ ਦਿੰਦੇ ਹੋਏ ਇਹੋ ਤਾਕੀਦ ਕੀਤੀ। ਅਸੀਂ ਉਸੇ ਦਿਨ ਹੀ ਮੈਨੇਜਰ ਨੂੰ ਅਪਾਰਟਮੈਂਟ ਛੱਡਣ ਦਾ ਨੋਟਿਸ ਦੇ ਆਏ ਅਤੇ ਅਕਤੂਬਰ ਚੜ੍ਹਦੇ ਹੀ ਕੈਲੀਫੋਰਨੀਆ ਦੇ ਸ਼ਹਿਰ ਯੂਨੀਅਨ ਸਿਟੀ ਵਿਚ ਆਪਣਾ ਅਪਾਰਟਮੈਂਟ ਲੈ ਲਿਆ।

ਅਚਾਨਕ ਮੇਰੇ ਸਰੀਰ ਨੂੰ ਕੰਬਣੀ ਛਿੜ ਪਈ ਆ। ਮੈਂ ਹੌਲੀ-ਹੌਲੀ ਕੰਬਲ ਨੂੰ ਆਪਣੇ ਉਪਰ ਖਿੱਚਦੀ ਹਾਂ ਤਾਂ ਕੰਬਲ ਚੁੱਕ ਨਹੀਂ ਹੁੰਦਾ। ਮੈਂ ਹੈਲਪ ਲਈ ਬਟਨ ਦਬਾਉਂਦੀ ਆਂ। ਆਪਣੀ ਇਸ ਲਾਚਾਰੀ ਦਾ ਬੋਝ ਮੈਥੋਂ ਉਠਾਇਆ ਨਹੀਂ ਜਾਂਦਾ। ਮੇਰੀਆਂ ਨਮ ਹੋਈਆਂ ਅੱਖਾਂ ਸਾਹਮਣੇ ਕੋਰਟ ਦਾ ਦ੍ਰਿਸ਼ ਘੁੰਮਦਾ ਹੈ,

ਇਹ ਉਹ ਹੀ ਮਨਹੂਸ ਦਿਨ ਸੀ, ਜਿਸ ਦਿਨ ਮੈਂ ਚਾਵਾਂ ਲੱਦੀ ਗੁਰਵੀਰ ਨਾਲ ਇੰਟਰਵਿਊ ਦੇਣ ਗਈ ਸੀ। ਵਕੀਲ ਗੁਰਵੀਰ ਨੂੰ ਲੈ ਕੇ ਅੰਦਰ ਚਲਾ ਗਿਆ ਅਤੇ ਮੈਨੰ ਬਾਹਰ ਲਾਬੀ ਵਿਚ ਬੈਠਣ ਲਈ ਕਹਿ ਗਿਆ। ਥੋੜ੍ਹੀ ਦੇਰ ਬਾਅਦ ਬਾਹਰ ਆ ਕੇ ਬੋਲਿਆ, "ਵੈਰੀ ਸੌਰੀ, ਗੁਰਵੀਰ ਨੂੰ ਡਿਪੋਰਟੇਸ਼ਨ ਲਗਾ ਦਿੱਤੀ ਗਈ ਹੈ।"

ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ, ਮੂੰਹ ਸੁੱਕ ਗਿਆ ਅਤੇ ਅੱਖਾਂ ਸਮੁੰਦਰ ਬਣ ਗਈਆਂ।

"ਕਿਓਂ ਵਕੀਲ ਸਾਹਿਬ?" ਮੈਂ ਸਾਰਾ ਹੌਂਸਲਾ ਇੱਕਠਾ ਕਰ ਪੁੱਛਿਆ।

"ਓਹ ਸਿਆਸੀ ਪਨਾਹ ਵਾਲੇ ਕੇਸ ਦੀ ਤਾਰੀਖ਼ ਜੋ ਮਿਸ ਹੋ ਗਈ।"

"ਕਦੋਂ?" ਮੈਂ ਹੋਰ ਪ੍ਰੇਸ਼ਾਨ ਹੋ ਕੇ ਕਿਹਾ।

"ਤੁਹਾਨੂੰ ਯਾਦ ਹੈ ਗੁਰਵੀਰ ਦਾ ਐਡਰੈਸ ਨਿਊ ਯਾਰਕ ਤੋਂ ਕੈਲੀਫੋਰਨੀਆ ਚੇਂਜ ਕਰਦੇ ਵਕਤ, ਪਹਿਲਾ ਐਡਰੈਸ ਗ਼ਲਤ ਲਿਖ ਹੋ ਗਿਆ ਸੀ।"

"ਵਕੀਲ ਸਾਹਿਬ ਉਦੋਂ ਤਾਂ ਤੁਸੀਂ ਕਿਹਾ ਸੀ ਚਿੰਤਾ ਦੀ ਲੋੜ ਨਹੀਂ ਪਟੀਸ਼ਨ ਕੀਤੀ ਹੋਈ ਆ।"

"ਪਹਿਲਾਂ ਤਾਂ ਚਲ ਜਾਂਦਾ ਸੀ, ਕੀਰਤੀ! ਪਰ ਅੱਜ ਜੱਜ ਨਹੀਂ ਮੰਨਿਆਂ, 9/11 ਕਰਕੇ ਇਹ ਲੱਸੀ ਨੂੰ ਵੀ ਫ਼ੂਕਾਂ ਮਾਰ ਕੇ ਪੀ ਰਹੇ ਨੇ, ਤੁਸੀਂ ਘਬਰਾਓ ਨਾ ਅਸੀਂ ਜ਼ਮਾਨਤ ਕਰਵਾ ਸਕਦੇ ਹਾਂ। ਮੇਰੇ ਨਾਲ ਆਓ!"

ਮੈਂ ਬੋਝਲ ਕਦਮਾਂ ਨਾਲ ਉਸ ਦੇ ਪਿੱਛੇ ਤੁਰ ਪਈ। ਦਫ਼ਤਰ ਪਹੁੰਚ ਕੇ ਉਹ ਆਸੇ-ਪਾਸੇ ਫੋਨ ਕਰਦਾ ਰਿਹਾ।

ਆਖਿਰ ਤਿੰਨ ਵਜੇ ਬੋਲਿਆ, "ਚਲੋ, ਹੁਣ ਘਰ ਚੱਲਣਾ ਚਾਹੀਦਾ।"

"ਤੇ ਜ਼ਮਾਨਤ?"

ਅੱਜ ਕੁਝ ਨਹੀਂ ਹੋ ਸਕੇਗਾ। ਅਦਾਲਤ ਦਾ ਸਮਾਂ ਖ਼ਤਮ ਹੋ ਚੱਲਿਆ। ਜੀਅ ਤਾਂ ਕੀਤਾ ਪਈ ਵਕੀਲ ਦੇ ਸਿਰ 'ਚ ਪੱਥਰ ਮਾਰਾਂ, ਚੀਖ਼ਾਂ, ਕੁਰਲਾਵਾਂ ਪਈ ਸਾਡੇ ਨਾਲ ਧੋਖਾ ਹੋਇਆ ਪਰ ਮੈਂ ਬਿਨਾਂ ਕੁਝ ਕਹੇ ਰੋਂਦਿਆਂ ਘਰ ਨੂੰ ਤੁਰ ਪਈ। ਘਰ ਆ ਕੇ ਮਹਿਸੂਸ ਹੋਇਆ ਕਿ ਘਰ ਦੀ ਚਾਬੀ ਵੀ ਗੁਰਵੀਰ ਦੇ ਨਾਲ ਹੀ ਚਲੀ ਗਈ। ਗੁਆਂਢੀ ਗੋਰੇ ਦਾ ਫੋਨ ਲੈ ਕੇ ਵੀਰ ਨੂੰ ਫੋਨ ਕੀਤਾ ਤਾਂ ਉਹ ਆ ਕੇ ਮੈਨੂੰ ਲੈ ਗਿਆ। ਸਾਰੇ ਘਰ ਵਿਚ ਜਿਵੇਂ ਮਾਤਮ ਛਾ ਗਿਆ ਸੀ।

ਅਗਲੇ ਦਿਨ ਵੀਰ ਨੇ ਇਕ ਗੋਰਾ ਵਕੀਲ ਕੀਤਾ, ਅਸੀਂ ਉਸ ਨੂੰ ਪੰਜ ਹਜ਼ਾਰ ਡਾਲਰ ਡਾਊਨ ਪੇਮੈਂਟ ਦਿੱਤੀ ਅਤੇ ਮੈਰੀਵਿਲ (ਯੂਬਾ ਸਿਟੀ ਕੋਲ) ਪਹੁੰਚੇ। ਸ਼ੀਸ਼ੇ ਦੇ ਅੰਦਰੋਂ-ਬਾਹਰੋਂ ਮੁਲਾਕਾਤ ਕੀਤੀ। ਤੁਰਨ ਲੱਗੇ ਤਾਂ ਗੁਰਵੀਰ ਬੋਲਿਆ, "ਵੀਰ ਜੀ! ਕੁਝ ਨਹੀਂ ਹੋਣਾ। ਇਹ ਪਤਾ ਨਹੀਂ ਮੈਨੂੰ ਕੀ ਸਮਝੀ ਜਾਂਦੇ ਆ, ਸਵਾਲ ਈ ਏਦਾਂ ਪੁੱਛਦੇ ਆ

***(ਅਗਲੇ ਸਫੇ 'ਤੇ ਜਾਰੀ)***

ਜਿੱਦਾਂ ਮੈਂ ਅਤਿਵਾਦੀ ਹੋਵਾਂ...“ ਕਹਿੰਦੇ ਹੀ ਗੁਰਵੀਰ ਦਾ ਮਨ ਭਰ ਆਇਆ।

ਵੀਰ ਸਾਨੂੰ ਹੌਂਸਲਾ ਦਿੰਦਾ ਆਪ ਰੋ ਪਿਆ। ਹਫ਼ਤੇ ਬਾਅਦ ਗੁਰਵੀਰ ਨੂੰ ਓਕਲੈਂਡ ਜੇਲ੍ਹ ਤਬਦੀਲ ਕਰ ਦਿੱਤਾ ਅਤੇ ਮਹੀਨੇ ਬਾਅਦ ਅਸੀਂ ਕੇਸ ਹਾਰ ਗਏ। ਗੁਰਵੀਰ ਇੰਡੀਆ ਚਲਾ ਗਿਆ। ਫੋਨ ਆਇਆ ਤਾਂ ਮੇਰੇ ਹੰਝੂ, ਹਾਉਕੇ-ਸਿਸਕੀਆਂ ਵਿਚ ਬਦਲ ਗਏ।

ਮੈਂ ਫੋਨ ‘ਤੇ ਗੁਰਵੀਰ ਨੂੰ ਦਿਲਾਸੇ ਦਿੰਦੀ। ਆਪ ਓਵਰਟਾਈਮ ਲਾਉਣੇ ਸ਼ੁਰੂ ਕਰ ਦਿੱਤੇ। ਮੇਰੀ ਸਿਹਤ ਖ਼ਰਾਬ ਰਹਿਣ ਲੱਗੀ। ਮੈਨੂੰ ਭੁੱਖ ਲਗਣੋਂ ਹਟ ਗਈ। ਮੇਰੀ ਜਿੰਦ ਤਾਂ ਗੁਰਵੀਰ ਦੇ ਨਾਲ ਈ ਇੰਡੀਆ ਚਲੀ ਗਈ ਸੀ, ਪਿੱਛੇ ਤਾਂ ਦੇਖਣ ਨੂੰ ਇਕ ਬੁੱਤ ਹੀ ਤੁਰਿਆ ਫਿਰਦਾ ਸੀ। ਗੁਰਵੀਰ ਦੀ ਮੁੜ ਵਾਪਸੀ ਅਤੇ ਮੁਆਫ਼ੀਨਾਮੇ ਦਾ ਫ਼ਾਰਮ ਭਰਨ ਲਈ ਹੋਰ ਵਕੀਲ ਕੀਤਾ ਜਿਸ ਨੇ ਇਹ ਫ਼ਾਰਮ ਭਰਨ ਦੀ 3500 ਡਾਲਰ ਫ਼ੀਸ ਮੰਗੀ।

ਗੁਰਵੀਰ ਦੇ ਜਾਣ ਦੇ ਛੇ ਮਹੀਨੇ ਬਾਅਦ ਮੈਂ ਇਕ ਬੇਟੀ ਦੀ ਮਾਂ ਬਣ ਗਈ। ਮੈਂ ਆਪਣੇ ਜਿਗਰ ਦੀ ਟੁਕੜੀ ਦਾ ਨਾਂ ਆਸ਼ੂ ਰੱਖਿਆ। ਆਸ਼ੂ ਦੇ ਜਨਮ ਦੇ ਨਾਲ ਸਾਡਾ ਕੇਸ ਮਜ਼ਬੂਤ ਹੋ ਗਿਆ। ਪਰ ਆਸ਼ੂ ਦੇ ਜਨਮ ਤੋਂ ਹਫ਼ਤੇ ਬਾਅਦ ਹੀ ਇਕ ਹੋਰ ਪਹਾੜ ਮੇਰੇ ਉਪਰ ਡਿੱਗਿਆ। ਜਦੋਂ ਮੈਂ ਆਸ਼ੂ ਦੀ ਚੈਕਅਪ ਕਰਵਾਉਣ ਪਹੁੰਚੀ ਤਾਂ ਡਾਕਟਰ ਮੈਨੂੰ ਕਾਨਫ਼ਰੰਸ ਰੂਮ ਵਿਚ ਲੈ ਗਈ, ਜਿੱਥੇ ਪੰਜ-ਸੱਤ ਡਾਕਟਰਾਂ ਦੀ ਟੀਮ ਬੈਠੀ ਸੀ। ਡਾਕਟਰਾਂ ਦੀ ਇਸ ਟੀਮ ਨੇ ਆਸ਼ੂ ਦੀ ਦਿਮਾਗੀ ਹਾਲਤ ਠੀਕ ਨਾ ਹੋਣ ਦੀ ਪੁਸ਼ਟੀ ਕਰਦੇ ਹੋਏ ਇਸ ਨੂੰ ਪਰੈਗਨੈਂਸੀ ਦੌਰਾਨ ਸਟਰੈਸ, ਲੋੜ ਤੋਂ ਵੱਧ ਕੰਮ ਅਤੇ ਬਿਮਾਰ ਰਹਿਣਾ ਦੱਸਿਆ। ਇਹ ਸੁਣਨ ਤੋਂ ਬਾਅਦ ਮੇਰੀ ਸਾਰੀ ਖੁਸ਼ੀ, ਘੋਰ-ਸੰਤਾਪ ਵਿਚ ਬਦਲ ਗਈ ਅਤੇ ਘਰ ਪਰਤਦੇ ਵਕਤ ਮੇਰੇ ਕਦਮ ਲੜਖੜਾਉਣ ਲੱਗੇ, ਸਿਰ ਨੂੰ ਚੱਕਰ ਆਉਣ ਲੱਗੇ।

ਖੈਰ! ਵਕੀਲ ਨੇ ਆਸ਼ੂ ਦੀ ਬਿਮਾਰੀ ਨੂੰ ਆਧਾਰ ਬਣਾ ਕੇ ਇਕ ਹੋਰ ਅਰਜ਼ੀ ਭੇਜੀ। ਗੁਰਵੀਰ ਦੇ ਵਾਪਸ ਆਉਣ ਦਾ ਖ਼ਿਆਲ ਮੇਰੇ ਇਸ ਦੁੱਖ ਨੂੰ ਘੱਟ ਕਰਨ ਦਾ ਕਾਰਨ ਬਣਿਆ ਰਿਹਾ।

ਅੱਜ ਪੂਰੇ ਪੱਚੀ ਦਿਨ ਬਾਅਦ ਮੈਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਆ।

“ਵੀਰ ਜੀ ਤੁਹਾਡਾ ਕੀਤਾ ਕਿੱਥੇ ਦਿਆਂਗੀ?” ਕਹਿੰਦੇ ਹੀ ਮੇਰੀਆਂ ਅੱਖਾਂ ਭਰ ਆਈਆਂ ਨੇ।

“ਕਮਲੀਆਂ ਗੱਲਾਂ ਨਹੀਂ ਕਰੀਦੀਆਂ ਕਮਲੀਏ!” ਕਹਿੰਦੇ ਹੀ ਵੀਰ ਨੇ ਮੇਰੇ ਸਿਰ ਉਪਰ ਹੱਥ ਰੱਖਿਐ।

ਘਰ ਆ ਕੇ ਮੈਂ ਆਸ਼ੂ ਨੂੰ ਜੀਅ ਭਰ ਕੇ ਪਿਆਰ ਕਰਦੀ ਹਾਂ। ਸਟੇਟ ਨੇ ਉਸ ਦੀ ਦੇਖ਼-ਭਾਲ ਲਈ ਮੈਨੂੰ ਨਰਸ ਦਿੱਤੀ ਹੋਈ ਐ ਪਰ ਮੈਂ ਉਸ ਦਾ ਧਿਆਨ ਆਪ ਰੱਖਣ ਦੀ ਪੂਰੀ ਕੋਸ਼ਿਸ਼ ਕਰਦੀ ਹਾਂ। ਓਵਰਟਾਈਮ ਦਾ ਸੋਚਣਾ ਤਾਂ ਇਕ ਪਾਸੇ ਹੁਣ ਤਾਂ 40 ਘੰਟੇ ਵੀ ਨਹੀ ਲਾ ਸਕਦੀ। ਕੰਮ ਛੁੱਟ ਗਿਆ ਹੈ। ਮੈਨੂੰ ਡਿਸਏਬਿਲਿਟੀ ਮਿਲਣ ਲੱਗ ਪਈ ਆ। ਤੁਰਦੀ ਹਾਂ ਤਾਂ ਤਕਲੀਫ਼ ਮਹਿਸੂਸ ਹੁੰਦੀ ਆ। ਮੈਂ ਡਰਾਇੰਗ ਰੂਮ ਵਿਚ ਹੀ ਹੌਲੀ-ਹੌਲੀ ਤੁਰ ਕੇ ਦੇਖਣ ਦੀ ਕੋਸ਼ਿਸ਼ ਕਰ ਰਹੀ ਹਾਂ। ਅਜੇ ਦੋ ਕਦਮ ਹੀ ਤੁਰੀ ਹਾਂ ਕਿ ਫੋਨ ਖੜਕਦਾ ਏ, “ਹੈਲੋ!”

“ਹੈਲੋ! ਕੀਰਤੀ! ਮੈਂ ਗੁਰਵੀਰ!”

“ਪਹਿਚਾਣ ਲਿਆ, ਕੀ ਹਾਲ ਆ!”

“ਹਾਲ? ਕੀ ਪੁੱਛਦੇ ਹੋ ਹਾਲ ਫ਼ਕੀਰਾਂ ਦਾ, ਸਾਡਾ ਨਦੀਓਂ ਵਿਛੜੇ ਨੀਰਾਂ ਦਾ।” ਉਸ ਨੇ ਹਾਉਕਾ ਭਰਿਐ।

“ਕੀਰਤੀ! ਇੰਟਰਵਿਊ ਦੀ ਚਿੱਠੀ ਆਈ ਏ। ਮਨ ਘਬਰਾ ਰਿਹਾ, ਜੇ ਨਾਂਹ ਹੋ ਗਈ ਤਾਂ...।”

“ਗੁਰਵੀਰ ਸਭ ਕੁਝ ਠੀਕ ਹੋਵੇਗਾ। ਹੁਣ ਤਾਂ ਸਾਡਾ ਕੇਸ ਬਹੁਤ ਮਜ਼ਬੂਤ ਹੋ ਚੁੱਕੈ।” ਮੈਂ ਵਿਚੋਂ ਹੀ ਟੋਕਦੀ ਹਾਂ, “ਆਸ਼ੂ ਰੋਣ ਲੱਗ ਪਈ ਹੈ, ਗੁਰਵੀਰ।”

“ਕੀਰਤੀ ਤੂੰ ਆਸ਼ੂ ਨੂੰ ਦੇਖ, ਮੈਂ ਫਿਰ ਫੋਨ ਕਰਾਂਗਾ।” ਆਖ ਗੁਰਵੀਰ ਨੇ ਫੋਨ ਕੱਟ ਦਿੱਤੈ।

“ਅੱਜ ਗੁਰਵੀਰ ਦੀ ਇੰਟਰਵਿਊ ਏ। ਮੇਰੇ ਕੰਨ ਫੋਨ ਵੱਲ ਲੱਗੇ ਹੋਏ ਨੇ। ਘੰਟੀ ਵੱਜਦੇ ਹੀ ਮੈਂ ਬੇਸਬਰੀ ਨਾਲ ਫੋਨ ਚੁੱਕਦੀ ਹਾਂ ਅਤੇ ਕਮਰਸ਼ੀਅਲ ਫੋਨ ਹੋਣ ਕਾਰਨ ਬੁਝੇ ਦਿਲ ਨਾਲ ਰੱਖ ਦਿੰਦੀ ਹਾਂ। ਆਖਿਰ ਮੇਰੀ ਇੰਤਜ਼ਾਰ ਖ਼ਤਮ ਹੋ ਈ ਗਈ ਆ, ਚਾਰ ਵਜੇ ਘੰਟੀ ਵਜ ਹੀ ਪਈ ਐ, ਮੈਂ ਧੜਕਦੇ ਦਿਲ ਨਾਲ ਫੋਨ ਚੁੱਕਿਐ।

“ਹੈਲੋ!”

“ਹੈਲੋ! ਕੀਰਤੀ ਮੁਬਾਰਕ!”

“ਕੀ? ਸੱਚ!”

ਮੈਂ ਲਗਾਤਾਰ ਹੱਸ ਰਹੀ ਹਾਂ। ਮੇਰੇ ਪੈਰ ਧਰਤੀ ਤੋਂ ਦੋ ਗਿੱਠ ਉਚੇ ਹੋ ਗਏ ਨੇ।

“ਜਲਦੀ ਆ ਜਾਓ!” ਮੈਂ ਹੁਕਮ ਭਰੇ ਲਹਿਜ਼ੇ ਵਿਚ ਕਿਹੈ।

“ਮੈਨੂੰ ਦੋ ਹਫ਼ਤੇ ਤਾਂ ਦਿਓ, ਤੁਹਾਡੇ ਲਈ ਸ਼ਾਪਿੰਗ ਕਰ ਲਵਾਂ।”

“ਮੈਨੂੰ ਕੁਝ ਨਹੀਂ ਚਾਹੀਦਾ। ਤੁਸੀਂ ਅਗਲੇ ਹਫ਼ਤੇ ਹੀ ਆ ਜਾਓ!” ਮੈਂ ਪਹਿਲੀ ਵਾਰੀ ਅਜਿਹੀ ਜਿਦ ਦਿਖਾਈ ਹੈ।

“ਚੰਗਾ ਮੈਂ ਟਿਕਟ ਦਾ ਪਤਾ ਕਰਕੇ ਦੱਸਦਾ ਹਾਂ।”

ਅੱਜ ਪੂਰੇ ਤਿੰਨ ਸਾਲ ਬਾਅਦ ਮੈਂ ਵੀਰ ਅਤੇ ਭਾਬੀ ਸੰਗ ਏਅਰ ਪੋਰਟ ‘ਤੇ ਜਾ ਰਹੀ ਹਾਂ। ਠੰਢ ਹੋਣ ਕਾਰਨ ਆਸ਼ੂ ਨੂੰ ਚਾਹੁੰਦੇ ਹੋਏ ਵੀ ਨਾਲ ਨਹੀਂ ਲਿਆਂਦਾ ਕਿਓਂਕਿ ਠੰਢ ਵਿਚ ਛੇਤੀ ਬਿਮਾਰ ਹੋ ਜਾਂਦੀ ਐ। ਪੂਰੇ ਤਿੰਨ ਵਜੇ ਗੁਰਵੀਰ ਬਾਹਰ ਆਇਆ। ਮੈਂ ਸ਼ੀਸ਼ੇ ਵਿਚੋਂ ਹੀ ਉਸ ਨੂੰ ਜੀਅ ਭਰ ਕੇ ਨਿਹਾਰਿਆ ਹੈ। ਉਸ ਦੀਆਂ ਨਜ਼ਰਾਂ ਵੀ ਮੇਰੇ ਉਪਰ ਹੀ ਗੱਡੀਆਂ ਹੋਈਆਂ ਹਨ। ਉਹ ਵੀਰ-ਭਾਬੀ ਨੂੰ ਗਲੇ ਮਿਲ, ਮੈਨੂੰ ਮਿਲਦਾ ਹੈ।

“ਆਸ਼ੂ!” ਉਹ ਮੇਰੇ ਵਲ ਸਵਾਲੀਆ ਨਜ਼ਰਾਂ ਨਾਲ ਦੇਖਦਾ ਪੁੱਛਦੈ।

“ਠੰਢ ਕਰਕੇ ਨਾਲ ਨਹੀਂ ਲਿਆਂਦਾ।” ਵੀਰ ਜੀ ਵਿਚੋਂ ਹੀ ਬੋਲ ਪਏ ਨੇ।

ਸਾਡੀ ਕਾਰ ਏਅਰ ਪੋਰਟ ਤੋਂ ਬਾਹਰ ਆ ਹਾਈਵੇ ‘ਤੇ ਪੈ ਗਈ ਹੈ। ਮੈਂ ਪਿਛਲੀ ਸੀਟ ‘ਤੇ ਗੁਰਵੀਰ ਦੇ ਮੋਢੇ ‘ਤੇ ਆਪਣਾ ਸਿਰ ਰੱਖ ਆਪਣੀ ਤਿੰਨ ਸਾਲਾਂ ਦੀ ਥਕਾਵਟ ਲਾਹੁਣ ਦੀ ਕੋਸ਼ਿਸ਼ ਕਰ ਰਹੀ ਹਾਂ। ਇਕ ਅਜੀਬ ਜਿਹਾ ਸਕੂਨ ਮਿਲ ਰਿਹੈ। ਪੌਣੇ ਘੰਟੇ ਬਾਅਦ ਅਸੀਂ ਘਰ ਪਹੁੰਚ ਗਏ ਆਂ। ਘਰ ਆਉਂਦੇ ਹੀ ਉਹ ਸੁੱਤੀ ਪਈ ਆਸ਼ੂ ਨੂੰ ਚੁੱਕ ਕੇ ਬੈਠ ਗਿਐ। ਆਸ਼ੂ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਦੀ ਸੱਜੀ ਅੱਖ ਵਿਚਲਾ ਨੁਕਸ ਅੱਖੀਂ ਦੇਖ ਉਸ ਦੇ ਚਿਹਰੇ ‘ਤੇ ਆਈ ਉਦਾਸੀ ਅਤੇ ਪ੍ਰੇਸ਼ਾਨੀ ਨੂੰ ਮੈਂ ਪੜ੍ਹ ਲਿਐ ਬੇਸ਼ੱਕ ਉਸ ਨੇ ਮੇਰੇ ਕੋਲੋਂ ਛੁਪਾਉਣ ਦਾ ਯਤਨ ਕੀਤੈ।

ਗੁਰਵੀਰ ਨੇ ਕੰਮ ਲੱਭਣਾ ਸ਼ੁਰੂ ਕਰ ਦਿੱਤਾ। ਅਜੇ ਪਹਿਲੀ ਇੰਟਰਵਿਊ ਈ ਦਿੱਤੀ ਆ ਕਿ ਇਕ ਇਲੈਕਟ੍ਰਾਨਿਕ ਕੰਪਨੀ ਵਿਚ ਕੰਮ ਵੀ ਮਿਲ ਗਿਐ। ਅਸੀਂ ਮੁੜ ਅਪਾਰਟਮੈਂਟ ਵਿਚ ਮੂਵ ਹੋ ਗਏ ਆਂ। ਉਹ ਕੰਮ ਤੋਂ ਬਰੇਕ ਵੇਲ਼ੇ ਫੋਨ ਕਰਦੈ, ਸ਼ਾਮ ਨੂੰ ਘਰ ਮੁੜਦੈ ਤਾਂ ਮੈਨੂੰ ਚੰਗਾ-ਚੰਗਾ ਲੱਗਦੈ। ਸਾਡੀ ਜ਼ਿੰਦਗੀ ਮੁੜ ਸਾਵੀਂ ਹੋ ਰਹੀ ਆ। ਮੈਂ ਹਰ ਵਕਤ ਖ਼ੁਸ਼ ਰਹਿੰਦੀ ਆਪਣੀ ਬਿਮਾਰੀ ਨੂੰ ਭੁਲਾਉਣ ਦਾ ਯਤਨ ਕਰਦੀ ਆਂ।

“ਕੀਰਤੀ ਆਪਣੀ ਸਿਹਤ ਦਾ ਖਿਆਲ ਕਿਉਂ ਨਹੀਂ ਰੱਖਿਆ?” ਅਚਾਨਕ ਗੁਰਵੀਰ ਨੇ ਚਾਹ ਪੀਂਦੇ ਪੁੱਛਿਆ।

“ਤੁਸੀਂ ਆਪਣੀ ਸਿਹਤ ਵੱਲ ਵੀ ਤਾਂ ਦੇਖੋ! ਜਿਵੇਂ ਬਹੁਤ ਪਹਿਲਵਾਨ ਬਣ ਕੇ ਆਏ ਹੋ?”

“ਕੀਰਤੀ ਅਸੀਂ ਦੋਵਾਂ ਨੇ ਹੀ ਦੁੱਖ ਬਹੁਤ ਹੰਢਾਇਆ ਪਰ ਹੁਣ ਮੈਂ ਤੇਰੀ ਜ਼ਿੰਦਗੀ ਵਿਚ ਸੱਤਰੰਗੀ ਪੀਂਘ ਜਿਹੇ ਸੱਤ ਰੰਗ ਭਰਨਾ ਚਾਹੁੰਦਾ ਹਾਂ।” ਗੁਰਵੀਰ ਨੇ ਮੇਰੀ ਉਂਗਲੀ ਵਿਚ ਸੱਤ ਨਗਾਂ ਵਾਲੀ ਰਿੰਗ ਪਾ ਦਿੱਤੀ ਆ।

“ਥੈਂਕ ਯੂ!” ਆਖ ਮੈਂ ਆਪਣੀਆਂ ਦੋਵੇਂ ਬਾਹਵਾਂ ਉਸ ਦੇ ਗਲ ਵਿਚ ਪਾ ਦਿੱਤੀਆਂ ਨੇ।

“ਇਸ ਵੀਕੈਂਡ ’ਤੇ ਸੈਂਟਾ ਕਰੂਜ਼ ਚਲੀਏ!” ਉਸ ਦੀਆਂ ਅੱਖਾਂ ਵਿਚ ਮਸਤੀ ਆ।

“ਨੇਕੀ ਔਰ ਪੂਛ-ਪੂਛ?” ਮੈਂ ਵੀ ਉਨ੍ਹਾਂ ਪੁਰਾਣੇ ਪਲਾਂ ਦੀ ਯਾਦ ਤਾਜ਼ਾ ਕਰਨਾ ਚਾਹੁੰਦੀ ਆਂ। ਕੋਲ ਪਈ ਆਸ਼ੂ ਵਲ ਤੱਕ ਮੈਂ ਕਹਿੰਦੀ ਆਂ ਕਿ ਆਸ਼ੂ ਨੂੰ ਛੱਡ ਕੇ ਜਾਣ ਨੂੰ ਦਿਲ ਨਹੀਂ ਕਰਦਾ। ਇਹ ਕਹਿਣ ਲਈ ਮੇਰੇ ਬੁੱਲ ਫ਼ਰਕੇ ਹੀ ਨੇ ਕਿ ਮੈਨੂੰ ਆਸ਼ੂ ਦਾ ਚਿਹਰਾ ਪਸੀਨੇ ਨਾਲ ਭਿੱਜਾ ਲੱਗਦੈ। ਮੈਂ ਉਸ ਨੂੰ ਚੁੱਕ ਲਿਐ, ਗੁਰਵੀਰ ਥਰਮਾਮੀਟਰ ਲੈ ਕੇ ਬੁਖ਼ਾਰ ਚੈਕ ਕਰਨ ਲੱਗਾ ਤਾਂ ਆਸ਼ੂ ਦਾ ਸਾਹ ਰੁਕਦਾ ਮਹਿਸੂਸ ਹੋਇਆ। ਮੈਂ ਦੌੜ ਕੇ 911 ਘੁਮਾ ਦਿੱਤਾ ਅਤੇ 10 ਮਿੰਟ ’ਚ ਹੀ ਐਂਬੂਲੈਂਸ ਪਹੁੰਚ ਗਈ ਆ। ਆਸ਼ੂ ਨੂੰ ਓਕਲੈਂਡ ਬੱਚਿਆਂ ਦੇ ਹਸਪਤਾਲ ਲੈ ਗਏ ਆ। ਗੁਰਵੀਰ ਰੋ ਰਿਹੈ ਪਰ ਮੈਂ ਤਾਂ ਇਹ ਸੰਤਾਪ ਹੁਣ ਤੱਕ ਕਈ ਵਾਰੀ ਹੰਢਾ ਚੁੱਕੀ ਆਂ।

“ਆਸ਼ੂ ਠੀਕ ਹੋ ਜਾਵੇਗੀ, ਮੈਂ ਤਾਂ ਕਈ ਵਾਰੀ...।” ਗੁਰਵੀਰ ਨੂੰ ਦਿਲਾਸਾ ਦਿੰਦੇ ਮੈਂ ਆਪ ਰੋ ਪਈ ਹਾਂ।

ਸਾਡੇ ਪਹੁੰਚਣ ਤੱਕ ਆਸ਼ੂ ਨੂੰ ਆਕਸੀਜਨ ਲਗਾ ਦਿੱਤੀ ਗਈ।

“ਹਾਏ! ਦਿਸ ਇਜ਼ ਡਾਕਟਰ ਫ਼ਰੈਂਕ” ਡਾਕਟਰ ਸਾਡੇ ਨਾਲ ਵਾਰੀ-ਵਾਰੀ ਹੱਥ ਮਿਲਾਉਂਦੈ।

“ਇਜ਼ ਸ਼ੀ ਓ ਕੇ?” ਮੇਰੇ ਹੰਝੂ ਲਗਾਤਾਰ ਬਹਿ ਰਹੇ ਨੇ।

“ਸ਼ੀ ਹੈਜ਼ ਨਿਮੋਨੀਆ। ਆਈ ਐਮ ਟਰਾਈਂਗ ਮਾਈ ਬੈਸਟ, ਸੀ ਵਿਲ ਬੀ ਓ ਕੇ!” ਆਖ ਡਾਕਟਰ ਚਲਾ ਗਿਐ।

ਅਸੀਂ ਸਾਰੇ ਅਰਦਾਸ ਬਣੇ ਆਸ਼ੂ ਦੇ ਕੋਲ ਬੈਠੇ ਹਾਂ। ਆਸ਼ੂ ਦਾ ਸਾਹ ਕਦੇ ਤੇਜ਼ ਹੋ ਰਿਹੈ ਅਤੇ ਕਦੀ ਬੰਦ, ਹੁਣ ਤਾਂ ਉਸ ਨੇ ਅੱਖਾਂ ਵੀ ਖੋਲ੍ਹੀਆਂ ਹਨ। ਮੇਰੇ ਵਲ ਤੱਕ ਕੇ ਮੁਸਕਰਾ ਵੀ ਪਈ ਐ। ਮੇਰਾ ਹੌਂਸਲਾ ਵਧ ਗਿਐ। ਡਾਕਟਰ ਚੈਕ-ਅਪ ਕਰਨ ਆਇਐ। ਉਸ ਨੇ ਆਈ.ਵੀ. ਵਿਚ ਦਵਾਈ ਬਦਲੀ ਐ। ਸਾਨੂੰ ਆਸ਼ੂ ਦੀ ਹਾਲਤ ਬੇਹਤਰ ਹੋ ਰਹੀ ਲੱਗਦੀ ਆ। ਦੇਰ ਸ਼ਾਮ ਗਏ ਡਾਕਟਰ ਨੇ ਸਾਨੂੰ ਘਰ ਭੇਜ ਦਿੱਤੈ। ਅਸੀਂ ਘਰ ਆ ਗਏ ਆਂ। ਵੀਰ ਅਤੇ ਭਾਬੀ ਵੀ ਸਾਡੇ ਕੋਲ ਹੀ ਆ ਗਏ ਨੇ। ਭਾਬੀ ਨੇ ਜ਼ਬਰਦਸਤੀ ਚਾਹ ਪਿਲਾ ਦਿੱਤੀ। ਸਭ ਦੇ ਚਿਹਰੇ ਉਦਾਸ ਹਨ। ਮੈਂ ਚਾਹ ਵਾਲੇ ਕੱਪ ਸਿੰਕ ਵਿਚ ਰੱਖ ਸੋਫ਼ੇ ‘ਤੇ ਨਿਢਾਲ ਹੋ ਬੈਠ ਗਈ ਆਂ। ਮੇਰੇ ਕੋਲ ਪਿਆ ਫੋਨ ਖੜਕਦੈ। ਮੈਂ ਫੋਨ ਚੁੱਕ ਲਿਐ।

“ਹੈਲੋ! ਦਿਸ ਇਜ਼ ਚਿਲਡਰਨ’ਜ਼ ਹਾਸਪੀਟਲ ਓਕਲੈਂਡ! ਮੇ ਆਈ ਸਪੀਕ ਟੂ ਮਿਸਟਰ ਐਂਰ ਮਿਸਿਜ਼ ਕੀਰਤੀ!”

“ਸਪੀਕਿੰਗ! ਹਾਓ ਇਜ਼ ਆਸ਼ੂ ਨਾਓ?” ਮੈਂ ਬੇਸਬਰੀ ਨਾਲ ਪੁੱਛਿਆ ਹੈ।

“ਆਈ ਐਮ ਵੈਰੀ ਸੌਰੀ! ਆਸ਼ੂ ਇਜ਼ ਨੋ ਮੋਰ!”

“ਵਟ? ਨੋ! ਨੋ!” ਫੋਨ ਮੇਰੇ ਹੱਥੋਂ ਡਿਗ ਪਿਐ ਅਤੇ ਮੈਂ ਜ਼ਮੀਨ ’ਤੇ ਈ ਬੈਠ ਗਈ ਹਾਂ।

“ਆਸ਼ੂ ਤੂੰ ਸਾਨੂੰ ਛੱਡ ਗਈ! ਆਸ਼ੂ! ਭਾਬੀ ਆਸ਼ੂ ਚਲੀ ਗਈ! ਵੀਰ ਜੀ ਆਸ਼ੂ ਚਲੀ ਗਈ!”

ਮੈਂ ਉਚੀ-ਉਚੀ ਚੀਖਦੀ ਆਂ। ਗੁਰਵੀਰ ਦੌੜ ਕੇ ਮੈਨੂੰ ਫੜਦੈ। ਮੇਰੀਆਂ ਧਾਹਾਂ ਨਿਕਲ ਰਹੀਆਂ ਹਨ। ਭਾਬੀ ਮੇਰੇ ਗਲ ਲੱਗ ਕੇ ਰੋ ਰਹੀ ਏ। ਵੀਰ ਮੇਰੇ ਸਿਰ ‘ਤੇ ਹੱਥ ਰੱਖ ਕੇ ਬਿਨ੍ਹਾਂ ਕੁਝ ਕਹੇ ਭੁੱਬਾਂ ਮਾਰ ਰਿਹੈ। ਮੇਰੇ ਦਿਲ ‘ਚ ਹੌਲ ਪੈਂਦਾ ਏ ਤੇ ਮੈਂ ਧਾਹਾਂ ਮਾਰਦੀ ਕਹਿ ਰਹੀ ਆਂ, “ਮੈਂ ਲੁੱਟ ਹੋ ਗਈ ਵੀਰ ਜੀ, ਮੈਂ ਅਮਰੀਕਾ ਆ ਕੇ ਲੁੱਟ ਹੋ ਗਈ ਵੇ ਰੱਬਾ! ਤੂੰ ਤਾਂ ਮੈਨੂੰ ਵਿਆਹ ਕੇ ਗੰਗਾ ਨ੍ਹਾਤਾ ਸੀ ਵੇ ਵੀਰਾ!”

“ਬੱਸ ਕਰ ਕੀਰਤੀ! ਬੱਸ ਮੇਰੀ ਭੈਣ! ਸਬਰ ਕਰ!” ਵੀਰ ਮੇਰਾ ਸਿਰ ਪਲੋਸਦਾ ਆ।

“ਅੱਜ ਮੇਰੇ ਸਬਰ ਦਾ ਬੰਨ ਟੁੱਟ ਗਿਆ, ਵੀਰ ਜੀ! ਮੈਨੂੰ ਰੋਕੋ ਨਾ, ਮੈਨੂੰ ਰੋ ਲੈਣ ਦਿਓ!” ਮੇਰੀ ਰੂਹ ਕੁਰਲਾ ਰਹੀ ਹੈ, “ਆਸ਼ੂ! ਮੇਰੀਏ ਬੱਚੀਏ, ਤੈਨੂੰ ਇਹ ਕਿਸ ਜ਼ੁਰਮ ਦੀ ਸਜ਼ਾ ਮਿਲੀ ਐ!”

ਮੇਰੇ ਵੱਲ ਵੇਖ ਕੇ ਗੁਰਵੀਰ ਵੀ ਕਰਾਹ ਰਿਹੈ, “ਆਸ਼ੂ, ਮੈਂ ਤੇਰਾ ਦੋਸ਼ੀ ਹਾਂ! ਮੈਨੂੰ ਮੁਆਫ਼ ਕਰੀਂ ਧੀਏ! ਤੈਨੂੰ ਮੇਰੀ ਡਿਪੋਰਟੇਸ਼ਨ ਨੇ ਤਿਲ-ਤਿਲ ਕਰ ਕੇ ਮਾਰਿਆ!...ਮੈਂ ਤਾਂ ਤੈਨੂੰ ਰੱਜ ਕੇ ਪਿਆਰ ਵੀ ਨਹੀਂ ਕਰ ਸਕਿਆ! ਤੇ ਤੇਰਾ ਜਿਗਰ ਵੀ ਮੇਰੀ ਡਿਪੋਰਟੇਸ਼ਨ ਹੀ ਖਾ ਗਈ। ਕੀਰਤੀ, ਮੈਂ ਤੇਰਾ ਵੀ ਦੋਸ਼ੀ ਹਾਂ, ਕੀਰਤੀ!”

“ਨਹੀਂ ਗੁਰਵੀਰ ਨਹੀਂ...ਮੇਰਾ ਜਿਗਰ ਤਾਂ ਉਹ ਧੂੰਆਂ ਖਾ ਗਿਆ ਜੋ ਉਸ ਦਿਨ ਟਾਵਰਾਂ ਵਿਚੋਂ ਨਿਕਲਿਆ...ਆਪਣੀ ਆਸ਼ੂ ਨੂੰ ਵੀ ਉਹੀ ਅੱਗ ਝੁਲਸਾਅ ਗਈ, ਜੋ ਉਸ ਦਿਨ ਇਸ ਦੇ ਦਿਲੋ-ਦਿਮਾਗ਼ ਵਿਚ ਆ ਵੜੀ।”

ਮੈਂ ਰੋਂਦੀ ਰੋਂਦੀ ਥੱਲੇ ਬੈਠ ਗਈ ਹਾਂ ਪਰ ਮੈਨੂੰ ਆਪਣੇ ਥੱਲੇ ਜ਼ਮੀਨ ਤਪ-ਬਲ ਰਹੀ ਮਹਿਸੂਸ ਹੋ ਰਹੀ ਹੈ ਅਤੇ ਚਾਰ-ਚੁਫੇਰੇ ਧੂੰਆਂ ਹੀ ਧੂੰਆਂ ਨਜ਼ਰ ਆ ਰਿਹਾ ਹੈ।

---

### ਉਰਦੂ ਕਹਾਣੀ

# ਸੁਰੱਈਆ

***ਨਾਮਾਨਿਗਾਰ ਨੌਸ਼ਾਦ ਆਲਮ ਕਮਰ ਦੀ ਉਰਦੂ ਕਹਾਣੀ ‘ਸੁਰੱਈਆ’ ਕਈ ਗੱਲਾਂ ਕਰ ਕੇ ਵਿਲੱਖਣ ਹੈ। ਖਤਾਂ ਦੇ ਜ਼ਰੀਏ ਲੇਖਕ ਨੇ ਜ਼ਿੰਦਗੀ ਦੇ ਘੋਲ ਨੂੰ ਬਹੁਤ ਸਹਿਜ ਰੂਪ ਵਿਚ ਪਾਠਕਾਂ ਅੱਗੇ ਰੱਖ ਦਿੱਤਾ ਹੈ। ਇਨ੍ਹਾਂ ਖਤਾਂ ਦਾ ਰੰਗ ਉਹੋ ਜਿਹਾ ਹੀ ਹੈ ਜਿਹੋ ਜਿਹਾ ਤੁਹਾਨੂੰ ਆਪਣੇ ਕਿਸੇ ਪਿਆਰੇ ਦੇ ਖਤਾਂ ਵਿਚੋਂ ਲੱਭਦਾ ਹੁੰਦਾ ਹੈ। ਇਸ ਕਹਾਣੀ ਦਾ ਇੰਨਾ ਹੀ ਸੁੰਦਰ ਤਰਜਮਾ ਸੁਰਜੀਤ ਸਿੰਘ ਪੰਛੀ (ਬੇਕਰਜ਼ਫੀਲਡ) ਨੇ ਕੀਤਾ ਹੈ। ਇਸ ਕਹਾਣੀ ਦੀ ਤਰਤੀਬ ਅਤੇ ਤੀਬਰਤਾ ਅਜਿਹੀ ਹੈ ਕਿ ਇਹ ਕਹਾਣੀ ਅਤੇ ਇਸ ਦੀ ਮੁੱਖ ਪਾਤਰ ਅਛੋਪਲੇ ਜਿਹੇ ਤੁਹਾਡੀ ਸੋਚ ਦਾ ਹਿੱਸਾ ਬਣ ਜਾਂਦੇ ਹਨ। -ਸੰਪਾਦਕ***

**ਮੂਲ ਲੇਖਕ: ਨੌਸ਼ਾਦ ਆਲਮ ਕਮਰ**

**ਅਨੁਵਾਦ: ਸੁਰਜੀਤ ਸਿੰਘ ਪੰਛੀ**
**ਫੋਨ: 661-827-8256**

ਪਿਆਰੀ ਸ਼ਾਹਦਾ! ਖੁਸ਼ ਰਹੋ।

ਤੈਨੂੰ ਵਿਦਾ ਕਰ ਕੇ ਮੈਂ ਖਿੜਕੀ ਨਾਲ ਲੱਗੀ ਰਹੀ, ਜਦੋਂ ਤੱਕ ਕਿ ਤੂੰ ਹਸਪਤਾਲ ਦਾ ਅਹਾਤਾ ਪਾਰ ਕਰ ਕੇ ਸੜਕ ਤੋਂ ਨਹੀਂ ਚਲੀ ਗਈ ਅਤੇ ਮੇਰੀਆਂ ਨਜ਼ਰਾਂ ਤੋਂ ਓਝਲ ਨਹੀਂ ਹੋ ਗਈ। ਸੁਣਦੀ ਆਈ ਸੀ, “ਨਜ਼ਰਾਂ ਤੋਂ ਦੂਰ ਦਿਲ ਤੋਂ ਦੂਰ” ਪਰ ਅੱਜ ਇਸ ਦੇ ਉਲਟ ਦੇਖ ਰਹੀ ਸੀ। ਤੂੰ ਨਜ਼ਰਾਂ ਤੋਂ ਦੂਰ ਹੋ ਕੇ ਦਿਲ ਦੇ ਹੋਰ ਨੇੜੇ ਹੋ ਗਈ ਸੀ। ਐਨੀ ਨੇੜੇ ਕਿ ਮੈਂ ਦਿਲ ਦੀਆਂ ਧੜਕਣਾਂ ਵਿਚ ਤੇਰੀ ਹੋਂਦ ਮਹਿਸੂਸ ਕਰ ਰਹੀ ਸੀ। ਪਤਾ ਨਹੀਂ ਮੈਂ ਕਿੰਨੀ ਦੇਰ ਤੱਕ ਖੜ੍ਹੀ ਵੀਰਾਨ ਅੱਖਾਂ ਨਾਲ ਉਨ੍ਹਾਂ ਰਾਹਾਂ ਨੂੰ ਦੇਖਦੀ ਰਹੀ ਜਿਨ੍ਹਾਂ ‘ਤੇ ਚੱਲ ਕੇ ਤੂੰ ਦੂਰ ਹੁੰਦੀ ਜਾ ਰਹੀ ਸੀ ਕਿ ਨਰਸ ਨੇ ਪਿੱਛੋਂ ਮੇਰੇ ਮੋਢੇ ‘ਤੇ ਹੱਥ ਰੱਖ ਦਿੱਤਾ। ਮੈਂ ਡਰ ਗਈ। “ਦਵਾਈ ਦਾ ਸਮਾਂ ਹੋ ਗਿਆ ਹੈ”, ਨਰਸ ਨੇ ਮੁਸਕਰਾਉਂਦਿਆਂ ਦਵਾਈ ਦਾ ਗਲਾਸ ਮੇਰੇ ਵੱਲ ਵਧਾਇਆ। ਮੇਰੀਆਂ ਅੱਖਾਂ ਵਿਚੋਂ ਦੋ ਹੰਝੂ ਡਿੱਗ ਕੇ ਦਵਾਈ ਵਿਚ ਲੋਪ ਹੋ ਗਏ। ਨਰਸ ਦਵਾਈ ਪਿਲਾ ਕੇ ਚਲੀ ਗਈ। ਮੈਂ ਸੋਚ ਰਹੀ ਸੀ ਕਿ ਤੇਰੇ ਜਾਣ ਤੋਂ ਪਿੱਛੋਂ ਥੋੜ੍ਹੇ ਹੀ ਘੰਟਿਆਂ ਵਿਚ ਆਪਣੇ ਆਪ ਨੂੰ ਕਿੰਨੀ ਕਮਜ਼ੋਰ ਤੇ ਬੇਵਸ ਦੇਖ ਰਹੀ ਹਾਂ। ਸੈਨੀਟੋਰੀਅਮ ਦੇ ਇਸ ਕਮਰੇ ਅਤੇ ਕਬਰ ਵਿਚ ਕੇਵਲ ਇੰਨਾ ਹੀ ਫਰਕ ਹੈ ਕਿ ਇਹ ਰਤਾ ਹਵਾਦਾਰ ਹੈ, ਨਹੀਂ ਤਾਂ ਤਨਹਾਈ ਅਤੇ ਮਜਬੂਰੀ ਦਾ ਉਹੀ ਹਾਲ ਹੈ। ਹੋਰ ਕੀ ਲਿਖਾਂ, ਤੂੰ ਮੇਰਾ ਬਹੁਤਾ ਫਿਕਰ ਨਹੀਂ ਕਰਨਾ। “ਸ਼ਮ੍ਹਾਂ ਹਰ ਰੰਗ ਮੇਂ ਜਲਤੀ ਹੈ, ਸਿਹਰ ਹੋਨੇ ਤੱਕ।” ਅਸਲਮ (ਸ਼ਾਹਦਾ ਦਾ ਪਤੀ) ਭਾਈ ਨੂੰ ਸਲਾਮ ਕਹਿ ਦੇ, ਗੁੱਡੀ ਨੂੰ ਪਿਆਰ ਕਰ ਲੈ ਅਤੇ ਖੁਸ਼ ਰਹੋ।

ਤੇਰੀ ਬਿਮਾਰ, ਸੁਰੱਈਆ।

---

ਮੇਰੀ ਭੈਣ ਸ਼ਾਹਦਾ!

ਤੇਰਾ ਪਿਆਰ ਭਰਿਆ ਖ਼ਤ ਮਿਲਿਆ। ਕਿੰਨੀਆਂ ਸਾਰੀਆਂ ਨਸੀਹਤਾਂ ਕਰ ਦਿੱਤੀਆਂ ਨੇ ਤੂੰ ਇੱਕੋ ਵਾਰੀ! ਯਾਦ ਰੱਖ ਸਕਾਂਗੀ? ਮੇਰੀ ਜਾਨ, ਤੂੰ ਆਪਣਾ ਖ਼ੂਬਸੂਰਤ ਦਿਲ ਮਤ ਦੁਖਾ। ਜੀਅ ਲਵਾਂਗੀ, ਜਿਵੇਂ ਵੀ ਹੋਵੇਗਾ। ਕੇਵਲ ਤੇਰੀ ਖਾਤਰ, ਹੋਰ ਮੇਰਾ ਕੌਣ ਹੈ! ਤੇਰੇ ਮਿਲ ਲੈਣ ਪਿੱਛੋਂ ਡਾਕਟਰ ਆਫਤਾਬ ਕੁਝ ਜ਼ਿਆਦਾ ਹੀ ਮਿਹਰਬਾਨ ਹਨ। ਸ਼ਾਹਦਾ, ਮੇਰੀ ਬਦਨਸੀਬੀ ਦੀ ਕਹਾਣੀ ਤੂੰ ਇਹਨੂੰ ਵੀ ਦੱਸ ਦਿੱਤੀ ਹੈ। ਐਕਸਰੇ ਰਿਪੋਰਟ ਤਸੱਲੀਬਖ਼ਸ਼ ਹੈ ਜਿਵੇਂ ਡਾਕਟਰ ਕਹਿ ਰਹੇ ਸੀ।

ਹਾਂ, ਤੂੰ ਆ ਸਕੇਂ ਤਾਂ ਅਗਲੇ ਹਫ਼ਤੇ ਜ਼ਰੂਰ ਆ ਜਾ। ਅਸਲਮ ਭਾਈ ਦੀਆਂ ਛੁੱਟੀਆਂ ਖ਼ਤਮ ਹੋ ਚੁੱਕੀਆਂ ਹੋਣਗੀਆਂ। ਲਗਦੈ ਦੋ ਦਿਨਾਂ ਵਿਚ ਉਹ ਵੀ ਜਾਣ ਹੀ ਵਾਲੇ ਹੋਣਗੇ, ਫਿਰ ਤਾਂ ਤੂੰ ਸੌਖੀ ਤਰ੍ਹਾਂ ਆ ਸਕਦੀ ਏਂ। ਇਸ ਵਾਰੀ ਗੁੱਡੀ ਨੂੰ ਜ਼ਰੂਰ ਲਿਆਉਣਾ। ਚੰਗਾ, ਪਿਆਰ।

ਤੇਰੀ ਬਿਮਾਰ ਸੁਰੱਈਆ।

---

ਮੇਰੀ ਸ਼ਾਹਦਾ!

ਕਿਵੇਂ ਐਂ? ਅੱਜ ਪੂਰੇ ਦਸ ਦਿਨ ਹੋ’ਗੇ, ਤੇਰੀ ਕੋਈ ਚਿੱਠੀ ਨਹੀਂ ਮਿਲੀ। ਕਿਹੋ ਜਿਹੇ ਖਿਆਲ ਆਉਂਦੇ ਰਹੇ। ਤੇਰੀ ਇਸ ਲੰਬੀ ਚੁੱਪ ਨਾਲ ਰਤਾ ਸੋਚ ਤਾਂ ਸੈਨੀਟੋਰੀਅਮ ਦੀ ਮਨਹੂਸ ਫਿਜ਼ਾ ਵਿਚ ਕਿਵੇਂ ਸਾਹ ਘੁੱਟ ਰਿਹਾ ਹੋਵੇਗਾ ਮੇਰਾ?

ਸ਼ਾਹਦਾ! ਦਵਾਈ ਨਾਲੋਂ ਬਹੁਤੀ ਮੈਨੂੰ ਤੇਰੇ ਪਿਆਰ ਦੀ ਲੋੜ ਹੈ। ਅੱਜ ਬੁੱਧਵਾਰ ਹੈ ਅਤੇ ਐਤਵਾਰ ਦੀ ਸ਼ਾਮ ਨੂੰ ਥੋੜ੍ਹਾ ਜਿਹਾ ਲਹੂ ਫਿਰ ਆ ਗਿਆ ਸੀ। ਡਾਕਟਰ ਆਫਤਾਬ ਅਤੇ ਮਿਸਿਜ਼ ਚੱਕਰਵਰਤੀ ਨੇ ਬੜੇ ਧਿਆਨ ਅਤੇ ਹਮਦਰਦੀ ਨਾਲ ਜਾਂਚ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਫਿਕਰ ਵਾਲੀ ਗੱਲ ਨਹੀਂ ਪਰ ਉਹ ਲੱਖ ਛੁਪਾਉਣ, ਉਨ੍ਹਾਂ ਦੇ ਮੱਥੇ ‘ਤੇ ਪਈਆਂ ਫਿਕਰ ਦੀਆਂ ਲਕੀਰਾਂ ਸਭ ਦੱਸ ਦਿੰਦੀਆਂ ਹਨ। ਕੱਲ੍ਹ ਫਿਰ ਐਕਸਰੇ ਕੀਤਾ ਗਿਆ ਹੈ। ਨੁਸਖੇ ਵਿਚ ਵੀ ਬਦਲੀ ਕੀਤੀ ਹੈ। ਦੇਖੋ ਕੀ ਹੁੰਦਾ ਹੈ, ਊਂ ਵੀ... ਸ਼ਮ੍ਹਾਂ ਦੇ ਅੰਤ ਦੀ ਕੀਹਨੂੰ ਖ਼ਬਰ? ਸ਼ਮ੍ਹਾਂ ਨੇ ਸਵੇਰ ਦਾ ਸੂਰਜ ਕਦੋਂ ਦੇਖਿਆ ਹੈ। ਫਿਰ ਇਹ ਸਭ ਕੁਝ ਸੋਚ ਕੇ ਕੁੜ੍ਹਨ ਦਾ ਕੀ ਫਾਇਦਾ। ਜ਼ਿੰਦਗੀ ਦੇ ਦਿਨ ਤਾਂ ਪੂਰੇ ਹੋ ਕੇ ਹੀ ਰਹਿਣਗੇ।

ਤੇਰੇ ਪਿਆਰ ਦੀ ਭੁੱਖੀ,
ਸੁਰੱਈਆ।

---

ਸ਼ਾਹਦਾ ਮੇਰੀ ਜਾਨ!

ਕੱਲ੍ਹ ਦੀ ਡਾਕ ਵਿਚ ਇੱਕੋ ਵੇਲੇ ਦੋ ਚਿੱਠੀਆਂ ਮਿਲੀਆਂ। ਤੂੰ ਐਵੇਂ ਆਪਣਾ ਜੀਅ ਦੁਖੀ ਕਰਦੀ ਏਂ। ਮੈਂ ਅਜੇ ਜਿਉਂਦੀ ਰਹਾਂਗੀ। ਤੂੰ ਮੇਰੇ ਇਸ ਖਿਆਲ ਨਾਲ ਸਹਿਮਤ ਨਹੀਂ ਕਿ ਤੇਰੇ ਬਿਨਾਂ ਮੇਰਾ ਦੁਨੀਆਂ ਵਿਚ ਕੋਈ ਨਹੀਂ। ਮੈਂ ਵੀ ਧਿਆਨ ਮਾਰਿਆ ਕਿ ਜਜ਼ਬਾਤ ਵਿਚ ਕਿੰਨੀ ਬਦਸ਼ਗਨੀ ਹੋ ਗਈ ਹੈ। ਚਲੋ, ਮੁਆਫ ਕਰ ਦਿਓ ਅਤੇ ਖੁਸ਼ ਹੋ ਜਾਓ। ਇਹ ਜਾਣ ਕੇ ਖੁਸ਼ੀ ਹੋਈ ਕਿ ਅਸਲਮ ਭਾਈ ਦੀ ਬਦਲੀ ਆਪਣੇ ਹੀ ਸ਼ਹਿਰ ਵਿਚ ਹੋ ਰਹੀ ਹੈ ਅਤੇ ਤਰੱਕੀ ਵੀ। ਮੁਬਾਰਕਾਂ ਹੋਣ ਪਰ ਇਹ ਜਾਣ ਕੇ ਉਦਾਸ ਹਾਂ ਕਿ ਤੂੰ ਅਜੇ ਨਹੀਂ ਆ ਸਕੇਂਗੀ। ਕੌੜੀਆਂ-ਕਸੈਲੀਆਂ ਦਵਾਈਆਂ ਨਾਲ ਮੈਨੂੰ ਤੇਰੀ ਦੂਰੀ ਦਾ ਦਰਦ ਵੀ ਸਹਿਣਾ ਪਵੇਗਾ। ਜਦੋਂ ਮੰਜ਼ਿਲ ਸਾਥ ਛੱਡ ਦੇਵੇ, ਫਿਰ ਰਾਹਗੀਰ ‘ਤੇ ਕੀ ਗਿਲਾ। ਫਿਰ ਵੀ ਤੂੰ ਮੈਨੂੰ ਚਿੱਠੀ ਲਿਖਦੀ ਰਹੀਂ। ਜਦੋਂ ਤੱਕ ਸਾਹਾਂ ਦੀ ਡੋਰ ਨਹੀਂ ਟੁੱਟਦੀ, ਉਦੋਂ ਤੱਕ ਇਹ ਰਿਸ਼ਤਾ ਵੀ ਨਾ ਟੁੱਟੇਗਾ। ਇਸ ਦਾ ਭਰੋਸਾ ਦਿਵਾਉਂਦੀ ਰਹਿਣਾ? ਕੁਝ ਬੋਲੋ ਸ਼ਾਹਦਾ! ਮੇਰਾ ਸਾਹ ਘੁਟਦਾ ਜਾਂਦਾ ਹੈ। ਇਸ ਕਬਰਸਤਾਨ ਵਿਚ ਪਤਾ ਨਹੀਂ ਕਦੋਂ ਤੱਕ ਰਹਿਣਾ ਪਵੇਗਾ! ਹੋਰ ਕੀ ਲਿਖਾਂ!

ਜਿਸ ਦੇ ਨਸੀਬਾਂ ਵਿਚ ਗ਼ਮ,
ਸੁਰੱਈਆ।

---

ਪਿਆਰੀ ਸ਼ਾਹਦਾ!

ਤੂੰ ਗੁੱਸੇ ਹੋ ਗਈ ਕਿ ਮੈਂ ਤੈਨੂੰ ਰਾਹਗੀਰ ਕਹਿ ਦਿੱਤਾ। ਪਗਲੀ? ਮੈਂ ਕੁਝ ਗਲਤ ਕਿਹਾ ਹੁੰਦਾ ਤਾਂ ਕੋਈ ਗੱਲ ਹੁੰਦੀ। ਚੰਗਾ ਇਹ ਦੱਸ, ਕੀ ਤੂੰ ਹੀ ਮੈਨੂੰ ਮੰਜ਼ਿਲ ਤੱਕ ਪਹੁੰਚਾਣ ਦਾ ਵਸੀਲਾ ਨਹੀਂ ਬਣੀ ਸੀ? ਮੈਂ ਤਾਂ ਉਸ ਦਰਦ ਦੇ ਸੁਆਦ ਦੀ ਆਸ਼ਕ ਸੀ ਅਤੇ ਬੇਆਸ਼ਕੀ ਹੀ ਰਹਿੰਦੀ ਤਾਂ ਚੰਗਾ ਹੁੰਦਾ। ਇਹ ਆਸ਼ਕੀ ਬੜੀ ਮਹਿੰਗੀ ਪਈ। ਇੰਨੀ ਮਹਿੰਗੀ ਕਿ ਖ਼ੂਨ ਥੁੱਕ ਰਹੀ ਹਾਂ। ਖ਼ੈਰ ਛੱਡੋ, ਹੁਣ ਬਿਮਾਰ ਦਾ ਹਾਲ ਸੁਣੋ!

ਪਰਸੋਂ ਮਿਸਿਜ਼ ਚੱਕਰਵਰਤੀ ਨੇ ਐਕਸਰੇ ਰਿਪੋਰਟ ਦੇਖੀ ਅਤੇ ਠੰਢਾ ਸਾਹ ਭਰ ਕੇ ਚੁੱਪ ਹੋ ਗਈ। ਸ਼ਾਇਦ ਉਸ ਨੂੰ ਮੇਰੀ ਨਾਮੁਰਾਦ ਜਵਾਨੀ

***(ਅਗਲੇ ਸਫੇ ’ਤੇ ਜਾਰੀ)***

# ਸਾਵਧਾਨ! ਸਕੈਮ ਸੰਭਲੋ

ਚਰਨਜੀਤ ਸਿੰਘ ਪੰਨੂ
ਫੋਨ: 408-608-4961

ਘਰ ਦੇ ਪਿਛਵਾੜੇ ਸੈਰ ਕਰ ਰਿਹਾਂ ਸਾਂ ਕਿ ਫੋਨ ਦੀ ਘੰਟੀ ਵੱਜੀ। ਅੰਦਰ ਗਿਆ ਤਾਂ ਫੋਨ ਬੰਦ ਹੋ ਚੁਕਾ ਸੀ। ਫੋਨ ਦੀ ਆਈ ਡੀ ਤੋਂ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ। ਕੋਈ ਅਣਜਾਣਿਆ ਜਿਹਾ ਨੰਬਰ 210-424-2344 ਸੀ। ਘੰਟੀ ਫੇਰ ਖੜਕ ਪਈ। ਮੈਂ ਜਾਣ ਕੇ ਅਵੇਸਲਾ ਜਿਹਾ ਹੋ ਗਿਆ ਕਿ ਇਹ ਫੋਨ ਨਹੀਂ ਚੁੱਕਣਾ। ਕਈ ਵੇਰਾਂ ਬੇਨਾਮੀ ਫੋਨ ਇਸ਼ਤਿਹਾਰਬਾਜ਼ੀ ਵਾਲੇ ਜਾਂ ਗਲਤ ਬਿਰਤੀ ਵਾਲੇ ਐਵੇਂ ਪ੍ਰੇਸ਼ਾਨ ਕਰਦੇ ਰਹਿੰਦੇ ਨੇ। ਦਸ ਮਿੰਟ ਬਾਅਦ ਫਿਰ ਫੋਨ ਖੜਕਿਆ ਤੇ ਅਖੀਰ ਮੈਨੂੰ ਚੁੱਕਣਾ ਪਿਆ ਕਿ ਕੋਈ ਜ਼ਰੂਰੀ ਮਤਲਬ ਵਾਲਾ ਨਾ ਹੋਵੇ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬੋਲਣ ਵਾਲੇ ਨੇ ਦਬਕਵੀਂ ਆਵਾਜ਼ ਵਿਚ ਆਪਣਾ ਤੁਆਰਫ ਕਰਾਇਆ, "ਮੈਂ ਤੁਹਾਡੇ ਸ਼ਹਿਰ ਦੇ ਸ਼ੈਰਿਫ ਦਫਤਰ ਵਿਚੋਂ ਬੋਲ ਰਿਹਾ ਹਾਂ। ਮੈਂ... ਨਾਲ ਗੱਲ ਕਰਨੀ ਹੈ।"

"ਹਾਂ ਜੀ! ਬੋਲੋ, ਮੈਂ ਹੀ ਹਾਂ। ਫਰਮਾਓ ਕੀ ਹੁਕਮ ਹੈ?"

"ਤੁਸੀਂ ਪਿਛਲੇ ਸਾਲ ਚੈਕ ਭੇਜ ਕੇ ਪੁਲਿਸ ਸਹਾਇਤਾ ਫੰਡ ਵਿਚ ਹਿੱਸਾ ਪਾਇਆ, ਤੁਹਾਡਾ ਧੰਨਵਾਦ। ਤੁਹਾਨੂੰ ਯਾਦ ਕਰਾਉਣ ਹਿਤ ਦੋਬਾਰਾ ਜ਼ਹਿਮਤ ਦੇ ਰਹੇ ਹਾਂ ਕਿ ਤੁਹਾਡੇ ਜਿਹੇ ਦਾਨੀ ਲੋਕਾਂ ਦੀ ਸਾਨੂੰ ਹਰ ਵੇਲੇ ਜ਼ਰੂਰਤ ਹੈ। ਮਿਹਰਬਾਨੀ ਕਰ ਕੇ ਇਸ ਸਾਲ ਦਾ ਵੀ ਆਪਣਾ ਯੋਗਦਾਨ ਜਲਦੀ ਭੇਜ ਦਿਓ।" ਪਿਛਲੀ ਵੇਰਾਂ ਮੈਂ ਕਹਿ ਦਿਤਾ ਸੀ ਪਈ ਇੱਕ ਦੋ ਵੇਰਾਂ ਪਹਿਲਾਂ ਵੀ ਚੰਦਾ ਦੇ ਦਿੱਤਾ, ਤੁਸੀਂ ਤਾਂ ਹੱਥ ਧੋ ਕੇ ਪਿੱਛੇ ਹੀ ਪੈ ਗਏ! ਮਿਹਰਬਾਨੀ ਕਰ ਕੇ ਸਾਡਾ ਨਾਮ ਹੁਣ ਇਸ ਲਿਸਟ ਵਿਚੋਂ ਕੱਟ ਦਿਓ। ਮੈਂ ਬੇਪਰਵਾਹੀ ਜਿਹੀ ਨਾਲ ਪੇਸ਼ ਆਇਆ।

"ਤੁਹਾਡੇ ਖਿਲਾਫ ਸਾਡੇ ਕੋਲ ਬੜੀ ਸੰਗੀਨ ਮੁਜਰਮਾਨਾ ਸ਼ਿਕਾਇਤ ਪਹੁੰਚੀ ਹੈ। ਪੁਲਿਸ ਮੁਖੀ ਤੁਹਾਡੇ ਨਾਲ ਸਿੱਧੀ ਗੱਲ ਕਰਨੀ ਚਾਹੁੰਦੇ ਹਨ।" ਸ਼ਿਕਾਇਤ ਦੇ ਨਾਂ ਸੁਣ ਕੇ ਮੈਂ ਘਬਰਾ ਗਿਆ। ਸਵੇਰੇ ਸਵੇਰੇ ਮੌਜ-ਮਸਤੀ ਕਰਦੇ ਬਟੇਰੇ ਨੂੰ ਜਿਵੇਂ ਇੱਲ ਨੇ ਝਪਟਾ ਮਾਰ ਲਿਆ ਹੋਵੇ। ਕਿੰਨੀ ਦੇਰ ਮੈਥੋਂ ਕੁਝ ਨਾ ਕਹਿ ਹੋਇਆ।

"ਕੀ ਸ਼ਿਕਾਇਤ ਆ ਜੀ?" ਮੈਂ ਧੜਕਦੇ ਕਾਲਜੇ ਨਾਲ ਪੁਛਿਆ।

"ਇਨਕਮ ਟੈਕਸ ਮਹਿਕਮੇ ਨੇ ਤੁਹਾਡੇ ਖਿਲਾਫ ਰਿਪੋਰਟ ਲਿਖਾਈ ਹੈ ਕਿ ਤੁਸੀਂ ਸਰਕਾਰ ਨਾਲ ਫਰਾਡ ਕੀਤਾ ਹੈ। ਇਹ ਬੜੇ ਗੰਭੀਰ ਇਲਜ਼ਾਮ ਹਨ ਜਿਸ ਵਾਸਤੇ ਤੁਹਾਡੇ ਵਾਰੰਟ-ਗ੍ਰਿਫਤਾਰੀ ਜਾਰੀ ਹੋਣ ਵਾਲੇ ਹਨ। ਤੁਹਾਡਾ ਪੱਖ ਜਾਣਨ ਲਈ ਤੁਹਾਨੂੰ ਮਿਲਣਾ ਜ਼ਰੂਰੀ ਸੀ ਤਾਂ ਜੋ ਕੱਲ੍ਹ ਨੂੰ ਤੁਸੀਂ ਕੋਈ ਉਜ਼ਰ ਨਾ ਕਰੋ।"

"ਮੈਂ ਸ਼ਰੀਫ ਆਦਮੀ ਹਾਂ ਤੇ ਮੈਂ ਕਦੇ ਕੋਈ ਧੋਖਾ ਨਹੀਂ ਕੀਤਾ। ਬੰਦਾ ਟੈਕਸ ਤਾਂ ਮੈਂ ਕਦੇ ਲੇਟ ਨਹੀਂ ਕੀਤਾ, ਸਗੋਂ ਮੈਨੂੰ ਇਸ ਦਾ ਰਿਫੰਡ ਮਿਲਿਆ ਸੀ।"

"ਤੁਹਾਡੀ ਤਰਫ ਟੈਕਸ ਬਕਾਇਆ ਹੈ। ਤੁਹਾਨੂੰ ਡਾਕ ਰਾਹੀਂ ਦੋ ਤਿੰਨ ਨੋਟਿਸ ਦਿੱਤੇ ਗਏ ਪਰ ਸਾਰੇ ਵਾਪਸ ਆ ਗਏ, ਡਾਕੀਏ ਦੀ ਗਵਾਹੀ ਅਨੁਸਾਰ ਤੁਸੀਂ ਲੈਣ ਤੋਂ ਜਾਣ ਬੁੱਝ ਕੇ ਇਨਕਾਰ ਕਰ ਦਿੱਤਾ। ਅਸੀਂ ਹੁਣੇ ਅੱਧੇ ਘੰਟੇ ਬਾਅਦ ਤੁਹਾਡੇ ਵਾਰੰਟ-ਗ੍ਰਿਫਤਾਰੀ ਜਾਰੀ ਕਰ ਰਹੇ ਹਾਂ। ਚਾਹੋ ਤਾਂ ਮੈਂ ਤੁਹਾਨੂੰ ਸ਼ੈਰਿਫ ਨਾਲ ਸਿੱਧਾ ਮਿਲਾ ਸਕਦਾ ਹਾਂ।" ਇਹ ਕਹਿ ਕੇ ਉਸ ਨੇ ਫੋਨ ਕਿਸੇ ਹੋਰ ਨੂੰ ਦੇ ਦਿੱਤਾ।

"ਗੁਡ ਮਾਰਨਿੰਗ ਮਿਸਟਰ...! ਮੇਰਾ ਨਾਮ ਥਾਮਸ ਇਬਰਾਹੀਮ ਹੈ...ਕੀ ਹਾਲ ਹੈ ਤੁਹਾਡਾ?"



"ਮੈਂ ਠੀਕ ਹਾਂ ਜਨਾਬ, ਤੁਸੀਂ ਸੇਵਾ ਦੱਸੋ। ਮੇਰੇ ਖਿਲਾਫ ਕੀ ਦੋਸ਼ ਹਨ? ਮੈਂ ਸਮਝ ਨਹੀਂ ਸਕਿਆ। ਮੈਂ ਹਰ ਸਾਲ ਪੁਲਿਸ ਵੈਲਫੇਅਰ ਫੰਡ ਵਿਚ ਸਰਦਾ-ਪੁੱਜਦਾ ਹਿੱਸਾ ਪਾਉਂਦਾ ਰਿਹਾ ਹਾਂ। ਇਸ ਸਾਲ ਲੇਟ ਹੋ ਗਿਆ, ਮੁਆਫ ਕਰਨਾ, ਉਹ ਵੀ ਜਲਦੀ ਪਾ ਦਿਆਂਗਾ।"

"ਤੁਹਾਨੂੰ ਮੇਰੇ ਕਾਰਿੰਦੇ ਨੇ ਦੱਸ ਹੀ ਦਿੱਤਾ ਹੋਵੇਗਾ। ਅਸੀਂ ਪਹਿਲਾਂ ਤੁਹਾਨੂੰ ਤਿੰਨ ਨੋਟਿਸ ਭੇਜ ਚੁੱਕੇ ਹਾਂ ਪਰ ਸਾਰੇ ਵਾਪਸ ਮੁੜ ਆਏ ਹਨ। ਤੁਹਾਡੇ ਖਿਲਾਫ ਕਾਨੂੰਨੀ ਕਾਰਵਾਈ ਪੂਰੀ ਹੋ ਚੁੱਕੀ ਹੈ, ਜੇ ਚਾਹੋ ਤਾਂ ਮੈਂ ਤੁਹਾਨੂੰ ਰੈਵੀਨਿਊ ਅਧਿਕਾਰੀ ਨਾਲ ਮਿਲਾ ਸਕਦਾ ਹਾਂ। ਤੁਸੀਂ ਉਸ ਨਾਲ ਸਿੱਧੀ ਗੱਲ ਕਰ ਲਓ। ਉਹ ਤੁਹਾਨੂੰ ਸਮਝਾ ਦੇਵੇਗਾ। ਦੱਸੋ, ਮਿਲਾਵਾਂ ਫੋਨ?" ਉਹ ਬੜੀ ਨਿਡਰਤਾ ਨਾਲ ਅੱਗੇ ਵਧ ਰਹੇ ਸਨ।

"ਹਾਂ ਮਿਲਾ ਦਿਓ, ਤੁਹਾਡੀ ਮਿਹਰਬਾਨੀ।" ਮੈਂ ਅੰਦਰੋਂ ਹਿੱਲਿਆ ਪਿਆ ਵੀ ਆਪਣੀ ਘਬਰਾਹਟ ਛੁਪਾਉਣ ਦੀ ਕੋਸ਼ਿਸ਼ ਵਿਚ ਸਾਂ।

ਇੱਕ ਦੋ ਮਿੰਟ ਬਾਅਦ ਇੱਕ ਨਵੀਂ ਆਵਾਜ਼ ਆਈ, "ਹੈਲੋ ਸਰ! ਕੀ ਤੁਸੀਂ...ਹੋ? ਮੈਂ ਜਾਰਜ ਸਟੀਵ ਬੋਲ ਰਿਹਾ ਹਾਂ, ਇਨਕਮ ਟੈਕਸ ਅਧਿਕਾਰੀ।"

"ਹਾਂ ਜੀ ਬਿਲਕੁਲ! ਇਹੀ ਮੇਰਾ ਨਾਮ ਹੈ। ਕੀ ਕਸੂਰ ਕੋਤਾਹੀ ਹੋਈ ਮੈਥੋਂ?"

"ਤੁਸੀਂ ਟੈਕਸ ਬਚਾਉਣ ਖਾਤਰ ਆਪਣੀ ਆਮਦਨ ਵਿਚ ਬਹੁਤ ਹੇਰਾਫੇਰੀ ਕੀਤੀ ਹੈ ਜੋ ਇੱਕ ਚੰਗੇ ਨਾਗਰਿਕ ਨੂੰ ਸ਼ੋਭਾ ਨਹੀਂ ਦਿੰਦਾ। ਅਸੀਂ ਚੰਗੀ ਤਰ੍ਹਾਂ ਦਰਿਆਫਤ ਕਰ ਲਈ ਹੈ ਤੇ ਤੁਹਾਡਾ ਜੁਰਮ ਸਾਬਤ ਹੋ ਚੁੱਕਾ ਹੈ।"

"ਕੀ? ਕਿਹੜੀ ਹੇਰਾਫੇਰੀ? ਕਿੰਨੇ ਡਾਲਰ ਨੇ ਸਰ ਬਕਾਇਆ? ਮੈਂ ਹੁਣੇ ਕਿੱਦਾਂ, ਕਿੱਥੇ ਜਮ੍ਹਾ ਕਰਾ ਦਿਆਂ? ਜੇ ਆਗਿਆ ਦਿਓ ਤਾਂ ਬੈਂਕ ਵਿਚ ਕਰਵਾ ਸਕਦਾ ਹਾਂ।" ਮੈਂ ਆਪਣੀ ਪਿਛਲੀ ਜੇਬ ਟੋਹੀ ਜਿਸ ਵਿਚ ਹਵਾਈ ਟਿਕਟ ਵਾਸਤੇ 2500 ਡਾਲਰ ਜਮ੍ਹਾ ਕਰ ਰੱਖੇ ਸਨ। ਇਹ ਤਾਂ ਹੁਣ ਕੱਟੀ ਗਈ ਸਮਝੋ। ਮੈਂ ਆਪਣੇ ਆਪ ਵਿਚ ਹਿਸਾਬ ਲਗਾਇਆ।

"ਤੁਹਾਡੇ ਵੱਲ ਸਿਰਫ 2524 ਡਾਲਰ ਬਕਾਇਆ ਹੈ। ਜੇ ਤੁਸੀਂ ਅੱਜ ਦੇ ਸਕਦੇ ਹੋ ਤਾਂ ਇਹ ਅਖੀਰਲੀ ਘੜੀ ਹੈ, ਤੁਹਾਡਾ ਮੁਸੀਬਤ ਤੋਂ ਛੁਟਕਾਰਾ ਹੋ ਸਕਦਾ ਹੈ। ਨਹੀਂ ਤਾਂ ਹੱਥਕੜੀ ਲੈ ਕੇ ਪੁਲਿਸ ਵਾਲੇ ਤੁਹਾਡੇ ਦਰ 'ਤੇ ਪਹੁੰਚ ਜਾਣਗੇ।" ਉਹ ਮੇਰੇ ਸੁਆਲ ਤੋਂ ਪਾਸੇ ਪਾਸੇ ਲੰਘ ਗਿਆ।

"ਮੈਨੂੰ ਥੋੜ੍ਹੀ ਜਿਹੀ ਮੁਹਲਤ ਦਿਓ। ਕੱਲ੍ਹ ਨੂੰ ਮੈਂ ਇੱਕ ਹਫਤੇ ਵਾਸਤੇ ਬਾਹਰ ਜਾਣਾ ਹੈ, ਵਾਪਸੀ 'ਤੇ ਸਾਰਾ ਹਿਸਾਬ ਨਿਬੇੜ ਦਿਆਂਗਾ।" ਮੇਰੀ ਥਿੜਕਦੀ ਜ਼ਬਾਨ ਤਰਲੇ 'ਤੇ ਆ ਗਈ।

"ਓ ਭਾਈ ਸਾਹਿਬ! ਬਾਹਰ ਤੁਸੀਂ ਕਿਵੇਂ ਜਾ ਸਕਦੇ ਹੋ? ਤੁਹਾਡੇ ਪਾਸਪੋਰਟ ਅਤੇ ਹਵਾਈ ਦਸਤਾਵੇਜ਼ ਸਾਰੇ ਰੱਦ ਹੋ ਜਾਣੇ ਨੇ ਤੇ ਤੁਹਾਨੂੰ ਹਵਾਈ ਅੱਡੇ 'ਤੇ ਹੀ ਹੱਥਕੜੀ ਲੱਗ ਜਾਵੇਗੀ। ਸਰਕਾਰ ਦੀਆਂ ਨਜ਼ਰਾਂ ਵਿਚ ਤੁਸੀਂ ਘੋਰ ਅਪਰਾਧੀ ਹੋ। ਚੰਗੀ ਗੱਲ ਇਹੀ ਹੈ ਕਿ ਤੁਸੀਂ ਸ਼ੈਰਿਫ ਥਾਮਸ ਇਬਰਾਹੀਮ ਨਾਲ ਗੱਲ ਕਰ ਕੇ ਬੇਨਤੀ ਕਰ ਵੇਖੋ, ਸ਼ਾਇਦ ਉਹ ਮੰਨ ਜਾਣ।" ਉਸ ਨੇ ਫੋਨ ਰੱਖ ਦਿੱਤਾ। ਥੋੜ੍ਹੇ ਵਕਫੇ ਬਾਅਦ ਕਿਸੇ ਹੋਰ ਦੀ ਆਵਾਜ਼ ਆਈ।

"ਹੋ ਗਈ ਤਸੱਲੀ ਜਨਾਬ?" ਜਿਵੇਂ ਕਿਸੇ ਨੇ ਮਸ਼ਕਰੀ ਕੀਤੀ ਹੋਵੇ। "ਮੈਨੂੰ ਅਫਸੋਸ ਨਾਲ ਤੁਹਾਨੂੰ ਦੱਸਣਾ ਪੈ ਰਿਹਾ ਹੈ ਕਿ ਸਾਡੇ ਕੋਲ ਤੁਹਾਡੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਤੁਹਾਨੂੰ ਚੇਤਾਵਨੀ ਦਿੰਦੇ ਹਾਂ ਕਿ ਜੇ ਤੁਸੀਂ ਇੱਜ਼ਤ ਬਚਾਉਣੀ ਚਾਹੁੰਦੇ ਹੋ ਤਾਂ 2524 ਡਾਲਰ ਅੱਧੇ ਘੰਟੇ ਵਿਚ ਜਮ੍ਹਾ ਕਰਵਾ ਦਿਓ। ਨਹੀਂ ਤੇ ਅੱਜ ਸ਼ਾਮ ਤੱਕ ਤੁਹਾਡੇ ਘਰੋਂ ਸਿਪਾਹੀ ਤੁਹਾਨੂੰ ਪਕੜ ਕੇ ਲੈ ਜਾਣਗੇ।" ਉਸ ਨੇ ਕੁਰਖ਼ਤ ਆਵਾਜ਼ ਵਿਚ ਕਿਹਾ।

"ਜਨਾਬ! ਏਨੀ ਕਿਹੜੀ ਆਖਰ ਆ ਗਈ ਕਿ 2524 ਡਾਲਰ ਦੀ ਨਿਗੂਣੀ ਜਿਹੀ ਰਕਮ ਕਾਰਨ ਮੈਨੂੰ ਗ੍ਰਿਫਤਾਰ ਕਰਨ ਵਾਸਤੇ ਤੁਹਾਨੂੰ ਏਨੀ ਵੱਡੀ ਤਕਲੀਫ ਕਰਨੀ ਪਏ! ਮੈਂ 2012 ਦਾ ਟੈਕਸ ਪਹਿਲਾਂ ਜਮ੍ਹਾ ਕਰਵਾ ਚੁੱਕਾ ਹਾਂ। ਉਸ ਵਿਚ ਪਿਛਲੇ ਬਕਾਏ ਦੀ ਰਕਮ ਦਾ ਕੋਈ ਜ਼ਿਕਰ ਨਹੀਂ ਸੀ।" ਯਾਦ ਕਰ ਕੇ ਮੈਂ ਆਪਣੇ ਪੈਰਾਂ ਸਿਰ ਪੱਕਾ ਹੋ ਗਿਆ।

"ਜੀ ਸਾਨੂੰ ਪਤਾ ਨਹੀਂ, ਸਾਨੂੰ ਤਾਂ ਆਈ ਆਰ ਐਸ ਵੱਲੋਂ ਹੁਕਮ ਹੋਇਆ ਹੈ। ਤੁਸੀਂ ਆਪ ਤਸਦੀਕ ਕਰ ਲਈ ਹੈ।"

"ਸ੍ਰੀਮਾਨ ਜੀ, ਮੈਂ ਤੁਹਾਨੂੰ ਇਕਦਮ ਕੋਈ ਜੁਆਬ ਨਹੀਂ ਦੇ ਸਕਦਾ, ਮੈਨੂੰ ਕਿਸੇ ਕਾਨੂੰਨੀ ਮਾਹਿਰ ਨਾਲ ਸਲਾਹ ਕਰਨ ਦਾ ਟਾਈਮ ਦਿਓ। ਤੁਸੀਂ ਅਜਿਹੇ ਨੋਟਿਸ ਡਾਕ ਰਾਹੀਂ ਭੇਜ ਦਿਓ। ਤੁਹਾਡਾ ਕੀ ਨਾਮ ਹੈ ਸਰ!"

"ਮੇਰਾ ਨਾਂ ਅਸ਼ੋਕ ਮਹਿਤਾ ਹੈ। ਮੈਂ ਤੁਹਾਡਾ ਹਮਦਰਦ ਹਾਂ। ਮੈਂ ਨਹੀਂ ਚਾਹੁੰਦਾ ਤੁਸੀਂ ਐਵੇਂ ਆਪਣੇ ਆਪ ਨੂੰ ਅੰਦਰ ਕਰਾ ਲਓ। ਸ਼ੈਰਿਫ ਮੇਰੀ ਗੱਲ ਮੰਨਦੇ ਹਨ ਮੈਂ ਉਨ੍ਹਾਂ ਨੂੰ ਮਨਾ ਲਵਾਂਗਾ।" ਉਹ ਹੁਣ ਹਿੰਦੀ-ਪੰਜਾਬੀ ਵਿਚ ਗੱਲ ਕਰਨ ਲੱਗ ਪਿਆ।

"ਤੁਸੀਂ ਆਪਣੇ ਭਰਾ-ਭਾਈ ਜਾਪਦੇ ਹੋ, ਇਸ ਕਰ ਕੇ ਤੁਹਾਨੂੰ ਚੰਗੀ ਤਰ੍ਹਾਂ ਸਮਝਾ ਦਿਆਂ ਕਿ ਇਸ ਜ਼ਰੂਰੀ ਕਾਲ ਦੀ ਗੰਭੀਰਤਾ ਤੁਸੀਂ ਸਮਝ ਨਹੀਂ ਰਹੇ। ਇਹ ਸੀਰੀਅਸ ਮਾਮਲਾ ਹੈ। ਤੁਹਾਨੂੰ ਕੈਦ ਹੋ ਸਕਦੀ ਹੈ। ਤੁਹਾਡੇ ਬੈਂਕ ਖਾਤੇ ਸੀਲ ਹੋ ਸਕਦੇ ਹਨ। ਚੰਗਾ ਇਹੀ ਹੈ ਕਿ ਬਕਾਇਆ ਫਟਾਫਟ ਮੇਰੇ ਕੋਲ ਜਮਾ ਕਰਵਾ ਦਿਓ।" ਉਸ ਦੇ ਬਦਲਦੇ ਪੈਂਤੜੇ ਤੋਂ ਮੈਨੂੰ ਘਾਲੇ-ਮਾਲੇ ਦੀ ਬਦਬੂ ਆਉਣ ਲੱਗੀ।

ਕੁੱਝ ਦਿਨ ਪਹਿਲਾਂ ਇੱਕ 75 ਸਾਲਾ ਔਰਤ ਨੂੰ ਵੀ ਅਜਿਹਾ ਟੈਲੀਫੋਨ ਆਇਆ ਸੀ। ਉਹ ਵਿਚਾਰੀ ਰੇਡੀਓ ਟਾਕ 'ਤੇ ਕਿਸੇ ਵਕੀਲ ਨੂੰ ਇਸ ਤਰ੍ਹਾਂ ਦੇ ਫੋਨ ਬਾਰੇ ਦੱਸਦੀ ਹੱਲ ਪੁੱਛ ਰਹੀ ਸੀ। ਵਕੀਲ ਨੇ ਦੱਸਿਆ ਕਿ ਇਹ ਸਭ ਕੁੱਝ ਘਾਲਾ-ਮਾਲਾ ਹੈ ਤੇ ਇਨਕਮ ਟੈਕਸ ਅਧਿਕਾਰੀ ਕਿਸੇ ਮੁਜਰਮ ਨਾਲ ਵੀ ਟੈਲੀਫੋਨ 'ਤੇ ਇਸ ਤਰ੍ਹਾਂ ਦਾ ਅੜੀਅਲ ਵਤੀਰਾ ਨਹੀਂ ਅਪਨਾਉਂਦੇ। ਕੋਈ ਐਕਸ਼ਨ ਲੈਣ ਤੋਂ ਪਹਿਲਾਂ ਹਰੇਕ ਨੂੰ ਪੂਰਾ ਮੌਕਾ ਦਿੰਦੇ ਹਨ। ਕਈ ਵੇਰਾਂ ਗਲਤ ਅਨਸਰ ਸ਼ਰੀਫ ਲੋਕਾਂ ਦੇ ਖੀਸੇ ਕੱਟਣ ਖਾਤਰ ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜ ਕੇ ਪ੍ਰੇਸ਼ਾਨ ਕਰਦੇ ਰਹਿੰਦੇ ਨੇ। ਕਈ ਅਨਾੜੀ ਇਨ੍ਹਾਂ ਦੇ ਝਾਂਸੇ ਵਿਚ ਆ ਕੇ ਆਪਣੇ ਬੈਂਕ ਖਾਤੇ ਦਾ ਨੰਬਰ ਦੱਸ ਦਿੰਦੇ ਹਨ, ਜਿਸ ਵਿਚੋਂ ਉਹ ਤੁਰਤ ਪੈਸੇ ਕਢਵਾ ਕੇ ਰਫੂਚੱਕਰ ਹੋ ਜਾਂਦੇ ਨੇ। ਇਹ ਆਈ ਡੀ ਥੈਫਟ ਹੈ।" ਇਹ ਯਾਦ ਕਰ ਕੇ ਮੈਂ ਫੋਨ ਵਾਲੇ ਨੂੰ ਫੇਰ ਬੇਨਤੀ ਕੀਤੀ, "ਸ੍ਰੀਮਾਨ ਜੀ! ਸੋਚਣ ਵਾਸਤੇ ਟਾਈਮ ਲੈਣਾ ਮੇਰਾ ਅਧਿਕਾਰ ਹੈ, ਤੁਸੀਂ ਮੈਨੂੰ ਦੁਬਾਰਾ ਕਾਲ ਕਰ ਲਿਓ।" ਉਹ ਜ਼ਿਦ ਕਰ ਰਿਹਾ ਸੀ, "ਮੇਰੇ ਕੋਲ ਸਿਰਫ ਅੱਧਾ ਘੰਟਾ ਹੈ, ਮੇਰੇ ਹੱਥ ਖੜੇ ਹਨ।"

ਅਖੀਰ 'ਮੈਂ ਇਸ ਵੇਲੇ ਬੇਵੱਸ ਹਾਂ, ਮੈਨੂੰ ਟਾਈਮ ਦਿਓ' ਕਹਿ ਕੇ ਮੈਂ ਫੋਨ ਬੰਦ ਕਰ ਦਿੱਤਾ ਤੇ 210-424-2344 ਮੋੜਵਾਂ ਨੰਬਰ ਮਿਲਾ ਲਿਆ। ਅੱਗੇ ਬੜੀ ਗਹਿਮਾ-ਗਹਿਮੀ ਭਰਿਆ ਕੋਈ ਥਾਂ ਸੀ ਜਿੱਥੇ ਪਿਛੋਕੜ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਕਰਨ ਦੀਆਂ ਆਵਾਜ਼ਾਂ ਆ ਰਹੀਆਂ ਸਨ ਜਿਵੇਂ ਕੋਈ ਬਹੁਤ ਮਹੱਤਵਪੂਰਨ ਦਫਤਰ ਹੋਵੇ। "ਮਿਹਰਬਾਨੀ ਕਰ ਕੇ ਆਪਣਾ ਸੁਨੇਹਾ ਤੇ ਫੋਨ ਨੰਬਰ ਛੱਡ ਦਿਓ, ਤੁਹਾਨੂੰ ਵਾਪਸ ਕਾਲ ਕੀਤੀ ਜਾਵੇਗੀ।" ਵਾਇਸ ਮੇਲ ਤੋਂ ਬਿਨਾ ਕਿਸੇ ਨੇ ਫੋਨ ਨਹੀਂ ਉਠਾਇਆ। ਜ਼ਾਹਿਰ ਸੀ ਇਹ ਅਸਲੀ ਨੰਬਰ ਤਾਂ ਮੌਜੂਦ ਹੈ, ਇਸ ਲਈ ਫੋਨ ਕਰਨ ਵਾਲੇ ਵੀ ਤਾਂ ਲੱਭ ਹੀ ਜਾਣਗੇ। ਮੈਨੂੰ ਯਕੀਨ ਹੋ ਗਿਆ। ਫੋਨ ਦੀ ਘੰਟੀ ਫੇਰ ਖੜਕੀ। ਉਹੀ ਨੰਬਰ ਸੀ। ਮੈਂ ਨਹੀਂ ਚੁੱਕਿਆ ਪਰ ਘੰਟੀ ਖੜਕਦੀ ਰਹੀ।

ਮੈਂ ਆਪਣੇ ਕਿਸੇ ਟੈਕਸ ਮਾਹਿਰ ਮਿੱਤਰ ਨੂੰ ਫੋਨ ਮਿਲਾਇਆ ਜਿਸ ਨੇ ਦੱਸਿਆ, "ਇਹ ਸਕੈਮ ਹੈ ਜੋ ਸਾਈਬਰ ਕ੍ਰਾਈਮ ਕਰਨ ਵਾਲੇ ਚਾਤਰ ਲੋਕ ਭਲੇ ਲੋਕਾਂ ਦੀ ਆਈ ਡੀ ਚੋਰੀ ਕਰ ਕੇ ਠੱਗੀਆਂ ਮਾਰਦੇ ਹਨ।" ਮੇਰੀ ਬੇਨਤੀ ਤੇ ਉਸ ਨੇ ਹਾਮੀ ਭਰ ਦਿੱਤੀ ਕਿ ਉਹ 210-424-2344 ਨੰਬਰ 'ਤੇ ਟੈਲੀਫੋਨ ਕਰ ਕੇ ਦਰਿਆਫਤ ਕਰੇਗਾ। ਦੋ ਚਾਰ ਮਿੰਟ ਵਿਚ ਉਸ ਦਾ ਵਾਪਸੀ ਫੋਨ ਆ ਗਿਆ, "ਇਹ ਨੰਬਰ ਬਨਾਉਟੀ ਜਾਪਦਾ ਹੈ। ਮੈਂ ਉਸ ਨੰਬਰ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਮਿਲਦਾ ਨਹੀਂ ਜਾਂ ਵਾਰ ਵਾਰ ਕੱਟਿਆ ਜਾ ਰਿਹਾ ਹੈ। ਨੰਬਰ ਗੂਗਲ-ਸਰਚ 'ਤੇ ਪਾ ਕੇ ਤੁਸੀਂ ਆਪ ਅਸਲੀ ਨਕਲੀ ਦੀ ਪਹਿਚਾਣ ਕਰ ਸਕਦੇ ਹੋ।"

ਮੈਂ ਸਿੱਧਾ ਫੋਨ ਮਿਲਾਇਆ। ਜਵਾਬ ਸੀ, "ਇਹ ਨੰਬਰ ਵਰਤੋਂ ਵਿਚ ਨਹੀਂ।" ਚੰਗਾ ਭਲਾ ਚੱਲਦਾ ਨੰਬਰ ਗਾਇਬ ਹੋ ਗਿਆ! ਠੱਗੀ ਸਾਹਮਣੇ ਆ ਗਈ।

ਮੈਂ ਗੂਗਲ-ਸਰਚ 'ਤੇ ਨੰਬਰ ਪਾਇਆ। ਲਾਲ ਅੱਖਰਾਂ ਵਿਚ ਲਿਖਿਆ ਆ ਰਿਹਾ ਸੀ, "ਤੁਹਾਡੇ ਨਾਂ ਵਾਰੰਟ ਗ੍ਰਿਫਤਾਰੀ ਜਾਰੀ ਹੋ ਚੁੱਕੇ ਹਨ ਤੇ ਤੁਸੀਂ ਇਸ ਬਾਰੇ ਸਾਵਧਾਨ ਹੋ ਜਾਓ। ਤੁਹਾਡੇ ਦਰ 'ਤੇ ਪੁਲਿਸ ਵਾਲੇ ਪਹੁੰਚਣ ਵਾਲੇ ਹਨ।" ਸਕਰੀਨ ਤੇ ਲਾਲ ਪੱਟੀ ਚੱਲ ਰਹੀ ਸੀ ਤੇ ਥੱਲੇ ਲਿਖਿਆ ਸੀ, "ਇਹ ਸਕੈਮ ਹੈ। ਤੁਸੀਂ ਚਾਹੋ ਤਾਂ ਇਸ ਬਾਰੇ ਸਾਈਬਰ-ਕ੍ਰਾਈਮ ਬਰਾਂਚ ਨੂੰ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਬਚ ਗਏ ਹੋ ਤਾਂ ਹੋਰਾਂ ਨੂੰ ਵੀ ਸਾਵਧਾਨ ਕਰੋ।" ਮੇਰਾ ਸਾਹ ਵਿਚ ਸਾਹ ਆਇਆ।

# ਸੁਰੱਈਆ

*(ਪਿਛਲੇ ਸਫੇ ਦੀ ਬਾਕੀ)*

'ਤੇ ਰਹਿਮ ਆ ਗਿਆ ਸੀ। ਫਿਰ ਕੁਝ ਸਕਿੰਟਾਂ ਪਿੱਛੋਂ ਡਾਕਟਰ ਆਫਤਾਬ ਨੂੰ ਫੋਨ ਕੀਤਾ। ਪਤਾ ਲੱਗਿਆ, ਕਿਤੇ ਬਾਹਰ ਗਏ ਹੋਏ ਨੇ। ਇਕ ਪਲ ਲਈ ਮਿਸਿਜ਼ ਚੱਕਰਵਰਤੀ ਦੇ ਚਿਹਰੇ 'ਤੇ ਫਿਕਰ ਦੇ ਚਿੰਨ੍ਹ ਦਿਖਾਈ ਦਿੱਤੇ। ਇਸ ਨੇ ਫਿਰ ਡਾਕਟਰ ਨੌਸ਼ਾਦ ਨੂੰ ਫੋਨ ਕੀਤਾ। ਮੌਕੇ 'ਤੇ ਡਾਕਟਰ ਨੌਸ਼ਾਦ ਹਾਜ਼ਰ ਸਨ। ਉਹ ਆ ਗਏ ਅਤੇ ਅਜੇ ਐਕਸਰੇ ਰਿਪੋਰਟ ਦੇਖ ਹੀ ਰਹੇ ਸਨ ਕਿ ਡਾਕਟਰ ਆਫਤਾਬ ਵੀ ਆ ਗਏ। ਸਾਰੇ ਨੁਸਖਿਆਂ ਦੀ ਫਿਰ ਜਾਂਚ ਕੀਤੀ ਗਈ। ਡਾਕਟਰ ਨੌਸ਼ਾਦ ਦੀ ਸਲਾਹ ਨਾਲ ਇਕ ਹੋਰ ਨੁਸਖਾ ਲਿਖਿਆ ਗਿਆ।

ਇਕ ਗੱਲ ਜ਼ਰੂਰ ਹੈ ਕਿ ਹੁਣ ਮੈਂ ਇਨ੍ਹਾਂ ਦਵਾਈਆਂ ਨਾਲ ਆਪਣੇ ਆਪ ਨੂੰ ਪਹਿਲਾਂ ਨਾਲੋਂ ਚੰਗਾ ਸਮਝ ਰਹੀ ਹਾਂ। ਸ਼ਾਇਦ ਸ਼ਮ੍ਹਾਂ ਦੇ ਬੁਝਣ ਦਾ ਸਮਾਂ ਨੇੜੇ ਹੋਵੇ ਜਾਂ ਤੇਰੀਆਂ ਦੁਆਵਾਂ ਦਾ ਅਸਰ ਹੋਵੇ। ਕੁਝ ਵੀ ਹੋਵੇ... ਇਕ ਵਾਰ ਮੈਨੂੰ ਮਿਲਣ ਤਾਂ ਆ ਜਾ।

ਤੇਰੀ ਸੁਰੱਈਆ।

---

ਚੰਗੀ ਸ਼ਾਹਦਾ!

ਖੁਸ਼ ਰਹੋ।

ਤੇਰੀ ਲੰਬੀ ਚਿੱਠੀ ਮਿਲੀ। ਤੂੰ ਇਹ ਖੁਸ਼ਖਬਰੀ ਸੁਣਾਈ ਹੈ ਕਿ ਉਹ (ਖਾਵੰਦ) ਅਮਰੀਕਾ ਤੋਂ ਆ ਰਹੇ ਹਨ। ਮੁਬਾਰਕਾਂ ਹੋਣ। ਤੇਰਾ ਭਰਾ ਵੱਡਾ ਡਾਕਟਰ ਬਣ ਕੇ ਆ ਰਿਹਾ ਹੈ ਅਤੇ ਨਾਲ ਹੀ ਤੇਰੇ ਵਾਸਤੇ ਸੁੰਦਰ ਭਾਬੀ ਵੀ ਲਿਆ ਰਿਹਾ ਹੋਵੇਗਾ। ਜਿਵੇਂ ਸਵੇਰ ਵੇਲੇ ਕੋਈ ਸ਼ਮ੍ਹਾਂ ਨੂੰ ਕਹੇ ਕਿ ਸੂਰਜ ਨਿਕਲਣ ਵਾਲਾ ਹੈ ਅਤੇ ਉਹ ਥਰਥਰਾ ਕੇ ਦਮ ਤੋੜ ਦੇਵੇ, ਇਹੀ ਹਾਲ ਮੇਰਾ ਇਸ ਖ਼ਬਰ ਨੂੰ ਸੁਣ ਕੇ ਹੋਇਆ ਹੈ। ਦੇਖੋ ਜ਼ਿੰਦਗੀ ਦੀ ਲੋਅ ਕੰਬ ਰਹੀ ਹੈ। ਅੱਖਾਂ ਵਿਚ ਹਨੇਰਾ ਤਾਂ ਉਸੇ ਦਿਨ ਛਾ ਗਿਆ ਸੀ ਜਿਸ ਦਿਨ ਉਨ੍ਹਾਂ ਦੇ ਦੂਜੇ ਵਿਆਹ ਦੀ ਖ਼ਬਰ ਭੇਜੀ ਸੀ।

ਹਾਂ, ਤੈਨੂੰ ਦੇਖਣ ਦੀ ਤਮੰਨਾ ਵੀ ਰਹਿੰਦੀ ਜਾਂਦੀ ਹੈ। ਤੂੰ ਲਿਖਿਆ ਹੈ ਕਿ ਇੱਕੀ ਜਨਵਰੀ ਨੂੰ ਸਵੇਰੇ ਪਹਿਲੀ ਕਿਰਨ ਦੇ ਨਾਲ ਤੂੰ ਇਨ੍ਹਾਂ ਨੂੰ ਲੈ ਕੇ ਮੇਰੇ ਸਾਹਮਣੇ ਹਾਜ਼ਰ ਹੋਵੇਂਗੀ। ਕਿੰਨੀ ਭੋਲੀ ਏਂ ਤੂੰ, ਕੀ ਮੈਂ ਉਹ ਮਨਹੂਸ ਸਵੇਰਾ ਦੇਖ ਸਕਾਂਗੀ? ਨਹੀਂ ਕਦੇ ਨਹੀਂ। ਮੈਂ ਇਨ੍ਹਾਂ ਅੱਖਾਂ ਨਾਲ ਉਸ ਨੂੰ ਕਿਸੇ ਹੋਰ ਨਾਲ ਦੇਖਾਂ, ਇਹ ਕਿਵੇਂ ਹੋ ਸਕਦਾ ਹੈ? ਜੇ ਇਹ ਹੋ ਸਕਦਾ ਹੈ ਤਾਂ ਫਿਰ ਤੇਰੇ ਕੋਲੋਂ ਦੂਰ ਪਈ ਖ਼ੂਨ ਕਿਉਂ ਥੁੱਕਦੀ? ਤੂੰ ਕਿੰਨੀ ਕਠੋਰ ਚਿੱਤ ਏਂ। ਕਿੰਨਾ ਸੁਆਦ ਲੈ ਲੈ ਕੇ ਇਹ ਖ਼ਬਰ ਸੁਣਾ ਰਹੀ ਏਂ। ਸ਼ਾਇਦ ਮੇਰੀ ਬਿਮਾਰ ਜ਼ਿੰਦਗੀ ਤੋਂ ਅੱਕ ਚੁੱਕੀ ਏਂ। ਡਾਕਟਰ ਵੀ ਪ੍ਰੇਸ਼ਾਨ ਨੇ। ਭੈੜੀ ਕਿਸਮਤ ਵਾਲਾ ਜ਼ਿੰਦਗੀ ਦਾ ਇਹ ਦੀਵਾ ਐਨੇ ਤੂਫਾਨਾਂ ਵਿਚ ਟਿਮਟਿਮਾਈ ਜਾਂਦਾ ਹੈ ਪਰ ਹੁਣ ਤਸੱਲੀ ਰੱਖ। ਤੂੰ ਜਦੋਂ ਇਥੇ ਆਵੇਂਗੀ ਤਾਂ ਮਿਲਣ ਦਾ ਇਹ ਦੀਵਾ ਬੁਝ ਚੁੱਕਿਆ ਹੋਵੇਗਾ। ਜੋਤ ਬੁਝ ਚੁੱਕੀ ਹੋਵੇਗੀ। ਸਮਾਂ ਪੂਰਾ ਹੋ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ। ਇਸ ਵਿਚ ਕਿਸੇ ਦਾ ਕੀ ਦੋਸ਼? ਮੈਂ ਤਾਂ ਇਸ ਨੂੰ ਵੀ ਕਸੂਰਵਾਰ ਨਹੀਂ ਸਮਝਦੀ। ਆਪਣੀ ਹੀ ਜ਼ਿੰਦਗੀ ਗੁਨਾਹਗਾਰ ਨਜ਼ਰ ਆਉਂਦੀ ਹੈ। ਉਨ੍ਹਾਂ ਨੂੰ ਕਹੀਂ, ਮੈਨੂੰ ਮੁਆਫ ਕਰ ਦੇਣ। ਮੈਂ ਉਨ੍ਹਾਂ ਦੇ ਸਵਾਗਤ ਦੇ ਕਾਬਲ ਨਹੀਂ।



ਇਸ ਲਈ ਉਨ੍ਹਾਂ ਦੇ ਜਸ਼ਨ ਮਨਾਏ ਬਿਨਾਂ ਹੀ ਚਲੀ ਜਾਵਾਂਗੀ। ਤੇਰੇ ਕਿੰਨੇ ਅਹਿਸਾਨ ਹਨ ਮੇਰੇ 'ਤੇ। ਇਹ ਮਰ ਕੇ ਵੀ ਨਾ ਭੁੱਲਾਂਗੀ। ਹੋ ਸਕੇ ਤਾਂ ਮੇਰੀਆਂ ਗੱਲਾਂ ਨੂੰ ਆਈ ਗਈ ਕਰ ਦੇਣਾ। ਅਸਲਮ ਭਾਈ ਨੂੰ ਮੇਰਾ ਆਖਰੀ ਸਲਾਮ ਕਹੀਂ।

ਸ਼ਾਹਦਾ, ਮੇਰੀ ਮਿੱਟੀ ਇਥੇ ਨਾ ਸੁੱਟੀ ਜਾਵੇ। ਬੱਸ ਆਖਰੀ ਇੱਛਾ ਇਹੋ ਹੈ ਕਿ ਬਾਗ ਦੇ ਉਸ ਕੋਨੇ ਵਿਚ ਦੱਬ ਦੇਣਾ ਜਿਥੇ ਉਹ ਜੂਹੀ ਦਾ ਪੌਦਾ ਹੈ ਜੋ ਵਿਆਹ ਦੇ ਦੂਜੇ ਹੀ ਦਿਨ ਮੈਂ ਤੇਰੇ ਭਰਾ ਨਾਲ ਮਿਲ ਕੇ ਲਾਇਆ ਸੀ ਅਤੇ ਉਨ੍ਹਾਂ ਨੇ ਮੇਰਾ ਮਹਿੰਦੀ ਰੰਗਿਆ ਹੱਥ ਆਪਣੇ ਹੱਥਾਂ ਵਿਚ ਫੜ ਕੇ ਇਕੱਠਿਆਂ ਮਰਨ-ਜਿਉਣ ਦੀਆਂ ਸਹੁੰਆਂ ਖਾਧੀਆਂ ਸਨ। ਉਹ ਮੁੱਢ ਸੀ ਅਤੇ ਇਹ ਅਖ਼ੀਰ ਹੈ। ਚੰਗਾ ਹੁਣ ਵਿਦਾ ਹੋ ਰਹੀ ਹਾਂ। ਖ਼ੁਦਾ ਹਾਫ਼ਿਜ਼!

ਨਸੀਬਾਂ ਵਿਚ ਪਤਝੜ ਵਾਲੀ,

ਸੁਰੱਈਆ।

---

ਭਾਈ ਜਾਨ,

ਸਲਾਮ।

ਤੁਸੀਂ ਅਮਰੀਕਾ ਤੋਂ ਆ ਕੇ ਦਿੱਲੀ ਠਹਿਰ ਗਏ। ਚੰਗਾ ਹੀ ਕੀਤਾ। ਮਰਨ ਵਾਲੀ ਨਾਲ ਆਪ ਦਾ ਵੀ ਕੀ ਸਬੰਧ ਸੀ ਕਿ ਉਸ ਦੀ ਮਿੱਟੀ 'ਤੇ ਦੋ ਮੁੱਠਾਂ ਮਿੱਟੀ ਦੀਆਂ ਪਾ ਦੇਣ ਲਈ ਆ ਜਾਂਦੇ। ਤੁਹਾਡਾ ਤਾਰ ਮਿਲਦਿਆਂ ਹੀ ਭਾਬੀ ਨੂੰ ਜੋ ਮਹੀਨਿਆਂ ਤੋਂ ਸੈਨੀਟੋਰੀਅਮ ਵਿਚ ਪਈ ਸ਼ਾਇਦ ਇਸੇ ਖ਼ਬਰ ਦੀ ਉਡੀਕ ਕਰ ਰਹੀ ਸੀ, ਮੈਂ ਲਿਖਿਆ ਸੀ ਕਿ ਇੱਕੀ ਜਨਵਰੀ ਨੂੰ ਤੁਹਾਨੂੰ ਨਾਲ ਲੈ ਕੇ ਪਹੁੰਚ ਰਹੀ ਹਾਂ ਪਰ 18 ਜਨਵਰੀ ਨੂੰ ਦੂਜਾ ਤਾਰ ਮਿਲਿਆ ਜਿਸ ਤੋਂ ਪਤਾ ਲੱਗਿਆ ਕਿ ਤੁਸੀ ਇਕ ਹਫ਼ਤਾ ਦਿੱਲੀ ਹੀ ਠਹਿਰੋਗੇ। ਵੀਹ ਜਨਵਰੀ ਨੂੰ ਡਾਕਟਰ ਆਫ਼ਤਾਬ ਦਾ ਫੋਨ ਆਇਆ ਕਿ ਸੁਰੱਈਆ ਦੀ ਹਾਲਤ ਖ਼ਰਾਬ ਹੈ। ਮੈਂ ਉਸੇ ਰਾਤ ਦੀ ਗੱਡੀ 'ਤੇ ਚੱਲ ਪਈ। ਇਕ ਜਨਵਰੀ ਨੂੰ ਸਵੇਰੇ ਸੱਤ ਵਜੇ ਸੈਨੀਟੋਰੀਅਮ ਪਹੁੰਚੀ। ਉਥੇ ਇਕ ਬਦਨਸੀਬ ਪਰ ਵਫ਼ਾਦਾਰ ਦੂਜਿਆਂ ਦੇ ਗੁਨਾਹਾਂ ਨੂੰ ਦਿਲ ਵਿਚ ਛੁਪਾ ਕੇ ਸਦੀਵੀ ਨੀਂਦ ਸੌਂ ਰਹੀ ਸੀ। ਡਾਕਟਰ ਨੌਸ਼ਾਦ ਨੇ ਦੱਸਿਆ ਕਿ ਰਾਤ ਦੋ ਵਜੇ ਦਿਲ ਵਿਚ ਦਰਦ ਹੋਇਆ। ਖ਼ੂਨ ਦੀ ਉਲਟੀ ਆਈ ਅਤੇ ਸ਼ਮ੍ਹਾਂ ਸਵੇਰਾ ਹੋਣ ਤੋਂ ਪਹਿਲਾਂ ਹੀ ਬੁਝ ਗਈ। ਭਾਬੀ ਦੀ ਵਸੀਅਤ ਅਨੁਸਾਰ ਮੈਂ ਉਸ ਦੀ ਦੇਹ ਨੂੰ ਇਥੇ ਲੈ ਆਈ ਅਤੇ ਪਤਝੜ ਵਾਲੀ ਜ਼ਿੰਦਗੀ ਵਾਲੀ ਸੁਹਾਗਣ ਆਪਣੇ ਹੱਥੀਂ ਲਗਾਏ ਜੂਹੀ ਦੇ ਪੌਦੇ ਹੇਠਾਂ ਆਰਾਮ ਨਾਲ ਸੌਂ ਰਹੀ ਹੈ। ਆਹ ਭਾਬੀ... ਸੁਰੱਈਆ।

ਗਮ ਨਸੀਬ ਭੈਣ,

ਸ਼ਾਹਦਾ।

# ਪਾਕਿਸਤਾਨ ਦੀ ਆਸਕਰ ਐਂਟਰੀ

## ਪੂਰੀ ਅੱਧੀ ਸਦੀ ਉਡੀਕ ਕਰਨੀ ਪਈ



'ਜ਼ਿੰਦਾ ਭਾਗ' ਵਿਚ ਨਸੀਰੁਦੀਨ।




'ਜ਼ਿੰਦਾ ਭਾਗ', 'ਚੰਬੇਲੀ', 'ਜੋਸ਼' ਅਤੇ 'ਲਮਹਾ' ਦੇ ਪੋਸਟਰ।

ਪੰਜ ਦਹਾਕਿਆਂ ਦੇ ਲੰਬੇ ਵਕਫ਼ੇ ਤੋਂ ਬਾਅਦ ਪਾਕਿਸਤਾਨੀ ਫਿਲਮ 'ਜ਼ਿੰਦਾ ਭਾਗ' ਨੇ ਆਸਕਰ ਐਵਾਰਡਸ ਲਈ ਐਂਟਰੀ ਪਾਈ ਹੈ। ਇਸ ਤੋਂ ਪਹਿਲਾਂ 1963 ਵਿਚ ਖਵਾਜ਼ਾ ਖੁਰਸ਼ੀਦ ਅਨਵਰ ਦੀ ਫਿਲਮ 'ਘੂੰਘਟ' ਅਤੇ 1959 ਵਿਚ ਅਖ਼ਤਰ ਕਰਦਾਰ ਦੀ ਫ਼ਿਲਮ 'ਜਾਗੋ ਹੂਆ ਸਵੇਰਾ' ਆਸਕਰ ਲਈ ਨਾਮਜ਼ਦ ਹੋਈਆਂ ਸਨ। ਐਤਕੀਂ ਆਕਸਰ ਨਾਮਜ਼ਦਗੀ ਲਈ ਚਾਰ ਫ਼ਿਲਮਾਂ ਵਿਚਕਾਰ ਤਿੱਖਾ ਮੁਕਾਬਲਾ ਸੀ। ਇਨ੍ਹਾਂ ਵਿਚ 'ਜ਼ਿੰਦਾ ਭਾਗ' ਤੋਂ ਇਲਾਵਾ 'ਚੰਬੇਲੀ', 'ਜੋਸ਼' ਅਤੇ 'ਲਮਹਾ' ਫਿਲਮਾਂ ਸ਼ਾਮਲ ਹਨ। ਇਸ ਨਾਮਜ਼ਦਗੀ ਦਾ ਫ਼ੈਸਲਾ ਫਿਲਮਸਾਜ਼ ਸ਼ਰਮੀਨ ਉਬੈਦ ਚਿਨੌਇ ਦੀ ਅਗਵਾਈ ਵਿਚ ਬਣਾਈ ਮਾਹਿਰਾਂ ਦੀ ਕਮੇਟੀ ਨੇ ਕੀਤਾ। ਸ਼ਰਮੀਨ ਉਹੀ ਕੁੜੀ ਹੈ ਜਿਸ ਨੇ ਦਸਤਾਵੇਜ਼ੀ ਫਿਲਮ 'ਸੇਵਿੰਗ ਫੇਸ' ਬਣਾਈ ਸੀ। ਇਸ ਫਿਲਮ ਨੂੰ ਐਮੀ ਅਤੇ ਅਕਾਦਮੀ ਪੁਰਸਕਾਰ ਮਿਲ ਚੁੱਕੇ ਹਨ। ਇਹ ਫਿਲਮ ਪਾਕਿਸਤਾਨ ਦੀਆਂ ਉਨ੍ਹਾਂ ਕੁੜੀਆਂ ਦੀ ਕਹਾਣੀ ਹੈ ਜਿਨ੍ਹਾਂ ਦੇ ਚਿਹਰੇ ਤੇਜ਼ਾਬ ਸੁਟ ਕੇ ਸਾੜ ਦਿੱਤੇ ਗਏ ਸਨ। ਇਸ ਫਿਲਮ ਨਾਲ ਪਾਕਿਸਤਾਨ ਵਿਚ ਕੁੜੀਆਂ ਨਾਲ ਹੋ ਰਹੀ ਇਸ ਵਧੀਕੀ ਦਾ ਮਾਮਲਾ ਕੌਮਾਂਤਰੀ ਪੱਧਰ ਉਤੇ ਚਰਚਾ ਵਿਚ ਆ ਗਿਆ ਸੀ।

'ਜ਼ਿੰਦਾ ਭਾਗ' ਫਿਲਮ ਪਾਕਿਸਤਾਨੀ ਫਿਲਮਸਾਜ਼ ਫਰਜਾਦ ਨਬੀ ਅਤੇ ਭਾਰਤੀ ਫਿਲਮਸਾਜ਼ ਮੀਨੂ ਗੋਡ ਨੇ ਰਲ ਕੇ ਬਣਾਈ ਹੈ। ਇਸ ਫਿਲਮ ਵਿਚ ਮੁੱਖ ਕਿਰਦਾਰ ਭਾਰਤੀ ਅਦਾਕਾਰ ਨਸੀਰੂਦੀਨ ਸ਼ਾਹ ਨੇ ਨਿਭਾਇਆ ਹੈ। ਨਿਰਮਾਤਾ ਮਜ਼ਹਰ ਜ਼ੈਦੀ ਦੀ ਇਸ ਫਿਲਮ ਦੀ ਹੀਰੋਇਨ ਖ਼ੂਬਸੂਰਤ ਮਾਡਲ ਮੁਟਿਆਰ ਆਮਨਾ ਇਲਿਆਸ ਹੈ। ਲਾਹੌਰ ਦੀ ਰਹਿਣ ਵਾਲੀ ਆਮਨਾ ਇਲਿਆਸ ਦੀ ਇਹ ਪਹਿਲੀ ਹੀ ਫਿਲਮ ਹੈ। ਇਸ ਫਿਲਮ ਦੀ ਨਾਮਜ਼ਦਗੀ ਬਾਰੇ ਫੈਸਲਾ ਮਸ਼ਹੂਰ ਕਿਤਾਬ 'ਦਿ ਰਿਲੱਕਟੈਂਟ ਫੰਡਾਮੈਂਟਲਿਜ਼ਮ' (ਇਸ ਕਿਤਾਬ 'ਤੇ ਫਿਲਮ ਵੀ ਬਣ ਚੁੱਕੀ ਹੈ) ਦੀ ਲੇਖਕਾ ਮੋਹਿਸਨ ਹਮੀਦ, ਫਿਲਮਸਾਜ਼ ਮਹਿਰੀਨ ਜੱਬਾਰ ('ਰਾਮਚੰਦ ਪਾਕਿਸਤਾਨੀ' ਫੇਮ), ਲੇਖਕ ਤੇ ਅਦਾਕਾਰ ਰਾਹਤ ਕਾਜ਼ਮੀ, ਫਿਲਮਸਾਜ਼ ਅਕੀਫ਼ਾ ਮੀਆਂ, ਬਜ਼ੁਰਗ ਅਦਾਕਾਰਾ ਸਮੀਨਾ ਪੀਰਜ਼ਾਦਾ ਅਤੇ ਕਲਾ ਅਕਾਦਮੀਸ਼ੀਅਨ ਫਰਾਮਜੀ ਮਿਨਵਾਲਾ ਨੇ ਕੀਤਾ। 'ਜ਼ਿੰਦਾ ਭਾਗ' ਮੁੱਖ ਰੂਪ ਵਿਚ ਗੈਰ-ਕਾਨੂੰਨੀ ਪਰਵਾਸ ਬਾਰੇ ਹੈ। ਇਹ ਫਿਲਮ ਤਿੰਨ ਨੌਜਵਾਨਾਂ ਦੀ ਕਹਾਣੀ ਹੈ ਜੋ ਵਿਦੇਸ਼ ਜਾਣਾ ਚਾਹੁੰਦੇ ਹਨ। ਇਹ ਕਿਰਦਾਰ ਖੁਰਮ ਪਤਰਾਸ, ਸਲਮਾਨ ਅਹਿਮਦ ਖਾਨ ਅਤੇ ਜ਼ੋਹੇਬ ਨੇ ਬਾਖ਼ੂਬੀ ਨਿਭਾਏ ਹਨ। ਇਹ ਫਿਲਮ ਹੁਣੇ-ਹੁਣੇ 20 ਸਤੰਬਰ ਨੂੰ ਹੀ ਰਿਲੀਜ਼ ਹੋਈ ਹੈ ਅਤੇ ਇਸ ਦਾ ਰੰਗ ਮੁੱਖ ਰੂਪ ਵਿਚ ਕਾਮੇਡੀ ਹੈ। ਇਹ ਫਿਲਮ ਉਰਦੂ ਅਤੇ ਪੰਜਾਬੀ ਵਿਚ ਤਿਆਰ ਕੀਤੀ ਗਈ ਹੈ।

### ਪਾਕਿਸਤਾਨੀ ਸਿਨੇਮਾ ਲੀਹ ਉਤੇ

ਪਿਛਲੇ ਕੁਝ ਸਾਲਾਂ ਦੌਰਾਨ ਪਾਕਿਸਤਾਨੀ ਸਿਨੇਮਾ ਮੁੜ ਲੀਹ ਉਤੇ ਚੜ੍ਹ ਰਿਹਾ ਹੈ। ਕੁਝ ਕੁ ਸਾਲਾਂ ਵਿਚ ਹੀ 21 ਤੋਂ ਵੀ ਵਧੇਰੇ ਫਿਲਮਾਂ ਪਾਕਿਸਤਾਨ ਵਿਚ ਬਣੀਆਂ ਹਨ। ਇਨ੍ਹਾਂ ਵਿਚ ਉਰਦੂ ਅਤੇ ਪੰਜਾਬੀ ਫਿਲਮਾਂ ਤੋਂ ਇਲਾਵਾ ਪਸ਼ਤੋ ਭਾਸ਼ਾ ਦੀਆਂ ਫਿਲਮਾਂ ਵੀ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਦਹਿਸ਼ਤਪਸੰਦਾਂ ਨੇ ਇਸਲਾਮ ਅਤੇ ਜਹਾਦ ਦੇ ਨਾਂ ਹੇਠ ਫਿਲਮਾਂ ਉਤੇ ਪਾਬੰਦੀ ਲਾਈ ਹੋਈ ਸੀ। ਹੁਣ ਦਹਿਸ਼ਤਪਸੰਦਾਂ ਦੀ ਪਕੜ ਕੁਝ ਕੁ ਕਮਜ਼ੋਰ ਪੈਣ ਨਾਲ ਪਾਕਿਸਤਾਨ ਵਿਚ ਸਿਨੇਮਾ ਨੂੰ ਸਾਹ ਆਉਣ ਲੱਗਾ ਹੈ। ਸ਼ਹਿਰਾਂ ਵਿਚ ਮਲਟੀਪਲੈਕਸ ਵੀ ਬਣਨ ਲੱਗੇ ਹਨ। ਦੇਸ਼ ਦੀ ਰਾਜਧਾਨੀ ਇਸਲਾਮਾਬਾਦ ਵਿਚ ਪੂਰੇ ਦਸ ਸਾਲ ਦੇ ਵਕਫ਼ੇ ਪਿੱਛੋਂ ਸਿਨੇਮਾਘਰ ਬਣਿਆ ਹੈ।



ਅਦਾਕਾਰਾ ਆਮਨਾ ਇਲਿਆਸ

# ਰਿਚਾ ਚੱਢਾ ਦੇ 'ਰਾਮਲੀਲ੍ਹਾ' ਰੀਟੇਕ ਦੀ ਦਾਸਤਾਨ

ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਆਪਣੀ ਨਵੀਂ ਫਿਲਮ 'ਰਾਮਲੀਲ੍ਹਾ' ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਕਰ ਰਹੇ ਹਨ। ਸ਼ੂਟਿੰਗ ਦੌਰਾਨ ਅਦਾਕਾਰਾ ਰਿਚਾ ਚੱਢਾ ਤੋਂ ਇਕ ਦ੍ਰਿਸ਼ ਲਈ ਪੂਰੇ 21 ਟੇਕ ਲਏ ਗਏ ਅਤੇ ਇਸ ਇਕ ਦ੍ਰਿਸ਼ ਉਤੇ ਪੂਰਾ ਦਿਨ ਲੱਗ ਗਿਆ। ਇਸ ਦ੍ਰਿਸ਼ ਵਿਚ ਉਸ ਨਾਲ ਅਦਾਕਾਰਾ ਦੀਪਿਕਾ ਪਾਦੂਕੋਣ ਵੀ ਸੀ। ਰਿਚਾ ਮੁਤਾਬਕ- "ਪੂਰਾ ਦਿਨ ਇਸ ਇਕ ਦ੍ਰਿਸ਼ ਲਈ ਸ਼ੂਟਿੰਗ ਹੁੰਦੀ ਰਹੀ ਅਤੇ ਦਿਨ ਦੇ ਅਖੀਰ ਵਿਚ 21 ਟੇਕ ਤੋਂ ਬਾਅਦ ਦ੍ਰਿਸ਼ ਪੂਰਾ ਹੋ ਸਕਿਆ। ਸੰਜੇ ਲੀਲਾ ਭੰਸਾਲੀ ਬੜੇ ਪ੍ਰਫੈਕਸ਼ਨਿਸਟ ਨਿਰਦੇਸ਼ਕ ਹਨ। ਜਦੋਂ ਕੋਈ ਦ੍ਰਿਸ਼ ਵੱਡਾ ਹੋਵੇ ਤਾਂ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ।" ਰਿਚਾ ਕੋਲ ਇਸ ਵੇਲੇ 'ਰਾਮਲੀਲ੍ਹਾ' ਤੋਂ ਇਲਾਵਾ 'ਬੈਡ' ਅਤੇ 'ਇਸ਼ਕੇਰੀਆ' ਫਿਲਮਾਂ ਵੀ ਹਨ। ਹੁਣ ਤੱਕ ਰਿਚਾ ਫਿਲਮਾਂ ਵਿਚ ਤੜਕ-ਭੜਕ ਵਾਲੇ ਰੂਪ ਵਿਚ ਹੀ ਨਜ਼ਰ ਆਈ ਹੈ ਪਰ ਇਨ੍ਹਾਂ ਦੋਹਾਂ ਫਿਲਮਾਂ ਵਿਚ ਉਹ ਸ਼ਰਮੀਲੀ ਮੁਟਿਆਰ ਦਾ ਰੋਲ ਨਿਭਾਅ ਰਹੀ ਹੈ। ਉਸ ਦੀ ਇਕ ਹੋਰ ਫਿਲਮ 'ਜਿਆਹ ਔਰ ਜਿਆਹ' ਫਿਲਮ ਬਾਰੇ ਐਲਾਨ ਹੋ ਚੁੱਕਾ ਹੈ। ਰਿਚਾ ਪਹਿਲਾਂ-ਪਹਿਲ ਮਾਡਲਿੰਗ ਦੇ ਖੇਤਰ ਵਿਚ ਆਈ ਸੀ। ਫਿਰ ਉਹ ਥਿਏਟਰ ਨਾਲ ਜੁੜ ਗਈ ਅਤੇ ਫਿਰ ਉਹਨੇ ਫਿਲਮਾਂ ਵੱਲ ਰੁਖ ਕੀਤਾ। ਉਹ 2008 ਵਿਚ ਪਹਿਲੀ ਵਾਰ ਫਿਲਮ 'ਓਏ ਲੱਕੀ! ਲੱਕੀ ਓਏ' ਨਾਲ ਫਿਲਮੀ ਦੁਨੀਆਂ ਵਿਚ ਆਈ ਸੀ। ਇਸ ਤੋਂ ਬਆਦ 'ਬੇਨੀ ਐਂਡ ਬਬਲੂ' (2010) ਨਾਲ ਉਸ ਦੀ ਗੱਡੀ ਰੁੜ੍ਹੀ। ਫਿਰ 2012 ਵਿਚ 'ਗੈਂਗਸ ਆਫ ਵਾਸੇਪੁਰ-1' ਅਤੇ 'ਗੈਂਗਸ ਆਫ ਵਾਸੇਪੁਰ-2' ਨਾਲ ਉਸ ਦੀ ਚਰਚਾ ਹੋਈ। ਇਨ੍ਹਾਂ ਦੋਹਾਂ ਫਿਲਮਾਂ ਵਿਚ ਉਸ ਦੀ ਅਦਾਕਾਰੀ ਦੀ ਬੜੀ ਪ੍ਰਸ਼ੰਸਾ ਹੋਈ। 'ਗੈਂਗਸ ਆਫ ਵਾਸੇਪੁਰ-1' ਲਈ ਤਾਂ ਉਸ ਨੂੰ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਵੀ ਮਿਲਿਆ। 'ਫੁਕਰੇ' ਅਤੇ 'ਸ਼ੌਰਟਸ' ਨਾਂ ਦੀਆਂ ਦੋ ਫਿਲਮਾਂ ਇਸੇ ਸਾਲ 2013 ਵਿਚ ਰਿਲੀਜ਼ ਹੋਈਆਂ ਹਨ।



ਰਿਚਾ ਚੱਢਾ

# ਪੇਂਟਰ ਬਾਬਾ ਐਮ.ਐਫ. ਹੁਸੈਨ 'ਤੇ ਫਿਲਮ



ਮਕਬੂਲ ਫਿਦਾ ਹੁਸੈਨ



ਬਰਖਾ ਰਾਏ

ਮਸ਼ਹੂਰ ਚਿੱਤਰਕਾਰ ਮਕਬੂਲ ਫਿਦਾ ਹੁਸੈਨ ਦੀ ਜ਼ਿੰਦਗੀ ਅਤੇ ਕਲਾ ਨੂੰ ਆਧਾਰ ਬਣਾ ਕੇ ਚਿੱਤਰਕਾਰਾ ਅਤੇ ਫ਼ਿਲਮਸਾਜ਼ ਬਰਖਾ ਰਾਏ ਫ਼ਿਲਮ ਬਣਾ ਰਹੀ ਹੈ। ਅਦਾਕਾਰਾ ਰੀਨਾ ਰਾਏ ਦੀ ਛੋਟੀ ਭੈਣ ਬਰਖਾ ਰਾਏ ਨੇ ਇਸ ਫਿਲਮ ਦਾ ਨਾਂ 'ਮਾਈ ਫ੍ਰੈਂਡ ਹੁਸੈਨ' ਰੱਖਿਆ ਹੈ। ਬਰਖਾ ਰਾਏ ਦੱਸਦੀ ਹੈ, "ਹੁਸੈਨ ਸਾਹਿਬ ਸਿਰਫ ਪੇਂਟਰ ਹੀ ਨਹੀਂ ਸਨ, ਉਨ੍ਹਾਂ ਦਾ ਜੀਵਨ ਬੜਾ ਵਿਲੱਖਣ ਸੀ। ਉਨ੍ਹਾਂ ਦੀ ਚਰਚਾ ਭਾਵੇਂ ਕਈ ਚਿੱਤਰਾਂ ਪਿੱਛੇ ਹੋਏ ਵਿਵਾਦਾਂ ਕਾਰਨ ਹੋਈ ਪਰ ਉਹ ਬਹੁਤ ਜ਼ਿੰਦਾ-ਦਿਲ ਇਨਸਾਨ ਸਨ। ਉਨ੍ਹਾਂ ਮੇਰੀ ਫਿਲਮ 'ਸਨਮ ਤੇਰੀ ਕਸਮ' ਦੇਖੀ ਸੀ ਅਤੇ ਇਸ ਬਾਰੇ ਗੱਲਾਂ ਵੀ ਕੀਤੀਆਂ ਸਨ।"

'ਮਾਈ ਫ੍ਰੈਂਡ ਹੁਸੈਨ' ਲਈ ਬਰਖਾ ਰਾਏ ਹੁਸੈਨ ਦੇ ਪਿੰਡ ਪੰਡਰਪੁਰ (ਮਹਾਰਾਸ਼ਟਰ) ਗਈ ਅਤੇ ਉਥੇ ਉਨ੍ਹਾਂ ਦੇ ਮਿੱਤਰਾਂ- ਰਾਮ ਕੁਮਾਰ ਅਤੇ ਐਚ.ਐਸ. ਰਜ਼ਾ ਨੂੰ ਮਿਲੀ। ਇਸ ਤੋਂ ਇਲਾਵਾ ਫਿਲਮ ਲਈ ਚਿੱਤਰਕਾਰ ਜਤਿਨ ਦਾਸ ਅਤੇ ਹੋਰਾਂ ਨਾਲ ਮੁਲਾਕਾਤਾਂ ਕੀਤੀਆਂ। ਇਸ ਫਿਲਮ ਵਿਚ ਹੁਸੈਨ ਦਾ ਕਿਰਦਾਰ ਰਾਜਸਥਾਨ ਦੇ ਥਿਏਟਰ ਅਦਾਕਾਰ ਜਤਿਨ ਸ਼ਰਮਾ ਨੇ ਨਿਭਾਇਆ ਹੈ। ਇਸ ਅਦਾਕਾਰ ਨੂੰ ਲੱਭਣ ਲਈ ਬਰਖਾ ਨੇ ਤਕਰੀਬਨ 100 ਅਦਾਕਾਰਾਂ ਦਾ ਸਕਰੀਨ ਟੈਸਟ ਲਿਆ। ਬਰਖਾ ਦਾ ਦਾਅਵਾ ਹੈ ਕਿ ਜਤਿਨ ਸ਼ਰਮਾ ਦਾ ਕੱਦ, ਚਿਹਰਾ ਆਦਿ ਹੁਸੈਨ ਨਾਲ ਬਹੁਤ ਮਿਲਦਾ-ਜੁਲਦਾ ਹੈ। ਜਤਿਨ ਦੀ ਉਮਰ ਮਹਿਜ਼ 23 ਸਾਲ ਹੈ ਪਰ ਫ਼ਿਲਮ ਵਿਚ ਉਸ ਨੂੰ ਸਫੈਦ ਵਾਲਾਂ ਵਾਲੀ ਵਿੱਗ ਅਤੇ ਸਫੈਦ ਦਾੜ੍ਹੀ ਲਗਾ ਕੇ ਵੱਡੀ ਉਮਰ ਦੇ ਹੁਸੈਨ ਦੀ ਭੂਮਿਕਾ ਵਿਚ ਪੇਸ਼ ਕੀਤਾ ਗਿਆ ਹੈ। ਬਰਖਾ ਨੂੰ ਵਿਸ਼ਵਾਸ ਹੈ ਕਿ ਜਤਿਨ ਐਮ.ਐਫ. ਹੁਸੈਨ ਦੀ ਭੂਮਿਕਾ ਨਾਲ ਨਿਆਂ ਕਰੇਗਾ। ਬਰਖਾ ਨੇ ਇਸ ਫਿਲਮ ਵਿਚ ਇਕ ਗੀਤ ਵੀ ਪੇਸ਼ ਕੀਤਾ ਹੈ। ਇਹ ਗੀਤ ਇਸ ਫਿਲਮ ਦੇ ਸੰਗੀਤਕਾਰ ਸ਼ਬਾਬ ਸਾਬਰੀ ਨੇ ਗਾਇਆ ਹੈ। ਇਸ ਗੀਤ ਦੀ ਸ਼ੂਟਿੰਗ ਹਜ਼ਰਤ ਨਿਜ਼ਾਮੂਦੀਨ ਦੀ ਦਰਗਾਹ ਉਤੇ ਕੀਤੀ ਗਈ ਹੈ। ਕਿਸੇ ਵੇਲੇ ਬਰਖਾ ਨੇ ਆਪਣੀ ਭੈਣ ਲਈ ਫਿਲਮ 'ਸਨਮ ਤੇਰੀ ਕਸਮ' ਬਣਾਈ ਸੀ। ਉਸ ਨੇ ਮਸ਼ਹੂਰ ਫਿਲਮਸਾਜ਼ ਕਮਾਲ ਅਮਰੋਹੀ ਦੇ ਪੁੱਤਰ ਮਰਹੂਮ ਸ਼ਾਨਦਾਰ ਅਮਰੋਹੀ ਅਤੇ ਉਸ ਦੀ ਮਤਰੇਈ ਮਾਂ ਮੀਨਾ ਕੁਮਾਰੀ ਬਾਰੇ ਕਿਤਾਬ 'ਫਰੌਮ ਨੋਵੇਅਰ ਟੂ ਸਮਵੇਅਰ' ਲਿਖਣੀ ਸ਼ੁਰੂ ਕੀਤੀ ਸੀ। ਬਰਖਾ ਰਾਏ ਸ਼ਾਨਦਾਰ ਅਮਰੋਹੀ ਦੀ ਗੂੜ੍ਹੀ ਦੋਸਤ ਸੀ ਅਤੇ ਇਸੇ ਸਾਲ ਉਸ ਦੀ ਗੋਆ ਵਿਚ ਮੌਤ ਹੋ ਗਈ ਸੀ। ਸ਼ਾਨਦਾਰ ਵੱਲੋਂ ਆਪਣੀ ਮਤਰੇਈ ਮਾਂ ਮੀਨਾ ਕੁਮਾਰੀ ਬਾਰੇ ਦੱਸੀਆਂ ਗੱਲਾਂ ਨੂੰ ਆਧਾਰ ਬਣਾ ਕੇ ਹੀ ਬਰਖਾ ਨੇ ਕਿਤਾਬ ਸ਼ੁਰੂ ਕੀਤੀ ਸੀ। ਯਾਦ ਰਹੇ ਕਿ ਸ਼ਾਨਦਾਰ ਅਮਰੋਹੀ ਨੇ ਅਦਾਕਾਰਾ ਪੀਤੀ ਜ਼ਿੰਟਾ ਨੂੰ ਆਪਣੀ ਧੀ ਬਣਾਇਆ ਹੋਇਆ ਸੀ ਅਤੇ ਉਸ ਦੀ ਮੌਤ ਤੋਂ ਬਆਦ ਉਸ ਦੀ 600 ਕਰੋੜ ਰੁਪਏ ਦੀ ਜਾਇਦਾਦ ਬਾਰੇ ਰੱਫੜ ਪੈ ਗਿਆ ਸੀ। ਬਰਖਾ ਦਾ ਕਹਿਣਾ ਹੈ ਕਿ ਉਸ ਦਾ ਜਾਇਦਾਦ ਦੀਆਂ ਇਨ੍ਹਾਂ ਗੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



LIQUOR STORE GAS STATION INSURANCE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin



Gas Stations, Repair Shops, Liquor/Grocery Stores, Restaurants, 99 Cent stores, Hotels & Motels

CALIFORNIA ADMITTED COMPANY WITH A RATING (EXCELLENT, A-) BY AM BEST

Give us a Call for a Free Quote

Toll Free 800.954.5409

LiquorStoreGasStationInsurance.com

Ph: 408.272.2500 Fax: 408.272.2670

3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805




# ਬੀ ਟੀ ਐਸ ਕੈਰੀਅਰ ਇੰਕ. ਨੂੰ ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ

BTS Carrier Inc. Needs Owner Operators and Experience Drivers. Long and Local Routes. Good pay.

ਲੌਂਗ ਅਤੇ ਲੋਕਲ ਰੂਟ, ਵਧੀਆ ਤਨਖਾਹ

*For more information please contacts:*

Mr. Charanjeet Singh Rusty Cell: 734-233-8464
Harrjinder Singh Gill Cell: 734-788-3175




ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

*24 ਘੰਟੇ 7 ਦਿਨ ਖੁੱਲ੍ਹਾ*

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

## ਹਰ ਗੈਲਨ ‘ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ

**Fuel for Less!** Save 10¢*

SAVE ON EVERY GALLON
FuelMaster of America
PREFERRED PAYMENT CARD

*Offer subject to change without notice.

**Get Your Card from the Cashier**

www.fuelmaster.net/rewards

**Ph: 765-987-1000**